Reo-Bankowned Properties
From San Jose to Sacramento
JASSI GILL Broker/Owner
510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

Hardeep S.Rai
ਇੰਮੇਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Eleventh Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 43, October 23, 2010 20451 N Plum Grove Rd. Palatine, IL 60074 Ph:847-359-0746, Fax:847-705-9388



ਸੰਤ ਅਜੀਤ ਸਿੰਘ ਚੰਡੀਗੜ੍ਹ 'ਚ ਮੁੱਖ ਮੰਤਰੀ ਬਾਦਲ ਦੀ ਪ੍ਰੈਸ ਕਾਨਫਰੰਸ ਵਿਚ

## ਬਾਦਲ ਵਲੋਂ ਕਰਜ਼ਾ ਮਾਫੀ ਬਾਰੇ ਮਨਪ੍ਰੀਤ ਦੇ ਦਾਅਵੇ ਰੱਦ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰ ਦੀ ਕਰਜ਼ਾ ਮੁਆਫ਼ੀ ਦੀ ਪੇਸ਼ਕਸ਼ ਬਾਰੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਦਾਅਵਿਆਂ ਨੂੰ ਰੱਦ ਕਰਦੇ ਹੋਏ ਕਿਹਾ ਕਿ ਕੇਂਦਰ ਵਲੋਂ ਬਣਾਈ ਕਮੇਟੀ ਦੀ ਕੋਈ ਰਿਪੋਰਟ ਪੰਜਾਬ ਨੂੰ ਅੱਜ ਤੱਕ ਨਹੀਂ ਮਿਲੀ। ਉਨ੍ਹਾਂ ਨੇ ਕੇਂਦਰੀ ਵਿੱਤ ਮੰਤਰੀ ਨੂੰ ਪੱਤਰ ਲਿਖ ਕੇ ਕਮੇਟੀ ਦੀ ਰਿਪੋਰਟ ਬਾਰੇ ਜਾਣਕਾਰੀ ਮੰਗੀ ਹੈ। ਮੁੱਖ ਮੰਤਰੀ ਨੇ ਚੋਣਾਂ ਵੇਲੇ ਕੀਤੇ ਵਾਅਦੇ 'ਤੇ ਕਾਇਮ ਰਹਿੰਦੇ ਹੋਏ ਕਿਸਾਨੀ ਸਮੇਤ ਸਾਰੇ ਵਰਗਾਂ ਲਈ ਸਬਸਿਡੀਆਂ ਜਾਰੀ ਰੱਖਣ ਦਾ ਐਲਾਨ ਕੀਤਾ। ਇਸ ਸਮੇਂ ਉਨ੍ਹਾਂ ਦੇ ਨਾਲ ਸੰਤ ਅਜੀਤ ਸਿੰਘ ਵੀ ਮੌਜੂਦ ਸਨ।

ਵਰਨਣਯੋਗ ਹੈ ਕਿ ਸੱਟ ਲੱਗਣ ਕਾਰਨ ਮੁੱਖ ਮੰਤਰੀ ਪਿਛਲੇ ਹਫਤੇ ਪੀ. ਜੀ. ਆਈ. ਵਿਚ ਦਾਖਲ ਰਹੇ ਸਨ। ਉਨ੍ਹਾਂ ਦੇ ਹਸਪਤਾਲ ਵਿਚ ਜ਼ੇਰੇ ਇਲਾਜ ਰਹਿਣ ਦੌਰਾਨ ਵਾਪਰੀਆਂ ਅਹਿਮ ਘਟਨਾਵਾਂ ਵਿਚ ਮਨਪ੍ਰੀਤ ਸਿੰਘ ਬਾਦਲ ਨੇ ਕਰਜ਼ਾ ਮੁਆਫ਼ੀ ਦੇ ਮੁੱਦੇ 'ਤੇ ਦਾਅਵਾ ਕੀਤਾ ਸੀ ਕਿ ਕੇਂਦਰ ਕੁਝ ਸ਼ਰਤਾਂ ਨਾਲ 35000 ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕਰਨ ਲਈ ਤਿਆਰ ਹੈ। ਭਾਵੇਂ ਮੁੱਖ ਮੰਤਰੀ ਅਜੇ ਵੀ ਜ਼ੇਰੇ ਆਰਾਮ ਹਨ ਪਰ 19 ਅਕਤੂਬਰ ਨੂੰ ਆਪਣੇ ਨਿਵਾਸ 'ਤੇ ਮੀਡੀਆ ਦੇ ਰੂਬਰੂ ਹੁੰਦਿਆਂ ਉਨ੍ਹਾਂ ਨੇ ਕਰਜ਼ਾ ਮੁਆਫ਼ੀ ਦੇ ਮੁੱਦੇ 'ਤੇ ਮਨਪ੍ਰੀਤ ਸਿੰਘ ਬਾਦਲ ਦਾ ਨਾਂ ਲਏ ਬਗੈਰ ਕਿਹਾ ਕਿ ਕੇਂਦਰੀ ਵਿੱਤ ਮੰਤਰੀ ਨੇ ਕਰਜ਼ੇ ਦਾ ਭਾਰ ਘਟਾਉਣ ਲਈ ਪੰਜਾਬ, ਬੰਗਾਲ ਅਤੇ

(ਬਾਕੀ ਸਫਾ 6 'ਤੇ)

# ਬਾਦਲ ਪਰਿਵਾਰ ਦੀ ਘਰੇਲੂ ਬਗਾਵਤ ਨਾਲ ਪੰਜਾਬ ਦੀ ਸਿਆਸਤ ਪ੍ਰੇਸ਼ਾਨ

**ਬਿੰਦਰ ਬਸਰਾ**

ਪੰਜਾਬ ਦੇ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਸ਼੍ਰੋਮਣੀ ਅਕਾਲੀ ਦਲ (ਬ) ਵਿਚੋਂ ਮੁਅੱਤਲੀ ਅਤੇ ਕੈਬਨਿਟ ਵਿਚੋਂ ਬਰਖਾਸਤੀ ਪਿਛੋਂ ਭਾਵੇਂ ਛੋਟੀ ਪੱਧਰ 'ਤੇ ਹੀ ਸਹੀ ਪਰ ਪਾਰਟੀ 'ਚ ਸਿਆਸੀ ਬਗਾਵਤ ਸ਼ੁਰੂ ਹੋ ਗਈ ਹੈ ਅਤੇ ਭਵਿੱਖ 'ਚ ਇਸ ਦੇ ਗੰਭੀਰ ਰੂਪ ਧਾਰਨ ਦੇ ਆਸਾਰ ਨਜ਼ਰ ਆ ਰਹੇ ਹਨ। ਮਨਪ੍ਰੀਤ ਬਾਦਲ ਮਾਮਲੇ ਨੇ ਅਕਾਲੀ ਦਲ 'ਚ ਤਾਂ ਹਲਚਲ ਪੈਦਾ ਕਰਨੀ ਹੀ ਸੀ, ਕਾਂਗਰਸ ਵੀ ਇਸ ਦਾ ਸ਼ਿਕਾਰ ਹੋਈ ਪਈ ਹੈ। ਮਨਪ੍ਰੀਤ ਬਾਦਲ ਦੇ ਕਾਂਗਰਸ 'ਚ ਸ਼ਾਮਿਲ ਹੋਣ ਦੀ ਸੰਭਾਵਨਾ ਦੇ ਮੁੱਦੇ 'ਤੇ ਕਾਂਗਰਸ ਬੁਰੀ ਤਰ੍ਹਾਂ ਉਲਝੀ ਹੋਈ ਹੈ। ਭਾਵੇਂ ਸਾਬਕਾ ਖਜ਼ਾਨਾ ਮੰਤਰੀ ਨੇ ਕਾਂਗਰਸ ਵਿਚ ਸ਼ਾਮਿਲ ਹੋਣ ਦਾ ਕੋਈ ਸੰਕੇਤ ਨਹੀਂ ਦਿੱਤਾ ਪਰ ਇਸ ਸੰਭਾਵਨਾ ਨੂੰ ਲੈ ਕੇ ਕਾਂਗਰਸ ਪਾਰਟੀ ਦੋ ਧੜਿਆਂ ਵਿਚ ਵੰਡੀ ਗਈ ਹੈ। ਮਨਪ੍ਰੀਤ ਮਾਮਲੇ 'ਤੇ ਭਾਜਪਾ ਵੀ ਉਸਲਵੱਟੇ ਲੈ ਰਹੀ ਹੈ। ਸਿਹਤ ਮੰਤਰੀ ਲਕਸ਼ਮੀ ਕਾਂਤ ਚਾਵਲਾ ਦਾ, ਭਾਵੇਂ ਸੀਮਤ ਹੱਦ ਤੱਕ ਹੀ ਸਹੀ, ਮਨਪ੍ਰੀਤ ਦੇ ਹੱਕ ਵਿਚ ਨਿੱਤਰਨਾ ਇਸ ਪਾਸੇ ਵਲ ਸੰਕੇਤ ਹੈ। ਉਧਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਮਨਪ੍ਰੀਤ ਦੇ ਕਰਜ਼ਾ ਮਾਫੀ ਸੰਬੰਧੀ ਸਾਰੇ ਦਾਅਵੇ ਰੱਦ ਕਰਨ ਤੋਂ ਪਿੱਛੋਂ ਦੋਨਾਂ ਧਿਰਾਂ ਵਿਚਕਾਰ ਸਮਝੌਤੇ ਦੇ ਆਸਾਰ ਮੱਧਮ ਪੈ ਗਏ ਹਨ।

ਇਸੇ ਦੌਰਾਨ ਮਨਪ੍ਰੀਤ ਨਾਲ ਪਹਿਲੇ ਦਿਨ ਤੋਂ ਹਿੱਕ ਡਾਹ ਕੇ ਖੜੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਅਨੰਦਪੁਰ ਸਾਹਿਬ ਤੋਂ ਵਿਧਾਇਕ ਸੰਤ ਅਜੀਤ ਸਿੰਘ ਨੂੰ ਸ. ਬਾਦਲ ਨੇ ਮਨਾਉਣ ਵਿਚ ਸਫਲਤਾ ਪ੍ਰਾਪਤ ਕਰ ਲਈ ਹੈ। ਇਹ ਅਕਾਲੀ ਦਲ ਦੇ ਬਾਗੀ ਧੜੇ ਲਈ ਇਕ ਵੱਡਾ ਝਟਕਾ ਹੈ। ਇਸ ਦੇ ਨਾਲ ਹੀ ਮਨਪ੍ਰੀਤ ਦੀਆਂ ਸੱਜੀਆਂ ਬਾਹਾਂ ਸਮਝੇ ਜਾਦੇ ਕੁਝ ਹੋਰ ਆਗੂ ਵੀ ਕਿਰ ਗਏ ਹਨ।

ਸ. ਸੁਖਬੀਰ ਬਾਦਲ, ਬਿਕਰਮ ਸਿੰਘ ਮਜੀਠੀਆ ਅਤੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਵਲੋਂ ਕੀਤੀਆਂ ਗਈਆਂ ਨਿਰੰਤਰ ਕੋਸ਼ਿਸ਼ਾਂ ਦੇ ਸਿੱਟੇ ਵਜੋਂ ਸੰਤ ਅਜੀਤ ਸਿੰਘ ਨੇ ਦੁਬਾਰਾ ਅਕਾਲੀ ਦਲ ਵੱਲ ਵਫਾਦਾਰੀ ਬਦਲ ਲਈ। ਇਸ ਮੌਕੇ ਸੰਤ ਅਜੀਤ ਸਿੰਘ ਨੇ ਬਦਲੀ ਹੋਈ ਸੁਰ ਵਿਚ ਕਿਹਾ, "ਮੇਰੇ ਵਾਰ-ਵਾਰ ਕਹਿਣ ਦੇ ਬਾਵਜੂਦ ਤਤਕਾਲੀਨ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਅਤੇ ਸਬਸਿਡੀਆਂ ਸਬੰਧੀ ਆਪਣੀ ਸੁਰ ਨਹੀਂ ਬਦਲੀ। ਇਸ ਕਰਕੇ ਮੈਂ ਮਨਪ੍ਰੀਤ ਦਾ ਸਾਥ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸਰਕਾਰ ਦੀਆਂ ਨੀਤੀਆਂ ਅਤੇ ਲੋਕਾਂ ਦੇ ਹਿੱਤਾਂ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹੱਕ ਵਿਚ ਆਇਆ ਹਾਂ।" ਉਹ ਸੋਮਵਾਰ ਮੁੱਖ ਮੰਤਰੀ ਬਾਦਲ ਦੀ ਪ੍ਰੈਸ ਕਾਨਫਰੰਸ ਸਮੇਂ ਉਥੇ ਹਾਜਰ ਸਨ।




ਉਧਰ ਮਨਪ੍ਰੀਤ ਬਾਦਲ ਨੇ ਗਿੱਦੜਬਾਹਾ ਹਲਕੇ ਦੇ ਪਿੰਡ ਛੱਤੇਆਣਾ ਦੇ ਇਤਿਹਾਸਕ ਗੁਰਦੁਆਰਾ ਗੁਪਤਸਰ ਸਾਹਿਬ ਵਿਖੇ ਆਪਣੇ ਹਮਾਇਤੀਆਂ ਦਾ ਭਾਰੀ ਇਕੱਠ ਕਰਕੇ ਸਰਕਾਰ ਲਈ ਸਿਆਸੀ ਸੰਕਟ ਖੜ੍ਹਾ ਕਰ ਦਿੱਤਾ ਹੈ। ਸਰਕਾਰੀ ਰੋਕਾਂ ਦੇ ਬਾਵਜੂਦ ਹੋਏ ਇਕੱਠ ਨੇ ਸਰਕਾਰ ਨੂੰ ਆਪਣੀ ਅਗਲੀ ਰਣਨੀਤੀ ਤਿਆਰ

(ਬਾਕੀ ਸਫਾ 6 'ਤੇ)

Place your ad here
Call:847-359-0746

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
Manpreet S. Gahra
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਮੁਲਕ ਨੂੰ ਚਲਾ ਰਹੀਆਂ ਨੇ ਕਾਰਪੋਰੇਟ ਅਤੇ ਹਿੰਦੂਤਵ ਤਾਕਤਾਂ:ਅਰੁੰਧਾਤੀ

**ਜਲੰਧਰ:** ਬੁੱਕਰ ਇਨਾਮ ਜੇਤੂ ਅਤੇ ਜੁਝਾਰੂ ਲੋਕਾਂ ਦੇ ਹੱਕ ਵਿਚ ਡਟਣ ਵਾਲੀ ਦਲੇਰ ਕੌਮਾਂਤਰੀ ਚਿੰਤਕ ਅਰੁੰਧਾਤੀ ਰਾਏ ਨੇ ਕਿਹਾ ਹੈ ਕਿ ਕਬਾਇਲੀ ਇਲਾਕਿਆਂ ਦੇ ਕੁਦਰਤੀ ਸਰੋਤਾਂ ਨੂੰ ਬਹੁ-ਕੌਮੀ ਕੰਪਨੀਆਂ ਦੀ ਝੋਲੀ ਪਾਉਣ ਖ਼ਾਤਿਰ ਕੇਂਦਰ ਵੱਲੋਂ ਸ਼ੁਰੂ ਕੀਤਾ "ਅਪਰੇਸ਼ਨ ਗਰੀਨ ਹੰਟ" ਅਸਲ ਵਿਚ ਪੰਜਾਬ ਵਿਚ 1960ਵਿਆਂ ਵਿਚ ਸ਼ੁਰੂ ਕੀਤੇ "ਗਰੀਨ ਰੈਵੋਲਿਊਸ਼ਨ" (ਹਰੇ ਇਨਕਲਾਬ) ਦਾ ਹੀ ਅਗਲਾ ਪੜਾਅ ਹੈ। ਉਦੋਂ ਵੀ ਅਤੇ ਹੁਣ ਵੀ ਮਸਲਾ ਸਿਰਫ਼ ਬਾਜ਼ਾਰ ਦਾ ਸੀ। ਉਦੋਂ ਹਰੇ ਇਨਕਲਾਬ ਨੂੰ ਨਮੂਨੇ ਵਜੋਂ ਪੇਸ਼ ਕੀਤਾ ਗਿਆ ਸੀ ਅਤੇ ਹੁਣ "ਅਪਰੇਸ਼ਨ ਗਰੀਨ ਹੰਟ" ਇਸ ਦਾ ਅੰਤਿਮ ਪੜਾਅ ਹੈ।





ਅਰੁੰਧਾਤੀ ਰਾਏ ਅਤੇ ਹਿਮਾਂਸ਼ੂ ਕੁਮਾਰ

ਇਥੇ ਦੇਸ਼ ਭਗਤ ਯਾਦਗਾਰ ਹਾਲ ਵਿਚ "ਅਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ" ਵੱਲੋਂ ਕਰਵਾਈ ਗਈ ਸੂਬਾ ਕਨਵੈਨਸ਼ਨ ਵਿਚ ਬੀਬੀ ਅਰੁੰਧਾਤੀ ਨੇ ਕਿਹਾ ਕਿ "ਗਰੀਨ ਰੈਵੋਲਿਊਸ਼ਨ" ਦੀ ਮਾਰ ਤੋਂ ਪੰਜਾਬੀ ਭਲੀ-ਭਾਂਤ ਜਾਣੂ ਹਨ। ਪੰਜਾਬ ਦੇ ਕਿਸਾਨ ਅੱਜ ਖ਼ੁਦਕੁਸ਼ੀਆਂ ਦੇ ਮੂੰਹ ਡਿੱਗ ਰਹੇ ਹਨ। ਪੂੰਜੀਵਾਦ ਮੁਨਾਫਾਖੋਰੀ ਲਈ ਅਜਿਹੀਆਂ ਘਾੜਤਾਂ ਘੜਦਾ ਆਇਆ ਹੈ ਅਤੇ ਇਸ ਦਾ ਖਾਜਾ ਸਦਾ ਆਮ ਲੋਕ ਹੀ ਬਣਦੇ ਰਹੇ ਹਨ।

ਉਨ੍ਹਾਂ ਪੁੱਛਿਆ ਕਿ ਆਪਣੇ ਹੱਕਾਂ ਖ਼ਾਤਿਰ ਹਥਿਆਰ ਚੁੱਕਣ ਵਾਲਿਆਂ ਨੂੰ ਸਰਕਾਰ ਹਿੰਸਕ ਆਖਦੀ ਹੈ ਪਰ ਕੀ ਲੋਕਾਂ ਨੂੰ ਭੁੱਖੇ ਮਾਰਨਾ ਹਿੰਸਾ ਨਹੀਂ? ਲੋਕਾਂ ਨੂੰ ਆਪਣੇ ਹੱਕਾਂ ਤੋਂ ਵਾਂਝੇ ਕਰਨਾ ਕੀ ਹਿੰਸਾ ਨਹੀਂ? ਉਨ੍ਹਾਂ ਕਿਹਾ ਕਿ ਭਾਰਤ ਵਿਚ ਲੋਕਾਂ ਖ਼ਿਲਾਫ਼ ਫ਼ੌਜੀ ਤਿਆਰੀਆਂ ਕਾਰਪੋਰੇਟ ਅਦਾਰਿਆਂ ਦੇ ਇਸ਼ਾਰੇ 'ਤੇ ਚੱਲ ਰਹੀਆਂ ਹਨ। ਕਾਰਪੋਰੇਟ ਅਦਾਰੇ ਅਤੇ ਸੱਤਾਧਾਰੀ ਧਿਰਾਂ ਆਪਸ ਵਿਚ ਘਿਓ-ਖਿਚੜੀ ਹਨ। ਉਨ੍ਹਾਂ ਸੱਤਾਧਾਰੀ ਧਿਰਾਂ ਦੀ ਨਿਸ਼ਾਨਦੇਹੀ ਅਜਿਹੀਆਂ ਤਾਕਤਾਂ ਦੇ ਰੂਪ ਵਿਚ ਕੀਤੀ ਜਿਹੜੀਆਂ ਹਿੰਦੂਤਵ ਦੇ ਪ੍ਰਭਾਵ ਹੇਠ ਹਨ। ਇਹ ਕੱਟੜ ਅਤੇ ਨਰਮ ਹਿੰਦੂਤਵ ਤਾਕਤਾਂ ਆਮ ਲੋਕਾਂ ਉਤੇ ਜ਼ੁਲਮ ਬਣ ਬਣ ਵਰ੍ਹ ਰਹੀਆਂ ਹਨ। ਕਬਾਇਲੀ ਲੋਕ ਜੰਗਲਾਂ ਵਿਚ ਇਨ੍ਹਾਂ ਤਾਕਤਾਂ ਦਾ ਡਟ ਕੇ ਮੁਕਾਬਲਾ ਕਰ ਰਹੇ ਹਨ। ਸਟੇਟ ਦੇ ਮੌਜੂਦਾ ਰੂਪ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ, "ਇਹ ਨਾ ਸਮਝੋ ਕਿ ਨਸਲਕੁਸ਼ੀ ਹਿਟਲਰ ਵਾਂਗ ਗੈਸ ਚੈਂਬਰਾਂ ਵਿਚ ਬੰਦੇ ਮਾਰ ਕੇ ਹੀ ਕੀਤੀ ਜਾਵੇਗੀ। ਲੋਕਾਂ ਨੂੰ ਆਪਣੇ ਕੁਦਰਤੀ ਸਰੋਤਾਂ ਤੋਂ ਵਾਂਝੇ ਕਰਕੇ, ਸੱਭਿਆਚਾਰਾਂ ਨਾਲੋਂ ਤੋੜ ਕੇ, ਆਪਸੀ ਤਰੇੜਾਂ ਰਾਹੀਂ ਅਤੇ ਢਿੱਡ ਦੀ ਰੋਟੀ ਖੋਹ ਕੇ ਵੀ ਨਸਲਕੁਸ਼ੀ ਕੀਤੀ ਜਾਂਦੀ ਹੈ।"

ਮਾਓਵਾਦ-ਨਕਸਲਵਾਦ ਨੂੰ ਮੁਲਕ ਲਈ ਸਭ ਤੋਂ ਵੱਡਾ ਅੰਦਰੂਨੀ ਖ਼ਤਰਾ ਦੱਸਣ ਵਾਲੇ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਬਾਰੇ ਉਨ੍ਹਾਂ ਕਿਹਾ ਕਿ ਇਸ ਬੰਦੇ ਨੂੰ ਨਰਸਿਮਹਾ ਰਾਓ ਵੇਲੇ ਵਿੱਤ ਮਹਿਕਮੇ ਦਾ ਮੰਤਰੀ ਕੌਮਾਂਤਰੀ ਮੁਦਰਾ ਕੋਸ਼ ਦੇ ਕਹਿਣ ਤੇ ਬਣਾਇਆ ਗਿਆ ਸੀ ਕਿਉਂਕਿ ਉਦੋਂ ਭਾਰਤ ਨੂੰ ਕਰਜ਼ਾ ਦੇਣ ਲਈ ਕੌਮਾਂਤਰੀ ਮੁਦਰਾ ਕੋਸ਼ ਨੇ ਦੋ ਸ਼ਰਤਾਂ ਰੱਖੀਆਂ ਸਨ-ਇਕ, ਆਰਥਿਕ ਢਾਂਚੇ ਵਿਚ ਮੁੱਢੋਂ-ਸੁੱਢੋਂ ਤਬਦੀਲੀ ਅਤੇ, ਦੂਜੀ, ਉਸ ਦੀ ਮਰਜ਼ੀ ਦਾ ਵਿੱਤ ਮੰਤਰੀ। ਨਰਸਿਮਹਾ ਸਰਕਾਰ ਨੇ ਇਹ ਦੋਵੇਂ ਸ਼ਰਤਾਂ ਮੰਨੀਆਂ ਸਨ। ਉਨ੍ਹਾਂ ਕਿਹਾ ਕਿ ਭਾਰਤ ਪੂੰਜੀਵਾਦੀ ਸ਼ਕਤੀ ਅਮਰੀਕਾ ਅੱਗੇ ਇੰਨਾ ਝੁਕ ਗਿਆ ਹੈ ਕਿ ਸਾਡੇ ਮੁਲਕ ਦਾ ਹਾਲ ਨੌਕਰਾਂ ਵਾਲਾ ਹੋ ਗਿਆ ਹੈ। ਅੱਜ ਭਾਰਤ ਕੋਲ ਬੰਬ ਤਾਂ ਹੈ ਪਰ ਮਾਣ ਨਹੀਂ। ਉਨ੍ਹਾਂ ਕਿਹਾ ਕਿ 1990 ਤੋਂ ਬਾਅਦ ਹੀ ਮੁਲਕ ਵਿਚ ਹਿੰਦੂ ਫਾਸ਼ੀਵਾਦ ਤੇ ਆਰਥਿਕ ਅਤਿਵਾਦ ਸ਼ੁਰੂ ਹੋ ਗਿਆ ਸੀ ਅਤੇ ਉਦੋਂ ਸਟੇਟ ਵੱਲੋਂ ਆਪਣੇ ਹਿੱਤਾਂ ਦੀ ਪੂਰਤੀ ਖ਼ਾਤਿਰ ਦੋ ਤਾਲੇ ਖੋਲ੍ਹੇ ਗਏ ਸਨ: ਇਕ ਤਾਂ ਬਾਜ਼ਾਰ ਦਾ ਤਾਲਾ ਖੋਲ੍ਹਿਆ ਗਿਆ ਸੀ ਅਤੇ ਦੂਜਾ ਬਾਬਰੀ ਮਸਜਿਦ ਦਾ ਤਾਲਾ ਖੋਲ੍ਹ ਕੇ ਕੱਟੜ ਹਿੰਦੂਆਂ ਜੱਥੇਬੰਦੀਆਂ ਨੂੰ ਖ਼ੁਸ਼ ਕੀਤਾ ਗਿਆ ਸੀ। ਇਹ ਦੋ ਤਾਲੇ ਖੋਲ੍ਹ ਕੇ ਸਰਕਾਰ ਨੇ ਕਾਰਪੋਰੇਟ ਜਮਾਤ ਅਤੇ ਹਿੰਦੂਵਾਦੀ ਤਾਕਤਾਂ ਲਈ ਰਾਹ ਖੋਲ੍ਹ ਦਿੱਤੇ ਸਨ। ਇਸ ਜੋੜੀ ਨੇ ਮਿਲਵੇਂ ਰੂਪ 'ਚ ਫੈਸਲਾ ਕੀਤਾ ਹੋਇਆ ਹੈ ਕਿ ਕੇਂਦਰ ਵਿਚ ਜਾਂ ਭਾਜਪਾ ਸੱਤਾ ਵਿਚ ਆਵੇਗੀ ਜਾਂ ਕਾਂਗਰਸ। ਜੇ ਕੇਂਦਰ ਵਿਚ ਭਾਜਪਾ ਦੀ ਸਰਕਾਰ ਹੋਵੇ ਤਾਂ ਕੱਟੜ ਹਿੰਦੂਵਾਦੀ ਤਾਕਤਾਂ ਤੇ ਨਰਮ ਕਾਰਪੋਰੇਟ ਰਾਜ ਕਰਦੇ ਹਨ। ਜੇ ਕੇਂਦਰ 'ਤੇ ਕਾਂਗਰਸ ਬਿਰਾਜਮਾਨ ਰਹੇ ਤਾਂ ਨਰਮ ਹਿੰਦੂਤਵ ਤੇ ਸਖ਼ਤ ਕਾਰਪੋਰੇਟ ਜਮਾਤ ਦਾ ਪਹਿਰਾ ਹੁੰਦਾ ਹੈ।

ਬੀਬੀ ਅਰੁੰਧਾਤੀ ਨੇ ਭਾਰਤੀ ਜਮਹੂਰੀਅਤ ਨੂੰ ਖੋਖਲੀ ਅਤੇ ਭਾਰਤੀ ਸੰਵਿਧਾਨ ਨੂੰ ਬੇਮਤਲਬ ਕਰਾਰ ਦਿੰਦਿਆਂ ਕਿਹਾ ਕਿ ਮੁਲਕ ਵਿਚ ਅਦਾਲਤਾਂ, ਮੀਡੀਆ, ਪ੍ਰਸ਼ਾਸਨ ਤੇ ਪਾਰਲੀਮੈਂਟ ਸਭ ਅਸਲੀ ਮਕਸਦ ਤੋਂ ਭਟਕ ਚੁੱਕੇ ਹਨ। ਮੁਲਕ ਵਿਚ ਮੀਡੀਆ ਆਜ਼ਾਦ ਤਾਂ ਹੈ ਪਰ ਇਸ ਦੀ ਬੋਲੀ ਸਭ ਤੋਂ ਵੱਧ ਪੈਸੇ ਵਾਲੇ ਅਦਾਰੇ ਅਤੇ ਲੋਕ ਲਾਉਂਦੇ ਹਨ। ਛੱਤੀਸਗੜ੍ਹ, ਮਹਾਰਾਸ਼ਟਰ ਤੇ ਹੋਰ ਖੇਤਰਾਂ ਦੇ ਕਬਾਇਲੀ ਲੋਕ ਦਰੜੇ ਜਾ ਰਹੇ ਹਨ ਪਰ ਮੀਡੀਆ ਚੁੱਪ ਹੈ। ਅੱਜ ਸੰਪਾਦਕੀ ਵਾਲੀ ਥਾਂ ਵੇਚੀ ਜਾ ਰਹੀ ਹੈ ਤੇ ਮੀਡੀਆ ਵਿਚ ਬਾਜ਼ਾਰੂ ਬਿਰਤੀ ਭਾਰੂ ਹੋ ਚੁੱਕੀ ਹੈ। ਆਮ ਲੋਕ ਇਨਸਾਫ ਲੈਣ ਤਾਂ ਕਿਥੋਂ ਲੈਣ? ਜਦੋਂ ਉਹ ਅਦਾਲਤਾਂ 'ਚ ਲੜਨ ਖ਼ਾਤਿਰ ਵਕੀਲਾਂ ਦੀਆਂ ਫੀਸਾਂ ਵੀ ਨਹੀਂ ਦੇ ਸਕਦੇ। ਉਨ੍ਹਾਂ ਸਵਾਲ ਕੀਤਾ ਕਿ ਇਹ ਕੈਸੀ ਜਮਹੂਰੀਅਤ ਹੈ ਜਿਥੇ ਮੁਲਕ ਦੇ 100 ਘਰਾਣਿਆਂ ਕੋਲ ਮੁਲਕ ਦੀ ਕੁੱਲ ਜਾਇਦਾਦ ਦਾ 25 ਫ਼ੀਸਦੀ ਹਿੱਸਾ ਹੈ, ਜਿਥੇ ਮੁਲਕ ਦੇ ਪ੍ਰਧਾਨ ਮੰਤਰੀ ਦੀ ਗੱਦੀ 'ਤੇ ਬੈਠੇ ਡਾ. ਮਨਮੋਹਨ ਸਿੰਘ ਨੇ ਕਦੇ ਕੋਈ ਚੋਣ ਨਹੀਂ ਜਿੱਤੀ। ਮੁਲਕ ਦਾ ਗ੍ਰਹਿ ਮੰਤਰੀ ਪੀ. ਚਿਦੰਬਰਮ ਅਣਗਿਣਤ ਕੰਪਨੀਆਂ ਵਿਚ ਭਾਈਵਾਲ ਹੈ।

ਉਨ੍ਹਾਂ ਕਿਹਾ ਕਿ ਕਿਸੇ ਸਮੇਂ ਭੂਮੀ ਸੁਧਾਰਾਂ ਲਈ ਅੰਦੋਲਨ ਚੱਲੇ ਸਨ ਪਰ ਅੱਜ ਆਰਥਿਕ ਜ਼ੋਨ ਬਣਾ ਕੇ ਲੋਕਾਂ ਤੋਂ ਜ਼ਮੀਨ ਖੋਹੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਬਾਜ਼ਾਰੂ ਤਾਕਤਾਂ ਦਾ ਮੁਕਾਬਲਾ ਹਰ ਪੱਧਰ 'ਤੇ ਹੋਣਾ ਚਾਹੀਦਾ ਹੈ। ਇਹ ਮੁਕਾਬਲਾ ਤਿੱਖੇ ਅੰਦੋਲਨਾਂ ਵਿਚ ਤਬਦੀਲ ਹੋਣਾ ਚਾਹੀਦਾ ਹੈ, ਇੰਨਾ ਤਿੱਖਾ ਮੁਕਾਬਲਾ ਕਿ ਇਨਕਲਾਬ ਲਈ ਰਾਸਤੇ ਖੁੱਲ੍ਹ ਜਾਣ। ਉਨ੍ਹਾਂ ਕਿਹਾ ਕਿ ਮਾਓਵਾਦੀ ਜੰਗਲਾਂ ਵਿਚ ਜੀਣ-ਮਰਨ ਦੀ ਇਕ ਵੱਖਰੀ ਕਿਸਮ ਦੀ ਲੜਾਈ ਲੜ ਰਹੇ ਹਨ ਪਰ ਲੋਕਾਂ ਨੂੰ ਪੂੰਜੀਵਾਦੀ ਨੀਤੀਆਂ ਦੇ ਖਿਲਾਫ ਵੱਖੋ ਵੱਖਰੀ ਕਿਸਮ ਦੇ ਮੋਰਚੇ ਖੋਲ੍ਹਣੇ ਪੈਣਗੇ।

ਬੀਬੀ ਅਰੁੰਧਾਤੀ ਨੇ ਆਪਣਾ ਭਾਸ਼ਣ "ਲਾਲ ਸਲਾਮ" ਨਾਲ ਸ਼ੁਰੂ ਕੀਤਾ ਅਤੇ ਸਮਾਪਤੀ ਵੀ "ਲਾਲ ਸਲਾਮ" ਨਾਲ ਹੀ ਕੀਤੀ। ਉਹ ਪੰਜਾਬ ਦੇ ਸਰੋਤਿਆਂ ਤੋਂ ਵੀ ਬਹੁਤ ਮੁਤਾਸਰ ਹੋਈ। ਦੱਸਣਯੋਗ ਹੈ ਕਿ ਬੀਬੀ ਅਰੁੰਧਾਤੀ ਨੂੰ ਸੁਣਨ ਲਈ ਪੂਰੇ ਸੂਬੇ ਵਿਚੋਂ ਲੋਕ ਵੱਡੀ ਗਿਣਤੀ 'ਚ ਆਏ ਹੋਏ ਸਨ ਅਤੇ ਦੇਸ਼ ਭਗਤ ਯਾਦਗਰ ਹਾਲ ਵਿਚ ਪੈਰ ਧਰਨ ਲਈ ਥਾਂ ਨਹੀਂ ਸੀ। ਹਾਲ ਵਿਚ ਇੰਨਾ ਲਾਮਿਸਾਲ ਇਕੱਠ ਸ਼ਾਇਦ ਪਹਿਲੀ ਵਾਰ ਹੀ ਹੋਇਆ ਸੀ। ਅਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਵੱਲੋਂ ਪੇਸ਼ ਕੀਤੇ ਮਤਿਆਂ ਨੂੰ ਲੋਕਾਂ ਨੇ ਦੋਵੇਂ ਹੱਥ ਖੜ੍ਹੇ ਕਰਕੇ ਪਾਸ ਕੀਤਾ। ਮੰਚ ਸੰਚਾਲਨ ਡਾ. ਪਰਮਿੰਦਰ ਸਿੰਘ ਵੱਲੋਂ ਕੀਤਾ ਗਿਆ ਤੇ ਉਨ੍ਹਾਂ ਤੋਂ ਇਲਾਵਾ ਮੰਚ ਉਤੇ ਕਬਾਇਲੀਆਂ ਖ਼ਾਤਿਰ ਸੰਘਰਸ਼ ਕਰਨ ਵਾਲੇ ਹਿਮਾਂਸ਼ੂ ਕੁਮਾਰ ਤੇ ਉਨ੍ਹਾਂ ਦੀ ਜੀਵਨ ਸਾਥਣ ਵੀਨਾ ਵੀ ਬੈਠੇ ਸਨ।

ਗਾਂਧੀਵਾਦੀ ਹਿਮਾਂਸ਼ੂ ਕੁਮਾਰ ਪਿਛਲੇ 18 ਸਾਲ ਤੋਂ ਮਾਓਵਾਦੀਆਂ ਦੇ ਪ੍ਰਭਾਵ ਵਾਲੇ ਦੰਡਕਾਰਨੀਆਂ ਇਲਾਕੇ ਵਿਚ ਆਪਣਾ ਆਸ਼ਰਮ ਚਲਾ ਰਹੇ ਸਨ। ਪਿਛਲੇ ਸਾਲ ਸਰਕਾਰ ਨੇ ਉਨ੍ਹਾਂ ਦਾ ਆਸ਼ਰਮ ਇਹ ਕਹਿ ਕੇ ਢਾਹ ਦਿੱਤਾ ਕਿ ਉਹ ਮਾਓਵਾਦੀਆਂ ਦੀ ਹਮਾਇਤ ਕਰ ਰਿਹਾ ਹੈ। ਉਦੋਂ ਤੋਂ ਹਿਮਾਂਸ਼ੂ ਕੁਮਾਰ ਨੇ ਖ਼ੁਦ ਨੂੰ ਮਾਓਵਾਦੀ ਐਲਾਨਿਆ ਹੋਇਆ ਹੈ ਅਤੇ ਦੇਸ਼ ਭਰ ਵਿਚ ਕਬਾਇਲੀਆਂ ਦੇ ਹੱਕ ਵਿਚ ਪ੍ਰਚਾਰ ਮੁਹਿੰਮਾਂ ਚਲਾ ਰਹੇ ਹਨ। ਪਹਿਲੀ ਤੋਂ 17 ਜੁਲਾਈ ਤੱਕ ਉਹ ਪੰਜਾਬ ਵਿਚ ਪ੍ਰਚਾਰ ਕਰਕੇ ਗਏ ਸਨ ਅਤੇ ਗਿੱਦੜਬਾਹਾ ਵਿਚ ਉਨ੍ਹਾਂ ਦੇ ਪ੍ਰੋਗਰਾਮ ਵਿਚ ਭੰਗ ਪਾਉਣ ਲਈ ਉਨ੍ਹਾਂ ਖ਼ਿਲਾਫ਼ ਡਕੈਤੀ ਦਾ ਕੇਸ ਦਰਜ ਕੀਤਾ ਗਿਆ ਸੀ। ਅਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਮੈਂਬਰ ਨਾਟਕਕਾਰ ਡਾ. ਅਜਮੇਰ ਔਲਖ, ਕੋ-ਕਨਵੀਨਰ ਪ੍ਰੋ. ਏ.ਕੇ. ਮਲੇਰੀ, ਡਾ. ਪਰਮਿੰਦਰ ਸਿੰਘ ਤੇ ਯਸ਼ਪਾਲ, ਗ਼ਦਰੀ ਬਾਬਾ ਗੰਧਰਵ ਸੇਨ ਕੋਛੜ, ਕਾਮਰੇਡ ਨੌਨਿਹਾਲ ਸਿੰਘ ਤੇ ਲੋਕਪੱਖੀ ਫ਼ਿਲਮਸਾਜ਼ ਸੰਜੇ ਕਾਕ ਵੀ ਸਟੇਜ 'ਤੇ ਹਾਜ਼ਰ ਸਨ।



ਕਨਵੈਨਸ਼ਨ ਵਿਚ ਹਾਜਰ ਲੋਕ। ਤਸਵੀਰਾਂ:ਰਣਦੀਪ ਮੱਦੋਕੇ



ਸ਼ਹੀਦ ਭਾਈ ਤਾਰੂ ਸਿੰਘ ਬਾਰੇ ਬਾਰੇ ਬਣਾਈ ਗਈ ਫਿਲਮ ਭਾਈ ਤਾਰੂ ਸਿੰਘ ਇਥੇ ਗੁਰਦੁਆਰਾ ਸੈਨ ਹੋਜੇ ਵਿਖੇ ਐਤਵਾਰ ਨੂੰ ਦਿਖਾਈ ਗਈ ਅਤੇ ਇਸ ਮੌਕੇ ਫਿਲਮ ਦੀ ਡੀ ਵੀ ਡੀ ਵੀ ਰਿਲੀਜ਼ ਕੀਤੀ ਗਈ। ਡੀ ਵੀ ਡੀ ਰਿਲੀਜ਼ ਕਰਦੇ ਹੋਏ ਗੁਰਦੁਆਰਾ ਪ੍ਰਬੰਧਕ

## ਸੰਤ ਢੱਡਰੀਆਂ ਵਾਲਿਆਂ ਨੇ ਲਿਆ 'ਗੁਰੂ ਮਾਨਿਯੋ ਗ੍ਰੰਥ' ਦੀ ਸ਼ੂਟਿੰਗ ਵਿਚ ਹਿੱਸਾ



**ਸੈਕਰਾਮੈਂਟੋ:** ਆਪਣੀ ਸੈਕਰਾਮੈਂਟੋ ਫੇਰੀ ਦੌਰਾਨ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਆਪਣੇ ਕਾਨੂੰਨੀ ਸਲਾਹਕਾਰ ਅਤੇ ਵਕੀਲ ਜਸਪ੍ਰੀਤ ਸਿੰਘ ਦੇ ਗ੍ਰਹਿ ਪਧਾਰੇ। ਇਸ ਮੌਕੇ ਉਨ੍ਹਾਂ ਜਸਪ੍ਰੀਤ ਸਿੰਘ ਅਟਾਰਨੀ ਵਲੋਂ ਬਣਾਈ ਜਾ ਰਹੀ ਧਾਰਮਿਕ ਫਿਲਮ 'ਗੁਰੂ ਮਾਨਿਯੋ ਗ੍ਰੰਥ' ਦੀ ਸ਼ੂਟਿੰਗ ਵਿਚ ਹਿੱਸਾ ਲਿਆ।

ਸੰਤ ਢੱਡਰੀਆਂ ਵਾਲਿਆਂ ਨੇ ਫਿਲਮ ਬਣਾਏ ਜਾਣ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਿੱਖੀ ਦੇ ਪ੍ਰਚਾਰ ਲਈ ਇਹੋ ਜਿਹੀਆਂ ਹੋਰ ਫਿਲਮਾਂ ਬਣਨੀਆਂ ਚਾਹੀਦੀਆਂ ਹਨ। ਇਸ ਸਮੇਂ ਉਨ੍ਹਾਂ ਦੇ ਨਾਲ ਸ. ਦਲਜਿੰਦਰ ਸਿੰਘ ਅਟਵਾਲ, ਗੋਬਿੰਦਰ ਸਿੰਘ ਘੁੰਮਣ, ਹਰਵਿੰਦਰ ਸਿੰਘ, ਨਰਿੰਦਰਪਾਲ ਸਿੰਘ ਹੁੰਦਲ, ਗੁਰਚਰਨ ਸਿੰਘ ਅਤੇ ਉਨ੍ਹਾਂ ਦੇ ਜਥੇ ਵੀ ਜਸਪ੍ਰੀਤ ਸਿੰਘ ਦੇ ਗ੍ਰਹਿ ਪਧਾਰੇ।

## ਕਬੱਡੀ ਖਿਡਾਰੀ ਬਲਵਿੰਦਰ ਸਿੰਘ ਫਿੱਡੂ ਦਾ ਸਨਮਾਨ

**ਫਰੀਮਾਂਟ:** ਆਪਣੇ ਸਮੇਂ ਦੇ ਨਾਮੀ ਕਬੱਡੀ ਖਿਡਾਰੀ ਅਰਜਨ ਅਵਾਰਡੀ ਬਲਵਿੰਦਰ ਸਿੰਘ ਫਿੱਡੂ ਦਾ ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਅਤੇ ਸ੍ਰੀ ਫਿੱਡੂ ਦੇ ਪ੍ਰਸ਼ੰਸਕਾਂ ਵਲੋਂ ਇਥੇ ਸਵਾਗਤ ਰੈਸਟੋਰੈਂਟ ਵਿਚ ਮਾਣ-ਸਨਮਾਨ ਕੀਤਾ ਗਿਆ। ਇਸ ਸਮੇਂ ਪੰਜਾਬ ਪੁਲਿਸ ਵਿਚ ਐਸ ਪੀ ਸ੍ਰੀ ਫਿੱਡੂ ਆਪਣੇ ਸਮੇਂ ਦੇ ਵਧੀਆ ਕਬੱਡੀ ਖਿਡਾਰੀ ਕੁਲਵੰਤ ਸਿੰਘ ਨਿਜਰ ਦੇ ਸੱਦੇ ਉਤੇ ਕੈਲੀਫੋਰਨੀਆ ਆਏ ਹੋਏ ਹਨ। ਜ਼ਿਕਰਯੋਗ ਹੈ ਕਿ ਸ੍ਰੀ ਫਿੱਡੂ 25 ਸਾਲ ਤੋਂ ਵੱਧ ਸਮਾਂ ਪਾਏਦਾਰ ਕਬੱਡੀ ਖੇਡੇ ਭਾਵੇਂ ਉਹ ਪੰਜਾਬ ਸਟਾਇਲ ਸੀ ਜਾਂ ਨੈਸ਼ਨਲ ਸਟਾਇਲ।

ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਫਿੱਡੂ ਨੇ ਕਿਹਾ ਕਿ ਉਨ੍ਹਾਂ ਕੱਖਾਂ ਦੀ ਕਬੱਡੀ ਨੂੰ ਲੱਖਾਂ ਦੀ ਕਬੱਡੀ ਬਣਾਉਣ ਦਾ ਸੁਪਨਾ ਲਿਆ ਸੀ ਅਤੇ ਅੱਜ ਇਹ ਕਬੱਡੀ ਲੱਖਾਂ ਦੀ ਨਹੀਂ ਸਗੋਂ ਕਰੋੜਾਂ ਦੀ ਕਬੱਡੀ ਬਣ ਗਈ ਹੈ। ਅੱਜ ਉਨ੍ਹਾਂ ਨੂੰ ਕਬੱਡੀ ਖਿਡਾਰੀਆਂ ਦਾ ਭਵਿੱਖ ਉਜਲਾ ਦਿਸ ਰਿਹਾ ਹੈ। ਸ੍ਰੀ ਫਿੱਡੂ ਦਾ ਇਸ ਮੌਕੇ ਕੁਲਵੰਤ ਸਿੰਘ ਨਿਜਰ ਤੇ ਸੁਖਵੀਰ ਸਿੰਘ ਨਿਜਰ ਅਤੇ ਇੰਦਰਜੀਤ ਸਿੰਘ ਥਿੰਦ ਤੇ ਤਰਨਜੀਤ ਸਿੰਘ ਥਿੰਦ ਵਲੋਂ ਉਚੇਚਾ ਮਾਣ ਸਨਮਾਨ ਕੀਤਾ ਗਿਆ। ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਚੇਅਰਮੈਨ ਸ੍ਰੀ ਅਮੋਲਕ ਸਿੰਘ ਗਾਖਲ ਜੋ ਕਿ ਇੰਡੀਆ ਵਿਚ ਗੋਲਡ ਜਿਮ ਦੇ ਮਾਲਕ ਵੀ ਹਨ, ਨੇ ਸ੍ਰੀ ਫਿੱਡੂ ਨੂੰ ਗੋਲਡ ਜਿਮ ਦੀਆਂ ਪੰਜ ਲੋਕੇਸ਼ਨਾਂ ਦੀ ਲਾਈਫ ਮੈਂਬਰਸ਼ਿਪ ਦੇਣ ਦਾ ਐਲਾਨ ਕੀਤਾ। ਇਥੇ ਜ਼ਿਕਰਯੋਗ ਹੈ ਕਿ ਇਹ ਮੈਂਬਰਸ਼ਿਪ ਸਾਲਾਨਾ ਇਕ ਹਜ਼ਾਰ ਅਮਰੀਕੀ ਡਾਲਰ ਤੋਂ ਵੱਧ ਪੈਂਦੀ ਹੈ। ਇਸ ਮੌਕੇ ਸ. ਇੰਦਰਜੀਤ ਸਿੰਘ ਥਿੰਦ ਨੇ ਯੂਨਾਈਟਿਡ ਸਪੋਰਟਸ ਕਲੱਬ ਦੇ ਅਗਲੇ ਸਾਲ ਦੇ ਕਬੱਡੀ ਕੱਪ ਲਈ ਇਕ ਇਨਾਮ ਦੇਣ ਦਾ ਵਾਅਦਾ ਵੀ ਕੀਤਾ। ਇਥੇ ਜ਼ਿਕਰਯੋਗ ਹੈ ਕਿ ਕਲੱਬ ਦੇ ਪਿਛਲੇ ਸਾਲ ਦੇ ਮੇਲੇ ਵਿਚ ਟੋਰਾਂਟੋ ਪੁਲਿਸ ਦੀ ਟੀਮ ਨੂੰ ਮੁੱਖ ਤੌਰ 'ਤੇ ਨਿਜਰ ਪਰਿਵਾਰ ਨੇ ਸਪਾਂਸਰ ਕੀਤਾ ਸੀ।

ਇਸ ਸਮਾਗਮ ਮੌਕੇ ਹੋਰਨਾਂ ਤੋਂ ਇਲਾਵਾ ਯੂਨਾਈਟਿਡ ਸਪੋਰਟਸ ਕਲੱਬ ਦੇ ਪ੍ਰਧਾਨ ਬਲਬੀਰ ਸਿੰਘ ਭਾਟੀਆ, ਜੁਗਰਾਜ ਸਿੰਘ ਸਹੋਤਾ, ਗੁਰਪਾਲ ਸਿੰਘ ਹੰਸਰਾ, ਗੁਰਚਰਨ ਸਿੰਘ ਮਾਨ, ਬਲਬੀਰ ਸਿੰਘ ਐਮ ਏ, ਲਖਵੀਰ ਸਿੰਘ ਪਟਵਾਰੀ, ਕੁਲਦੀਪ ਸਿੰਘ ਮਾਨ, ਕੁਲਵੀਰ ਸਿੰਘ ਕੀਪਾ, ਹਰਜੀਤ ਸਿੰਘ, ਸਾਬਕਾ ਕਬੱਡੀ ਖਿਡਾਰੀ ਮੋਹਨ ਸਿੰਘ, ਨਾਰਦਰਨ ਸਪੋਰਟਸ ਕਲੱਬ ਦੇ ਜਸਵੰਤ ਸਿੰਘ ਸਰਾਂ, ਸੰਤੋਖ ਸਿੰਘ ਤੱਖਰ, ਸੁਖ ਅਬਲੋਵਾਲ, ਮਲਵਿੰਦਰ ਸਿੰਘ ਨਾਹਲ, ਜਸਵਿੰਦਰ ਸਿੰਘ ਜੰਡੀ ਅਤੇ ਸਤਨਾਮ ਸਿੰਘ ਖਾਲਸਾ ਹਾਜ਼ਰ ਸਨ।



ਬਲਵਿੰਦਰ ਸਿੰਘ ਫਿੱਡੂ ਨਾਲ ਅਮੋਲਕ ਸਿੰਘ ਗਾਖਲ, ਨਿਜਰ ਅਤੇ ਥਿੰਦ ਭਰਾ

## For Best Home Deals and Lowest Mortgage Rate, Contact:

# Golden State Realty

**Real Estate and Loans Under One Roof**

# Refinance Now

**15 & 30 Yr Fixed Rates Are Getting Better!!!**
**5/1, 7/1 ARM are also attractive**
**Refinance Now At Zero Cost**

**Call Sukhi Gill @ 510-207-9067**

CA DRE Lic.#01180969

# Short Sale Specialist

## We can sell your house in short sale at no cost to you.

If your house is in foreclosure due to not making payments and you have recieved trustee sale date,even than we can sell your house in short sale. Selling house in short sale damages your credit less than if you let it go to foreclosure.We can also sell your house in short sale If you are paying mortgage payments on time with difficulty and your house value is lot less than the loan.

Selling new and old Homes from San Jose to Sacramento

Fremont Office:
86 Pilgrim Loop
Fremont CA 94539
510-440-9292

**Cell: 510-304-9292**
**Cell:408-666-8279**



**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

**HOUSE FOR RENT**

5 BEDROOM 3 FULL BATH 2 CAR GARAGE
2555 SQ FT 10K SQ FT LOT
2370 PICASSO WAY, STOCKTON CA 95206

*RENT $1550*

## ਡੈਲਸ ਦੇ ਖੇਡ ਮੇਲੇ ਲਈ ਤਿਆਰੀਆਂ ਮੁਕੰਮਲ

**ਡੈਲਸ-ਫੋਰਟਵਰਥ, ਟੈਕਸਸ (ਰਾਣਾ ਇਕਬਾਲ):** ਡੈਲਸ-ਫੋਰਟਵਰਥ ਇੰਟਰਨੈਸ਼ਨਲ ਸਪੋਰਟਸ ਕਲੱਬ ਵਲੋਂ ਸਨਿਚਰਵਾਰ 30 ਅਕਤੂਬਰ ਨੂੰ ਸਵੇਰੇ 8 ਵਜੇ ਤੋਂ ਸ਼ਾਮ 7 ਵਜੇ ਤੱਕ ਇਥੇ ਗ੍ਰੈਂਡ ਪਰੇਅਰੀ ਪਾਰਕ (ਬਗਦਾਦ ਰੋਡ ਅਤੇ ਗ੍ਰੈਂਡ ਪਰੇਅਰੀ) ਵਿਚ ਕਰਵਾਏ ਜਾ ਰਹੇ ਖੇਡ ਟੂਰਨਾਮੈਂਟ ਲਈ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।

ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਪ੍ਰਧਾਨ ਗੁਰਸ਼ਰਨ ਸਿੰਘ ਬਗਲੀ ਅਤੇ ਹਰਦੀਪ ਸਿੰਘ ਗੁਰਨਾ ਨੇ ਦੱਸਿਆ ਕਿ ਇਸ ਖੇਡ ਮੇਲੇ ਦੌਰਾਨ ਕਬੱਡੀ ਦੇ ਇਲਾਵਾ ਰੱਸਾਕਸ਼ੀ, ਵਾਲੀਬਾਲ ਅਤੇ ਬੱਚਿਆਂ ਦੀਆਂ ਬਹੁਤ ਸਾਰੀਆਂ ਖੇਡਾਂ ਕਰਵਾਈਆਂ ਜਾਣਗੀਆਂ। ਮੇਲੇ ਲਈ ਕੋਈ ਟਿਕਟ ਨਹੀਂ ਹੈ ਅਤੇ ਭੋਜਨ ਤੇ ਚਾਹ-ਪਾਣੀ ਵੀ ਮੁਫਤ ਹੋਵੇਗਾ। ਕਬੱਡੀ ਓਪਨ ਲਈ ਪਹਿਲਾਂ ਇਨਾਮ 3100 ਡਾਲਰ ਦਾ ਰੱਖਿਆ ਗਿਆ ਹੈ ਜੋ ਕਿ ਪਰਵਿੰਦਰ ਸਿੱਧੂ, ਪੈਨੀ ਸਿੱਧੂ ਅਤੇ ਜਗਰਾਜ ਸਿੰਘ ਵਲੋਂ ਦਿੱਤਾ ਜਾਵੇਗਾ। ਦੂਸਰੇ ਨੰਬਰ 'ਤੇ ਆਉਣ ਵਾਲੀ ਟੀਮ ਨੂੰ 2100 ਡਾਲਰ ਦਾ ਇਨਾਮ ਸਿੱਧੂ ਟਰੱਕ ਲਾਈਨ ਵਾਲੇ ਕੁਲਵੰਤ ਸਿੰਘ ਸਿੱਧੂ ਵਲੋਂ ਦਿੱਤਾ ਜਾਵੇਗਾ।

ਇਨ੍ਹਾਂ ਖੇਡਾਂ ਦੀ ਕੁਮੈਂਟਰੀ ਉਭਰ ਰਹੇ ਕੁਮੈਂਟੇਟਰ ਰਾਜਵਿੰਦਰ ਸਿੰਘ ਰੰਡਿਆਲਾ ਕਰਨਗੇ ਜੋ ਉਚੇਚਾ ਇਸ ਖੇਡ ਮੇਲੇ ਲਈ ਕੈਲੀਫੋਰਨੀਆ ਤੋਂ ਪਹੁੰਚ ਰਹੇ ਹਨ। ਹੋਰ ਜਾਣਕਾਰੀ ਲਈ ਹਰਜੀਤ ਬਗਲੀ ਫੋਨ 817-723-0135 ਜਾਂ ਜਤਿੰਦਰ ਬਾਜਵਾ ਫੋਨ 214-250-0215 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਸ੍ਰੀ ਨਾਭ ਕੰਵਲ ਰਾਜਾ ਸਾਹਿਬ ਦੀ ਬਰਸੀ ਮਨਾਈ

**ਪਿਟਸਬਰਗ, ਕੈਲੀਫੋਰਨੀਆ:** ਸ੍ਰੀ ਨਾਭ ਕੰਵਲ ਰਾਜਾ ਸਾਹਿਬ ਦੀ 70ਵੀਂ ਸਾਲਾਨਾ ਬਰਸੀ ਉਨ੍ਹਾਂ ਦੇ ਸ਼ਰਧਾਲੂਆਂ ਵਲੋਂ ਇਥੇ ਗੁਰਦੁਆਰਾ ਗੁਰੂ ਰਵਿਦਾਸ ਟੈਂਪਲ ਵਿਖੇ ਇਕ ਮੇਲੇ ਦੇ ਰੂਪ ਵਿਚ ਸ਼ਰਧਾ ਨਾਲ ਮਨਾਈ ਗਈ। ਅਖੰਡ ਪਾਠ ਦੇ ਭੋਗ ਉਪਰੰਤ ਦੀਵਾਨ ਸਜਾਏ ਗਏ ਜਿਨ੍ਹਾਂ ਵਿਚ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਬਲਦੇਵ ਸਿੰਘ ਦੇ ਰਾਗੀ ਜਥੇ, ਭਾਈ ਹਰਦੇਵ ਸਿੰਘ, ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਹਰਬਿਲਾਸ ਸਿੰਘ ਅਤੇ ਭਾਈ ਸਤਵੀਰ ਸਿੰਘ ਟਰੇਸੀ ਨੇ ਸ਼ਬਦ ਕੀਰਤਨ ਅਤੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਢਾਡੀ ਗੁਰਮੇਲ ਸਿੰਘ ਬਿਲਗਾਵਾਲਿਆਂ ਨੇ ਰਾਜਾ ਸਾਹਿਬ ਦੀ ਉਸਤਤ ਵਿਚ ਵਾਰਾਂ ਦਾ ਗਾਇਨ ਕੀਤਾ। ਸੈਕਰਾਮੈਂਟੋ ਤੋਂ ਪਰਮਿੰਦਰ ਸਿੰਘ ਖਾਨਾਂਵਾਲੇ, ਚਰਨ ਸਿੰਘ ਗਿੱਲ, ਕੰਵਲਜੀਤ ਕੌਰ ਭਾਟੀਆ ਅਤੇ ਜੋਗਿੰਦਰ ਸਿੰਘ ਦਿੱਲੀਵਾਲਿਆਂ ਨੇ ਵੀ ਸੰਗਤਾਂ ਨਾਲ ਵਿਚਾਰਾਂ ਸਾਂਝੀਆਂ ਕੀਤੀਆਂ।

ਤਿੰਨ ਦਿਨਾਂ ਦੇ ਇਸ ਸਮਾਗਮ ਵਿਚ ਲੰਗਰ ਅਤੁਟ ਵਰਤਿਆ। ਮਠਿਆਈ ਦੀ ਸੇਵਾ ਰਾਜਾ ਸਵੀਟਸ, ਯੂਨੀਅਨ ਸਿਟੀ ਵਾਲੇ ਮੱਖਣ ਸਿੰਘ ਬੈਂਸ ਤੇ ਗਿਆਨੀ ਰਵਿੰਦਰ ਸਿੰਘ ਵਲੋਂ ਕੀਤੀ ਗਈ। ਉਨ੍ਹਾਂ ਦਾ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੀ ਬਖਸ਼ਿਸ਼ ਨਾਲ ਮਾਣ ਸਤਿਕਾਰ ਕੀਤਾ ਗਿਆ। ਪ੍ਰੋਗਰਾਮ ਦੌਰਾਨ ਜੈਲਾ ਜੱਗੀ, ਸੁੱਚਾ ਸਿੰਘ ਰਾਏਪੁਰ ਡੱਬਾ, ਜਰਨੈਲ ਦੁੱਗਾ ਖਟਕੜਕਲਾਂ ਤੇ ਹੋਰ ਸੰਗਤਾਂ ਨੇ ਦਿਲ ਲਾ ਕੇ ਸੇਵਾ ਕੀਤੀ।

# ਉਜਲ ਦੁਸਾਂਝ ਬਾਰੇ ਫਿਲਮ ਤੋਂ ਵਰਲਡ ਸਿੱਖ ਆਰਗੇਨਾਈਜੇਸ਼ਨ ਚਿੰਤਤ

**ਵੈਨਕੂਵਰ, ਕੈਨੇਡਾ:** ਵਰਲਡ ਸਿੱਖ ਆਰਗੇਨਾਈਜੇਸ਼ਨ, ਕੈਨੇਡਾ (ਡਬਲਿਊ ਐਸ ਓ) ਬ੍ਰਿਟਿਸ਼ ਕੋਲੰਬੀਆ ਦੇ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਉਜਲ ਦੁਸਾਂਝ ਦੀ ਜ਼ਿੰਦਗੀ ਬਾਰੇ ਬਣਾਈ ਗਈ ਫਿਲਮ ਤੋਂ ਚਿੰਤਤ ਹੈ ਜਿਸ ਵਿਚ ਸ੍ਰੀ ਦੁਸਾਂਝ ਨੇ ਦਾਅਵਾ ਕੀਤਾ ਹੈ ਕਿ ਕੈਨੇਡਾ 'ਚ ਸਿੱਖ ਖਾੜਕੂ ਲਹਿਰ ਮੁੜ ਉਭਰ ਰਹੀ ਹੈ। ਓਟਵਾ ਆਧਾਰਤ ਇਸ ਸਿੱਖ ਸੰਸਥਾ ਨੂੰ ਡਰ ਹੈ ਕਿ ਸ੍ਰੀ ਦੁਸਾਂਝ ਦੀ ਇਸ ਟਿੱਪਣੀ ਨਾਲ ਕੈਨੇਡਾ ਵੱਸਦੇ ਸਿੱਖਾਂ ਉਪਰ ਨਸਲੀ ਹਮਲਿਆਂ ਦੇ ਇਕ ਨਵੇਂ ਦੌਰ ਨੂੰ ਹਵਾ ਮਿਲੇਗੀ।



ਸ੍ਰੀ ਉਜਲ ਦੁਸਾਂਝ

ਫਿਲਮਕਾਰ ਮੀਰਾ ਦੀਵਾਨ ਵਲੋਂ ਬਣਾਈ ਗਈ ਇਹ ਫਿਲਮ "ਟਰੇਸਿੰਗ ਲਾਈਟ:ਏ ਜਰਨੀ ਵਿਧ ਉਜਲ ਦੁਸਾਂਝ" ਕੋਈ ਤਿੰਨ ਹਫਤੇ ਪਹਿਲਾਂ ਚੰਡੀਗੜ੍ਹ ਅਤੇ ਦਿੱਲੀ ਵਿਚ ਰਿਲੀਜ਼ ਹੋਈ ਸੀ। ਇਸ ਫਿਲਮ ਉਪਰ ਪੈਸਾ ਕੈਨੇਡਾ ਦੇ ਓਮਨੀ ਟੀ ਵੀ ਵਲੋਂ ਲਾਇਆ ਗਿਆ ਹੈ ਅਤੇ ਜਲਦ ਹੀ ਕੈਨੇਡਾ ਵਿਚ ਵੀ ਬਰਾਡਕਾਸਟ ਕੀਤੀ ਜਾਵੇਗੀ। ਇਹ ਫਿਲਮ ਬਣਾਉਣ ਲਈ ਉਦਾਰਵਾਦੀ ਸਿਆਸਤਦਾਨ ਉਜਲ ਦੁਸਾਂਝ ਤੱਕ ਕੋਈ ਦਸ ਸਾਲ ਪਹਿਲਾਂ ਪਹੁੰਚ ਕੀਤੀ ਗਈ ਸੀ ਪਰ ਉਦੋਂ ਉਨ੍ਹਾਂ ਇਨਕਾਰ ਕਰ ਦਿੱਤਾ ਸੀ। ਇਸ ਫਿਲਮ ਲਈ ਉਨ੍ਹਾਂ ਆਪਣੀ ਪ੍ਰਵਾਨਗੀ 2006 ਵਿਚ ਦਿੱਤੀ ਜਦੋਂ ਉਨ੍ਹਾਂ ਤੱਕ ਦੁਬਾਰਾ ਪਹੁੰਚ ਕੀਤੀ ਗਈ।

ਮੀਰਾ ਦੀਵਾਨ ਜੋ ਕਿ 30 ਦੇ ਕਰੀਬ ਦਸਤਾਵੇਜ਼ੀ ਫਿਲਮਾਂ ਬਣਾ ਚੁਕੀ ਹੈ, ਦਾ ਕਹਿਣਾ ਹੈ ਕਿ ਫਿਲਮ ਬਣਾਉਣ ਦਾ ਖਿਆਲ ਸ੍ਰੀ ਦੁਸਾਂਝ ਵਲੋਂ ਕੈਨੇਡਾ ਵਿਚ ਪਨਪ ਰਹੀ ਸਿੱਖ ਹਿੰਸਾ ਵਿਰੁਧ ਆਵਾਜ਼ ਉਠਾਏ ਜਾਣ ਤੋਂ ਪ੍ਰੇਰਿਤ ਹੈ।

ਸ੍ਰੀ ਦੁਸਾਂਝ ਜੋ ਕਿ ਫਿਲਮ ਦੇ ਪ੍ਰੀਮੀਅਰ ਮੌਕੇ ਮੌਜੂਦ ਸਨ ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਖਦਸ਼ੇ ਨਾਲ ਸਹਿਮਤ ਨਹੀਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਫਿਲਮ ਮੁੱਖ ਤੌਰ 'ਤੇ ਮੇਰੇ ਸਿਆਸੀ ਜੀਵਨ ਬਾਰੇ ਹੈ ਅਤੇ ਇਸ ਵਿਚ ਸਿੱਖ ਦਰਦ ਅਤੇ ਰੋਹ ਬਾਰੇ 8 ਮਿੰਟ ਤੋਂ ਵੱਧ ਦੇ ਸੀਨ ਨਹੀਂ ਹਨ। ਦੂਜੇ ਪਾਸੇ ਡਬਲਿਊ ਐਸ ਓ ਦੇ ਪ੍ਰਧਾਨ ਪ੍ਰੇਮ ਸਿੰਘ ਬਿਨਿੰਗ ਦਾ ਕਹਿਣਾ ਹੈ ਕਿ ਕੈਨੇਡਾ ਵਿਚ ਸਿੱਖ ਅਤਿਵਾਦੀ ਲਹਿਰ ਦੇ ਕੋਈ ਸਬੂਤ ਨਹੀਂ ਹਨ ਪਰ ਸ੍ਰੀ ਦੁਸਾਂਝ ਦੀ ਇਸ ਬਿਆਨਬਾਜ਼ੀ ਕਰਕੇ ਕੈਨੇਡੀਅਨ ਸਿੱਖਾਂ ਵਿਰੁਧ ਨਸਲੀ ਨਫਰਤ ਵਧੀ ਹੈ। ਇਥੇ ਸਿੱਖ ਅਤਿਵਾਦ ਬਾਰੇ ਸ੍ਰੀ ਦੁਸਾਂਝ ਦੇ ਇਸ ਦਾਅਵੇ ਪਿਛੋਂ ਸਿੱਖਾਂ ਵਿਰੁਧ ਨਸਲੀ ਟਿੱਪਣੀਆਂ ਵਿਚ ਵਾਧਾ ਹੋਇਆ ਹੈ। ਜਥੇਬੰਦੀ ਦੇ ਸਾਬਕਾ ਪ੍ਰਧਾਨ ਗਿਆਨ ਸਿੰਘ ਸੰਧੂ ਦਾ ਵੀ ਕਹਿਣਾ ਹੈ ਕਿ ਅਸੀਂ ਪਿਛਲੇ ਚਾਰ ਸਾਲ ਤੋਂ ਸ੍ਰੀ ਦੁਸਾਂਝ ਦੀਆਂ ਇਸ ਤਰ੍ਹਾਂ ਦੀਆਂ ਟਿੱਪਣੀਆਂ ਨੂੰ ਬੜੇ ਠੰਡੇ ਮਤੇ ਨਾਲ ਇਸ ਗੱਲ ਦੀ ਰੋਸ਼ਨੀ ਵਿਚ ਬਰਦਾਸ਼ਤ ਕਰਦੇ ਆ ਰਹੇ ਹਾਂ ਕਿ ਉਨ੍ਹਾਂ ਨੂੰ ਨਿਜੀ ਤੌਰ 'ਤੇ ਕਾਫੀ ਨੁਕਸਾਨ ਉਠਾਉਣਾ ਪਿਆ ਸੀ। ਇਥੇ ਜ਼ਿਕਰਯੋਗ ਹੈ ਕਿ ਪੰਜਾਬ ਵਿਚ ਸਿੱਖ ਖਾੜਕੂ ਲਹਿਰ ਪ੍ਰਤੀ ਵਿਰੋਧ ਕਰਕੇ ਸ੍ਰੀ ਦੁਸਾਂਝ ਉਪਰ 1985 ਵਿਚ ਵੈਨਕੂਵਰ ਵਿਚਲੇ ਉਨ੍ਹਾਂ ਦੇ ਲਾਅ ਆਫਿਸ ਦੇ ਬਾਹਰ ਹਮਲਾ ਕੀਤਾ ਗਿਆ ਸੀ ਜਿਸ ਵਿਚ ਉਹ ਗੰਭੀਰ ਜ਼ਖਮੀ ਹੋ ਗਏ ਸਨ। ਸ੍ਰੀ ਸੰਧੂ ਨੇ ਹੋਰ ਕਿਹਾ ਕਿ ਅਸੀਂ ਸਮਝ ਸਕਦੇ ਹਾਂ ਕਿ ਉਸ ਵੇਲੇ ਉਨ੍ਹਾਂ ਦੀ ਕੀਤੀ ਗਈ ਬੇਰਹਿਮ ਮਾਰ-ਕੁਟਾਈ ਦਾ ਉਨ੍ਹਾਂ ਦੀ ਮਾਨਸਿਕਤਾ ਉਪਰ ਕੀ ਅਸਰ ਹੋਇਆ ਹੋਵੇਗਾ ਪਰ ਇਸ ਦਾ ਮਤਲਬ ਇਹ ਵੀ ਨਹੀਂ ਕਿ ਉਹ ਕੈਨੇਡਾ ਦੀ ਇਕ ਅਹਿਮ ਘੱਟਗਿਣਤੀ ਵਿਰੁਧ ਜੋ ਮਨ ਆਵੇ ਬੋਲੀ ਜਾਣ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਇਸ ਸਾਲ ਦੇ ਸ਼ੁਰੂ ਵਿਚ ਸ੍ਰੀ ਦੁਸਾਂਝ ਨੂੰ ਇੰਟਰਨੈਟ 'ਤੇ ਜਾਨੋਂ ਮਾਰ ਦੇਣ ਦੀਆਂ ਧਮਕੀਆਂ ਦਿੱਤੀਆਂ ਗਈਆਂ ਸਨ।

## ਪੰਜਾਬੀ ਸਾਹਿਤ ਸਭਾ ਦਾ ਸਾਲਾਨਾ ਸਮਾਗਮ 24 ਨੂੰ

**ਸੈਕਰਾਮੈਂਟੋ:** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵਲੋਂ ਆਪਣੀ ਸਾਲਾਨਾ ਪੰਜਾਬੀ ਕਾਨਫਰੰਸ 24 ਅਕਤੂਬਰ ਨੂੰ ਏ. ਕੇ. ਸਕੂਲ, ਕੈਮੀਨੋ ਡੀ ਫਲੋਰਿਜ਼, ਯੂਬਾ ਸਿਟੀ ਵਿਚ ਹੋਵੇਗੀ।

ਇਹ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਹਰਬੰਸ ਸਿੰਘ ਜਗਿਆਸੂ ਨੇ ਦੱਸਿਆ ਕਿ ਇਸ ਕਾਨਫਰੰਸ ਵਿਚ ਡਾ. ਸਵਰਾਜ ਸਿੰਘ, ਗਜ਼ਲਗੋ ਹਰਭਜਨ ਸਿੰਘ ਬੈਂਸ, ਸ਼ਾਇਰ ਅਜ਼ਾਦ ਜਲੰਧਰੀ, ਈਸ਼ਰ ਸਿੰਘ ਮੋਮਨ, ਕਾਲਮਨਵੀਸ ਤਰਲੋਚਨ ਸਿੰਘ ਦੁਪਾਲਪੁਰ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ।

ਇਸ ਮੌਕੇ ਸਭਾ ਦੇ ਪੁਰਾਣੇ ਤੇ ਨਵੇਂ ਮੈਂਬਰਾਂ ਦੀਆਂ ਰਚਨਾਵਾਂ ਨਾਲ ਸੰਜੋਇਆ ਵੱਡ-ਅਕਾਰੀ ਯਾਦਗਾਰੀ ਸੋਵੀਨੀਰ ਵੀ ਰਿਲੀਜ਼ ਕੀਤਾ ਜਾਵੇਗਾ। ਇਸ ਦਾ ਟਾਈਟਲ ਜਨਮੇਜਾ ਸਿੰਘ ਜੌਹਲ ਨੇ ਤਿਆਰ ਕੀਤਾ ਹੈ। ਹੋਰ ਜਾਣਕਾਰੀ ਫੋਨ (530) 933-2204 ਤੋਂ ਲਈ ਜਾ ਸਕਦੀ ਹੈ।

## ਫਰਿਜ਼ਨੋ 'ਚ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਸਮਾਗਮ 20 ਨਵੰਬਰ ਨੂੰ

**ਫਰਿਜ਼ਨੋ:** ਗਦਰੀ ਬਾਬਿਆਂ ਅਤੇ ਦੇਸ਼ ਭਗਤਾਂ ਨੂੰ ਸਮਰਪਿਤ ਸੰਸਥਾ ਇੰਡੋ-ਅਮੈਰਿਕਨ ਹੈਰੀਟੇਜ ਫੋਰਮ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਸਬੰਧੀ ਇਕ ਸਮਾਗਮ ਆਉਂਦੀ 20 ਨਵੰਬਰ ਨੂੰ ਇਥੇ ਤਾਜ ਆਫ ਇੰਡੀਆ ਰੈਸਟੋਰੈਂਟ ਵਿਚ ਕਰਵਾਇਆ ਜਾਵੇਗਾ। ਇਸ ਸਬੰਧੀ ਫੈਸਲਾ ਸਭਾ ਦੀ ਇਥੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਵਿਚ ਲਿਆ ਗਿਆ।

ਇਹ ਜਾਣਕਾਰੀ ਦਿੰਦਿਆਂ ਸੰਸਥਾ ਦੇ ਸਕੱਤਰ ਸੁਰਿੰਦਰ ਮੰਡਾਲੀ ਨੇ ਦੱਸਿਆ ਕਿ ਸਮਾਗਮ ਵਿਚ ਅਹਿਮ ਬੁਲਾਰੇ ਪਹੁੰਚਣਗੇ ਅਤੇ ਲੋਕਲ ਕਲਾਕਾਰ ਆਪਣੇ ਗੀਤਾਂ ਨਾਲ ਮਹਾਨ ਸ਼ਹੀਦ ਨੂੰ ਸ਼ਰਧਾਂਜਲੀਆਂ ਭੇਟ ਕਰਨਗੇ। ਮੀਟਿੰਗ ਵਿਚ ਹਰ ਸਾਲ ਦੀ ਤਰ੍ਹਾਂ ਗਦਰੀ ਬਾਬਿਆਂ ਅਤੇ ਦੇਸ਼ ਭਗਤਾਂ ਦੀ ਯਾਦ ਵਿਚ ਗਿਆਰਵਾਂ ਮੇਲਾ ਅਗਲੇ ਸਾਲ ਮਾਰਚ ਕਰਵਾਉਣ ਦਾ ਫੈਸਲਾ ਵੀ ਲਿਆ ਗਿਆ।


ਬੇ-ਏਰੀਆ ਕਾਲਜ ਆਫ ਨਰਸਿੰਗ

...ਜਿਥੇ ਕੋਈ ਵੇਟਿੰਗ ਲਿਸਟ ਨਹੀਂ! ਰਜਿਸਟਰ ਹੋਵੋ ਤੇ ਨਰਸ ਬਣੋ!

* ਇੰਡੀਆ ਤੋਂ ਵੀ ਵਿਦਿਆਰਥੀ M-1 ਵੀਜ਼ੇ ਰਾਹੀਂ ਦਾਖਲ ਹੋ ਸਕਦੇ ਹਨ।
* ਨਰਸਿੰਗ ਅਸਿਸਟੈਂਟ ਦੀਆਂ ਕਲਾਸਾਂ ਇਕ ਮਹੀਨੇ ਵਿਚ ਪੂਰੀਆਂ ਕਰੋ।
* ਵੋਕੇਸ਼ਨਲ ਨਰਸ ਦੀਆਂ ਕਲਾਸਾਂ 13 ਮਹੀਨਿਆਂ ਵਿਚ ਪੂਰੀਆਂ ਕਰੋ, ਫਿਰ ਬੋਰਡ ਦੀ ਪਰੀਖਿਆ ਪਾਸ ਕਰ ਕੇ LVN ਬਣੋ।
* 8 ਮਹੀਨੇ 'ਚ RN ਦਾ ਕੋਰਸ ਕਰੋ-ਦਾਖਲੇ ਅਗਲੇ ਸਾਲ ਦੇ ਸ਼ੁਰੂ ਵਿਚ

BAY AREA COLLEGE OF NURSING 2004



ਬੇ-ਏਰੀਆ ਵਿਚ ਤਿੰਨ ਲੋਕੇਸ਼ਨਾਂ
-ਪਾਲੋ ਆਲਟੋ ਫੋਨ: 650-858-6810
-ਸੈਨ ਹੋਜੇ ਫੋਨ: 408-280-6888
-ਡੇਲੀ ਸਿਟੀ ਫੋਨ: 650-755-6888

3 Locations in Bay Area:
- Palo Alto (650) 858-6810
- San Jose (408) 280-6888
- Daly City (650) 755-6888

ਪੰਜਾਬੀ ਵਿਚ ਜਾਣਕਾਰੀ ਲੈਣ ਲਈ ਸੈਨ ਹੋਜ਼ੇ ਲੋਕੇਸ਼ਨ ਤੇ ਕਮਲਪ੍ਰੀਤ ਟੁਟ ਨੂੰ ਫੋਨ ਕਰੋ ਜੀ।

www.bayareacollege.net

ਲੋੜ ਹੈ SIDHU TRUCK LINE INC.

ਕੈਸ਼ੀਅਰ ਅਤੇ ਡੀਜ਼ਲ ਮਕੈਨਿਕ

ਵੈਗਾ, ਟੈਕਸਸ ਵਿਚ ਟਰੱਕ ਸਟਾਪ ਲਈ ਕੈਸ਼ੀਅਰ ਅਤੇ ਡੀਜ਼ਲ ਮਕੈਨਿਕ ਦੀ ਲੋੜ ਹੈ।

ਪਹਿਲੀ ਤਰਜੀਹ ਕਿਸੇ ਫੈਮਿਲੀ ਨੂੰ ਹੋਵੇਗੀ। ਅਸੀਂ ਚੰਗੀ ਤਨਖਾਹ ਅਤੇ ਰਹਿਣ ਲਈ ਤਿੰਨ ਬੈਡਰੂਮ ਦਾ ਖੁੱਲ੍ਹਾ ਡੁੱਲ੍ਹਾ ਘਰ ਦਿਆਂਗੇ। ਘਰ ਕੰਮ ਤੋਂ ਸਿਰਫ ਡੇਢ-ਦੋ ਬਲਾਕ ਦੂਰ।

ਅੱਜ ਹੀ ਸੰਪਰਕ ਕਰੋ
ਕੁਲਵੰਤ ਸਿੱਧੂ
806-678-3832

Realtor & Mortgage Specialist
Bay Area & Central Valley

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜ਼ਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH
M.A., M.Ed Retd. Principal
Realtor & Financial Adviser
Lic#01776459 & OG22467

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Doing Short Sale is much better than Forclosure home.

RAJ SINGH
Cell:510-452-7370

MISSIONPEAK BROKERS, INC.
46560 Fremont Blvd., Suite #111 Fremont, CA 94538
singhrajpaul@yahoo.com

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ

## ਸੰਨੀਵੇਲ ਮੰਦਿਰ ਵਿਚ ਦੀਵਾਲੀ ਮੇਲਾ 29 ਤੋਂ

**ਸੰਨੀਵੇਲ, ਕੈਲੀਫੋਰਨੀਆ:** ਹਿੰਦੂ ਟੈਂਪਲ ਐਂਡ ਕਮਿਊਨਿਟੀ ਸੈਂਟਰ ਵਲੋਂ ਇਸ ਸਾਲ ਦਾ ਤਿੰਨ ਰੋਜ਼ਾ ਦੀਵਾਲੀ ਮੇਲਾ ਆਉਂਦੀ 29, 30 ਅਤੇ 31 ਅਕਤੂਬਰ ਨੂੰ ਕਰਵਾਇਆ ਜਾ ਰਿਹਾ ਹੈ। ਇਹ ਮੇਲਾ ਪਿਛਲੇ 15 ਸਾਲਾਂ ਤੋਂ ਕਰਵਾਇਆ ਜਾ ਰਿਹਾ ਹੈ ਅਤੇ ਇਸ ਵਿਚ ਹਰ ਸਾਲ 10 ਤੋਂ 15 ਹਜ਼ਾਰ ਲੋਕ ਸ਼ਾਮਲ ਹੁੰਦੇ ਹਨ। ਇਹ ਜਾਣਕਾਰੀ ਦਿੰਦਿਆਂ ਇਸ ਮੇਲੇ ਦੇ ਇਕ ਮੁੱਖ ਪ੍ਰਬੰਧਕ ਸ੍ਰੀ ਰਾਜ ਭਨੋਟ ਨੇ ਦੱਸਿਆ ਕਿ ਮੇਲਾ ਸ਼ੁੱਕਰਵਾਰ 29 ਅਕਤੂਬਰ ਨੂੰ ਸਵੇਰੇ 8 ਵਜੇ ਤੋਂ ਅੱਧੀ ਰਾਤ ਤੱਕ, ਸਨਿਚਰਵਾਰ 30 ਅਕਤੂਬਰ ਨੂੰ ਸਵੇਰੇ 11 ਵਜੇ ਤੋਂ ਰਾਤ 11 ਵਜੇ ਤੱਕ ਅਤੇ ਐਤਵਾਰ 31 ਅਕਤੂਬਰ ਨੂੰ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ ਹੋਵੇਗਾ। ਮੇਲੇ ਦੌਰਾਨ ਰਥ ਯਾਤਰਾ ਹੋਵੇਗੀ। ਬਾਲੀਵੁਡ ਦੇ ਸਟਾਰ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਮਹਿੰਦੀ ਦਾ ਰੰਗ ਹੋਵੇਗਾ, ਅੰਤਾਕਸ਼ਰੀ ਮੁਕਾਬਲਾ ਵੀ ਹੋਵੇਗਾ ਅਤੇ ਸਥਾਨਕ ਕਲਾਕਾਰ ਆਪਣੇ ਫਨ ਦਾ ਮੁਜ਼ਾਹਰਾ ਕਰਨਗੇ। ਰੈਫਲ ਲਈ ਵਿਸ਼ੇਸ਼ ਇਨਾਮ ਹੋਣਗੇ, ਲਕਸ਼ਮੀ ਪੂਜਾ ਹੋਵੇਗੀ ਅਤੇ ਡਰਾਇੰਗ ਦੇ ਮੁਕਾਬਲੇ ਵੀ ਹੋਣਗੇ। ਦਾਖਲੇ ਲਈ ਡੋਨੇਸ਼ਨ 7 ਡਾਲਰ ਰੱਖੀ ਗਈ ਹੈ।

ਸ੍ਰੀ ਭਨੋਟ ਅਨੁਸਾਰ ਅਰਨਵ ਚਕਰਵਰਤੀ, ਮਿੱਕੀ ਨਰੂਲਾ, ਸਾਧਨਾ ਦੇਸ਼ਪਾਂਡੇ, ਅਲਕਾ ਭਟਨਾਗਰ ਅਤੇ ਅੰਦਾਜ਼ ਗਰੁਪ ਦੇ ਸੰਗੀਤਕਾਰ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਸ੍ਰੀ ਭਨੋਟ ਨੇ ਇਹ ਵੀ ਕਿਹਾ ਕਿ ਮੰਦਰ ਦੇ ਅਹਾਤੇ ਵਿਚ ਪਾਰਕਿੰਗ ਲਈ ਕੋਈ ਥਾਂ ਨਹੀਂ ਹੋਵੇਗੀ ਅਤੇ ਬਿਨਾਂ ਪਰਮਿਟ ਪਾਰਕਿੰਗ ਲਈ ਟਿਕਟ ਦਿੱਤੀ ਜਾ ਸਕਦੀ ਹੈ। ਉਂਜ ਫਰੀ ਪਾਰਕਿੰਗ ਵਾਲੇ ਇਲਾਕਿਆਂ ਤੋਂ ਮੁਫਤ ਸ਼ਟਲ ਦਾ ਬੰਦੋਬਸਤ ਹੋਵੇਗਾ। ਹੋਰ ਜਾਣਕਾਰੀ ਲਈ ਸ੍ਰੀ ਰਾਜ ਭਨੋਟ ਨਾਲ ਫੋਨ 408-687-1955, ਨਰੈਣਜੀ ਪਟੇਲ 408-997-6452, ਮਹਿੰਦਰ ਸੇਠੀ 650-833-9949 ਜਾਂ ਸਤਨਾਮ ਸੱਤੀ ਨਾਲ ਫੋਨ 408-726-1053 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸੰਤ ਫਤਿਹ ਸਿੰਘ ਦੀ 38ਵੀਂ ਬਰਸੀ ਮਨਾਈ

**ਸੈਕਰਾਮੈਂਟੋ:** ਐਨ.ਆਰ.ਆਈ. ਸਭਾ ਅਮਰੀਕਾ ਵਲੋਂ ਲੰਘੇ ਐਤਵਾਰ ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ ਵਿਚ ਸੰਤ ਫਤਹਿ ਸਿੰਘ ਦੀ 38ਵੀਂ ਬਰਸੀ ਸ਼ਰਧਾ ਨਾਲ ਮਨਾਈ ਗਈ। ਭਾਰੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਗੁਰੂ ਘਰ ਦੇ ਹਜ਼ੂਰੀ ਰਾਗੀ ਜਥਿਆਂ ਗਿਆਨੀ ਸੁਰਜੀਤ ਸਿੰਘ, ਗਿਆਨੀ ਭਗਤ ਸਿੰਘ, ਭਾਈ ਰਣਜੀਤ ਸਿੰਘ ਅਤੇ ਬੇਅ ਏਰੀਏ ਤੋਂ ਉਚੇਚੇ ਤੌਰ 'ਤੇ ਆਏ ਭਾਈ ਦਰਸ਼ਨ ਸਿੰਘ ਦੇ ਜਥੇ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਲੰਗਰ ਦੀ ਸੇਵਾ ਭੰਡਾਲ ਭਰਾਵਾਂ ਨਵਿੰਦਰਜੀਤ ਸਿੰਘ ਭੰਡਾਲ, ਨੇਕਬੀਰ ਸਿੰਘ ਭੰਡਾਲ ਅਤੇ ਅਮਰੀਕ ਸਿੰਘ ਭੰਡਾਲ ਵਲੋਂ ਕੀਤੀ ਗਈ।



ਸੰਤ ਫਤਹਿ ਸਿੰਘ ਦੇ ਜੀਵਨ ਬਾਰੇ ਸੰਗਤਾਂ ਨੂੰ ਪਰਮਜੀਤ ਸਿੰਘ ਟਰੱਸਟੀ ਬੁੱਢਾ ਜੌਹੜ ਗੁਰਦੁਆਰਾ ਰਾਜਸਥਾਨ ਅਤੇ ਨਰਿੰਦਰਪਾਲ ਸਿੰਘ ਹੁੰਦਲ ਨੇ ਜਾਣੂੰ ਕਰਵਾਇਆ। ਇਸ ਸਮਾਗਮ ਦੌਰਾਨ ਜਸਪ੍ਰੀਤ ਸਿੰਘ ਅਟਾਰਨੀ, ਰੌਣਕ ਸਿੰਘ, ਗੁਰਨਾਮ ਸਿੰਘ ਹੁੰਦਲ, ਜਗਦੀਸ਼ ਸਿੰਘ ਢਿੱਲੋਂ, ਬਚਿੱਤਰ ਸਿੰਘ ਟਰਲਕ, ਬਿਕਰਮਜੀਤ ਸਿੰਘ, ਹਰਬੰਸ ਸਿੰਘ ਪੰਮਾ ਅਤੇ ਪਰਗਣ ਸਿੰਘ ਬੈਂਸ ਨੇ ਵਿਚਾਰ ਰੱਖੇ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਜੋਬਨਜੀਤ ਸਿੰਘ, ਨਾਜਰ ਸਿੰਘ ਕੂਨਰ, ਤੇਜਪਾਲ ਸਿੰਘ ਨਿਕਸਨ, ਮਨਦੀਪ ਮਾਨ, ਸੁਖਵਿੰਦਰ ਸਿੰਘ ਅਬਲੋਵਾਲ, ਦਵਿੰਦਰ ਸਿੰਘ ਰਣੀਆ, ਮਨਜੀਤ ਸਿੰਘ, ਮਲਵਿੰਦਰ ਸਿੰਘ ਚਾਹਲ, ਜਸਵੰਤ ਸਿੰਘ ਸਰਾਂ, ਧੀਰਾ ਨਿੱਝਰ, ਸੁਖਦੇਵ ਸਿੰਘ ਲੰਬੜ, ਬਿੱਟੂ ਰੰਧਾਵਾ, ਸੁਖਵਿੰਦਰ ਸਿੰਘ ਸੰਘੇੜਾ, ਸੁਖਬੀਰ ਸਿੰਘ ਸੁੱਖਾ, ਪਵਿੰਦਰ ਸਿੰਘ ਕਰੀਹਾ, ਸੁਰਿੰਦਰ ਸਿੰਘ ਬਿੰਦਰਾ, ਬਲਵੰਤ ਸਿੰਘ ਬੰਕਾ, ਪਾਲ ਸਿੰਘ ਕੰਧਾਲਾ, ਮਨਜੋਤ ਸਿੰਘ ਰਾਏ, ਮੇਜਰ ਸਿੰਘ ਚੌਹਾਨ, ਦਰਸ਼ਨ ਸਿੰਘ ਚੌਹਾਨ, ਨਵਦੀਪ ਸਿੰਘ, ਮਨਜੀਤ ਸਿੰਘ ਬੇਕਰਜ਼ਫੀਲਡ, ਮਾਸਟਰ ਜਗੀਰ ਸਿੰਘ ਜੌਹਲ, ਜਸਬੀਰ ਸਿੰਘ ਪਵਾਰ, ਨੀਤੂ ਕਾਹਲੋਂ, ਸ਼ਵਿੰਦਰ ਸਿੰਘ ਦਰਦੀ ਯੂਬਾ ਸਿਟੀ, ਦਿਲ ਨਿੱਝਰ, ਕੁਲਵਿੰਦਰ ਬੈਂਸ, ਅਮਰਬੀਰ ਸਿੰਘ ਢਿੱਲੋਂ, ਰੁਲਦਾ ਸਿੰਘ ਸੇਖੋਂ, ਇਕਬਾਲ ਸਿੰਘ ਸਮਰਾ, ਬਲਦੇਵ ਸਿੰਘ ਜੌਹਲ, ਅਵਤਾਰ ਦੌਸਾਂਝ, ਜਸਿੰਦਰ ਸਿੰਘ ਕੈਨੀ ਵਿਰਕ, ਚਰਨਜੀਤ ਸਿੰਘ ਵਿਰਕ, ਮਹੇਸ਼ਇੰਦਰ ਸਿੰਘ, ਬਲਿਹਾਰ ਸਿੰਘ ਸਰਪੰਚ, ਪ੍ਰੀਤਮ ਸਿੰਘ ਗਰੇਵਾਲ ਆਦਿ ਨੇ ਹਾਜ਼ਰੀ ਲਗਵਾਈ।

## ਟਰੇਸੀ 'ਚ ਪੰਜਾਬੀ ਨੌਜਵਾਨ ਦਾ ਕਤਲ

**ਟਰੇਸੀ, ਕੈਲੀਫੋਰਨੀਆ:** ਤਿੰਨ ਅਣਪਛਾਤੇ ਹਮਲਾਵਰਾਂ ਨੇ 11 ਅਕਤੂਬਰ ਨੂੰ ਦੁਪਹਿਰ ਸਮੇਂ ਇਥੇ ਟੈਨਿਸ ਲੇਨ ਉਪਰ ਇਕ 18 ਸਾਲਾ ਪੰਜਾਬੀ ਨੌਜਵਾਨ ਕੁਨਾਲਪ੍ਰੀਤ ਸਿੰਘ ਸੇਖੋਂ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ। ਪੁਲਿਸ ਅਨੁਸਾਰ ਹਮਲਾਵਰ ਕਾਲੇ ਸ਼ੀਸ਼ਿਆਂ ਵਾਲੀ ਇਕ ਵੈਨ ਵਿਚ ਆਏ। ਕੁਨਾਲਪ੍ਰੀਤ ਦੇ ਤਿੰਨ ਗੋਲੀਆਂ ਲੱਗੀਆਂ। ਉਸ ਨੂੰ ਹਸਪਤਾਲ ਪਹੁੰਚਾਇਆ ਗਿਆ ਪਰ ਡਾਕਟਰ ਉਸ ਨੂੰ ਬਚਾ ਨਾ ਸਕੇ।



ਪੁਲਿਸ ਨੇ ਖਦਸ਼ਾ ਜਾਹਿਰ ਕੀਤਾ ਹੈ ਕਿ ਇਹ ਕਤਲ ਆਪਸੀ ਗੈਂਗ ਲੜਾਈ ਦਾ ਨਤੀਜਾ ਹੋ ਸਕਦੀ ਹੈ। ਕੁਝ ਚਸ਼ਮਦੀਦ ਗਵਾਹਾਂ ਨੇ ਪੁਲਿਸ ਨੂੰ ਦੱਸਿਆ ਕਿ ਉਨ੍ਹਾਂ ਹਿਸਪੈਨਿਕ ਮੂਲ ਦੇ ਜਾਪਦੇ ਹਮਲਾਵਰਾਂ ਨੂੰ ਕੁਨਾਲਪ੍ਰੀਤ ਨਾਲ ਤੂੰ ਤੂੰ, ਮੈਂ ਮੈਂ ਕਰਦਿਆਂ ਦੇਖਿਆ ਅਤੇ ਫਿਰ ਡਰਾਈਵਰ ਵਾਲੀ ਸਾਈਡ ਤੋਂ ਉਸ ਉਪਰ ਕਿਸੇ ਨੇ ਗੋਲੀ ਚਲਾ ਦਿੱਤੀ। ਡਿੱਗੇ ਹੋਏ ਕੁਨਾਲਪ੍ਰੀਤ ਉਤੇ ਹਮਲਾਵਰ ਨੇ ਦੋ ਹੋਰ ਗੋਲੀਆਂ ਦਾਗੀਆਂ ਅਤੇ ਫਿਰ ਹਮਲਾਵਰ ਫਰਾਰ ਹੋ ਗਏ। ਪੁਲਿਸ ਅਨੁਸਾਰ ਕੁਨਾਲਪ੍ਰੀਤ ਟਰੇਸੀ ਹੀ ਰਹਿੰਦਾ ਸੀ ਪਰ ਉਸ ਥਾਂ ਨਹੀਂ ਜਿਥੇ ਕਿ ਉਸ ਉਪਰ ਗੋਲੀਆਂ ਚਲਾਈਆਂ ਗਈਆਂ। ਟਰੇਸੀ ਵਿਚ ਇਸ ਸਾਲ ਅੰਦਰ ਇਸ ਤਰ੍ਹਾਂ ਦਾ ਇਹ ਤੀਜਾ ਕਤਲ ਹੈ। ਇਸ ਸਬੰਧੀ ਕੋਈ ਵੀ ਜਾਣਕਾਰੀ ਪੁਲਿਸ ਦੇ ਡਿਟੈਕਟਿਵ ਕਰੈਗ ਕੂਸਟਰਾ ਨੂੰ ਫੋਨ 209-831-6637 'ਤੇ ਦਿੱਤੀ ਜਾ ਸਕਦੀ ਹੈ।

## ਸੈਨ ਹੋਜ਼ੇ ਵਿਚ ਮੁਫਤ ਸਿਟੀਜਨ ਟੈਸਟ ਕਲਾਸਾਂ

**ਸੈਨ ਹੋਜ਼ੇ:** ਡਾ. ਹਰਬੰਸ ਸਿੰਘ ਸਰਾਂ ਹਰ ਸ਼ਨਿਚਰਵਾਰ ਦੋ ਵਜੇ ਤੋਂ ਚਾਰ ਵਜੇ ਤੱਕ ਸਿਟੀਜਨ ਟੈਸਟ ਦੀ ਤਿਆਰੀ ਵਾਸਤੇ ਐਵਰਗਰੀਨ ਲਾਇਬਰੇਰੀ, ਏਬੋਰਨ ਰੋਡ ਵਿਚ ਕਲਾਸ ਲਾਉਂਦੇ ਹਨ। ਬਲਦੇਵ ਰਾਜ ਪਾਬਲਾ ਅਤੇ ਚਰਨਜੀਤ ਸਿੰਘ ਪੰਨੂ ਵੀ ਉਨ੍ਹਾਂ ਦੀ ਟੀਮ ਵਿਚ ਸ਼ਾਮਲ ਹਨ। ਇਸ ਕਲਾਸ ਦਾ ਹੁਣ ਤੱਕ ਤਿੰਨ ਸੌ ਦੇ ਕਰੀਬ ਸਿਖਿਆਰਥੀ ਫਾਇਦਾ ਉਠਾ ਕੇ ਸਿਟੀਜਨ ਬਣ ਚੁੱਕੇ ਹਨ।

ਡਾ. ਹਰਬੰਸ ਸਿੰਘ ਸਰਾਂ ਇਸ ਵੇਲੇ ਬੋਸਟਨ ਫਾਰਮੇ ਕਾਲਜ ਸੈਂਟਾ ਕਲਾਰਾ ਵਿਚ ਜੈਨੇਟਿਕਸ ਦੇ ਅਧਿਆਪਕ ਹਨ ਅਤੇ ਸੈਂਟਾ ਕਲਾਰਾ ਕਾਊਂਟੀ ਵਿਚ ਕਾਊਂਟੀ ਕਮਿਸ਼ਨਰ ਵੀ ਹਨ। ਉਹ ਹਰ ਐਤਵਾਰ ਗੁਰਦੁਆਰਾ ਫਰੀਮਾਂਟ ਵਿਚ ਵੀ ਦੋ ਵਜੇ ਸਿਟੀਜਨ ਟੈਸਟ ਕਲਾਸ ਲਾਉਂਦੇ ਹਨ।

## ਸੜਕ ਹਾਦਸੇ 'ਚ 6 ਮੌਤਾਂ

**ਅੰਬਾਲਾ :** ਅੰਬਾਲਾ-ਹਰਿਦੁਆਰ ਕੌਮੀ ਮਾਰਗ 'ਤੇ ਮੁਲਾਣਾ ਕਸਬੇ ਦੀ ਅਨਾਜ ਮੰਡੀ ਦੇ ਲਾਗੇ ਬੀਤੀ 16 ਅਕਤੂਬਰ ਨੂੰ ਤੀਰਥ ਯਾਤਰੀਆਂ ਨਾਲ ਭਰੀ ਇਕ ਬੱਸ ਦੀ ਯਮੁਨਾ ਨਗਰ ਵਲੋਂ ਆ ਰਹੇ ਟਰੱਕ ਨਾਲ ਸਿੱਧੀ ਟੱਕਰ ਹੋ ਗਈ ਜਿਸ ਵਿਚ ਚਾਰ ਔਰਤਾਂ ਸਮੇਤ 6 ਯਾਤਰੀਆਂ ਦੀ ਮੌਤ ਹੋ ਗਈ ਜਦੋਂ ਕਿ ਦਰਜਨਾਂ ਤੀਰਥ ਯਾਤਰੀ ਜ਼ਖਮੀ ਹੋ ਗਏ। ਇਨ੍ਹਾਂ ਨੂੰ ਐਮ.ਐਮ ਮੈਡੀਕਲ ਕਾਲਜ ਵਿਚ ਦਾਖਲ ਕਰਾਇਆ ਗਿਆ। ਹਾਦਸਾ ਏਨਾ ਭਿਆਨਕ ਸੀ ਕਿ ਇਕ ਯਾਤਰੀ ਦੀ ਗਰਦਨ ਬੱਸ ਦੀ ਬਾਡੀ ਵਿਚ ਫਸੀ ਹੋਈ ਮਿਲੀ। ਇਹ ਹਾਦਸਾ ਤੜਕੇ ਢਾਈ ਵਜੇ ਦੇ ਕਰੀਬ ਹੋਇਆ।

## ਬੇਕਰਜ਼ਫੀਲਡ ਵਿਚ ਕਬੱਡੀ ਮੇਲਾ 31 ਨੂੰ

**ਬੇਕਰਜ਼ਫੀਲਡ (ਮਨਦੀਪ ਮਾਨ):** ਇਥੇ ਗੁਰਦੁਆਰਾ ਅੰਗਦ ਦਰਬਾਰ ਦੀ ਗਰਾਉਂਡ ਵਿਚ ਆਉਂਦੀ 31 ਅਕਤੂਬਰ ਨੂੰ ਕਰਵਾਏ ਜਾ ਰਹੇ ਖੇਡ ਮੇਲੇ ਵਿਚ ਕੈਲੀਫੋਰਨੀਆ ਦੀਆਂ ਨਾਮੀ ਕਬੱਡੀ ਟੀਮਾਂ ਅਤੇ ਕੌਮਾਂਤਰੀ ਪੱਧਰ ਦੇ ਕਬੱਡੀ ਖਿਡਾਰੀ ਕਬੱਡੀ ਦੇ ਜੌਹਰ ਦਿਖਾਉਣਗੇ। ਮੇਲਾ ਐਤਵਾਰ ਨੂੰ ਸਵੇਰੇ 9 ਵਜੇ ਤੋਂ 6 ਵਜੇ ਤਕ ਹੋਵੇਗਾ।

ਇਹ ਜਾਣਕਾਰੀ ਦਿੰਦਿਆਂ ਪ੍ਰਬੰਧਕ ਕਮੇਟੀ ਦੇ ਇਕ ਬੁਲਾਰੇ ਜੀਤਾ ਢਿਲੋਂ ਨੇ ਦੱਸਿਆ ਕਿ ਬੇਕਰਜ਼ਫੀਲਡ ਦੇ ਨੌਜਵਾਨਾਂ ਵਲੋਂ ਕਰਵਾਏ ਜਾ ਰਹੇ ਇਸ ਟੂਰਨਾਮੈਂਟ ਦੀ ਸਭ ਪਾਸਿਓਂ ਸ਼ਲਾਘਾ ਹੋ ਰਹੀ ਹੈ। ਇਨ੍ਹਾਂ ਨੌਜਵਾਨਾਂ ਨੂੰ ਅਕਸਰ ਗੁਰੂ ਘਰ ਦੀ ਗਰਾਊਂਡ ਵਿਚ ਵਾਲੀਬਾਲ, ਫੁਟਬਾਲ ਅਤੇ ਕ੍ਰਿਕਟ ਆਦਿ ਖੇਡਾਂ ਖੇਡਦੇ ਵੇਖਿਆ ਜਾ ਸਕਦਾ ਹੈ। ਇਹ ਖੇਡਾਂ ਨੌਜਵਾਨਾਂ ਨੂੰ ਨਸ਼ੇ-ਪੱਤੇ ਅਤੇ ਲੜਾਈ-ਝਗੜੇ ਤੋਂ ਦੂਰ ਰੱਖਦੀਆਂ ਹਨ। ਖੇਡ ਮੇਲੇ ਸਬੰਧੀ ਹੋਰ ਜਾਣਕਾਰੀ ਜੀਤਾ ਢਿਲੋਂ ਤੋਂ ਫੋਨ 661-472-3717 ਜਾਂ ਜੀਤਾ ਮਾਣਕ ਫੋਨ 661-444-7799 ਤੇ ਹਾਸਲ ਕੀਤੀ ਜਾ ਸਕਦੀ ਹੈ।


ਰੇਡੀਓ ਗੀਤ ਸੰਗੀਤ ਦਾ ਨਾਂ ਹੈ ਹੁਣ
"ਰੇਡੀਓ ਚੜ੍ਹਦੀ ਕਲਾ"



*Radio Geet Sangeet is now Radio Chardi Kala Fremont California, in Bay Area Since September 10, 2010.*

ਹੁਣ ਤੁਸੀਂ ਪੰਜਾਬੀ ਰੇਡੀਓ ਚੜ੍ਹਦੀ ਕਲਾ ਕੈਲੀਫੋਰਨੀਆ ਦੇ ਪੰਜਾਬੀ ਵਸੋਂ ਵਾਲੇ ਸਾਰੇ ਸ਼ਹਿਰਾਂ ਅਤੇ ਬੇ-ਏਰੀਆ ਵਿਚ ਸੁਣ ਸਕਦੇ ਹੋ

**You can listen Punjabi Radio Chardi Kala in dense Punjabi populated cities in California.**
**We thanks our advertisers, listeners, supports, will wishers, and every body.**



To participate in programs
**Call 510-972-0820**
*To advertise or for more information:*
Gurcharan Singh Mann 510-557-0061
Lakhbir Singh 510-760-9882

Mailing address: Radio CK, PO Box 296, Fremont, CA 94536

listen live www.radiock.com

**Punjab Times**
**Established in 2000**
**11th Year in Publication**
Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬਾਦਲ ਪਰਿਵਾਰ ਦੀ ਘਰੇਲੂ ਬਗਾਵਤ ਤੋਂ ਪੰਜਾਬ ਪ੍ਰੇਸ਼ਾਨ

ਕਰਨ ਅਤੇ ਸਿਆਸੀ ਚਾਲ ਚੱਲਣ ਲਈ ਮਜਬੂਰ ਕਰ ਦਿੱਤਾ ਹੈ। ਗਿੱਦੜਬਾਹਾ ਹਲਕੇ ਦੇ ਲੋਕਾਂ ਨੂੰ ਮਨਪ੍ਰੀਤ ਬਾਦਲ ਦੀ ਇਹ ਅਪੀਲ ਭਾਅ ਗਈ ਹੈ ਕਿ ਪੰਜਾਬ ਦੇ ਭਲੇ ਲਈ ਆਵਾਜ਼ ਉਠਾਉਣ 'ਤੇ ਸ਼੍ਰੋਮਣੀ ਅਕਾਲੀ ਦਲ 'ਚੋਂ ਮੁਅੱਤਲ ਅਤੇ ਸਰਕਾਰ 'ਚੋਂ ਬਰਖਾਸਤ ਕਰਕੇ ਮੇਰਾ ਸਿਆਸੀ ਕਤਲ ਕੀਤਾ ਗਿਆ ਹੈ। ਯਾਦ ਰਹੇ ਕਿ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਗਠਿਤ ਕੀਤੀ ਗਈ ਅਨੁਸ਼ਾਸਨੀ ਕਮੇਟੀ ਨੇ ਰਣਜੀਤ ਸਿੰਘ ਬ੍ਰਹਮਪੁਰਾ ਦੀ ਅਗਵਾਈ 'ਚ ਮਨਪ੍ਰੀਤ ਨੂੰ 12 ਅਕਤੂਬਰ ਨੂੰ ਪਾਰਟੀ ਵਿਚੋਂ ਮੁਅੱਤਲ ਕਰ ਦਿੱਤਾ ਸੀ। ਬਾਅਦ ਵਿਚ ਮੁਖ ਮੰਤਰੀ ਵਲੋਂ 13 ਅਕਤੂਬਰ ਨੂੰ ਉਨ੍ਹਾਂ ਨੂੰ ਮੰਤਰੀ ਮੰਡਲ 'ਚੋਂ ਬਰਤਰਫ ਕਰ ਦਿੱਤਾ ਗਿਆ ਸੀ।

ਮਨਪ੍ਰੀਤ ਬਾਦਲ ਵਲੋਂ 20 ਅਕਤੂਬਰ ਨੂੰ ਅਨੁਸ਼ਾਸਨੀ ਕਮੇਟੀ ਅੱਗੇ ਪੇਸ਼ ਹੋਣ ਤੋਂ ਇਨਕਾਰ ਕੀਤੇ ਜਾਣ ਨਾਲ ਅਕਾਲੀ ਦਲ ਦਾ ਸੰਕਟ ਆਉਣ ਵਾਲੇ ਦਿਨਾਂ 'ਚ ਹੋਰ ਡੂੰਘਾ ਹੋਵੇਗਾ। ਸਰਕਾਰੀ ਅੜਿੱਕਿਆਂ ਦੇ ਬਾਵਜੂਦ ਪੰਦਰਾਂ ਹਜ਼ਾਰ ਤੋਂ ਵੀ ਵਧ ਗਿਣਤੀ ਦਾ ਇਕੱਠ ਕਰਕੇ ਮਨਪ੍ਰੀਤ ਬਾਦਲ ਨੇ ਨਾ ਸਿਰਫ ਸਿਆਸੀ ਲੜਾਈ ਦਾ ਪਹਿਲਾ ਪੜਾਅ ਸਰ ਕਰ ਲਿਆ ਬਲਕਿ ਧਰਮ ਨਿਰਪੱਖਤਾ ਨੂੰ ਪਹਿਲੀ ਤਰਜੀਹ ਦੇਣ ਦਾ ਐਲਾਨ ਕਰਕੇ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਕਾਂਗਰਸ ਪਾਰਟੀ ਦੀ ਰਾਜਨੀਤੀ ਨੂੰ ਉਹ ਅਛੂਤ ਨਹੀਂ ਸਮਝਦੇ। ਸਾਬਕਾ ਖਜ਼ਾਨਾ ਮੰਤਰੀ ਨੇ ਕਿਸੇ ਪਾਰਟੀ ਵਿਚ ਸ਼ਾਮਲ ਹੋਣ ਜਾਂ ਨਵੀਂ ਪਾਰਟੀ ਬਣਾਉਣ ਤੋਂ ਇਨਕਾਰ ਕੀਤਾ ਹੈ ਅਤੇ ਅਗਲੀ ਰਣਨੀਤੀ ਸੌ ਦਿਨਾਂ ਦੇ ਅੰਦਰ-ਅੰਦਰ ਲੋਕਾਂ ਸਾਹਮਣੇ ਲੈ ਆਉਣ ਦਾ ਵਾਅਦਾ ਕੀਤਾ ਹੈ ਪਰ ਪੰਜਾਬ ਕਾਂਗਰਸ ਮਨਪ੍ਰੀਤ ਬਾਦਲ ਦੇ ਪਾਰਟੀ 'ਚ ਸੰਭਾਵੀ ਦਾਖਲੇ ਨੂੰ ਲੈ ਕੇ ਬੁਰੀ ਤਰ੍ਹਾਂ ਉਲਝੀ ਹੋਈ ਹੈ। ਕਾਂਗਰਸ ਪਾਰਟੀ ਦੇ ਗੁਰਦਾਸਪੁਰ ਤੋਂ ਲੋਕ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਦਾ ਮੰਨਣਾ ਹੈ ਕਿ ਮਨਪ੍ਰੀਤ ਕਾਂਗਰਸ ਵਿਚ ਆਉਣ ਦੀ ਮਨਸ਼ਾ ਰੱਖਦਾ ਹੈ ਤਾਂ ਉਸ ਦਾ ਸਵਾਗਤ ਕਰਨਾ ਚਾਹੀਦਾ ਹੈ ਕਿਉਂਕਿ ਪੜ੍ਹਿਆ ਲਿਖਿਆ ਹੋਣ ਦੇ ਨਾਤੇ ਦੂਰਅੰਦੇਸ਼ੀ ਵਾਲਾ ਇਹ ਨੌਜਵਾਨ ਪੰਜਾਬ ਦੇ ਭਲੇ ਦੀ ਗੱਲ ਕਰਨ ਦੇ ਸਮਰੱਥ ਹੈ। ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਮਨਪ੍ਰੀਤ ਦੇ ਹਲਕੇ ਵਿਚ ਕਾਂਗਰਸ ਦੀ ਸਥਿਤੀ ਮਜ਼ਬੂਤ ਨਹੀਂ ਹੈ ਅਤੇ ਜੇਕਰ ਉਹ ਕਾਂਗਰਸ ਵਿਚ ਆਏ ਤਾਂ ਇਸ ਨਾਲ ਜਿੱਥੇ ਕਾਂਗਰਸ ਮਜ਼ਬੂਤ ਹੋਵੇਗੀ, ਉਥੇ ਬਾਦਲ ਦਾ ਮਾਲਵੇ ਵਿਚੋਂ ਲੱਕ ਟੁੱਟ ਸਕਦਾ ਹੈ।

ਇਸ ਤੋਂ ਇਲਾਵਾ ਫਤਿਹਗੜ੍ਹ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਸੁਖਦੇਵ ਸਿੰਘ ਲਿਬੜਾ, ਵਿਧਾਇਕ ਸੁਖਪਾਲ ਸਿੰਘ ਖਹਿਰਾ ਤੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਵੀ ਮਨਪ੍ਰੀਤ ਬਾਦਲ ਦੇ ਅਸਤੀਫੇ ਦਾ ਸਵਾਗਤ ਕਰ ਚੁੱਕੇ ਹਨ। ਵਿਧਾਨ ਸਭਾ 'ਚ ਵਿਰੋਧੀ ਧਿਰ ਦੀ ਨੇਤਾ ਬੀਬੀ ਰਜਿੰਦਰ ਕੌਰ ਭੱਠਲ ਵੀ ਮਨਪ੍ਰੀਤ ਬਾਦਲ ਦੇ ਕਾਂਗਰਸ 'ਚ ਸ਼ਾਮਲ ਹੋਣ ਨੂੰ ਬੁਰਾ ਨਹੀਂ ਮੰਨਦੇ ਪਰ ਉਨ੍ਹਾਂ ਆਪਣੇ ਤਾਜ਼ਾ ਬਿਆਨ 'ਚ ਕਿਹਾ ਕਿ ਕਾਂਗਰਸ ਪਹਿਲਾਂ ਹੀ ਪਾਰਟੀ 'ਚ ਸ਼ਾਮਿਲ ਹੋਏ ਅਕਾਲੀਆਂ ਤੋਂ ਦੁਖੀ ਹੈ। ਇਥੇ ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਵੀ ਅਕਾਲੀ ਦਲ 'ਚੋਂ ਕਾਂਗਰਸ 'ਚ ਸ਼ਾਮਲ ਹੋ ਕੇ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਫਿਰ ਮੁੱਖ ਮੰਤਰੀ ਬਣੇ ਸਨ।

ਦੂਜੇ ਪਾਸੇ ਕਾਂਗਰਸ ਪ੍ਰਧਾਨ ਮਹਿੰਦਰ ਸਿੰਘ ਕੇਪੀ ਤਾਂ ਪਹਿਲੇ ਦਿਨ ਤੋਂ ਆਖ ਚੁੱਕੇ ਹਨ ਕਿ ਮਨਪ੍ਰੀਤ ਸਿੰਘ ਬਾਦਲ ਵਰਗੇ ਲੀਡਰਾਂ ਦੀ ਪਾਰਟੀ ਨੂੰ ਕੋਈ ਜ਼ਰੂਰਤ ਨਹੀਂ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਤਾਂ ਇਥੋਂ ਤੱਕ ਵੀ ਕਹਿ ਦਿੱਤਾ ਹੈ ਕਿ ਉਹ ਸੱਚਾ ਸਟੈਂਡ ਰੱਖਣ ਵਾਲਾ ਨੇਤਾ ਨਹੀਂ ਹੈ ਅਤੇ ਅਕਾਲੀਆਂ ਦੇ ਕਲਚਰ 'ਚ ਰੰਗਿਆ ਹੋਣ ਕਰਕੇ ਆਪਣੇ ਹਲਕੇ ਗਿੱਦੜਬਾਹਾ 'ਚ ਸੈਂਕੜੇ ਕਾਂਗਰਸੀਆਂ ਵਿਰੁਧ ਝੂਠੇ ਕੇਸ ਦਰਜ ਕਰਵਾਉਣ ਲਈ ਜ਼ਿੰਮੇਵਾਰ ਹੈ।

ਪੰਜਾਬ ਦੀ ਕਾਂਗਰਸ ਸਰਕਾਰ ਸਮੇਂ ਦੇ ਖਜ਼ਾਨਾ ਮੰਤਰੀ ਲਾਲ ਸਿੰਘ ਤੇ ਸੁਰਿੰਦਰ ਸਿੰਗਲਾ ਦਾ ਮੰਨਣਾ ਹੈ ਕਿ ਪੰਜਾਬ ਦਾ ਨੁਕਸਾਨ ਅਕਾਲੀ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਹੱਥੋਂ ਹੋਇਆ ਹੈ।

ਹਾਲਾਂਕਿ ਮਨਪ੍ਰੀਤ ਬਾਦਲ ਨੇ ਕਾਂਗਰਸ ਪਾਰਟੀ ਵਿਚ ਸ਼ਾਮਿਲ ਹੋਣ ਬਾਰੇ ਕੋਈ ਸੰਕੇਤ ਨਹੀਂ ਦਿੱਤਾ ਪਰ ਕੁਝ ਕਾਂਗਰਸੀਆਂ ਵਿਚ ਡਰ ਪਾਏ ਜਾਣ ਨਾਲ ਕਈ ਸਵਾਲ ਉਭਰ ਰਹੇ ਹਨ। ਵਿਰੋਧ ਕਰਨ ਵਾਲੇ ਕਾਂਗਰਸੀਆਂ ਨੂੰ ਇਹ ਡਰ ਖਾਈ ਜਾ ਰਿਹਾ ਹੈ ਕਿ ਮਨਪ੍ਰੀਤ ਬਾਦਲ ਵੀ ਕੈਪਟਨ ਵਾਂਗ ਕਾਂਗਰਸ 'ਚ ਸ਼ਾਮਲ ਹੋ ਕੇ ਮੁੱਖ ਮੰਤਰੀ ਦੀ ਕੁਰਸੀ ਜਾਂ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਨਾ ਹਥਿਆ ਲੈਣ। ਹਾਲਾਂਕਿ ਕੈਪਟਨ ਅਮਰਿੰਦਰ ਸਿੰਘ ਅਪਰੇਸ਼ਨ ਬਲੂ ਸਟਾਰ ਵਿਰੁਧ ਰੋਸ ਵਜੋਂ ਕਾਂਗਰਸ ਵਿਚੋਂ ਹੀ ਨਿਕਲ ਕੇ ਅਕਾਲੀਆਂ ਵਿਚ ਗਏ ਸਨ। ਕਾਂਗਰਸੀ ਹਲਕਿਆਂ 'ਚ ਇਹ ਵੀ ਚਿੰਤਾ ਪਾਈ ਜਾ ਰਹੀ ਹੈ ਕਿ ਕਾਂਗਰਸ ਦੀ ਪ੍ਰਧਾਨਗੀ ਨੂੰ ਲੈ ਕੇ ਪਾਰਟੀ 'ਚ ਚੱਲ ਰਹੀ ਖਿੱਚੋਤਾਣ ਦਾ ਨਿਬੇੜਾ ਕਿਧਰੇ ਕੇਂਦਰੀ ਲੀਡਰਸ਼ਿਪ ਮਨਪ੍ਰੀਤ ਦੇ ਕਾਂਗਰਸ 'ਚ ਦਾਖਲੇ ਰਾਹੀਂ ਨਾ ਕਰ ਦੇਵੇ ਕਿਉਂਕਿ ਕੈਪਟਨ ਦਾ ਬਦਲ ਬਣ ਸਕਣ ਦੀਆਂ ਸਾਰੀਆਂ ਸੰਭਾਵਨਾਵਾਂ ਉਸ 'ਚ ਮੌਜੂਦ ਹਨ।

ਬੀਬੀ ਭੱਠਲ ਉਤੇ ਬਾਦਲ ਪਰਿਵਾਰ ਨਾਲ ਨਰਮ ਵਤੀਰਾ ਰੱਖਣ ਦੇ ਦੋਸ਼ ਲੱਗਦੇ ਰਹੇ ਹਨ ਪਰ ਹੁਣ ਮਨਪ੍ਰੀਤ ਦੇ ਮਾਮਲੇ 'ਤੇ ਉਹ ਬਾਦਲਾਂ ਨਾਲ ਟੱਕਰ ਲੈਣ ਦੇ ਰੌਅ 'ਚ ਦਿਖਾਈ ਦੇ ਰਹੀ ਹੈ ਜਦੋਂਕਿ ਕੈਪਟਨ ਤੇ ਕੇ.ਪੀ. ਧੜਾ ਮਨਪ੍ਰੀਤ ਨੂੰ ਕਾਂਗਰਸ ਤੋਂ ਦੂਰ ਰੱਖਣ ਦੇ ਮਾਮਲੇ 'ਚ ਬਾਦਲ ਪਰਿਵਾਰ ਦਾ ਪੱਖ ਪੂਰਦਾ ਦਿਖਾਈ ਦੇ ਰਿਹਾ ਹੈ।

ਇਹ ਗੱਲ ਤਾਂ ਤੈਅ ਹੈ ਕਿ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਵਲੋਂ 20 ਅਕਤੂਬਰ ਨੂੰ ਹੋਣ ਵਾਲੇ ਫੈਸਲੇ ਪਿੱਛੋਂ ਹੀ ਮਨਪ੍ਰੀਤ ਬਾਦਲ ਕੋਈ ਅਗਲੀ ਰਣਨੀਤੀ ਤੈਅ ਕਰੇਗਾ ਪਰ ਗਿੱਦੜਬਾਹਾ ਰੈਲੀ ਪਿੱਛੋਂ ਮਨਪ੍ਰੀਤ ਬਾਦਲ ਨਾਲ ਗੁਰਦਾਸਪੁਰ ਦੇ ਕਸਬਾ ਕਾਹਨੂੰਵਾਨ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਜੋ ਹੋਇਆ, ਉਸ ਨੂੰ ਦੇਖਦਿਆਂ ਲਗਦਾ ਹੈ ਕਿ ਸਰਕਾਰ ਅੰਦਰੂਨੀ ਤੌਰ 'ਤੇ ਰਾਜਸੀ ਉਥਲ-ਪੁਥਲ ਦੇ ਸਹਿਮ ਹੇਠ ਹੈ।

ਮਨਪ੍ਰੀਤ ਬਾਦਲ ਨਾਲ 3 ਵਿਧਾਇਕਾਂ ਦੇ ਆਉਣ ਨਾਲ ਸੁਖਬੀਰ ਬਾਦਲ ਦੀਆਂ ਨਜ਼ਰਾਂ ਹੁਣ ਆਜ਼ਾਦ ਵਿਧਾਇਕਾਂ 'ਤੇ ਟਿਕੀਆਂ ਹੋਈਆਂ ਹਨ। ਰਾਜ ਵਿਧਾਨ ਸਭਾ 'ਚ ਆਜ਼ਾਦ ਮੈਂਬਰਾਂ ਦੀ ਗਿਣਤੀ 5 ਹੈ ਜਿਸ 'ਚੋਂ ਇਕ ਇਕਬਾਲ ਸਿੰਘ ਝੂੰਦਾਂ ਸਰਕਾਰ ਦੇ ਨਾਲ ਹਨ ਜਦਕਿ 3 ਆਜ਼ਾਦ ਵਿਧਾਇਕ ਮਦਨ ਲਾਲ, ਅਜੀਤ ਸਿੰਘ ਸ਼ਾਂਤ ਅਤੇ ਸੰਗਤ ਸਿੰਘ ਗਿਲਜੀਆਂ ਨੇ ਕਾਂਗਰਸ ਨੂੰ ਹਮਾਇਤ ਦਿੱਤੀ ਹੋਈ ਹੈ। ਇਕ ਹੋਰ ਆਜ਼ਾਦ ਵਿਧਾਇਕ ਚਰਨਜੀਤ ਸਿੰਘ ਚੰਨੀ ਮਨਪ੍ਰੀਤ ਸਿੰਘ ਬਾਦਲ ਨਾਲ ਮਿਲ ਗਏ ਹਨ। ਦੋਹਾਂ ਧਿਰਾਂ ਨੂੰ ਆਉਣ ਵਾਲੇ ਦਿਨਾਂ 'ਚ ਆਪਣੇ ਨਾਲ ਜੋੜਨ ਦੀ ਮੁਹਿੰਮ ਤੇਜ਼ੀ ਫੜ ਸਕਦੀ ਹੈ। ਮਨਪ੍ਰੀਤ ਬਾਦਲ ਨੇ ਭਾਵੇਂ ਨਵੀਂ ਪਾਰਟੀ ਬਣਾਉਣ ਦੇ ਸੰਕੇਤ ਨਹੀਂ ਦਿੱਤੇ ਪਰ ਅਕਾਲੀ ਦਲ ਦੇ ਕੁਝ ਉਹ ਨੇਤਾ ਵੀ ਉਨ੍ਹਾਂ ਨਾਲ ਸੰਪਰਕ ਕਰ ਰਹੇ ਹਨ ਜੋ ਪਹਿਲਾਂ ਹੀ ਅਕਾਲੀ ਦਲ ਤੋਂ ਬਾਗੀ ਹੋ ਕੇ ਵੱਖਰੇ ਅਕਾਲੀ ਦਲ ਬਣਾਈ ਬੈਠੇ ਹਨ। ਅਕਾਲੀ ਦਲ (ਲੌਂਗੋਵਾਲ) ਦੀ ਪ੍ਰਧਾਨ ਬੀਬੀ ਸੁਰਜੀਤ ਕੌਰ ਬਰਨਾਲਾ ਵਲੋਂ ਮਨਪ੍ਰੀਤ ਨਾਲ ਮੁਲਾਕਾਤ ਕਰਨ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਪਰਮਜੀਤ ਸਿੰਘ ਸਰਨਾ ਵਲੋਂ ਵੀ ਮੁਲਾਕਾਤ ਦੀ ਸੰਭਾਵਨਾ ਨੂੰ ਦੇਖਦਿਆਂ ਲਗਦਾ ਹੈ ਕਿ ਇਨ੍ਹਾਂ ਨੇਤਾਵਾਂ ਦੀ ਇਕਜੁੱਟਤਾ ਭਵਿੱਖ 'ਚ ਪੰਜਾਬ ਸਰਕਾਰ ਲਈ ਗੰਭੀਰ ਸੰਕਟ ਖੜਾ ਕਰ ਸਕਦੀ ਹੈ।

# ਸੰਤ ਅਜੀਤ ਸਿੰਘ ਮਨਪ੍ਰੀਤ ਦਾ ਸਾਥ ਛੱਡ ਕੇ ਬਾਦਲ ਖੇਮੇ 'ਚ ਪਰਤੇ

**ਆਨੰਦਪੁਰ ਸਾਹਿਬ:** ਲੰਬੀ ਜਦੋ-ਜਹਿਦ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਪਾਰਟੀ ਦੇ ਸਾਬਕਾ ਸਰਪ੍ਰਸਤ ਅਤੇ ਹਲਕਾ ਆਨੰਦਪੁਰ ਸਾਹਿਬ ਦੇ ਵਿਧਾਇਕ ਸੰਤ ਅਜੀਤ ਸਿੰਘ ਨੂੰ ਮਨਾਉਣ ਵਿਚ ਸਫਲ ਹੋ ਗਏ ਹਨ। ਇਕ ਘੰਟੇ ਤਕ ਬੰਦ ਕਮਰਾ ਬੈਠਕ ਕਰਨ ਤੋਂ ਬਾਅਦ ਉਹ ਅਜੀਤ ਸਿੰਘ ਨੂੰ ਆਪਣੀ ਗੱਡੀ ਵਿਚ ਬਿਠਾ ਕੇ ਚੰਡੀਗੜ੍ਹ ਲੈ ਗਏ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਹਾਜ਼ਰੀ 'ਚ ਪੱਤਰਕਾਰਾਂ ਸਾਹਮਣੇ ਪੇਸ਼ ਕਰ ਦਿੱਤਾ।

ਮੰਗਲਵਾਰ ਜਦੋਂ ਸੰਤ ਅਜੀਤ ਸਿੰਘ ਆਪਣੀ ਗਵਾਲੀਅਰ ਫੇਰੀ ਤੋਂ ਬਾਅਦ ਸਵੇਰੇ ਆਪਣੇ ਡੇਰੇ ਦਸਮੇਸ਼ ਬੰਗਾ ਪਹੁੰਚੇ ਤਾਂ ਅਕਾਲੀ ਆਗੂ ਆਉਣੇ ਸ਼ੁਰੂ ਹੋ ਗਏ। ਕਰੀਬ 10 ਵਜੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਸੰਤਾਂ ਦੇ ਨਿਵਾਸ 'ਤੇ ਪਹੁੰਚੇ। ਇਸ ਤੋਂ ਬਾਅਦ ਕਰੀਬ 10.30 ਵਜੇ ਵਿਧਾਇਕ ਬਿਕਰਮ ਸਿੰਘ ਮਜੀਠੀਆ ਵੀ ਸੰਤ ਅਜੀਤ ਸਿੰਘ ਦੇ ਡੇਰੇ ਪਹੁੰਚ ਗਏ। ਇਨ੍ਹਾਂ ਦਰਮਿਆਨ ਬੰਦ ਕਮਰੇ ਵਿਚ ਗੱਲਬਾਤ ਚਲਦੀ ਰਹੀ। ਇਹ ਗੱਲਬਾਤ 2.30 ਵਜੇ ਸਮਾਪਤ ਹੋਈ। ਇਸ ਦੌਰਾਨ ਦੋਵਾਂ ਆਗੂਆਂ ਨੇ ਸੰਤਾਂ ਦੇ ਮਨ ਦੀਆਂ ਗੱਲਾਂ ਵੀ ਸੁਣੀਆਂ। ਸਵਾ ਇਕ ਵਜੇ ਸੁਖਬੀਰ ਬਾਦਲ ਵੀ ਇਥੇ ਪਹੁੰਚ ਗਏ। ਉਹ ਸਿੱਧੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਹੋ ਕੇ ਆਪਣੇ ਕਾਫਲੇ ਨਾਲ ਸੰਤਾਂ ਦੇ ਡੇਰੇ ਪਹੁੰਚ ਗਏ ਜਿਥੇ ਉਨ੍ਹਾਂ ਨੇ ਸੰਤ ਅਜੀਤ ਸਿੰਘ ਨਾਲ ਗੱਲਬਾਤ ਕੀਤੀ। ਉਸ ਸਮੇਂ ਕਮਰੇ ਵਿਚ ਸਿਰਫ ਸੁਖਬੀਰ, ਸੰਤ ਅਜੀਤ ਸਿੰਘ, ਬਿਕਰਮ ਸਿੰਘ ਮਜੀਠੀਆ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਰੂਪਨਗਰ ਦੇ ਡਿਪਟੀ ਕਮਿਸ਼ਨਰ ਅਰੁਣਜੀਤ ਸਿੰਘ ਮਿਗਲਾਨੀ ਅਤੇ ਜ਼ਿਲ੍ਹਾ ਪੁਲੀਸ ਮੁਖੀ ਜਤਿੰਦਰ ਸਿੰਘ ਔਲਖ ਹੀ ਸਨ। ਪਤਾ ਲੱਗਾ ਹੈ ਕਿ ਸ੍ਰੀ ਬਾਦਲ ਨੇ ਸੰਤਾਂ ਦੇ ਸ਼ਿਕਵੇ ਵੀ ਸੁਣੇ ਅਤੇ ਉਨ੍ਹਾਂ ਨੂੰ ਬਣਦਾ ਮਾਣ-ਸਤਿਕਾਰ ਦੇਣ ਦਾ ਵਾਅਦਾ ਵੀ ਕੀਤਾ।

ਕਰੀਬ ਇਕ ਘੰਟੇ ਦੀ ਬੈਠਕ ਤੋਂ ਬਾਅਦ ਸਾਰੇ ਬਾਹਰ ਆਏ ਤਾਂ ਸੰਤ ਅਜੀਤ ਸਿੰਘ ਦੀ ਸੁਰ ਪਹਿਲਾਂ ਨਾਲੋਂ ਬਿਲਕੁਲ ਹੀ ਬਦਲ ਚੁੱਕੀ ਸੀ। ਸੰਤਾਂ ਨੇ ਪੱਤਰਕਾਰਾਂ ਨੂੰ ਕਿਹਾ, "ਮੈਂ ਇਹ ਮਹਿਸੂਸ ਕਰਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਨੇ ਚੋਣਾਂ ਸਮੇਂ ਪੰਜਾਬ ਦੇ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ, ਮੈਂ ਉਨ੍ਹਾਂ ਨੂੰ ਲਾਗੂ ਕਰਵਾਉਣ ਦੇ ਹੱਕ ਵਿਚ ਸੀ ਪਰ ਮੇਰੇ ਵਾਰ-ਵਾਰ ਕਹਿਣ ਦੇ ਬਾਵਜੂਦ ਤਤਕਾਲੀਨ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਅਤੇ ਸਬਸਿਡੀਆਂ ਸਬੰਧੀ ਆਪਣੀ ਸੁਰ ਨਹੀਂ ਬਦਲੀ। ਇਸ ਕਰਕੇ ਮੈਂ ਮਨਪ੍ਰੀਤ ਦਾ ਸਾਥ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸਰਕਾਰ ਦੀਆਂ ਨੀਤੀਆਂ ਅਤੇ ਲੋਕਾਂ ਦੇ ਹਿੱਤਾਂ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹੱਕ ਵਿਚ ਆਇਆ ਹਾਂ। ਇਸ ਤੋਂ ਬਾਅਦ ਉਹ ਸੁਖਬੀਰ ਬਾਦਲ ਦੇ ਨਾਲ ਹੀ ਚੰਡੀਗੜ੍ਹ ਵੱਲ ਰਵਾਨਾ ਹੋ ਗਏ।

ਇਸ ਮੌਕੇ ਅਜੈਵੀਰ ਸਿੰਘ ਲਾਲਪੁਰ, ਸੁਰਜੀਤ ਸਿੰਘ ਚਹਿੜਮਜ਼ਾਰਾ, ਜਥੇਦਾਰ ਜਗਤਾਰ ਸਿੰਘ ਭੈਣੀ, ਇੰਦਰਜੀਤ ਸਿੰਘ ਚੱਢਾ, ਐਸ.ਡੀ.ਐਮ. ਅਰਵਿੰਦਪਾਲ ਸਿੰਘ ਸੰਧੂ, ਡੀ.ਐਸ.ਪੀ. ਸੰਤ ਸਿੰਘ ਧਾਲੀਵਾਲ, ਤਹਿਸੀਲਦਾਰ ਮਨਪਾਲ ਸਿੰਘ ਆਹੂਜਾ ਆਦਿ ਵੀ ਹਾਜ਼ਰ ਸਨ।

ਚੰਡੀਗੜ੍ਹ ਵੱਲ ਰਵਾਨਗੀ ਤੋਂ ਪਹਿਲਾਂ ਪੱਤਰਕਾਰਾਂ ਨਾਲ ਸੰਖੇਪ ਜਿਹੀ ਗੱਲਬਾਤ ਦੌਰਾਨ ਸੁਖਬੀਰ ਬਾਦਲ ਨੇ ਕਿਹਾ, "ਸੰਤ ਅਜੀਤ ਸਿੰਘ ਮੇਰੇ ਪਿਤਾ ਸਮਾਨ ਹਨ। ਸ਼੍ਰੋਮਣੀ ਅਕਾਲੀ ਦਲ ਨੂੰ ਇਸ ਮੁਕਾਮ ਤਕ ਪਹੁੰਚਾਉਣ ਵਿਚ ਇਨ੍ਹਾਂ ਸੰਤਾਂ ਨੇ ਜੇਲ੍ਹਾਂ ਵੀ ਕੱਟੀਆਂ ਹਨ ਅਤੇ ਮੋਰਚੇ ਵੀ ਲਗਾਏ ਹਨ। ਇਸ ਲਈ ਅਸੀਂ ਉਨ੍ਹਾਂ ਨੂੰ ਆਪਣੇ ਨਾਲ ਲੈ ਕੇ ਜਾਣ ਲਈ ਇਥੇ ਆਏ ਹਾਂ।"

# ਬਾਦਲ ਵਲੋਂ ਕਰਜ਼ਾ ਮਾਫੀ ਬਾਰੇ ਮਨਪ੍ਰੀਤ ਦੇ ਦਾਅਵੇ ਰੱਦ

ਕੇਰਲ ਵਾਸਤੇ ਕਮੇਟੀ ਬਣਾਈ ਸੀ। ਕਮੇਟੀ ਦੀਆਂ 10 ਅਤੇ 20 ਅਗਸਤ ਨੂੰ ਹੋਈਆਂ ਦੋ ਮੀਟਿੰਗਾਂ ਵਿਚ ਪੰਜਾਬ ਦੇ ਅਧਿਕਾਰੀ ਵੀ ਗਏ ਸਨ ਪਰ ਅਜੇ ਤੱਕ ਕੇਂਦਰ ਨੇ ਕਮੇਟੀ ਦੀ ਕੋਈ ਰਿਪੋਰਟ ਪੰਜਾਬ ਕੋਲ ਨਹੀਂ ਭੇਜੀ। ਉਨ੍ਹਾਂ ਕਿਹਾ ਕਿ ਕੋਈ 35000 ਕਰੋੜ ਰੁਪਏ ਅਤੇ ਕੋਈ 50,000 ਕਰੋੜ ਰੁਪਏ ਕੇਂਦਰ ਵਲੋਂ ਕਰਜ਼ਾ ਮੁਆਫ਼ੀ ਦੀ ਗੱਲ ਆਖ ਰਿਹਾ ਹੈ ਜੋ ਕਿ ਮਨਘੜਤ ਗੱਲਾਂ ਹਨ। ਉਨ੍ਹਾਂ ਇਹ ਵੀ ਕਿਹਾ, "ਮੈਂ ਤਾਂ ਪੈਦਲ ਜਾਵਾਂ, ਜੇ ਕਰਜ਼ਾ ਮੁਆਫ਼ ਹੋਵੇ।" ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਸਿਰ ਕਰਜ਼ੇ ਲਈ ਕੇਂਦਰ ਦੀਆਂ ਪੰਜਾਬ ਵਿਰੋਧੀ ਨੀਤੀਆਂ ਜ਼ਿੰਮੇਵਾਰ ਹਨ। ਕਰਜ਼ੇ ਬਾਰੇ ਵੇਰਵੇ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਅਤਿਵਾਦ ਤੋਂ ਪਹਿਲਾਂ ਪੰਜਾਬ ਘਾਟੇ ਵਾਲਾ ਸੂਬਾ ਨਹੀਂ ਸੀ ਅਤੇ ਮਾਲੀ ਹਾਲਤ ਮਜ਼ਬੂਤ ਸੀ। 1991 ਵਿਚ ਪੰਜਾਬ ਸਿਰ 13630 ਕਰੋੜ ਰੁਪਏ ਦਾ ਕਰਜ਼ਾ ਸੀ। ਅਤਿਵਾਦ ਕੌਮੀ ਸਮੱਸਿਆ ਸੀ ਅਤੇ ਕੇਂਦਰ ਨੂੰ ਇਸ ਦਾ ਸਾਰਾ ਖਰਚਾ ਅਦਾ ਕਰਨਾ ਚਾਹੀਦਾ ਸੀ। ਕਾਨੂੰਨੀ, ਰਾਜਸੀ ਅਤੇ ਪ੍ਰਸ਼ਾਸਕੀ ਆਧਾਰ 'ਤੇ ਪੰਜਾਬ ਦੇ ਕਰਜ਼ੇ ਦੀ ਕੇਂਦਰ ਦੀ ਜ਼ਿੰਮੇਵਾਰੀ ਬਣਦੀ ਸੀ। ਇਸੇ ਲੜਾਈ ਵੇਲੇ ਕੇਂਦਰ ਨੇ ਪੰਜਾਬ ਨੂੰ 5800 ਕਰੋੜ ਰੁਪਏ ਦਾ ਵਿਸ਼ੇਸ਼ ਕਰਜ਼ਾ ਦੇ ਦਿੱਤਾ।

ਉਨ੍ਹਾਂ ਨੇ ਆਟਾ-ਦਾਲ ਸਕੀਮ ਦੀ ਵੀ ਹਮਾਇਤ ਕੀਤੀ। ਉਨ੍ਹਾਂ ਕਿਹਾ ਕਿ ਸਿਹਤ ਅਤੇ ਸਿੱਖਿਆ ਖੇਤਰ ਲਈ ਵੀ ਸਬਸਿਡੀਆਂ ਜ਼ਰੂਰੀ ਹਨ। ਉਨ੍ਹਾਂ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਸਬਸਿਡੀਆਂ ਜਾਰੀ ਰਹਿਣਗੀਆਂ। ਮਨਪ੍ਰੀਤ ਸਿੰਘ ਬਾਦਲ ਖ਼ਿਲਾਫ਼ ਕਾਰਵਾਈ ਦੇ ਮੁੱਦੇ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਇਸ ਕਾਰਵਾਈ ਵਿਚ ਉਨ੍ਹਾਂ ਦੀ ਕੋਈ ਭੂਮਿਕਾ ਨਹੀਂ। ਉਨ੍ਹਾਂ ਲਈ ਬੇਟੇ ਜਾਂ ਭਤੀਜੇ ਨਾਲੋਂ ਪਾਰਟੀ ਸਰਬ- ਉਚ ਹੈ। ਸਾਰੇ ਰਿਸ਼ਤਿਆਂ ਨਾਲੋਂ ਪਾਰਟੀ ਦਾ ਰਿਸ਼ਤਾ ਵੱਡਾ ਹੈ। ਉਹ ਅੱਜ ਆਪਣੀ ਪਾਰਟੀ ਦੇ ਸਾਥੀਆਂ ਦੀ ਬਦੌਲਤ ਹੀ ਸਭ ਕੁਝ ਹਨ। ਉਨ੍ਹਾਂ ਨੇ ਮਨਪ੍ਰੀਤ ਸਿੰਘ ਬਾਦਲ ਬਾਰੇ ਕਿਸੇ ਵਿਵਾਦ ਵਿਚ ਪੈਣ ਤੋਂ ਇਨਕਾਰ ਕਰ ਦਿੱਤਾ। ਆਪਣੇ ਭਤੀਜੇ ਬਾਰੇ ਮੋਹ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ "ਮੈਂ ਜੋ ਕਰ ਸਕਦਾ ਸਾਂ ਕੀਤਾ, ਪਰ ਕਿਸੇ ਨੂੰ ਮਜਬੂਰ ਨਹੀਂ ਕੀਤਾ ਜਾ ਸਕਦਾ। ਅੱਜ-ਕੱਲ੍ਹ ਬੱਚੇ ਨਹੀਂ, ਪਿਓ ਹੀ ਜੰਮਦੇ ਹਨ।" ਇਸ ਮੌਕੇ ਸ. ਬਾਦਲ ਨੇ ਕਿਹਾ ਕਿ ਅਗਲੇ ਦਿਨਾਂ ਵਿਚ ਪੰਜਾਬ ਨੂੰ ਨਵਾਂ ਵਿੱਤ ਮੰਤਰੀ ਮਿਲ ਜਾਵੇਗਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਝੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ
ਫੋਨ:209-992-7185

***ਵਿਧਾਇਕਾਂ ਤੇ ਸੰਸਦ ਮੈਂਬਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ-ਸੁਖਬੀਰ ਬਾਦਲ**

-ਤੇ ਲੁੱਟਾਂ-ਖੋਹਾਂ, ਚੋਰੀਆਂ-ਡਾਕਿਆਂ ਦਾ ਸਾਹਮਣਾ ਕਰ ਰਹੇ ਲੋਕ ਪੈਣ ਢੱਠੇ ਖੂਹ 'ਚ।

***ਲੋਕ ਆਪਣੀਆਂ ਸਮੱਸਿਆਵਾਂ ਨਾਲ ਨਜਿੱਠਣ ਦੇ ਕਬਲ ਬਣਨ-ਰਾਹੁਲ ਗਾਂਧੀ**

-ਕਿਉਂਕਿ ਭ੍ਰਿਸ਼ਟਾਚਾਰ ਦੇ ਦੈਂਤ ਅੱਗੇ ਸਾਡੇ ਹੱਥ ਖੜ੍ਹੇ ਆ।

***ਮਨਪ੍ਰੀਤ ਬਾਦਲ ਲਈ ਕਾਂਗਰਸ 'ਚ ਕੋਈ ਜਗ੍ਹਾ ਨਹੀਂ-ਕੇਪੀ**

-'ਕੱਲੀ ਕਾਂਗਰਸ ਹੀ ਨਹੀਂ, ਕਿਸੇ ਵੀ ਪਾਰਟੀ 'ਚ ਨੇਕ, ਇਮਾਨਦਾਰ ਤੇ ਸਿਆਣੇ ਬੰਦੇ ਲਈ ਜਗ੍ਹਾ ਨਹੀਂ ਹੈ।

***ਦਰਸ਼ਕਾਂ ਨੂੰ ਤਰਸਦੀਆਂ ਰਹੀਆਂ ਰਾਸ਼ਟਰਮੰਡਲ ਖੇਡਾਂ**

-ਗਰੀਬਾਂ ਕੋਲ ਟਿਕਟ ਜੋਗੇ ਪੈਸੇ ਨਹੀਂ, ਅਮੀਰ ਹੋਰ ਈ ਖੇਡਾਂ 'ਚ ਵਿਅਸਥ ਨੇ, ਨਵੀਂ ਪੀੜ੍ਹੀ ਨੂੰ ਕ੍ਰਿਕਟ ਤੋਂ ਬਿਨਾਂ ਕਿਸੇ ਖੇਡ ਦਾ ਪਤਾ ਨਹੀਂ। ਫੇਰ ਦੇਖਣ ਕੌਣ ਆਉਂਦਾ?

***ਸੌ ਤੋਂ ਵੱਧ ਥਾਂਵਾਂ 'ਤੇ ਸਾੜੇ ਗਏ ਰਾਵਣ ਦੇ ਪੁਤਲੇ**

-ਫਿਰ ਬਦੀ ਦਾ ਅੰਤ ਹੋ ਗਿਆ?

***ਮਨਪ੍ਰੀਤ ਸਿੰਘ ਕਿਸਾਨਾਂ ਨੂੰ ਕੰਗਾਲ ਬਣਾ ਕੇ ਖੁਦਕੁਸ਼ੀਆਂ ਦੇ ਰਾਹ 'ਤੇ ਪਾਉਣਾ ਚਾਹੀਦੇ-ਸੁਖਬੀਰ ਬਾਦਲ**

-ਯਾਨਿ ਪਹਿਲਾਂ ਖੁਦਕੁਸ਼ੀਆਂ ਉਹ ਅਮੀਰੀ ਦੇ ਚਾਅ 'ਚ ਕਰਦੇ ਸੀ?

***ਜੋਗੀ ਉਤਰ ਪਹਾੜੋਂ ਆਇਆ, ਚਰਖੇ ਦੀ ਘੂਕ ਸੁਣ ਕੇ-ਗੀਤ**

-ਜੋਗੀ ਪਹਾੜੋਂ ਚਰਖੇ ਦੀ ਘੂਕ ਸੁਣ ਕੇ ਈ ਉਤਰਦੇ ਸੀ, ਪਰ ਅਫਗਾਨੀਆਂ ਤੇ ਤੁਰਕਾਂ ਦੇ ਘੋੜਿਆਂ ਦੀ ਟਾਪ ਸੁਣਦੇ ਈ ਜਾ ਕੇ ਪਹਾੜਾਂ ਦੀਆਂ ਕੰਦਰਾਂ 'ਚ ਲੁਕ ਜਾਂਦੇ ਸੀ।

# ਫਾਂਸੀ ਦੀ ਸਜ਼ਾ ਵਿਰੁਧ ਚਾਰਾਜੋਈ ਨਹੀਂ ਕਰੇਗਾ ਬਲਵੰਤ

**ਪਟਿਆਲਾ :** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਦੇ ਕਤਲ ਦਾ ਦੋਸ਼ੀ ਸ. ਬਲਵੰਤ ਸਿੰਘ ਰਾਜੋਆਣਾ ਫਾਂਸੀ ਲੱਗਣ ਲਈ ਕਾਹਲਾ ਹੈ। ਹਾਈ ਕੋਰਟ ਵਲੋਂ ਫਾਂਸੀ ਦੀ ਸਜ਼ਾ ਬਹਾਲ ਰੱਖਣ ਦੇ ਫੈਸਲੇ 'ਤੇ ਉਸਨੇ ਤਸੱਲੀ ਪ੍ਰਗਟਾਈ ਹੈ।

ਸ. ਰਾਜੋਆਣਾ ਦਾ ਕਹਿਣਾ ਹੈ ਕਿ ਉਹ ਮਨੁੱਖੀ ਬੰਬ ਬਣੇ ਦਿਲਾਵਰ ਸਿੰਘ ਨਾਲ ਆਪਣੇ ਬਚਾਅ ਲਈ ਕੋਈ ਚਾਰਾਜੋਈ ਨਾ ਕਰਨ ਦੇ ਕੀਤੇ ਵਾਅਦੇ ਨੂੰ ਹਰ ਹਾਲਤ ਵਿਚ ਨਿਭਾਵੇਗਾ।

15 ਜਨਵਰੀ ਨੂੰ ਫਾਂਸੀ ਦੀ ਸਜ਼ਾ ਹੋਣ ਤੋਂ ਬਾਅਦ ਕੇਂਦਰੀ ਜੇਲ੍ਹ ਪਟਿਆਲਾ ਵਿਚ ਬੰਦ ਬਲਵੰਤ ਸਿੰਘ ਨੂੰ ਇਨ੍ਹਾਂ 10 ਮਹੀਨਿਆਂ ਵਿਚ ਬੀਤੀ 13 ਅਕਤੂਬਰ ਨੂੰ ਦੂਜੀ ਵਾਰ ਜੇਲ੍ਹ ਤੋਂ ਬਾਹਰ ਕੱਢਿਆ ਗਿਆ। ਇਕ ਦਿਨ ਪਹਿਲਾਂ ਹੀ ਫਾਂਸੀ ਦੀ ਸਜ਼ਾ ਉਪਰ ਦੋਹਰੀ ਮੋਹਰ ਲੱਗਣ ਉਪਰੰਤ ਇਹ ਬਲਵੰਤ ਸਿੰਘ ਦੀ ਪਲੇਠੀ ਪੇਸ਼ੀ ਸੀ। ਪੇਸ਼ੀ 'ਤੇ ਆਏ ਬਲਵੰਤ ਸਿੰਘ ਨੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਵੀ ਲਾਏ। ਹਾਈ ਕੋਰਟ ਦੇ ਉਕਤ ਫੈਸਲੇ ਵਿਰੁਧ ਉਸ ਦਾ ਚਾਰਾਜੋਈ ਕਰਨ ਦਾ ਕੋਈ ਵਿਚਾਰ ਨਹੀਂ ਹੈ। ਉਸਦਾ ਕਹਿਣਾ ਹੈ ਕਿ ਨਾ ਉਸ ਨੇ ਪਹਿਲਾਂ ਕੋਈ ਵਕੀਲ ਕੀਤਾ ਹੈ ਤੇ ਨਾ ਹੀ ਹੁਣ ਕਰਨਾ ਹੈ।



ਅੱਜ ਕੱਲ੍ਹ ਪਟਿਆਲਾ ਜੇਲ੍ਹ ਵਿਚ ਬੰਦ ਬਲਵੰਤ ਸਿੰਘ ਨਾਲ ਉਸ ਦੀ ਭੈਣ ਕਮਲਜੀਤ ਕੌਰ ਨੇ ਬੀਤੀ 16 ਅਕਤੂਬਰ ਨੂੰ ਮੁਲਾਕਾਤ ਕੀਤੀ। ਬਲਵੰਤ ਸਿੰਘ ਨੇ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਇਕ ਪੱਤਰ ਜਾਰੀ ਕੀਤਾ, ਜਿਸ ਵਿਚ ਉਸ ਨੇ ਇੱਛਾ ਜ਼ਾਹਰ ਕੀਤੀ ਹੈ ਕਿ ਉਸ ਦੀਆਂ ਅੱਖਾਂ ਮੌਤ ਤੋਂ ਬਾਅਦ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਲਖਵਿੰਦਰ ਸਿੰਘ (ਜੋ ਦੇਖ ਨਹੀਂ ਸਕਦੇ) ਨੂੰ ਲਗਾ ਦਿੱਤੀਆਂ ਜਾਣ। ਜੇਕਰ ਅਜਿਹਾ ਸੰਭਵ ਨਾ ਹੋਵੇ ਤਾਂ ਕਿਸੇ ਹੋਰ ਜ਼ਰੂਰਤਮੰਦ ਨੂੰ ਦੇ ਦਿੱਤੀਆਂ ਜਾਣ। ਮੇਰੇ ਸਰੀਰ ਦੇ ਹੋਰ ਅੰਗ ਦਿਲ, ਗੁਰਦਾ, ਜਿਹੜਾ ਵੀ ਕਿਸੇ ਦੂਸਰੇ ਇਨਸਾਨ ਦੇ ਕੰਮ ਆ ਜਾਵੇ, ਨੂੰ ਦੇ ਦਿੱਤਾ ਜਾਵੇ। ਇਹ ਵਸੀਅਤ ਉਸ ਨੇ ਕੇਂਦਰੀ ਜੇਲ੍ਹ ਦੇ ਡਾਕਟਰਾਂ ਦੀ ਹਾਜ਼ਰੀ ਵਿਚ ਕੀਤੀ।

# ਜੇਲ੍ਹ 'ਚ ਨੌਜਵਾਨ ਦੇ ਗੋਲੀ ਲੱਗਣ ਦੀ ਘਟਨਾ ਸ਼ੰਕਾ ਹੇਠ

**ਅੰਮ੍ਰਿਤਸਰ :** ਅਜੀਤ ਸਿੰਘ ਪੂਹਲਾ 'ਤੇ ਜਾਨ ਲੇਵਾ ਹਮਲਾ ਕਰਨ ਦੇ ਦੋਸ਼ ਹੇਠ ਜੇਲ੍ਹ ਵਿਚ ਬੰਦ ਸਿੱਖ ਨੌਜਵਾਨ ਨਵਤੇਜ ਸਿੰਘ ਗੁੱਗੂ ਬੀਤੀ 14 ਅਕਤੂਬਰ ਨੂੰ ਭੇਦਭਰੀ ਹਾਲਤ ਵਿਚ ਜ਼ਖਮੀ ਹੋ ਗਿਆ। ਉਸਨੂੰ ਸਿਵਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ। ਜਾਣਕਾਰੀ ਅਨੁਸਾਰ ਇਹ ਘਟਨਾ ਸ਼ਾਮ ਸਮੇਂ ਵਾਪਰੀ। ਉਸਦੇ ਮੋਢੇ ਕੋਲੋਂ ਖੂਨ ਵਗ ਰਿਹਾ ਸੀ। ਉਸਨੂੰ ਤੁਰੰਤ ਜੇਲ੍ਹ ਦੇ ਡਾਕਟਰ ਕੋਲ ਭੇਜਿਆ ਗਿਆ ਜਿਸ ਨੇ ਉਸ ਨੂੰ ਸਿਵਲ ਹਸਪਤਾਲ ਭੇਜ ਦਿੱਤਾ ਹੈ। ਨਵਤੇਜ ਸਿੰਘ ਗੁੱਗੂ ਵਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਸਨੂੰ ਜੇਲ੍ਹ ਦੀ ਕੰਧ ਕੋਲੋਂ ਗੋਲੀ ਮਾਰੀ ਗਈ। ਦੂਜੇ ਪਾਸੇ ਜੇਲ੍ਹ ਦੇ ਡਿਪਟੀ ਸੁਪਰਡੈਂਟ ਬਲਬੀਰ ਸਿੰਘ ਨੇ ਇਸ ਦੋਸ਼ ਨੂੰ ਰੱਦ ਕਰਦਿਆਂ ਕਿਹਾ ਕਿ ਜੇਲ੍ਹ ਵਿਚ ਗੋਲੀ ਨਹੀਂ ਚਲ ਸਕਦੀ ਅਤੇ ਇਹ ਉਸ ਵਲੋਂ ਖੁਦ ਕੀਤੀ ਗਈ ਕਾਰਵਾਈ ਹੈ। ਉਨ੍ਹਾਂ ਸ਼ੱਕ ਪ੍ਰਗਟਾਇਆ ਕਿ ਗੁੱਗੂ ਨੇ ਖੁਦ ਹੀ ਆਪਣੀ ਬਾਂਹ ਵਿਚ ਲੋਹੇ ਦਾ ਸਰੀਆ ਮਾਰਿਆ ਹੈ। ਪਰ ਘਟਨਾ ਤੋਂ ਅਗਲੇ ਦਿਨ ਇਸ ਮਾਮਲੇ ਨੇ ਉਸ ਵੇਲੇ ਨਵਾਂ ਮੋੜ ਲੈ ਲਿਆ ਜਦੋਂ ਜਾਂਚ ਵਿਚ ਇਹ ਸਪੱਸ਼ਟ ਹੋਇਆ ਕਿ ਨਵਤੇਜ ਸਿੰਘ ਸਰੀਆ ਵੱਜਣ ਨਾਲ ਜ਼ਖ਼ਮੀ ਨਹੀਂ ਹੋਇਆ ਸਗੋਂ ਉਸਦੇ ਮੋਢੇ ਦਾ ਜ਼ਖ਼ਮ ਗੋਲੀ ਲੱਗਣ ਕਾਰਨ ਹੋਇਆ ਹੈ। ਜੇਲ੍ਹ ਪ੍ਰਸ਼ਾਸਨ ਨੇ ਨਵਤੇਜ ਦੀ ਬੈਰਕ ਨੇੜਿਉਂ ਲੰਘਦੇ ਪਾਣੀ ਦੇ ਨਾਲੇ ਵਿਚੋਂ 32 ਬੋਰ ਦਾ ਪਿਸਤੌਲ ਵੀ ਬਰਾਮਦ ਕੀਤਾ ਹੈ। ਉਸਦੀ ਬੈਰਕ ਵਿਚੋਂ ਮੋਬਾਈਲ ਫੋਨ ਤੇ ਇਕ ਹਜ਼ਾਰ ਰੁਪਏ ਨਕਦ ਬਰਾਮਦ ਹੋਏ ਹਨ। ਇਸਦੀ ਪੁਸ਼ਟੀ ਕਰਦਿਆਂ ਜੇਲ੍ਹ ਸੁਪਰਡੈਂਟ ਜੀ.ਐਸ. ਸੰਧੂ ਨੇ ਕਿਹਾ ਕਿ ਮਾਮਲੇ ਦੀ ਅਗਲੀ ਜਾਂਚ ਪੁਲਿਸ ਵਲੋਂ ਕੀਤੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਕੇ.ਐਸ. ਪਨੂੰ ਨੇ ਦੱਸਿਆ ਕਿ ਇਸ ਮਾਮਲੇ ਦੀ ਪੜਤਾਲ ਡਿਪਟੀ ਪੁਲਿਸ ਕਮਿਸ਼ਨਰ ਏ.ਐਸ. ਚਾਹਲ ਨੂੰ ਸੌਂਪੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਗੋਲੀ ਨਵਤੇਜ ਵਲੋਂ ਖੁਦ ਚਲਾਈ ਗਈ ਹੈ ਅਤੇ ਉਸਦਾ ਇਰਾਦਾ ਇਸ ਘਟਨਾ ਨੂੰ ਅੰਜਾਮ ਦੇ ਕੇ ਜੇਲ੍ਹ ਦੇ ਡਿਪਟੀ ਸੁਪਰਡੈਂਟ ਨੂੰ ਫਸਾਉਣ ਦਾ ਸੀ। ਉਨ੍ਹਾਂ ਕਿਹਾ ਕਿ ਜਾਂਚ ਉਪਰੰਤ ਮਾਮਲਾ ਸਪੱਸ਼ਟ ਹੋ ਜਾਵੇਗਾ। ਜਦਕਿ ਜੇਲ੍ਹ ਦੇ ਡਿਪਟੀ ਸੁਪਰਡੈਂਟ ਬਲਬੀਰ ਸਿੰਘ ਬਿਸਲਾ ਨੇ ਦੋਸ਼ ਲਾਇਆ ਕਿ ਇਸ ਹਵਾਲਾਤੀ ਨੇ ਪਿਛਲੇ ਵਰ੍ਹੇ ਸਤੰਬਰ ਮਹੀਨੇ ਵਿਚ ਵੀ ਉਨ੍ਹਾਂ ਨਾਲ ਬਦਸਲੂਕੀ ਕੀਤੀ ਸੀ। ਉਨ੍ਹਾਂ ਦਾਅਵਾ ਕੀਤਾ ਕਿ ਨਵਤੇਜ ਨੇ ਖੁਦ ਆਪਣੀ ਬਾਂਹ ਕੋਲ ਪਿਸਤੌਲ ਰੱਖ ਕੇ ਗੋਲੀ ਚਲਾਈ ਹੈ ਅਤੇ ਉਹ ਉਨ੍ਹਾਂ ਨੂੰ ਫਸਾਉਣਾ ਚਾਹੁੰਦਾ ਸੀ।

ਨਵਤੇਜ ਦੇ ਬਿਆਨਾਂ 'ਤੇ ਪੁਲਿਸ ਵਲੋਂ ਮਾਮਲਾ ਦਰਜ ਕੀਤਾ ਗਿਆ ਹੈ, ਜਿਸ ਵਿਚ ਉਸਨੇ ਦੋਸ਼ ਲਾਇਆ ਹੈ ਕਿ ਕਿਸੇ ਵਿਅਕਤੀ ਨੇ ਉਸ 'ਤੇ ਹਮਲਾ ਕਰਕੇ ਜਾਨੋਂ ਮਾਰਨ ਦਾ ਯਤਨ ਕੀਤਾ ਹੈ। ਇਸ ਦੌਰਾਨ ਖਾਲਸਾ ਐਕਸ਼ਨ ਕਮੇਟੀ ਦੇ ਚੇਅਰਮੈਨ ਭਾਈ ਮੋਹਕਮ ਸਿੰਘ ਤੇ ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਹਸਪਤਾਲ ਵਿਚ ਨਵਤੇਜ ਨਾਲ ਮੁਲਾਕਾਤ ਕੀਤੀ। ਦੋਵਾਂ ਆਗੂਆਂ ਨੇ ਇਸ ਮਾਮਲੇ ਦੀ ਜਾਂਚ ਸੈਸ਼ਨ ਜੱਜ ਜਾਂ ਡਿਪਟੀ ਕਮਿਸ਼ਨਰ ਕੋਲੋਂ ਕਰਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਇਸ ਸਬੰਧ ਵਿਚ ਜੇਲ੍ਹ ਮੰਤਰੀ ਨਾਲ ਵੀ ਗੱਲਬਾਤ ਕੀਤੀ।

## ਹਵਾਰਾ ਦੀ ਸਜ਼ਾ ਰਾਹਤ ਤੇ ਗ਼ਮ ਦਾ ਸੁਮੇਲ

**ਜਲੰਧਰ:** ਦਲ ਖਾਲਸਾ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਲੋਂ ਸ. ਜਗਤਾਰ ਸਿੰਘ ਹਵਾਰਾ ਦੀ ਫਾਂਸੀ ਦੀ ਸਜ਼ਾ ਉਮਰ ਭਰ ਦੀ ਕੈਦ ਵਿਚ ਬਦਲਣ 'ਤੇ ਆਪਣੀ ਪ੍ਰਤੀਕਿਰਿਆ ਕਰਦਿਆਂ ਇਸ ਫੈਸਲੇ ਨੂੰ 'ਰਾਹਤ ਤੇ ਗਮ' ਦਾ ਸੁਮੇਲ ਕਿਹਾ ਹੈ। ਭਾਈ ਬਲਵੰਤ ਸਿੰਘ ਰਾਜੋਆਣਾ ਤੇ ਭਾਈ ਜਗਤਾਰ ਸਿੰਘ ਹਵਾਰਾ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਦਲ ਖਾਲਸਾ ਦੇ ਤਰਜ਼ਮਾਨ ਕੰਵਰਪਾਲ ਸਿੰਘ ਨੇ ਬੀਤੀ 13 ਅਕਤੂਬਰ ਨੂੰ ਕਿਹਾ ਕਿ ਜਿੱਥੇ ਇਸ ਫੈਸਲੇ ਨਾਲ ਸ. ਹਵਾਰਾ ਨੂੰ ਰਾਹਤ ਮਿਲੀ ਹੈ, ਉਥੇ ਇਸ ਗੱਲ ਦਾ ਅਫਸੋਸ ਰਹੇਗਾ ਕਿ ਅਦਾਲਤ ਦੇ ਫੈਸਲੇ ਅਨੁਸਾਰ ਉਨ੍ਹਾਂ ਨੂੰ ਜ਼ਿੰਦਗੀ ਭਰ ਜੇਲ੍ਹ ਦੀਆਂ ਸਲਾਖਾਂ ਪਿੱਛੇ ਰਹਿਣਾ ਪਵੇਗਾ।



ਉਨ੍ਹਾਂ ਕਿਹਾ ਕਿ ਇਹ ਫੈਸਲਾ ਦੇਖਣ ਨੂੰ ਭਾਵੇਂ ਆਸ਼ਾਵਾਦੀ ਪ੍ਰਤੀਤ ਹੁੰਦਾ ਹੈ ਪਰ ਹਕੀਕਤ ਵਿਚ ਭਾਈ ਹਵਾਰਾ ਲਈ ਦਰਦਨਾਕ ਵੀ ਹੈ। ਉਨ੍ਹਾਂ ਮੰਨਿਆ ਕਿ ਇਸ ਫੈਸਲੇ ਨੇ ਉਨ੍ਹਾਂ ਨੂੰ ਝਟਕਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਲ੍ਹਾਂ ਵਿਚ ਲੰਮੇ ਸਮੇਂ ਤੋਂ ਬੰਦ ਸਿੱਖ ਨੌਜਵਾਨਾਂ ਨੂੰ ਬਿਨਾਂ ਸ਼ਰਤ ਬਰੀ ਕੀਤਾ ਜਾਣਾ ਚਾਹੀਦਾ ਹੈ।

ਭਾਈ ਬਲਵੰਤ ਸਿੰਘ ਰਾਜੋਆਣਾ ਵਲੋਂ ਦਿਖਾਈ ਦਲੇਰੀ ਅਤੇ ਦ੍ਰਿੜ੍ਹਤਾ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਕੰਵਰਪਾਲ ਸਿੰਘ ਨੇ ਕਿਹਾ ਭਾਈ ਬਲਵੰਤ ਸਿੰਘ ਨੇ ਅਣਖੀ ਮੌਤ ਦਾ ਰਾਹ ਚੁਣ ਕੇ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਵਲੋਂ ਸਿਰਜੇ ਇਤਿਹਾਸ ਨੂੰ ਰੌਸ਼ਨ ਕੀਤਾ ਹੈ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

National Truck Driving School



Call For Special Price

Kashmir S. Thandi
Office: (866) 933-3038
Balhar S. Ranu
Cell:916-502-7733

4585 Pell Dr. Secramento CA, 95838

Real Estate & Loans Under One Roof

Call:Sam Chahal Tel: 916-612-5773

For Buying and Selling Residential, Commercial property and for Loans in Sacramento area



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

Reo-Bankowned Properties
Serving from Bay Area to Sacramento

We Help You Buy/Sell Business & Homes

Multi-Million Dollars Producer-2007-08

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਰਾਸ਼ਟਰਮੰਡਲ ਖੇਡਾਂ 'ਚ ਭ੍ਰਿਸ਼ਟਾਚਾਰ ਦੀ ਜਾਂਚ ਸ਼ੁਰੂ, 3 ਮਹੀਨੇ 'ਚ ਰਿਪੋਰਟ ਦੇਣ ਦੇ ਹੁਕਮ

**ਨਵੀਂ ਦਿੱਲੀ:** 19ਵੀਆਂ ਰਾਸ਼ਟਰਮੰਡਲ ਖੇਡਾਂ 'ਚ ਭਾਰਤੀ ਖਿਡਾਰੀਆਂ ਨੇ ਤਮਗਿਆਂ ਦੀ ਬਾਰਿਸ਼ ਨਾਲ ਖੇਡਾਂ ਤੋਂ ਪਹਿਲਾਂ ਲੱਗੇ ਬਦਇੰਤਜ਼ਾਮੀ ਦੇ ਦਾਗ ਥੋੜੇ ਫਿੱਕੇ ਕੀਤੇ ਹਨ ਪਰ ਕੇਂਦਰ ਸਰਕਾਰ ਨੇ ਸਪਸ਼ਟ ਸੰਕੇਤ ਦਿੱਤਾ ਹੈ ਕਿ ਖੇਡਾਂ ਦੀ ਸਫਲਤਾ ਨਾਲ ਤਿਆਰੀਆਂ 'ਚ ਹੋਏ ਭ੍ਰਿਸ਼ਟਾਚਾਰ ਦੇ ਦਾਗ ਨਹੀਂ ਧੋਤੇ ਜਾ ਸਕਦੇ।

ਖੇਡਾਂ ਦੀ ਸਮਾਪਤੀ ਤੋਂ ਬਾਅਦ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਜਿੱਥੇ ਖਿਡਾਰੀਆਂ ਨੂੰ ਮੁਬਾਰਕਬਾਦ ਦਿੱਤੀ ਉਥੇ ਖੇਡਾਂ ਦੀਆਂ ਤਿਆਰੀਆਂ ਦੇ ਨਾਂ 'ਤੇ ਹੋਏ ਭ੍ਰਿਸ਼ਟਾਚਾਰ ਦੀ ਜਾਂਚ ਸ਼ੁਰੂ ਕਰ ਕੇ ਸਪੱਸ਼ਟ ਕਿਹਾ ਹੈ ਕਿ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ। ਪ੍ਰਧਾਨ ਮੰਤਰੀ ਨੇ ਸਾਬਕਾ ਕੰਪਟਰੋਲਰ ਤੇ ਆਡੀਟਰ ਜਨਰਲ ਵੀ.ਕੇ. ਸ਼ੁੰਗਲੂ ਨੂੰ 'ਖੇਡਾਂ ਪਿੱਛੇ ਹੋਈ ਭ੍ਰਿਸ਼ਟਾਚਾਰ ਦੀ ਖੇਡ' ਦੀ ਜਾਂਚ ਦਾ ਜ਼ਿੰਮਾ ਸੌਂਪਿਆ ਹੈ। ਸਰਕਾਰ ਦਾ ਇਸ਼ਾਰਾ ਮਿਲਦਿਆਂ ਹੀ ਸੀ.ਵੀ.ਸੀ. ਤੇ ਇਨਫੋਰਸਮੈਂਟ ਡਾਇਰੈਕਟੋਰੇਟ ਵਰਗੀਆਂ ਏਜੰਸੀਆਂ ਵੀ ਸਰਗਰਮ ਹੋ ਗਈਆਂ ਹਨ। ਉਧਰ 'ਕੈਗ' ਨੇ ਖਰਚਿਆਂ ਦੇ ਵਹੀ-ਖਾਤੇ ਫੋਲਣੇ ਸ਼ੁਰੂ ਕਰ ਦਿੱਤੇ ਹਨ। ਡਾ. ਮਨਮੋਹਨ ਸਿੰਘ ਨੇ ਤਮਗਾ ਜੇਤੂ ਖਿਡਾਰੀਆਂ ਲਈ ਆਪਣੇ ਨਿਵਾਸ 'ਤੇ ਕਰਵਾਏ ਸਮਾਗਮ ਮੌਕੇ ਪ੍ਰਬੰਧਕੀ ਕਮੇਟੀ ਦੇ ਮੁਖੀ ਸੁਰੇਸ਼ ਕਲਮਾਡੀ ਨੂੰ ਦੂਰ ਹੀ ਰੱਖਿਆ ਜਿਸ ਤੋਂ ਭ੍ਰਿਸ਼ਟਾਚਾਰ ਖ਼ਿਲਾਫ਼ ਸਰਕਾਰ ਦੇ ਇਰਾਦੇ ਸਪਸ਼ਟ ਹੋ ਗਏ। ਉਸੇ ਸ਼ਾਮ ਨੂੰ ਹੀ ਸ੍ਰੀ ਸ਼ੁੰਗਲੂ ਨੂੰ ਖੇਡਾਂ ਦੀ ਜਾਂਚ ਸੌਂਪ ਦਿੱਤੀ ਗਈ ਤੇ ਨਾਲ ਹੀ ਉਨ੍ਹਾਂ ਦੀ ਮਦਦ ਲਈ ਕੈਬਨਿਟ ਸਕੱਤਰ ਕੇ.ਐਮ. ਚੰਦਰਸ਼ੇਖਰ ਨੂੰ ਹਰ ਸਹੂਲਤ ਮੁਹੱਈਆ ਕਰਵਾਉਣ ਦੇ ਹੁਕਮ ਦਿੱਤੇ ਗਏ।

ਪ੍ਰਧਾਨ ਮੰਤਰੀ ਨੇ ਸ੍ਰੀ ਸ਼ੁੰਗਲੂ ਨੂੰ ਤਿੰਨ ਮਹੀਨਿਆਂ 'ਚ ਰਿਪੋਰਟ ਦੇਣ ਲਈ ਕਿਹਾ ਹੈ। ਦੂਜੇ ਪਾਸੇ ਇਨਫੋਰਸਮੈਂਟ ਡਾਇਰੈਕਟੋਰੇਟ ਤੇ ਕੇਂਦਰੀ ਚੌਕਸੀ ਕਮਿਸ਼ਨ (ਸੀ.ਵੀ.ਸੀ.) ਨੇ ਵੀ ਜਾਂਚ ਤੇਜ਼ ਕਰ ਦਿੱਤੀ ਹੈ। ਇਸ ਦੇ ਨਾਲ ਹੀ 'ਕੈਗ', ਸੰਸਦ ਦੀ ਵਿੱਤ ਬਾਰੇ ਸਥਾਈ ਕਮੇਟੀ ਤੇ ਲੋਕ ਲੇਖਾ ਕਮੇਟੀਆਂ ਵੀ ਭ੍ਰਿਸ਼ਟਾਚਾਰ ਦੀਆਂ ਪਰਤਾਂ ਉਧੇੜਨ ਲਈ ਤਿਆਰ ਹਨ। ਕੈਗ ਅਗਲੇ ਸਾਲ ਜਨਵਰੀ ਤੱਕ ਆਪਣੀ ਰਿਪੋਰਟ ਪੂਰੀ ਕਰ ਲਵੇਗਾ ਤੇ ਫਰਵਰੀ 'ਚ ਬਜਟ ਇਜਲਾਸ ਦੌਰਾਨ ਰਿਪੋਰਟ ਸੰਸਦ 'ਚ ਰੱਖੇ ਜਾਣ ਦੀ ਸੰਭਾਵਨਾ ਹੈ। ਕੈਗ ਇਸ ਗੱਲ ਦੀ ਜਾਂਚ ਕਰ ਰਿਹਾ ਹੈ ਕਿ ਰਾਸ਼ਟਰਮੰਡਲ ਖੇਡਾਂ 'ਤੇ ਜੋ ਪੈਸਾ ਖਰਚ ਹੋਇਆ ਹੈ, ਓਨਾ ਖਰਚ ਕਰਨ ਦੀ ਲੋੜ ਸੀ ਜਾਂ ਨਹੀਂ। ਇਮਾਰਤਾਂ ਦੇ ਠੇਕੇ ਲਈ ਦੁੱਗਣੇ ਭੁਗਤਾਨ ਦੇ ਦੋਸ਼ ਲੱਗ ਰਹੇ ਹਨ। ਕੁੱਲ 22 ਪ੍ਰਾਜੈਕਟਾਂ ਦੀ ਉਸਾਰੀ ਹੋਈ ਹੈ ਜਿਨ੍ਹਾਂ 'ਚੋਂ ਚਾਰ ਡੀ.ਡੀ.ਏ., 2 ਦਿੱਲੀ ਨਗਰ ਨਿਗਮ ਨੇ, 3 ਖੇਡਾਂ ਦੀ ਇੰਤਜ਼ਾਮੀਆ ਕਮੇਟੀ ਨੇ, 4 ਖੇਡ ਮੰਤਰਾਲੇ ਤੇ ਬਾਕੀ ਸੀ.ਪੀ.ਡਬਲਿਊ.ਡੀ. ਤੇ ਦਿੱਲੀ ਸਰਕਾਰ ਨੇ ਨੇਪਰੇ ਚਾੜ੍ਹੇ ਹਨ।




ਘੁਟਾਲਿਆਂ ਤੇ ਭ੍ਰਿਸ਼ਟਾਚਾਰ ਦੀ ਦਾਇਰੇ 'ਚ ਪੰਜਾਬ ਵੀ ਸ਼ਾਮਲ ਹੋ ਗਿਆ ਹੈ। ਇਸ ਮਾਮਲੇ 'ਚ 19 ਅਕਤੂਬਰ ਨੂੰ ਆਮਦਨ ਕਰ ਵਿਭਾਗ ਦੀ ਟੀਮ ਨੇ ਪੰਜਾਬ ਦੇ ਲੁਧਿਆਣਾ ਤੇ ਚੰਡੀਗੜ੍ਹ ਦੀਆਂ ਕਈ ਥਾਵਾਂ ਸਮੇਤ ਦੇਸ਼ 'ਚ ਤਕਰੀਬਨ 25 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਆਮਦਨ ਕਰ ਵਿਭਾਗ ਨੇ ਇਸ ਬਾਰੇ ਦਿੱਲੀ ਦੇ ਸੀਨੀਅਰ ਭਾਜਪਾ ਆਗੂ ਤੇ ਉਦਯੋਗਪਤੀ ਸੁਧਾਂਸ਼ੂ ਮਿੱਤਲ ਦੇ ਦਫਤਰ ਤੇ ਘਰ ਛਾਪਾ ਮਾਰਿਆ। ਸੁਧਾਂਸ਼ੂ ਦੇ ਰਿਸ਼ਤੇਦਾਰ ਦੀ ਕੰਪਨੀ ਨੂੰ ਰਾਸ਼ਟਰਮੰਡਲ ਖੇਡਾਂ ਦੌਰਾਨ 230 ਕਰੋੜ ਦਾ ਠੇਕਾ ਦਿੱਤਾ ਗਿਆ ਸੀ। ਇਸ ਕੰਪਨੀ 'ਤੇ ਟਰੈਡ ਮਿੱਲ ਦੀ ਸਪਲਾਈ 'ਚ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਹਨ। ਸੁਧਾਂਸ਼ੂ ਮਿੱਤਲ ਦੇ ਭਤੀਜੇ ਵਿਨੈ ਮਿੱਤਲ ਦੀ ਕੰਪਨੀ ਦੀਪਾਲੀ ਕੰਸੋਰਟੀਅਮ ਨੂੰ ਵਿਦੇਸ਼ੀ ਕੰਪਨੀ ਦੇ ਨਾਲ ਟਰੈਡ ਮਿੱਲ ਸਪਲਾਈ ਕਰਨ ਲਈ 230 ਕਰੋੜ ਰੁਪਏ ਦਾ ਠੇਕਾ ਦਿੱਤਾ ਗਿਆ ਸੀ। ਖੇਡਾਂ ਦੀ ਪ੍ਰਬੰਧਕੀ ਕਮੇਟੀ ਦੇ ਮੈਂਬਰ ਹਰੀਸ਼ ਸ਼ਰਮਾ ਦੇ ਘਰ 'ਤੇ ਵੀ ਛਾਪਾ ਮਾਰਿਆ ਗਿਆ। ਇਸ ਤੋਂ ਇਲਾਵਾ ਪੰਜਾਬ ਦੇ ਲੁਧਿਆਣਾ ਤੇ ਚੰਡੀਗੜ੍ਹ ਇਲਾਕਿਆਂ 'ਚ ਵੀ 7 ਥਾਵਾਂ 'ਤੇ ਆਮਦਨ ਕਰ ਵਿਭਾਗ ਨੇ ਛਾਪੇ ਮਾਰੇ। ਆਮਦਨ ਕਰ ਵਿਭਾਗ ਨੇ ਚੰਡੀਗੜ੍ਹ ਦੇ ਸੈਕਟਰ 35 ਸਥਿਤ ਭਰਤ ਕਰੌਕਰੀ ਦੇ ਸ਼ੋਅਰੂਮ 'ਚ ਵੀ ਛਾਪੇਮਾਰੀ ਕੀਤੀ। ਇਹ ਸ਼ੋਅਰੂਮ ਸੀਨੀਅਰ ਭਾਜਪਾ ਨੇਤਾ ਦੇ ਕਰੀਬੀ ਦਾ ਹੈ। ਲੁਧਿਆਣਾ 'ਚ ਫਿਰੋਜ਼ ਗਾਂਧੀ ਮਾਰਕੀਟ ਸਥਿਤ ਆਈ.ਆਰ.ਈ.ਓ. ਵਾਟਰ ਫਰੰਟ ਪ੍ਰਾਈਵੇਟ ਲਿਮਟਿਡ ਨਾਮੀ ਕੰਪਨੀ ਦੇ ਦਫ਼ਤਰ ਤੇ ਸ਼ਹਿਰ ਦੇ ਬਾਹਰੀ ਇਲਾਕੇ ਦੇਤਵਾਲ ਨੇੜੇ ਸਥਿਤ ਦਫ਼ਤਰਾਂ 'ਤੇ ਛਾਪਾ ਮਾਰਿਆ। ਆਈ.ਆਰ.ਈ.ਓ. ਕੰਪਨੀ ਲੁਧਿਆਣਾ ਨੇੜੇ 25 ਏਕੜ ਜ਼ਮੀਨ ਉਪਰ ਇੱਕ ਕਲੋਨੀ ਵਿਕਸਤ ਕਰ ਰਹੀ ਹੈ। ਇਸੇ ਦੌਰਾਨ ਬਰਤਾਨੀਆ 'ਚ ਰਾਸ਼ਟਰਮੰਡਲ ਖੇਡਾਂ ਦੇ ਕਵੀਨਸ ਬੈਟਨ ਰਿਲੇਅ ਸਮਾਰੋਹ ਦੌਰਾਨ ਹੋਏ ਵਿੱਤੀ ਘੁਟਾਲੇ ਦੀ ਜਾਂਚ ਲਈ ਸੀ.ਬੀ.ਆਈ. ਨੇ ਪ੍ਰਬੰਧਕ ਕਮੇਟੀ ਦੇ ਦਫ਼ਤਰ ਤੋਂ ਸਾਰੇ ਕਾਗਜ਼ਾਤ ਜ਼ਬਤ ਕਰ ਲਏ ਹਨ ਜਿਨ੍ਹਾਂ 'ਚ ਬਰਤਾਨੀਆ ਦੀ ਕੰਪਨੀ ਏ.ਐਮ. ਫਿਲਮਸ ਨੂੰ ਬੈਟਨ ਰਿਲੇਅ ਸਮਾਰੋਹ ਦੌਰਾਨ ਕਾਰਾਂ ਦੇ ਇੰਤਜ਼ਾਮ ਲਈ ਕੀਤਾ ਕਰਾਰ ਦਾ ਬਿਓਰਾ ਵੀ ਹੈ। ਏ.ਐਮ. ਫਿਲਮਸ ਨੂੰ ਲੰਦਨ 'ਚ ਕਵੀਨਸ ਬੈਟਨ ਰਿਲੇਅ ਸਮਾਰੋਹ ਦੌਰਾਨ ਕਿਰਾਏ 'ਤੇ ਕਾਰਾਂ ਦੀ ਸਪਲਾਈ ਲਈ 1.8 ਕਰੋੜ ਦਾ ਠੇਕਾ ਦਿੱਤਾ ਗਿਆ ਸੀ। ਇਸੇ ਦੌਰਾਨ ਦਿੱਲੀ ਵਿਕਾਸ ਅਥਾਰਟੀ (ਡੀ.ਡੀ.ਏ.) ਦੀ ਕੇਂਦਰੀ ਸ਼ਹਿਰੀ ਵਿਕਾਸ ਮੰਤਰਾਲੇ ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਰਾਸ਼ਟਰਮੰਡਲ ਖੇਡ ਪਿੰਡ ਦੇ ਨਿਰਮਾਣ 'ਚ ਭਾਰੀ ਬੇਨਿਯਮੀਆਂ ਪਾਈਆਂ ਗਈਆਂ ਹਨ ਜਿਸ ਨੂੰ ਨਿੱਜੀ ਨਿਰਮਾਣਕਾਰ ਐਮਾਰ-ਐਮ.ਜੀ.ਐਫ. ਵੱਲੋਂ ਤਿਆਰ ਕੀਤਾ ਗਿਆ ਹੈ।

## ਪ੍ਰੋ. ਇੰਦਰ ਸਿੰਘ ਘੱਗਾ 'ਤੇ ਹਮਲਾ

**ਪਟਿਆਲਾ:** ਸਿੱਖ ਪ੍ਰਚਾਰਕ ਪ੍ਰੋ. ਇੰਦਰ ਸਿੰਘ ਘੱਗਾ 'ਤੇ ਬੀਤੀ 17 ਅਕਤੂਬਰ ਨੂੰ ਉਨ੍ਹਾਂ ਦੇ ਘਰ ਪੰਜਾਬੀ ਯੂਨੀਵਰਸਿਟੀ ਸਾਹਮਣੇ ਵਿਦਿਆ ਨਗਰ ਵਿਖੇ ਦੋ ਨੌਜਵਾਨਾਂ ਨੇ ਜਾਨਲੇਵਾ ਹਮਲਾ ਕਰ ਦਿਤਾ। ਇਹ ਅਣਪਛਾਤੇ ਨੌਜਵਾਨ ਜਿਹੜੇ 23 ਤੋਂ 26 ਸਾਲਾਂ ਦੇ ਜਾਪਦੇ ਸਨ, ਵਿਚੋਂ ਇਕ ਨੇ ਛੋਟਾ ਪਟਕਾ ਬੰਨ੍ਹਿਆ ਹੋਇਆ ਸੀ ਤੇ ਦੂਜੇ ਨੇ ਦਸਤਾਰ ਬੰਨ੍ਹੀ ਹੋਈ ਸੀ। ਇਨ੍ਹਾਂ ਪ੍ਰੋ. ਘੱਗਾ ਨੂੰ ਫੋਨ ਕਰ ਕੇ ਕਿਹਾ ਕਿ ਉਹ ਉਨ੍ਹਾਂ ਨੂੰ ਮਿਲਣਾ ਚਾਹੁੰਦੇ ਹਨ। ਪ੍ਰੋ. ਘੱਗਾ ਉਨ੍ਹਾਂ ਨੂੰ ਮਿਲੇ ਤੇ ਆਪਣੇ ਘਰ ਬਿਠਾ ਕੇ ਚਾਹ ਵੀ ਪਿਆਈ ਪਰ ਜਦੋਂ ਉਹ ਵਾਪਸ ਜਾਣ ਲੱਗੇ ਤਾਂ ਉਨ੍ਹਾਂ ਪ੍ਰੋ. ਘੱਗਾ ਦੇ ਘਰ ਦੇ ਗੇਟ ਕੋਲ ਹੀ ਉਨ੍ਹਾਂ ਉਪਰ ਜਾਨਲੇਵਾ ਹਮਲਾ ਕਰ ਦਿਤਾ।

ਹਮਲਾਵਰਾਂ ਨੇ ਮੁੱਕਿਆਂ ਤੇ ਹਥਿਆਰਾਂ ਨਾਲ ਉਨ੍ਹਾਂ ਉਪਰ ਵਾਰ ਕੀਤੇ ਤੇ ਰੌਲਾ ਪੈਣ 'ਤੇ ਦੌੜ ਗਏ। ਇਸ ਮਗਰੋਂ ਜਖ਼ਮੀ ਹੋਏ ਪ੍ਰੋ. ਘੱਗਾ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ। ਉਨ੍ਹਾਂ ਉਪਰ ਦਸੰਬਰ 2009 ਨੂੰ ਲੁਧਿਆਣਾ ਵਿਖੇ ਡੀ.ਐਮ.ਸੀ. ਹਸਪਤਾਲ ਵਿਖੇ ਵੀ ਹਮਲਾ ਹੋਇਆ ਸੀ ਜਿਸ ਸਬੰਧੀ ਪੁਲਿਸ ਨੇ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ।

## ਇਕ ਹੋਰ ਗਵਾਹ ਨੇ ਸੱਜਣ ਕੁਮਾਰ ਨੂੰ ਪਛਾਣਿਆ

**ਨਵੀਂ ਦਿੱਲੀ:** ਨਵੰਬਰ 1984 'ਚ ਹੋਏ ਸਿੱਖ ਕਤਲੇਆਮ 'ਚ ਕਾਂਗਰਸੀ ਆਗੂ ਸੱਜਣ ਕੁਮਾਰ ਨਾਲ ਸਬੰਧਤ ਦੋ ਮੁਕੱਦਮਿਆਂ ਦੀ ਰਾਜਧਾਨੀ ਦੀਆਂ ਦੋ ਵੱਖ-ਵੱਖ ਅਦਾਲਤਾਂ 'ਚ ਬੀਤੀ 19 ਅਕਤੂਬਰ ਨੂੰ ਸੁਣਵਾਈ ਹੋਈ। ਕੜਕੜਡੂਮਾ ਅਦਾਲਤ 'ਚ ਇਕ ਗਵਾਹ ਨੇ ਦੱਸਿਆ ਕਿ ਸੱਜਣ ਕੁਮਾਰ ਨੂੰ ਉਸ ਨੇ ਭੀੜ ਨੂੰ ਭੜਕਾਉਂਦੇ ਹੋਏ ਦੇਖਿਆ ਜਿਸ ਨੇ ਦਿੱਲੀ ਕੈਂਟ 'ਚ ਕਈ ਸਿੱਖਾਂ ਨੂੰ ਜਾਨੋਂ ਮਾਰਿਆ ਸੀ। ਦੂਜੇ ਮੁਕੱਦਮੇ 'ਚ ਰੋਹਿਣੀ ਦੀ ਅਦਾਲਤ ਵਲੋਂ ਸੱਜਣ ਕੁਮਾਰ ਨਾਲ ਸਬੰਧਤ ਮੁਕੱਦਮੇ ਦੀ ਚਾਰਜਸ਼ੀਟ ਦੇ ਗੁੰਮ ਹੋਣ ਦੇ ਮਾਮਲੇ 'ਚ ਦੋਵੇਂ ਪੱਖਾਂ ਦੀਆਂ ਦਲੀਲਾਂ ਸੁਣਨ ਉਪਰੰਤ ਫੈਸਲਾ ਰਾਖਵਾਂ ਕਰ ਲਿਆ।

ਏ.ਐਸ.ਜੇ. ਸੁਨੀਤਾ ਗੁਪਤਾ ਦੀ ਅਦਾਲਤ 'ਚ ਗਵਾਹ ਜਗਸ਼ੇਰ ਸਿੰਘ ਨੇ ਦੱਸਿਆ ਕਿ ਉਸ ਨੇ ਇਕ ਨਵੰਬਰ ਦੀ ਰਾਤ ਨੂੰ ਸੱਜਣ ਕੁਮਾਰ ਨੂੰ ਆਪਣੇ ਮੁਹੱਲੇ 'ਚ ਦੇਖਿਆ ਸੀ। ਉਹ ਦੂਜਾ ਗਵਾਹ ਹੈ ਜਿਸ ਨੇ ਸੱਜਣ ਕੁਮਾਰ ਨੂੰ ਅਦਾਲਤ 'ਚ ਪਛਾਣਿਆ ਹੈ। ਇਸ ਤੋਂ ਪਹਿਲਾਂ ਜਗਦੀਸ਼ ਕੌਰ ਨੇ ਸੱਜਣ ਕੁਮਾਰ ਦੀ ਸ਼ਨਾਖਤ ਕੀਤੀ ਸੀ। ਜਗਸ਼ੇਰ ਸਿੰਘ ਨੇ ਅਦਾਲਤ ਨੂੰ ਦੱਸਿਆ ਕਿ ਸੱਜਣ ਕੁਮਾਰ ਰਾਤ 10 ਵਜੇ ਦੇ ਕਰੀਬ ਆਇਆ ਤੇ ਆਪਣੇ ਲੋਕਾਂ ਨੂੰ ਪੁੱਛਿਆ ਕਿ ਕੀ ਉਨ੍ਹਾਂ ਨੂੰ ਦਿੱਤਾ ਕੰਮ ਪੂਰਾ ਹੋਇਆ? ਜਗਸ਼ੇਰ ਸਿੰਘ ਜਿਸ ਦੇ ਤਿੰਨ ਭਰਾ ਸਿੱਖ ਕਤਲੇਆਮ 'ਚ ਮਾਰੇ ਗਏ ਸਨ, ਨੇ ਅਦਾਲਤ ਨੂੰ ਦੱਸਿਆ ਕਿ ਸੱਜਣ ਕੁਮਾਰ ਨੇ ਉਨ੍ਹਾਂ ਹਿੰਦੂਆਂ ਨੂੰ ਵੀ ਸਬਕ ਸਿਖਾਉਣ ਲਈ ਆਖਿਆ ਜੋ ਸਿੱਖਾਂ ਨੂੰ ਪਨਾਹ ਦੇ ਰਹੇ ਸਨ। ਉਸ ਨੇ ਸੱਜਣ ਕੁਮਾਰ ਦੀ ਸ਼ਨਾਖਤ ਕਰਦੇ ਹੋਏ ਦੱਸਿਆ ਕਿ ਉਹ ਉਸ ਨੂੰ ਪੂਰੀ ਤਰ੍ਹਾਂ ਪਛਾਣਦਾ ਹੈ।


**Mobile Auto Service**
**Bay Area & Central Valley**

*32 Years Experience*

ASE Certified
Master Auto Technician
Engine Performance Specialist



*Guljender Dhami*

- Brakes
- Tune Up
- Timing Belts
- Water Pump
- Check Engine Light
- Electrical

ਵਾਧੂ ਖਰਚਾ ਕਿਉਂ ਕਰਦੇ ਹੋ?
ਵਧੀਆ ਸਰਵਿਸ, ਵਾਜਬ ਕੀਮਤ

**Call For Appt.: 510-284-9479 & 209-622-9051**

**ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ**

ਸਾਨੂੰ ਡਰਾਈਵਰ ਤੇ ਓਨਰ ਅਪਰੇਟਰ ਚਾਹੀਦੇ ਹਨ ਜੋ ਕੈਲੀਫੋਰਨੀਆ ਤੋਂ ਸਿਆਟਲ, ਕੈਨੇਡਾ ਦੇ ਐਡਮਿੰਟਨ, ਕੈਲਗਰੀ ਤੇ ਵੈਨਕੂਵਰ, ਆਦਿ ਸ਼ਹਿਰਾਂ ਵਿਚ ਆ-ਜਾ ਸਕਣ।

ਕੰਪਨੀ ਪਾਸ ਫਿਊਲ ਐਡਵਾਂਸ ਅਤੇ ਕਵਿੱਕ ਪੇਅ ਦਾ ਪੂਰਾ ਪ੍ਰਬੰਧ ਹੈ।

ਹੋਰ ਜਾਣਕਾਰੀ ਲਈ ਅੱਜ ਹੀ ਕਾਲ ਕਰੋ

ਫੋਨ:(510) 881-8008
ਸੈਲ:408-896-4518
**Email:** cctransinc@gmail.com



**C and C Trans Inc.,** *Hayward, CA*

**ਓਨਰ ਅਪਰੇਟਰ ਅਤੇ ਡਰਾਈਵਰ**

**ਚਾਹੀਦੇ ਹਨ**

**ਰੀਫਰ ਅਤੇ ਡਰਾਈ ਲੋਡ**

*Fuel advance
*We pay every 15 days (after complete paper work). Every 1st & 15 of month.
*We pay for toll and help for repair on road
*No forced dispatch

ਸਾਡੇ ਕੋਲ ਮਿਡਵੈਸਟ ਤੋਂ ਕੈਲੀਫੋਰਨੀਆ, ਮਿਡਵੈਸਟ ਤੋਂ ਟੈਕਸਸ, ਮਿਡਵੈਸਟ ਤੋਂ ਨਾਰਥ-ਈਸਟ, ਨਾਰਥ-ਈਸਟ ਤੋਂ ਕੈਲੀਫੋਰਨੀਆ ਰੂਟ ਹਨ

ਸੰਪਰਕ ਕਰੋ-ਫੋਨ:317-702-6452

**Somal Trucking Company**
**Novelsville, IN, Ph:317-702-6452**

# ਮਨਪ੍ਰੀਤ ਸਿੰਘ ਬਾਦਲ ਦੀ ਰੈਲੀ ਨੂੰ ਲੋਕਾਂ ਦਾ ਭਰਵਾਂ ਹੁੰਗਾਰਾ

**ਗਿੱਦੜਬਾਹਾ:** ਸਾਬਕਾ ਵਿੱਤ ਮੰਤਰੀ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਭਤੀਜੇ ਮਨਪ੍ਰੀਤ ਸਿੰਘ ਬਾਦਲ ਵਲੋਂ ਆਪਣੇ ਰਾਜਸੀ ਭਵਿੱਖ ਨੂੰ ਤੈਅ ਕਰਨ ਲਈ ਐਤਵਾਰ ਨੂੰ ਪਿੰਡ ਛੱਤੇਆਣਾ ਦੇ ਗੁਰਦੁਆਰਾ ਗੁਪਤਸਰ ਸਾਹਿਬ ਵਿਖੇ 10 ਹਜ਼ਾਰ ਲੋਕਾਂ ਦਾ ਵਿਸ਼ਾਲ ਇਕੱਠ ਤਾਂ ਕਰ ਦਿੱਤਾ ਪਰ ਹੈਰਾਨੀ ਦੀ ਗੱਲ ਹੈ ਕਿ ਜਿਹੜੇ ਵਿਧਾਇਕ ਤੇ ਸਥਾਨਕ ਆਗੂ ਉਨ੍ਹਾਂ ਨਾਲ ਖੜ੍ਹਨ ਦੇ ਦਾਅਵੇ ਕਰ ਰਹੇ ਸਨ, ਉਹ ਗਾਇਬ ਰਹੇ। ਸਿਰਫ ਇੱਕੋ-ਇਕ ਵਿਧਾਇਕ ਜਗਬੀਰ ਸਿੰਘ ਬਰਾੜ ਤੇ ਇਕ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਨੇ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜਿਆ।

ਰੈਲੀ ਦੌਰਾਨ ਮਨਪ੍ਰੀਤ ਬਾਦਲ ਨੇ ਅਕਾਲੀ ਦਲ ਦੀ ਲੀਡਰਸ਼ਿਪ 'ਤੇ ਤਿੱਖੇ ਹਮਲੇ ਕਰਨ ਤੋਂ ਗੁਰੇਜ਼ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਨਾ ਕਾਂਗਰਸ ਵਿਚ ਜਾਣ ਦਾ ਕੋਈ ਇਰਾਦਾ ਹੈ, ਨਾ ਵਿਧਾਇਕੀ ਛੱਡਣ ਦਾ। ਦੂਜੇ ਪਾਸੇ ਪੰਜਾਬ ਦੇ ਖੁਫੀਆ ਏਜੰਸੀਆਂ ਦੇ ਕਰਮਚਾਰੀ ਤੇ ਚਿੱਟ ਕੱਪੜੀਏ ਪੁਲੀਸ ਮੁਲਾਜ਼ਮ ਰੈਲੀ 'ਚ ਆਮ ਦੇਖੇ ਜਾ ਸਕਦੇ ਸਨ। ਸ. ਬਾਦਲ ਨੇ ਕਿਹਾ ਕਿ ਉਨ੍ਹਾਂ ਦੀ ਇਸ ਰੈਲੀ ਨਾਲ ਪੰਜਾਬ ਵਿਚ ਨਵੀਂ ਰਾਜਸੀ ਲਹਿਰ ਦਾ ਮੁੱਢ ਬੱਝ ਗਿਆ ਹੈ। ਇਹ ਲਹਿਰ ਸੂਬੇ ਨੂੰ ਕਰਜ਼ਾ ਮੁਕਤ ਕਰਾਉਣ ਅਤੇ ਭ੍ਰਿਸ਼ਟਾਚਾਰ ਤੇ ਨਸ਼ੇ ਖਤਮ ਕਰਨ ਲਈ ਸੰਘਰਸ਼ ਕਰੇਗੀ।

ਉਨ੍ਹਾਂ ਕਿਹਾ ਕਿ ਹਰ ਪੰਜਾਬੀ ਸਿਰ ਢਾਈ ਲੱਖ ਰੁਪਏ ਦਾ ਕਰਜ਼ਾ ਹੈ। ਪੰਜਾਬ ਦੇ 70 ਹਜ਼ਾਰ ਕਰੋੜ ਰੁਪਏ ਕਰਜ਼ੇ ਦੀ ਮੁਆਫੀ ਲਈ ਉਨ੍ਹਾਂ ਵੱਲੋਂ ਕੀਤੀ ਅਪੀਲ 'ਤੇ ਕੇਂਦਰੀ ਖਜ਼ਾਨਾ ਮੰਤਰੀ ਪ੍ਰਣਬ ਮੁਖਰਜੀ ਨੇ ਅੱਧਾ ਕਰਜ਼ਾ ਪੰਜਾਬ ਸਰਕਾਰ ਵੱਲੋਂ ਸਹਿਯੋਗ ਦੇਣ ਦੀ ਸ਼ਰਤ 'ਤੇ ਮੁਆਫ ਕਰਨ ਦਾ ਵਚਨ ਦਿੱਤਾ ਸੀ। ਉਨ੍ਹਾਂ ਕਿਹਾ, "ਅਕਾਲੀ ਸਰਕਾਰ ਨੇ ਕਿਸੇ ਸਮੇਂ 16 ਸੌ ਕਰੋੜ ਰੁਪਏ ਦਾ ਕਰਜ਼ਾ ਕੇਂਦਰ ਤੋਂ ਮੁਆਫ ਕਰਵਾਇਆ ਸੀ ਜੋ ਹੁਣ ਤਕ 'ਪ੍ਰਚਾਰੀ' ਜਾ ਰਹੀ ਹੈ ਅਤੇ ਹੁਣ ਮੈਂ ਜੇ 35 ਹਜ਼ਾਰ ਕਰੋੜ ਰੁਪਏ ਦੀ ਮੁਆਫੀ ਕਰਵਾ ਲੈਂਦਾ ਤਾਂ ਇਹ ਗੱਲ ਕੁਝ ਅਕਾਲੀ ਆਗੂਆਂ ਨੂੰ ਮਨਜ਼ੂਰ ਨਹੀਂ ਸੀ ਹੋਣੀ ਤੇ ਉਨ੍ਹਾਂ ਮੇਰੇ 'ਤੇ ਅਨੁਸ਼ਾਸਨਹੀਣਤਾ ਦਾ ਦੋਸ਼ ਲਾ ਕੇ ਕੱਢ ਦਿੱਤਾ।"

ਮਨਪ੍ਰੀਤ ਨੇ ਵਿੱਤ ਮੰਤਰੀ ਤੋਂ ਬਰਖ਼ਾਸਤਗੀ ਦੀ ਮਹਾਭਾਰਤ ਦੀ 'ਏਕਲਵਯਾ' ਘਟਨਾ ਨਾਲ ਤੁਲਨਾ ਕਰਦਿਆਂ ਕਿਹਾ, "ਜਿਵੇਂ ਦਰੋਣਾਚਾਰੀਆ ਨੇ ਏਕਲਵਯ ਦਾ ਅੰਗੂਠਾ 'ਗੁਰੂ ਦੱਖਣਾ' ਵਜੋਂ ਲੈ ਕੇ ਉਸ ਨੂੰ ਅੰਗਹੀਣ ਕਰ ਦਿੱਤਾ ਤੇ ਅਰਜੁਨ ਦੀ ਜਿੱਤ ਦਾ ਰਾਹ ਪੱਧਰਾ ਕਰ ਦਿੱਤਾ ਸੀ, ਉਸੇ ਤਰ੍ਹਾਂ ਅਕਾਲੀ ਦਲ ਨੇ ਮੇਰਾ 'ਅੰਗੂਠਾ' ਲੈ ਲਿਆ ਹੈ।" ਉਨ੍ਹਾਂ ਕਿਹਾ ਕਿ 'ਮਨਪ੍ਰੀਤ ਦਾ ਸਿਆਸੀ ਕਤਲ ਕੀਤਾ ਗਿਆ ਹੈ', ਪਰ ਇਹ ਕਤਲ ਕਿਸ ਨੇ ਕੀਤਾ, ਦਾ ਜਵਾਬ ਦੇਣ ਤੋਂ ਉਹ ਟਾਲਾ ਵੱਟ ਗਏ।

ਮਨਪ੍ਰੀਤ ਸਿੰਘ ਬਾਦਲ ਖੁੱਲ੍ਹੀ ਜਿਪਸੀ 'ਚ ਸਾਬਕਾ ਵਿਧਾਇਕ ਕੁਸ਼ਲਦੀਪ ਢਿੱਲੋਂ, ਜਗਬੀਰ ਸਿੰਘ ਬਰਾੜ ਤੇ ਆਪਣੇ ਰਿਸ਼ਤੇਦਾਰ ਜੇਜੋਂ ਨਾਲ ਆਏ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸ੍ਰੀ ਗੁਪਤਸਰ ਸਾਹਿਬ ਤੋਂ ਸ਼ੁਰੂ ਕੀਤੀ ਹਰ ਮੁਹਿੰਮ 'ਚ ਉਨ੍ਹਾਂ ਨੂੰ ਸਫਲਤਾ ਹਾਸਲ ਹੋਈ ਹੈ। ਚਾਰੇ ਚੋਣਾਂ ਇਥੋਂ ਸ਼ੁਰੂ ਕੀਤੀਆਂ ਤੇ ਜਿੱਤ ਹਾਸਲ ਕੀਤੀ। ਇਸ ਲਈ ਅੱਜ ਦੀ ਮੁਹਿੰਮ ਦੀ ਸਫਲਤਾ ਦਾ ਮੁੱਢ ਵੀ ਇਥੋਂ ਹੀ ਬੱਝਣਾ ਜ਼ਰੂਰੀ ਸੀ। ਉਨ੍ਹਾਂ ਭਾਸ਼ਨ ਦੌਰਾਨ ਵਾਰ-ਵਾਰ ਭਾਰਤ ਮਾਤਾ, ਭਾਰਤ ਮਾਂ ਦੀ ਸੇਵਾ, ਦੇਸ਼ ਨਾਲ ਵਫ਼ਾਦਾਰੀ, ਦੇਸ਼ ਪ੍ਰੇਮ ਵਰਗੇ ਸੰਬੋਧਨ ਵਰਤੇ ਅਤੇ ਕੇਂਦਰੀ ਖਜ਼ਾਨਾ ਮੰਤਰੀ ਪ੍ਰਣਬ ਮੁਖਰਜੀ ਨੂੰ ਰੱਜ ਕੇ ਸਲਾਹਿਆ। ਇਸ ਮੌਕੇ ਮਨਪ੍ਰੀਤ ਦੇ ਪਿਤਾ ਗੁਰਦਾਸ ਸਿੰਘ ਬਾਦਲ ਗੱਡੀ ਵਿਚ ਬੈਠੇ ਰਹੇ। ਇਸ ਮਗਰੋਂ ਗਿੱਦੜਬਾਹਾ ਦੇ ਨਹਿਰੀ ਅਰਾਮ ਘਰ ਵਿਖੇ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਉਹ ਉਹ ਪਿਛਲੇ ਦਿਨੀਂ ਡੇਂਗੂ ਤੋਂ ਪੀੜਤ ਸਨ ਜਿਸ ਕਰਕੇ ਸਿਹਤ ਵਿਭਾਗ ਨਾਲ ਸਬੰਧਤ ਕੁਝ ਫਾਈਲਾਂ ਉਨ੍ਹਾਂ ਕੋਲ ਸਨ। ਇਸ ਲਈ ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਉਨ੍ਹਾਂ ਫਾਈਲਾਂ ਸਬੰਧੀ ਗੱਲਬਾਤ ਕਰਨ ਤੇ ਉਨ੍ਹਾਂ ਦਾ ਹਾਲ-ਚਾਲ ਪੁੱਛਣ ਆਏ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ 'ਚ ਹਿੱਸਾ ਲੈਣ ਸਬੰਧੀ ਉਨ੍ਹਾਂ ਸਪਸ਼ਟ ਕੀਤਾ ਕਿ ਇਸ ਸਬੰਧੀ ਅਜੇ ਫੈਸਲਾ ਕਰਨਾ ਹੈ। ਇਕ ਟੈਲੀਵਿਜ਼ਨ ਚੈਨਲ ਵੱਲੋਂ ਉਨ੍ਹਾਂ 'ਤੇ 23 ਗੰਨਮੈਨ ਰੱਖਣ ਦੇ ਲਗਾਏ ਗਏ ਦੋਸ਼ਾਂ ਸਬੰਧੀ ਆਖਿਆ ਕਿ ਇਹ ਗੰਨਮੈਨ ਉਨ੍ਹਾਂ ਦੀ ਨਹੀਂ, ਸਗੋਂ ਖਜ਼ਾਨਾ ਮੰਤਰੀ ਦੀ ਅਤੇ ਖਜ਼ਾਨੇ ਨਾਲ ਸਬੰਧਤ ਰਿਕਾਰਡ ਦੀ ਰਾਖੀ ਲਈ ਹੁੰਦੇ ਹਨ।



ਕੁਝ ਨੇਤਾਵਾਂ ਵਲੋਂ ਉਨ੍ਹਾਂ ਦਾ ਸਾਥ ਛੱਡ ਜਾਣ ਬਾਰੇ ਮਨਪ੍ਰੀਤ ਨੇ ਕਿਹਾ ਕਿ ਇਸ ਤਰ੍ਹਾਂ ਦੇ ਲੋਕਾਂ ਦੇ ਆਉਣ ਜਾਂ ਜਾਣ ਨਾਲ ਕੋਈ ਕਮਜ਼ੋਰ ਨਹੀਂ ਹੁੰਦਾ। ਕਾਂਗਰਸ ਵਲੋਂ ਬਦਲੇ ਦੀ ਰਾਜਨੀਤੀ ਅਤੇ ਝੂਠੇ ਪਰਚਿਆਂ ਦੇ ਸਬੰਧ ਵਿਚ ਲਗਾਏ ਦੋਸ਼ਾਂ ਬਾਰੇ ਉਨ੍ਹਾਂ ਆਖਿਆ ਕਿ ਅਜਿਹਾ ਕੰਮ ਸਿਰਫ ਇਕ ਵਾਰ ਜਿੱਤ ਦਿਵਾ ਸਕਦਾ ਹੈ, ਚਾਰ ਵਾਰ ਨਹੀਂ। ਇਸ ਮੌਕੇ ਉਨ੍ਹਾਂ ਨਾਲ ਜਲੰਧਰ ਛਾਉਣੀ ਤੋਂ ਵਿਧਾਇਕ ਜਗਬੀਰ ਸਿੰਘ ਬਰਾੜ, ਫਰੀਦਕੋਟ ਤੋਂ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ, ਮਾਰਕੀਟ ਕਮੇਟੀ ਮੁਕਤਸਰ ਦੇ ਚੇਅਰਮੈਨ ਜਗਜੀਤ ਸਿੰਘ ਹਨੀ ਫੱਤਣਵਾਲਾ, ਅਕਾਲੀ ਆਗੂ ਕੁਲਦੀਪ ਢੌਂਸ ਧਰਮਕੋਟ ਆਪਣੀ ਹਾਜ਼ਰੀ ਲਗਵਾਉਣ ਲਈ ਗਏ ਸਨ। ਮਨਪ੍ਰੀਤ ਬਾਦਲ ਦੀ ਆਉਂਦੇ ਦਿਨਾਂ 'ਚ ਜਲੰਧਰ, ਅੰਮ੍ਰਿਤਸਰ ਤੇ ਬਠਿੰਡਾ ਸਣੇ ਕਈ ਥਾਂਈਂ ਰੈਲੀ ਕਰਨ ਦੀ ਯੋਜਨਾ ਹੈ।

ਯਾਦ ਰਹੇ 15 ਅਕਤੂਬਰ ਨੂੰ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਲੋਂ ਪਿੰਡ ਬਾਦਲ ਵਿਖੇ ਆਪਣੀ ਰਿਹਾਇਸ਼ 'ਤੇ ਗਿੱਦੜਬਾਹਾ ਹਲਕੇ ਦੇ ਅਕਾਲੀ ਵਰਕਰਾਂ ਨਾਲ ਮੀਟਿੰਗ ਕੀਤੀ ਗਈ ਸੀ। ਮੀਟਿੰਗ ਵਿਚ ਗਿੱਦੜਬਾਹਾ ਤੋਂ ਅਕਾਲੀ ਦਲ ਦੇ ਝੰਡਾਬਰਦਾਰ ਆਗੂ ਵੱਖ-ਵੱਖ ਪਿੰਡਾਂ ਦੇ ਸਰਪੰਚ ਤੇ ਪੰਚ, ਅਹੁਦੇਦਾਰ, ਨਗਰ ਪਾਲਿਕਾ ਤੇ ਮਾਰਕੀਟ ਕਮੇਟੀ ਦੇ ਚੇਅਰਮੈਨ, ਨਗਰ ਕੌਂਸਲਰ ਆਦਿ ਭਾਰੀ ਗਿਣਤੀ ਵਿਚ ਮੌਜੂਦ ਸਨ।

ਅਜਿਹੇ ਆਗੂਆਂ ਵਿਚ ਗੁਰਦਾਸ ਸਿੰਘ ਬਾਦਲ ਦੀ ਬਾਂਹ ਸਮਝੇ ਜਾਂਦੇ ਨੌਜਵਾਨ ਸਤਿੰਦਰਜੀਤ ਸਿੰਘ ਮੰਟਾ ਵੀ ਸ਼ਾਮਲ ਸਨ। ਉਸ ਦੇ ਬਾਅਦ ਦਰਜਨਾਂ ਦੀ ਤਾਦਾਦ ਵਿਚ ਕਾਫ਼ਲੇ ਅਜਿਹੇ ਅਕਾਲੀ ਆਗੂਆਂ ਦੀ ਅਗਵਾਈ ਹੇਠ ਪਹੁੰਚੇ ਜੋ ਕੱਲ੍ਹ ਤੱਕ ਗਿੱਦੜਬਾਹਾ ਹਲਕੇ ਵਿਚ ਮਨਪ੍ਰੀਤ ਨਾਲ ਮੋਹਰੀਆਂ ਵਜੋਂ ਵਿਚਰਦੇ ਸਨ।

ਜਾਣਕਾਰੀ ਅਨੁਸਾਰ ਬੰਦ ਕਮਰਾ ਮੀਟਿੰਗ ਵਿਚ ਉਪ-ਮੁੱਖ ਮੰਤਰੀ ਨੇ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗਿੱਦੜਬਾਹਾ ਹਲਕਾ ਬਾਦਲ ਪਰਿਵਾਰ ਦਾ ਆਪਣਾ ਹਲਕਾ ਹੈ। ਇਸ ਖੇਤਰ ਨੂੰ ਵਿਕਾਸ ਪੱਖੋਂ ਘੱਟ ਨਹੀਂ ਰਹਿਣ ਦਿੱਤਾ ਜਾਵੇਗਾ। ਉਨ੍ਹਾਂ ਕੇਂਦਰੀ ਕਰਜ਼ੇ ਦੇ ਮੁੱਦੇ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਮੁੱਖ ਮੰਤਰੀ ਬਾਦਲ ਨੇ ਮਨਪ੍ਰੀਤ ਨੂੰ ਕਾਫ਼ੀ ਸਮਝਾਇਆ ਪਰ ਉਸ ਨੇ ਮੀਡੀਆ ਵਿਚ ਪੂਰਾ ਮਾਮਲਾ ਲਿਆ ਕੇ ਪਾਰਟੀ ਦੇ ਅਨੁਸ਼ਾਸਨ ਨੂੰ ਭੰਗ ਕੀਤਾ। ਉਪ ਮੁੱਖ ਮੰਤਰੀ ਨੇ ਮਨਪ੍ਰੀਤ ਦੇ ਓ.ਐਸ.ਡੀ. ਚਰਨਜੀਤ ਸਿੰਘ ਨੂੰ ਕਾਫ਼ੀ ਰਗੜੇ ਲਗਾਏ ਅਤੇ ਹੁਣ ਤਕ ਦੇ ਘਟਨਾਕ੍ਰਮ ਲਈ ਉਸ ਨੂੰ ਕਸੂਰਵਾਰ ਦੱਸਿਆ।

## ਪੁਲਿਸ ਵਲੋਂ ਨਕਸਲੀ ਕਾਬੂ ਕਰਨ ਦਾ ਦਾਅਵਾ

ਫਿਲੌਰ: ਹੁਣ ਪੰਜਾਬ ਅੰਦਰ ਆਪਣੇ ਮਨਸੂਬਿਆਂ ਨੂੰ ਅੰਜਾਮ ਦੇਣ ਦੀਆਂ ਤਿਆਰੀਆਂ ਕਰ ਰਹੇ ਨਕਸਲਵਾਦੀ ਗਿਰੋਹ ਦੇ ਇਕ ਮੈਂਬਰ ਨੂੰ ਫਿਲੌਰ ਪੁਲਸ ਨੇ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ।

ਥਾਣਾ ਮੁਖੀ ਫਿਲੌਰ ਹਰਭਜਨ ਸਿੰਘ ਚੀਮਾ ਨੇ ਬੀਤੀ 13 ਅਕਤੂਬਰ ਨੂੰ ਦੱਸਿਆ ਕਿ ਖੁਫੀਆ ਵਿਭਾਗ ਨੇ ਪੁਲਿਸ ਨੂੰ ਸੂਚਨਾ ਦਿੱਤੀ ਸੀ ਕਿ ਕੁਝ ਵਿਅਕਤੀਆਂ ਵਲੋਂ ਪੰਜਾਬ ਅੰਦਰ ਨਕਸਲਵਾਦੀ ਲਹਿਰ ਚਲਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਜਿਸ ਦੇ ਆਧਾਰ 'ਤੇ ਐਸ.ਐਸ.ਪੀ. ਜਲੰਧਰ ਅਸ਼ੀਸ਼ ਚੌਧਰੀ ਤੇ ਡੀ.ਐਸ.ਪੀ. ਫਿਲੌਰ ਪਰਮਪਾਲ ਸਿੰਘ ਦੇ ਦਿਸ਼ਾ-ਨਿਰਦੇਸ਼ਾਂ 'ਤੇ ਤੁਰੰਤ ਕਾਰਵਾਈ ਕਰਦਿਆਂ ਪੁਲਸ ਦੀ ਟੀਮ ਨੇ ਫਿਰੋਜ਼ਪੁਰ ਵਿਖੇ ਛਾਪੇਮਾਰੀ ਕਰਕੇ ਝਾਰਖੰਡ ਦੇ ਨਕਸਲਵਾਦੀ ਹਰਬੰਸ ਉਰਫ ਢਿੱਲੋਂ ਉਰਫ ਬਲਵੀਰ ਬਟਾਲਾ ਨੂੰ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਫਿਰੋਜ਼ਪੁਰ ਵਿਖੇ ਉਕਤ ਨਕਸਲਵਾਦੀ ਮਾਓਵਾਦੀ ਪੰਜਾਬ ਅੰਦਰ ਨਕਸਲਵਾਦੀ ਲਹਿਰ ਨੂੰ ਚਲਾਉਣ ਦੇ ਮਨਸੂਬੇ ਨਾਲ ਪਿਛਲੇ 6 ਮਹੀਨਿਆਂ ਤੋਂ ਫਿਰੋਜ਼ਪੁਰ ਵਿਖੇ ਰਹਿ ਰਿਹਾ ਸੀ ਅਤੇ ਆਪਣੀਆਂ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਰਸੀਦ ਬੁੱਕਾਂ ਅਤੇ ਭੜਕਾਊ ਸਮੱਗਰੀ ਵੰਡ ਰਿਹਾ ਸੀ। ਉਨ੍ਹਾਂ ਦੱਸਿਆ ਕਿ ਇਹ ਨਕਸਲਵਾਦੀ ਗਿਰੋਹ 5 ਮੈਂਬਰੀ ਹੈ।

ਇੰਡੀਆ ਵਿਚ ਜਾਇਦਾਦ ਖਰੀਦਣੀ/ਵੇਚਣੀ ਹੈ?

ਪੰਜਾਬ, ਹਰਿਆਣਾ, ਹਿਮਾਚਲ, ਚੰਡੀਗੜ੍ਹ ਅਤੇ ਰਾਜਸਥਾਨ ਵਿਚ ਕਿਸੇ ਵੀ ਤਰ੍ਹਾਂ ਦੀ ਜ਼ਮੀਨ ਜਾਇਦਾਦ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ:

ਰਵੀ ਗੋਂਡਲ
ਫੋਨ: 916-812-1044
ਮਨੀ ਗੋਂਡਲ
ਫੋਨ: 775-224-6076

ਅਸੀਂ ਅਮਰੀਕਾ ਵਿਚ ਵੀ ਜਾਇਦਾਦ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਵਿਚ ਮਦਦ ਕਰ ਸਕਦੇ ਹਾਂ।

Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers



Gurbans Singh Gill
Realtor
12 Years Experiance in Real Estate
e-mail: gurbans@gotracy.com

REALTY WORLD Millennium

Fax: 209-836-0706
www.gotracy.com

Gurbans Gill 209-815-1869

# ਕਰਜ਼ੇ ਦੇ ਸ਼ਿਕਾਰ ਤੇ ਖੁਦਕੁਸ਼ੀ ਪੀੜਤ ਪਰਿਵਾਰ ਘਰਾਂ ਨੂੰ ਤਾਲੇ ਲਾ ਛੱਡ ਗਏ

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਕਿਸੇ ਸਮੇਂ ਪਿੰਡ ਦੇ ਖੂਹਾਂ ਤੋਂ ਪਾਣੀ ਭਰ ਕੇ ਸੈਂਕੜੇ ਲੋਕਾਂ ਦੀ ਪਿਆਸ ਬੁਝਾਉਣ ਵਾਲਾ ਮਜ਼ਦੂਰ ਬਜ਼ੁਰਗ ਅੱਜ ਆਪਣੇ ਨੌਜਵਾਨ ਪੋਤੇ ਦੀ ਬੇਵਕਤ ਮੌਤ ਤੋਂ ਦੁਖੀ ਹੈ। 25 ਦਸੰਬਰ 2004 ਦੀ ਰਾਤ ਨੂੰ ਵਿਆਹ ਤੋਂ ਕੇਵਲ ਇੱਕ ਮਹੀਨਾ ਮਗਰੋਂ 50-60 ਹਜ਼ਾਰ ਰੁਪਏ ਦਾ ਕਰਜ਼ਾ ਨਾ ਮੋੜਨ ਕਰਕੇ ਉਸ ਦਾ 22 ਸਾਲਾ ਪੋਤਾ ਬਲਵਿੰਦਰ ਸਿੰਘ ਗੱਡੀ ਅੱਗੇ ਕੁੱਦ ਕੇ ਜਾਨ ਦੇ ਗਿਆ। ਉਸ ਦੇ ਦੂਜੇ ਭਰਾ ਦੇ ਲੜ ਲਾਈ ਉਸ ਦੀ ਪਤਨੀ ਸੁਖਪਾਲ ਕੌਰ ਦੇ ਮੂੰਹ ਵਿਚ ਜਿਵੇਂ ਜ਼ੁਬਾਨ ਹੀ ਨਹੀਂ, ਉਹ ਅੱਥਰੂ ਪੂੰਝਦੀ ਦੱਸਦੀ ਹੈ ਕਿ ਇਸ ਕਰਜ਼ੇ ਦਾ ਕੋਈ ਹਿਸਾਬ ਨਹੀਂ ਰਿਹਾ, ਜਿਸ ਨੇ ਉਸ ਦਾ ਘਰ ਪੱਟ ਦਿੱਤਾ।



*ਕਰਜ਼ੇ ਦੇ ਦੈਂਤ ਕਾਰਨ ਖੁਦਕੁਸ਼ੀਆਂ ਕਰ ਗਏ ਨੌਜਵਾਨਾਂ ਦੇ ਪਰਿਵਾਰਕ ਮੈਂਬਰ*

ਖੇਤ ਮਜ਼ਦੂਰ ਮੱਖਣ ਸਿੰਘ ਦਾ ਕਰਜ਼ੇ ਨੇ ਸਾਰਾ ਘਰ ਉਜਾੜ ਕੇ ਰੱਖ ਦਿੱਤਾ। ਕੁਆਰੇ ਮੱਖਣ ਸਿੰਘ ਨੇ 15 ਜੂਨ 2006 ਨੂੰ ਕਰਜ਼ੇ ਕਾਰਨ ਖ਼ੁਦਕੁਸ਼ੀ ਕਰ ਲਈ। ਇਹ ਕਰਜ਼ਾ ਉਸ ਨੇ ਆਪਣੀ ਕੈਂਸਰ ਪੀੜਤ ਮਾਂ ਦੇ ਇਲਾਜ ਲਈ ਚੁੱਕਿਆ ਸੀ ਜੋ ਬਚ ਨਾ ਸਕੀ। ਨੌਜਵਾਨ ਪੁੱਤਰ ਅਤੇ ਪਤਨੀ ਦੀ ਮੌਤ ਦਾ ਸਦਮਾ ਨਾ ਸਹਾਰਦਿਆਂ ਪੁੱਤ ਦੇ ਭੋਗ ਤੋਂ ਦੂਜੇ ਦਿਨ ਹੀ ਉਸ ਦਾ ਪਿਤਾ ਸੇਡੂ ਸਿੰਘ ਵੀ 27 ਜੂਨ ਨੂੰ ਮੌਤ ਨੂੰ ਗਲਵਕੜੀ ਪਾ ਗਿਆ। ਮੱਖਣ ਸਿੰਘ ਦਾ ਛੋਟਾ ਭਰਾ ਲਾਡੀ ਇੱਕ ਰਾਤ ਨੂੰ ਚੁੱਪ-ਚਾਪ ਅਜਿਹਾ ਨਿਕਲਿਆ ਕਿ ਮੁੜ ਵਾਪਸ ਨਹੀਂ ਆਇਆ।

ਮਜ਼ਦੂਰ ਮੱਖਣ ਸਿੰਘ ਪੁੱਤਰ ਗੁਰਦੇਵ ਸਿੰਘ 23 ਸਾਲ ਦੀ ਉਮਰ ਵਿਚ 25 ਫ਼ਰਵਰੀ 1994 ਨੂੰ ਕੀਟਨਾਸ਼ਕ ਦਵਾਈ ਪੀ ਕੇ ਆਤਮ ਹੱਤਿਆ ਕਰ ਗਿਆ। ਉਸ ਦਾ ਵਿਆਹ ਅਜੇ ਦੋ ਮਹੀਨੇ ਪਹਿਲਾਂ ਹੀ ਹੋਇਆ ਸੀ, ਉਸ ਦੇ ਸਿਰ 40 ਹਜ਼ਾਰ ਰੁਪਏ ਦਾ ਕਰਜ਼ਾ ਸੀ। ਮਜ਼ਦੂਰ ਮੋਹਨੀ ਸਿੰਘ ਪੁੱਤਰ ਲੀਲਾ ਸਿੰਘ ਉਮਰ ਛੱਬੀ ਸਾਲ ਨੇ ਤਿੰਨ ਜਨਵਰੀ 1998 ਨੂੰ ਕਰਜ਼ੇ ਕਾਰਨ ਇਸ ਜ਼ਿੰਦਗੀ ਨੂੰ ਗੱਡੀ ਹੇਠ ਆ ਕੇ ਅਲਵਿਦਾ ਆਖਿਆ। ਮੋਹਨੀ ਉਸ ਸਮੇਂ ਅਣਵਿਆਹਿਆ ਸੀ, ਉਸ ਦੇ ਸਰੀਰ ਦਾ ਕਾਫੀ ਹਿੱਸਾ ਅਵਾਰਾ ਕੁੱਤੇ ਲੈ ਗਏ। ਉਹ ਦੋ ਕਨਾਲਾਂ ਜ਼ਮੀਨ ਦਾ ਮਾਲਕ ਸੀ। ਰਾਮਦਾਸੀਆਂ ਦੇ ਹਰਬੰਸ ਸਿੰਘ ਪੁੱਤਰ ਮੁਖਤਿਆਰ ਸਿੰਘ ਨੇ ਆਪਣੇ ਢਾਈ ਏਕੜ ਭੋਂ ਦੇ ਟੁਕੜੇ ਨੂੰ ਰਮਦਾ ਭਾਵ ਪਾਣੀ ਲੱਗਦਾ ਕਰਨ ਲਈ ਟਿਊਬਵੈੱਲ ਲਾਉਣ ਖਾਤਰ 70 ਹਜ਼ਾਰ ਰੁਪਏ ਕਰਜ਼ਾ ਲਿਆ, ਉਤੋਂ ਉਸ ਨੂੰ ਟੀ. ਬੀ. ਦੀ ਬਿਮਾਰੀ ਨੇ ਆ ਘੇਰਿਆ। ਕਰਜ਼ਾ ਅਤੇ ਗਰੀਬੀ ਵੱਧਦੀ ਗਈ, ਇਸ ਦਲਦਲ ਭਰੀ ਜ਼ਿੰਦਗੀ ਤੋਂ ਛੁਟਕਾਰਾ ਪਾਉਣ ਲਈ ਉਸ ਨੇ 24 ਫ਼ਰਵਰੀ 1995 ਨੂੰ ਗੱਡੀ ਹੇਠ ਆ ਕੇ ਆਤਮਘਾਤ ਵਰਗਾ ਖ਼ਤਰਨਾਕ ਕਦਮ ਚੁੱਕ ਲਿਆ ਅਤੇ ਆਪਣੀਆਂ ਛੋਟੀਆਂ-ਛੋਟੀਆਂ ਦੋ ਬੱਚੀਆਂ ਨੂੰ ਰੋਂਦੀਆਂ ਛੱਡ ਤੁਰਦਾ ਬਣਿਆ।

ਪਿੰਡ ਵਿਚ ਬਹੁਤ ਹੀ ਸਰੀਫ਼ ਅਤੇ ਸਮਝਦਾਰ ਮੰਨੀ ਜਾਂਦੀ ਮਜ਼ਦੂਰ ਮਾਈ ਬਲਵਿੰਦਰ ਕੌਰ ਪਤਨੀ ਹੰਸਾ ਸਿੰਘ ਨੇ 55 ਸਾਲ ਦੀ ਉਮਰ ਵਿਚ ਜਦੋਂ ਧਨੀ ਕਿਸਾਨਾਂ ਦੇ ਦਿੱਤੇ ਕਰਜ਼ੇ ਤੋਂ ਤੰਗ ਆ ਕੇ 6 ਸਤੰਬਰ 1997 ਨੂੰ ਕੀਟਨਾਸ਼ਕ ਦਵਾਈ ਨਿਗਲ ਕੇ ਆਤਮ ਹੱਤਿਆ ਕੀਤੀ ਤਾਂ ਸਾਰਾ ਪਿੰਡ ਰੋ ਰਿਹਾ ਸੀ। ਉਸ ਨੇ ਕਿਸੇ ਕਿਸਾਨ ਤੋਂ ਤੀਹ ਹਜ਼ਾਰ ਰੁਪਏ ਕਰਜ਼ਾ ਲਿਆ ਸੀ ਅਤੇ ਉਤੋਂ ਬੇਟੀ ਦਾ ਜਾਪਾ ਆ ਗਿਆ, ਉਸ ਨੂੰ ਕਰਜ਼ੇ ਦੀ ਹੋਰ ਲੋੜ ਸੀ ਜਦ ਕਿ ਕਿਸਾਨ ਪਹਿਲਾਂ ਵਾਲਾ ਕਰਜ਼ਾ ਮੋੜਨ ਲਈ ਦਬਾਅ ਪਾ ਰਿਹਾ ਸੀ, ਹਾਲਾਂਕਿ ਉਸ ਦਾ ਪਤੀ ਹੰਸਾ ਸਿੰਘ ਕਈ ਸਾਲਾਂ ਤੋਂ ਕਿਸਾਨ ਨਾਲ ਸੀਰੀ ਰਲਦਾ ਆ ਰਿਹਾ ਸੀ।

ਕੰਮੀਆਂ ਦੀ ਰਾਜ ਕੌਰ ਨੂੰ ਕਰਜ਼ੇ ਅਤੇ ਗਰੀਬੀ ਕਾਰਨ ਡਾਕਟਰਾਂ ਦੀ ਅਣਗਹਿਲੀ ਕਰਕੇ 20 ਦਸੰਬਰ 1997 ਨੂੰ ਕੀਟਨਾਸ਼ਕ ਦਵਾਈ ਪੀ ਕੇ ਮਰਨ ਲਈ ਮਜਬੂਰ ਹੋਣਾ ਪਿਆ। ਉਸ ਨੇ ਆਪਣੇ ਦੋ ਬੱਚਿਆਂ ਦੇ ਜਨਮ ਤੋਂ ਮਗਰੋਂ ਨਸਬੰਦੀ ਅਪਰੇਸ਼ਨ ਕਰਵਾਇਆ, ਅਪਰੇਸ਼ਨ ਗਲਤ ਹੋਣ ਕਾਰਨ ਟਾਂਕਿਆਂ ਵਿਚ ਪੀਕ ਪੈ ਗਈ। ਇਲਾਜ ਲਈ ਉਸ ਨੂੰ 15 ਹਜ਼ਾਰ ਰੁਪਏ ਦਾ ਕਰਜ਼ਾ ਚੁੱਕਣਾ ਪਿਆ ਜੋ ਉਸ ਨੇ ਕਿਸੇ ਕਿਸਾਨ ਤੋਂ ਗੋਹਾ-ਕੂੜਾ ਕਰਨ ਦੇ ਵਾਅਦੇ 'ਤੇ ਲਏ ਸਨ। ਡਾਕਟਰਾਂ ਦੀ ਭੁੱਖ ਕਰਕੇ ਕਰਜ਼ਾ ਵੱਧਦਾ ਗਿਆ, ਅਖੀਰ ਉਸ ਨੇ ਆਪਣੀ ਜਾਨ ਦੇਣ ਵਿਚ ਹੀ ਭਲਾਈ ਸਮਝੀ।

ਨੌਜਵਾਨ ਕਿਸਾਨ ਖ਼ੁਸਵੰਤ ਸਿੰਘ ਪੁੱਤਰ ਬਲਵਿੰਦਰ ਸਿੰਘ 23 ਸਾਲ ਦੀ ਉਮਰ ਵਿਚ ਵਿਆਹ ਤੋਂ ਚਾਰ ਸਾਲ ਮਗਰੋਂ ਆਪਣੇ ਘਰ ਸਾਹਮਣੇ ਖੂਹ ਵਿਚ ਲਮਕ ਕੇ ਫਾਹਾ ਲੈ ਗਿਆ। ਉਸ ਸਿਰ ਬੈਂਕ ਦਾ ਚਾਰ ਲੱਖ ਰੁਪਏ ਕਰਜ਼ਾ ਸੀ, ਜੋ ਉਸ ਨੇ ਟਰੈਕਟਰ ਲੈਣ ਲਈ ਲਿਆ ਸੀ। ਉਸ ਦੀ ਮੌਤ ਮਗਰੋਂ ਪਰਿਵਾਰ ਨੇ ਕਰਜ਼ਾ ਸਿਰੋਂ ਲਾਹੁਣ ਲਈ ਟਰੈਕਟਰ ਸੰਦਾਂ ਸਮੇਤ ਵੇਚ ਦਿੱਤਾ, ਸਵਾ ਏਕੜ ਜ਼ਮੀਨ ਵੀ ਵੇਚੀ ਪਰੰਤੂ ਕਰਜ਼ੇ ਦਾ ਦੈਂਤ ਵਧਦਾ ਹੀ ਗਿਆ। ਰਾਣੀ ਕੌਰ ਪਤਨੀ ਹਰਮੇਲ ਸਿੰਘ ਦੀ ਕਰਜ਼ੇ ਨੇ 25 ਸਾਲ ਦੀ ਉਮਰ ਵਿਚ ਹੀ ਜਾਨ ਲੈ ਲਈ। ਇਸ ਪਰਿਵਾਰ ਨੇ ਆੜਤੀਏ ਦੇ ਬਹੁਤ ਘੱਟ ਰੁਪਏ ਦੇਣੇ ਸਨ, ਪਰੰਤੂ

**ਬਲਜਿੰਦਰ ਕੋਟਭਾਰਾ**

ਚਲਾਕੀ ਨਾਲ ਉਸ ਨੇ 3.80 ਲੱਖ ਰੁਪਏ ਦੇ ਪ੍ਰਨੋਟ 'ਤੇ ਅਗੂੰਠਾ ਲਗਵਾ ਲਿਆ। ਅਖੀਰ 7 ਅਗਸਤ 1998 ਨੂੰ ਉਸ ਨੇ ਕੀਟਨਾਸ਼ਕ ਦਵਾਈ ਪੀ ਕੇ ਖੁਦਕੁਸ਼ੀ ਕਰ ਲਈ। ਟਰੈਕਟਰ ਸਣੇ ਸੰਦਾਂ ਦੇ ਵਿਕ ਗਿਆ ਪਰ ਕਰਜ਼ਾ ਫਿਰ ਵੀ ਵੱਧਦਾ ਜਾ ਰਿਹਾ ਹੈ।

ਇਸੇ ਪਿੰਡ ਦੇ ਮੁਖਤਿਆਰ ਸਿੰਘ ਦੇ ਪਰਿਵਾਰ ਨੇ ਬੇਟੀ ਦੇ ਵਿਆਹ ਲਈ ਪਿੰਡ ਦੇ ਹੀ ਪਰ ਸ਼ਹਿਰ ਰਹਿੰਦੇ ਇੱਕ ਸ਼ਾਹੂਕਾਰ ਤੋਂ ਕਰਜ਼ਾ ਲਿਆ ਸੀ, ਜੋ ਹਰ ਦਿਨ ਵਧਦਾ ਹੀ ਗਿਆ। ਇਸ ਕਰਜ਼ੇ ਨੇ 9 ਅਪ੍ਰੈਲ 1993 ਨੂੰ ਇਸ ਦੇ ਕੁਆਰੇ ਬੇਟੇ ਜਸਵੰਤ ਸਿੰਘ ਦੀ ਕੇਵਲ 19 ਸਾਲ ਦੀ ਉਮਰ ਵਿਚ ਹੀ ਜਾਨ ਲੈ ਲਈ। ਜ਼ਮੀਨ ਕੇਵਲ ਪੌਣੇ ਦੋ ਏਕੜ ਸੀ ਜੋ ਸਾਰੀ ਦੀ ਸਾਰੀ ਹੀ ਗਹਿਣੇ ਹੋ ਗਈ। ਹੁਣ ਉਸ ਦੀ ਮਾਤਾ ਕੁਲਵੰਤ ਕੌਰ ਦੇ ਰਾਤ ਨੂੰ ਪਿੰਡ ਵਾਲਿਆਂ ਨੂੰ ਕੀਰਨੇ ਸੁਣਦੇ ਹਨ। ਇਨ੍ਹਾਂ ਕੀਰਨਿਆਂ ਨੇ ਦੂਜੇ ਘਰਾਂ ਦੀਆਂ ਬਰੂਹਾਂ ਮੱਲਣੀਆਂ ਸ਼ੁਰੂ ਕਰ ਦਿੱਤੀਆਂ। ਕਿਸਾਨ ਬੋਘਾ ਸਿੰਘ ਦਾ ਪੁੱਤਰ ਗੁਰਮੇਲ ਸਿੰਘ 22 ਸਾਲ ਦੀ ਉਮਰੇ ਆਪਣੇ ਵਿਆਹ ਤੋਂ ਦੋ ਮਹੀਨੇ ਬਾਅਦ ਹੀ ਕਰਜ਼ੇ ਦੀ ਬਲੀ ਚੜ੍ਹ ਗਿਆ। ਇਸ ਪਰਿਵਾਰ ਨੇ ਬੈਂਕ ਰਾਹੀਂ ਨਵਾਂ ਆਇਸ਼ਰ ਟਰੈਕਟਰ ਲਿਆ ਸੀ, ਜੋ ਉਸ ਦੀ ਜਾਨ ਦਾ ਖੌਅ ਬਣ ਗਿਆ,



*ਦਰਜਨਾਂ ਵੱਢੀਆਂ-ਟੁੱਕੀਆਂ ਲਾਸ਼ਾਂ ਦੀ ਪੰਡ ਬੰਨ ਕੇ ਲਿਆਉਣ ਵਾਲਾ ਕਿਸਾਨ ਆਗੂ*

ਸਾਰੀ ਕਮਾਈ ਵਿਆਜ ਨਿਗਲਦਾ ਗਿਆ। ਅਖੀਰ 9 ਸਤੰਬਰ 2002 ਨੂੰ ਉਹ ਕੀਟਨਾਸ਼ਕ ਦਵਾਈ ਨਿਗਲ ਗਿਆ, ਪਰਿਵਾਰ ਦੇ ਖ਼ੇਤੀ ਦੇ ਸਾਰੇ ਸੰਦ ਸਮੇਤ ਟਰੈਕਟਰ ਵਿਕ ਗਏ। ਇਸ ਦੇ ਬਾਵਜੂਦ ਕਰਜ਼ੇ ਦੀ ਪੰਡ ਵੱਧਦੀ ਗਈ। ਤਿੰਨ ਲੱਖ ਰੁਪਏ ਤੋਂ ਵੱਧ ਦਾ ਕਰਜ਼ਾ ਅਜੇ ਵੀ ਖੜਾ ਹੈ। ਵਧਦੇ ਕਰਜ਼ੇ ਦੇ ਭਾਰ ਨੇ 55 ਸਾਲਾ ਬਲਦੇਵ ਸਿੰਘ ਨੂੰ 6 ਜੂਨ 2005 ਨੂੰ ਮਰਨ ਲਈ ਮਜ਼ਬੂਰ ਕਰ ਦਿੱਤਾ ਅਤੇ ਕਰਜ਼ੇ ਨੇ ਉਸ ਦੀ 6 ਏਕੜ ਜੱਦੀ ਜ਼ਮੀਨ ਦੀ ਬਲੀ ਵੀ ਲੈ ਲਈ।

ਪਿੰਡ ਵਿਚ ਦੁੱਖਾਂ ਵਿਚ ਗ੍ਰਸਿਆ ਨਿਮਨ ਕਿਸਾਨੀ ਨਾਲ ਸਬੰਧਤ ਇੱਕ ਅਜਿਹਾ ਪਰਿਵਾਰ ਵੀ ਹੈ ਜਿਸ ਦੇ ਚਾਰ ਮੈਂਬਰਾਂ ਦੀ ਕਰਜ਼ੇ ਨੇ ਬਲੀ ਲੈ ਲਈ, ਪੰਜਵਾਂ ਹਾਦਸੇ ਦਾ ਸ਼ਿਕਾਰ ਹੋ ਗਿਆ। ਬਿਰਧ ਔਰਤ ਰੋਂਦੀ ਕਹਿੰਦੀ ਹੈ ਕਿ ਮੌਤ ਤਾਂ ਭਾਵੇਂ ਆ ਜਾਵੇ ਪਰ ਕੋਈ ਤਾਂ ਕੁਦਰਤੀ ਮੌਤ ਮਰੇ। ਪਰਿਵਾਰ ਦਾ ਮੋਹਤਬਰ ਗੁਰਸੇਵਕ ਸਿੰਘ 1987 ਵਿਚ ਰੇਲ ਗੱਡੀ ਅੱਗੇ ਕੁੱਦ ਕੇ ਆਤਮ ਹੱਤਿਆ ਕਰ ਗਿਆ। ਸਵਾ ਕੁ ਏਕੜ ਦੇ ਮਾਲਕ ਇਸ ਪਰਿਵਾਰ ਸਿਰ ਆੜਤੀਆਂ ਦਾ ਕਰਜ਼ਾ ਸੀ। ਵਿਧਵਾ ਕਰਮਜੀਤ ਕੌਰ ਮ੍ਰਿਤਕ ਦੇ ਛੋਟੇ ਭਾਈ ਨਾਇਬ ਸਿੰਘ ਦੇ ਲੜ ਲਾ ਦਿੱਤੀ ਪਰ ਕਰਜ਼ੇ ਨੇ ਉਸ ਨੂੰ ਵੀ 1998 ਵਿਚ ਨਿਗਲ ਲਿਆ। ਇਸ ਦੈਂਤ ਨੇ ਫਿਰ ਵੀ ਇਸ ਪਰਿਵਾਰ ਦਾ ਖਹਿੜਾ ਨਾ ਛੱਡਿਆ। ਮ੍ਰਿਤਕ ਦਾ ਗੱਭਰੂ ਪੁੱਤ ਜੋ ਉਸ ਦੀ ਮੌਤ ਵੇਲੇ ਕੇਵਲ ਛੇ ਮਹੀਨਿਆਂ ਦਾ ਸੀ, 21 ਸਾਲ ਦੀ ਉਮਰ ਵਿਚ ਗੱਡੀ ਹੇਠ ਆਪਣੀ ਜਾਨ ਦੇ ਗਿਆ, ਉਹ ਉਸ ਸਮੇਂ ਕੁਆਰਾ ਸੀ। ਪਰਿਵਾਰ 'ਤੇ ਦੁੱਖਾਂ ਦੇ ਪਹਾੜ ਡਿੱਗਣ ਦਾ ਸਿਲਸਿਲਾ ਜਾਰੀ ਰਿਹਾ। ਗੁਰਸੇਵਕ ਸਿੰਘ ਦਾ ਭਤੀਜਾ ਤੇ ਉਸ ਦੀ ਵਿਧਵਾ ਦਾ ਭਾਣਜਾ ਸੁਖਦੇਵ ਸਿੰਘ ਪੁੱਤਰ ਬੇਅੰਤ ਸਿੰਘ ਸਾਢੇ 21 ਸਾਲ ਦੀ ਉਮਰ ਵਿਚ 4 ਜੁਲਾਈ 2008 ਨੂੰ ਆਤਮਘਾਤ ਕਰ ਗਿਆ। 7ਵੀਂ ਪਾਸ ਕਰਨ ਮਗਰੋਂ ਇਹ ਲੜਕਾ ਟਰੱਕਾਂ 'ਤੇ ਡਰਾਇਵਰ ਸੀ।

---

ਮੌੜ ਮੰਡੀ ਨੇੜੇ ਪੈਂਦੇ ਪਿੰਡ ਮੌੜ੍ਹ ਚੜ੍ਹਤ ਸਿੰਘ ਵਾਲਾ ਦੇ ਕਰਜ਼ੇ ਦੇ ਸ਼ਿਕਾਰ ਅਤੇ ਖੁਦਕੁਸ਼ੀ ਪੀੜਤ ਪਰਿਵਾਰਾਂ ਵਿਚ ਚਾਰ ਪਰਿਵਾਰ ਆਪਣੇ ਜੱਦੀ ਘਰਾਂ ਨੂੰ ਜਿੰਦਰੇ ਮਾਰ ਗੁੰਮਨਾਮੀ ਦੀ ਹਾਲਤ ਵਿਚ ਕਿਤੇ ਚਲੇ ਗਏ ਹਨ, ਜਿਨ੍ਹਾਂ ਵਿਚੋਂ ਦੋ ਹੇਠਲੀ ਕਿਸਾਨੀ ਅਤੇ ਇੱਕ ਮਜ਼ਦੂਰ ਜਮਾਤ ਨਾਲ ਸਬੰਧਤ ਹੈ। ਸੁੰਨੀਆਂ ਗਲੀਆਂ ਵਿਚ ਪੁਰਾਣੇ ਲੱਕੜ ਦੇ ਤਖ਼ਤਿਆਂ ਅੱਗੇ ਲੋਹੇ ਦੇ ਜੰਗਾਲ ਵਾਲੇ ਜਿੰਦਰੇ ਇਨ੍ਹਾਂ ਅੰਨਦਾਤਿਆਂ ਦੀ ਦੁੱਖਾਂ ਭਰੀ ਤਸਵੀਰ ਪੇਸ਼ ਕਰ ਰਹੇ ਹਨ। ਭਾਰਤੀ ਕਿਸਾਨ ਯੂਨੀਅਨ ਦਾ ਸਰਗਰਮ ਮੈਂਬਰ ਲਛੱਮਣ ਸਿੰਘ 48 ਸਾਲ ਦੀ ਉਮਰ ਵਿਚ ਟਿਊਬਵੈੱਲ ਖਾਤਰ ਆੜਤੀਆਂ ਤੋਂ ਲਿਆ ਕਰਜ਼ਾ ਨਾ ਮੋੜਨ ਕਾਰਨ 12 ਅਕਤੂਬਰ 2005 ਨੂੰ ਕੀਟਨਾਸ਼ਕ ਦਵਾਈ ਨਿਗਲ ਗਿਆ। ਉਸ ਤੋਂ ਬਾਅਦ ਉਸ ਦਾ ਵੱਡਾ ਭਰਾ ਗੁਰਜੰਟ ਸਿੰਘ ਪਿਛਲੇ ਸਾਲ ਸ਼ੱਕੀ ਹਾਲਤਾਂ ਵਿਚ ਆਪਣੇ ਹੀ ਘਰ ਮਰਿਆ ਮਿਲਿਆ ਜਿਸ ਬਾਰੇ ਸ਼ੱਕ ਕੀਤਾ ਜਾਂਦਾ ਹੈ ਕਿ ਡਿਪਰੈਸ਼ਨ ਵਿਚ ਆ ਕੇ ਆਤਮ ਹੱਤਿਆ ਕੀਤੀ ਹੈ। ਪਰਿਵਾਰ ਵਸਾਉਣ ਖਾਤਮ ਉਹ ਕਿਧਰੋਂ ਮੁੱਲ ਦੀ ਜਨਾਨੀ ਲੈ ਕੇ ਆਇਆ ਸੀ ਪਰ ਤੰਗੀਆਂ-ਤੁਰਸ਼ੀਆਂ ਨਾ ਝੱਲਦੀ ਹੋਈ ਉਹ ਭੱਜ ਗਈ ਸੀ। ਉਸ ਦੇ ਦੋ ਭਰਾ ਰਾਤੋ ਰਾਤ ਹੀ ਪਿੰਡ ਛੱਡ ਕੇ ਅਲੋਪ ਹੋ ਗਏ। ਕਰਜ਼ਾ ਵਾਪਸ ਨਾ ਦੇਣ ਕਾਰਨ ਆਤਮ ਘਾਤ ਕਰ ਚੁੱਕੇ ਨੌਜਵਾਨ ਮਜ਼ਦੂਰ ਮੱਖਣ ਸਿੰਘ ਦਾ ਨੌਜਵਾਨ ਭਰਾ ਲਾਡੀ ਰਾਤ ਦੇ ਹਨੇਰੇ ਵਿਚ ਇਸ ਜੱਦੀ ਭਰੱਪੇ ਵਾਲੇ ਪਿੰਡ ਨੂੰ ਅਲਵਿਦਾ ਕਹਿ ਗਿਆ। ਉਸ ਦਾ ਪਿਤਾ ਉਸ ਦੇ ਭਰਾ ਦੇ ਭੋਗ ਤੋਂ ਦੂਜੇ ਦਿਨ ਹੀ ਪੁੱਤਰ ਦਾ ਦੁੱਖ ਨਾ ਸਹਾਰਦਾ ਹੋਇਆ ਮਰ ਗਿਆ ਸੀ। ਕੰਮੀਆਂ ਦੀ ਔਰਤ ਬਲਵਿੰਦਰ ਕੌਰ ਦਾ ਪਤੀ ਹੰਸਾ ਸਿੰਘ ਅਰਧ-ਪਾਗਲ ਹਾਲਤ ਵਿਚ ਸ਼ਮਸ਼ਾਨਘਾਟ ਵਿਚ ਬੈਠਾ ਹੁੰਦਾ ਹੈ।

ਲੋਕ ਹੱਕਾਂ ਖਾਤਰ ਜੂਝ ਰਹੇ ਪਿੰਡ ਮੌੜ੍ਹ



*ਮੌੜ ਮੰਡੀ ਨੇੜੇ ਪਿੰਡ ਮੌੜ੍ਹ ਚੜ੍ਹਤ ਸਿੰਘ ਵਿਚ ਖੁਦਕੁਸ਼ੀ ਕਰ ਗਏ ਮੈਂਬਰਾਂ ਦੇ ਵਾਰਸਾਂ ਦੇ ਚੁੱਪ-ਚਾਪ ਪਿੰਡ ਛੱਡ ਜਾਣ ਮਗਰੋਂ ਘਰ ਨੂੰ ਲੱਗੇ ਹੋਏ ਜਿੰਦਰੇ। ਤਸਵੀਰਾਂ:ਯਾਦਵਿੰਦਰ ਯਾਦ*

ਚੜ੍ਹਤ ਸਿੰਘ ਦੇ ਕਿਸਾਨ ਆਗੂ ਹਰਜਿੰਦਰ ਸਿੰਘ ਬੱਗੀ ਮੱਧ ਵਰਗ ਕਿਸਾਨੀ ਵਿਚੋਂ ਹਨ, ਪਿਤਾ ਸੇਵਾ ਮੁਕਤ ਆਧਿਆਪਕ ਸੀ। ਲੋਕਾਂ ਲਈ ਚੱਲ ਰਹੇ ਘੋਲਾਂ ਵਿਚੋਂ ਬੱਗੀ ਦਾ ਘਰ ਦੇ ਕੰਮਾਂ ਵੱਲ ਕੋਈ ਖਿਆਲ ਨਹੀਂ, ਖੜੀਆਂ ਫ਼ਸਲਾਂ ਖ਼ਰਾਬ ਹੋ ਜਾਂਦੀਆਂ ਹਨ। ਪਿੰਡ ਵਿਚ ਖੁਦਕੁਸ਼ੀ ਦੀਆਂ ਗੱਲਾਂ ਕਰਦਿਆਂ ਉਸ ਦੀਆਂ ਅੱਖਾਂ ਵਿਚੋਂ ਅੱਥਰੂ ਆ ਜਾਂਦੇ ਹਨ। ਦਿੱਲੀ-ਬਠਿੰਡਾ ਰੇਲਵੇ ਲਾਈਨ ਪਿੰਡ ਤੋਂ ਇਕ ਕਿਲੋਮੀਟਰ 'ਤੇ ਹੈ ਜਿਥੇ ਜਿਆਦਾਤਰ ਦੁਖਾਂਤ ਵਾਪਰਦੇ ਹਨ। ਹਰਜਿੰਦਰ ਸਿੰਘ ਨੇ ਆਪਣੇ ਵਰਕਰਾਂ ਨੂੰ ਨਾਲ ਲੈ ਕੇ ਹੁਣ ਤੱਕ ਇਸ ਪਿੰਡ ਅਤੇ ਨੇੜਲੇ ਪਿੰਡ ਮਾਇਸਰਖਾਨਾ ਦੇ ਦਰਜ਼ਨਾਂ ਵੱਢੀਆਂ-ਟੁੱਕੀਆਂ ਲਾਸ਼ਾਂ ਨੂੰ ਪੰਡ ਬਣਾ ਕੇ ਚੁੱਕਿਆ ਹੈ, ਪਿਛਲੇ ਮਹੀਨਿਆਂ ਵਿਚ ਤਾਂ ਇਹ ਵਰਤਾਰਾ ਲਗਾਤਾਰ ਹੀ ਦਿਨਾਂ ਦੀ ਵਿੱਥੀ 'ਤੇ ਚੱਲਦਾ ਰਿਹਾ। ਉਹ ਦੱਸਦਾ ਹੈ ਕਿ ਕੁਝ ਦੀਆਂ ਲਾਸ਼ਾਂ ਦੇ ਸਿਰ ਅਤੇ ਧੜ ਕੁੱਤੇ ਵੀ ਖਾ ਚੁੱਕੇ ਸਨ, ਕੁਝ ਕਈ ਕਈ ਮੀਟਰਾਂ ਦੀ ਦੂਰੀ 'ਤੇ ਬੋਟੀ ਬੋਟੀ ਕੀਤੇ ਪਏ ਸਨ, ਅਜਿਹੀਆਂ ਲਾਸ਼ਾਂ ਲੈ ਕੇ ਆਉਣ ਤੋਂ ਬਾਅਦ ਉਸ ਦੀ ਰਾਤਾਂ ਦੀ ਨੀਂਦ ਖਰਾਬ ਹੋ ਚੁੱਕੀ ਹੈ। ਉਹ ਕਹਿੰਦਾ ਹੈ ਕਿ ਇਨ੍ਹਾਂ ਵਿਚੋਂ ਇੱਕ-ਦੋ ਮੇਰੇ ਜਮਾਤੀ ਅਤੇ ਮਿੱਤਰ ਸਨ। ਪੱਤਰਕਾਰਾਂ ਨੂੰ ਚਾਹ-ਰੋਟੀ ਖਵਾ ਕੇ ਉਹ ਫੇਰ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ 103 ਵੇਂ ਜਨਮ ਦਿਨ ਲਈ ਮਸ਼ਾਲ ਮਾਰਚ ਅਤੇ ਇਨਕਲਾਬੀ ਪ੍ਰੋਗਰਾਮ ਦੀ ਤਿਆਰੀ ਲਈ ਤੁਰ ਪੈਂਦਾ ਹੈ।

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



*Attorny At Law*

**Law Offices Of Jaspreet Singh**

4491 W. Shaw Ave.,
Suite 300 B
(Near Costco)
Fresno, CA 93722
Ph: 559-271-5511

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440

**TAJ**
**INSURANCE SERVICES**

*Local or Long Haul Trucking (48 States)
*Personal or Commercial Lines
*Standard or Non Satandard Market
*Auto and Home package Available

To beat your rates, Visit or Call
Gurdawar S. Mann Or Pal Rai
4 Union Square, Union city, CA 94587
Ph:(510) 487-1000, Fax (510)740-3451
*Note:Also Income Tax filing Available*



Gurdawar S. Mann
Lic#0F34231

# ਅਯੁੱਧਿਆ ਮਾਮਲਾ ਸੁਪਰੀਮ ਕੋਰਟ ਜਾਣ ਲਈ ਤਿਆਰ

**ਲਖਨਊ:** ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਅਤੇ ਨਿਰਮੋਹੀ ਅਖਾੜਾ ਵਲੋਂ ਅਯੁੱਧਿਆ ਮਲਕੀਅਤੀ ਦਾਅਵੇ ਬਾਰੇ ਅਲਾਹਾਬਾਦ ਹਾਈ ਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਵੱਖੋ-ਵੱਖਰੇ ਤੌਰ 'ਤੇ ਚੁਣੌਤੀ ਦੇਣ ਦਾ ਫੈਸਲਾ ਕੀਤਾ ਗਿਆ ਹੈ।

ਬੋਰਡ ਦੇ ਸੂਤਰਾਂ ਨੇ ਬੀਤੀ 16 ਅਕਤੂਬਰ ਨੂੰ ਦੱਸਿਆ, "ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਇਹ ਫੈਸਲਾ ਕੀਤਾ ਗਿਆ ਕਿ ਏ.ਆਈ.ਐਮ.ਪੀ.ਐਸ.ਬੀ. ਸਿੱਧੇ ਤੌਰ 'ਤੇ ਜਾਂ ਸੁੰਨੀ ਸੈਂਟਰਲ ਵਕਫ਼ ਬੋਰਡ ਰਾਹੀਂ ਸੁਪਰੀਮ ਕੋਰਟ ਵਿਚ ਜਾਵੇਗਾ।" ਬੋਰਡ ਦੀ 51 ਮੈਂਬਰੀ ਕਮੇਟੀ ਨੇ ਹਾਈ ਕੋਰਟ ਦੇ ਫੈਸਲੇ 'ਤੇ ਚਰਚਾ ਕੀਤੀ। ਬੋਰਡ ਮੈਂਬਰਾਂ ਨੇ ਪਹਿਲਾਂ ਹੀ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਹਾਈ ਕੋਰਟ ਦਾ ਫੈਸਲਾ ਉਨ੍ਹਾਂ ਨੂੰ ਪ੍ਰਵਾਨ ਨਹੀਂ ਕਿਉਂਕਿ ਇਹ ਤੱਥ 'ਤੇ ਨਹੀਂ ਸਗੋਂ ਅਕੀਦੇ 'ਤੇ ਆਧਾਰਤ ਹੈ।

ਸੁੰਨੀ ਸੈਂਟਰਲ ਵਕਫ਼ ਬੋਰਡ ਨੇ ਅਯੁੱਧਿਆ ਵਿਚ ਮਸਜਿਦ 'ਤੇ ਦਾਅਵਾ ਛੱਡਣ ਦੀ ਸੰਭਾਵਨਾ ਮੁੱਢੋਂ ਰੱਦ ਕਰ ਦਿੱਤੀ ਸੀ ਅਤੇ ਕਿਹਾ ਸੀ ਕਿ ਬਿਨਾਂ ਕਿਸੇ ਠੋਸ ਤਜਵੀਜ਼ ਤੋਂ ਵਿਵਾਦ ਦੇ ਸੁਚਾਰੂ ਹੱਲ ਲੱਭਣ ਦੀਆਂ ਕੋਸ਼ਿਸ਼ਾਂ ਬੇਕਾਰ ਹਨ। ਵਕਫ਼ ਬੋਰਡ ਦਾ ਇਹ ਵੀ ਕਹਿਣਾ ਸੀ ਕਿ ਤਜਵੀਜ਼ ਸ਼ਰੀਅਤ ਦੇ ਦਾਇਰੇ ਵਿਚ ਹੋਣੀ ਚਾਹੀਦੀ ਹੈ ਅਤੇ ਇਹ ਮਹਿਸੂਸ ਕਰਦਾ ਹੈ ਕਿ ਜੇ ਸਭ ਤੋਂ ਪੁਰਾਣੇ ਕੇਸ ਲੜਨ ਵਾਲੇ ਮੁਹੰਮਦ ਹਾਸ਼ਿਮ ਅੰਸਾਰੀ ਪਾਸੇ ਹੋ ਜਾਂਦੇ ਹਨ ਤਾਂ ਵੀ ਇਸ ਨਾਲ ਕੇਸ 'ਤੇ ਕੋਈ ਅਸਰ ਨਹੀਂ ਪਵੇਗਾ। ਉਧਰ ਨਿਰਮੋਹੀ ਅਖਾੜਾ ਦੇ ਮੁਖੀ ਮਹੰਤ ਭਾਸਕਰ, ਜੋ ਹੋਰਨਾਂ ਧਿਰਾਂ ਨਾਲ ਗੱਲਬਾਤ ਕਰਨ ਵਿਚ ਹਿੱਸਾ ਲੈਂਦੇ ਰਹੇ ਹਨ, ਨੇ ਕਿਹਾ ਕਿ ਮੁਸਲਮਾਨਾਂ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਹ ਮਸਜਿਦ ਕਿੱਥੇ ਬਣਾਉਣਾ ਚਾਹੁੰਦੇ ਹਨ। ਉਨ੍ਹਾਂ ਕਿਹਾ, "ਜੇ ਇਹ ਪੰਚਕੋਸੀ ਪਰਿਕਰਮਾ ਤੋਂ ਬਾਹਰ ਹੈ ਤਾਂ ਅਸੀਂ ਜ਼ਮੀਨ ਦੇਣ ਲਈ ਤਿਆਰ ਹਾਂ, ਪਰ ਜਨਮ ਭੂਮੀ 'ਤੇ ਮਸਜਿਦ ਲਈ ਕੋਈ ਸਹਿਮਤੀ ਨਹੀਂ ਹੈ।" ਦਾਸ ਨੇ ਕਿਹਾ, "ਹਾਈ ਕੋਰਟ ਦੇ ਫੈਸਲੇ ਵਿਚ ਸਾਨੂੰ ਉਹੀ ਜ਼ਮੀਨ ਦਿੱਤੀ ਗਈ ਹੈ ਜੋ ਪਹਿਲਾਂ ਤੋਂ ਹੀ ਅਖਾੜੇ ਦੇ ਕਬਜ਼ੇ ਹੇਠ ਹੈ। ਇਕ ਹੋਰ ਹਿੱਸੇ ਦੇ ਮੁੱਦੇ ਦਾ ਨਿਬੇੜਾ ਹੋਣਾ ਅਜੇ ਬਾਕੀ ਹੈ। ਇਸ ਤਰ੍ਹਾਂ ਦੇ ਹਾਲਾਤ ਤਹਿਤ ਸਾਡੇ ਕੋਲ ਸੁਪਰੀਮ ਕੋਰਟ ਵਿਚ ਜਾਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ।" ਭਾਸਕਰ ਦਾਸ ਨੇ ਇਕ ਦਿਨ ਪਹਿਲਾਂ ਭਾਜਪਾ ਨੇਤਾ ਵਿਨੈ ਕਟਿਆਰ ਨਾਲ ਮੀਟਿੰਗ ਕੀਤੀ ਸੀ। ਉਨ੍ਹਾਂ ਕਿਹਾ, "ਕੇਸ ਸੁਪਰੀਮ ਕੋਰਟ ਵਿਚ ਪੁੱਜਣ ਤੋਂ ਬਾਅਦ ਵੀ ਗੱਲਬਾਤ ਜਾਰੀ ਰਹਿ ਸਕਦੀ ਹੈ। ਗੱਲਬਾਤ ਅਤੇ ਵਿਚਾਰ ਚਰਚਾ ਲਈ ਦਰਵਾਜ਼ੇ ਹਮੇਸ਼ਾਂ ਖੁੱਲ੍ਹੇ ਹਨ।" ਉਨ੍ਹਾਂ ਕਿਹਾ ਕਿ ਅਖਾੜਾ ਮੰਦਰ ਦੀ ਉਸਾਰੀ ਲਈ ਵਚਨਬੱਧ ਹੈ ਅਤੇ ਹਿੰਦੂ ਭਾਈਚਾਰੇ ਦੀ ਮਦਦ ਨਾਲ ਇਹ ਟੀਚਾ ਪੂਰਾ ਕੀਤਾ ਜਾਵੇਗਾ।

ਉਧਰ ਅਖਿਲ ਭਾਰਤੀ ਅਖਾੜਾ ਪ੍ਰੀਸ਼ਦ ਦੇ ਮੁਖੀ ਅਤੇ ਹਨੂਮਾਨਗੜ੍ਹੀ ਦੇ ਮਹੰਤ ਗਿਆਨ ਦਾਸ ਨੇ ਕਿਹਾ ਕਿ ਰਾਮ ਜਨਮਭੂਮੀ-ਬਾਬਰੀ ਮਸਜਿਦ ਮੁੱਦੇ ਤੋਂ ਰਾਜਨੀਤੀ ਨੂੰ ਲਾਂਭੇ ਰੱਖਿਆ ਜਾਣਾ ਚਾਹੀਦਾ ਹੈ।

## ਅਯੁੱਧਿਆ ਬਾਰੇ ਪੁੱਛੇ ਸਵਾਲ 'ਤੇ ਭੜਕੇ ਬੁਖਾਰੀ

**ਲਖਨਊ:** ਦਿੱਲੀ ਦੀ ਜਾਮਾ ਮਸਜਿਦ ਦੇ ਸ਼ਾਹੀ ਇਮਾਮ ਮੌਲਾਨਾ ਅਹਿਮਦ ਬੁਖਾਰੀ ਤੇ ਉਨ੍ਹਾਂ ਦੇ ਹਮਾਇਤੀਆਂ ਨੇ ਬੀਤੀ 14 ਅਕਤੂਬਰ ਨੂੰ ਅਯੁੱਧਿਆ ਵਿਵਾਦ ਸਬੰਧੀ ਪ੍ਰੈਸ ਕਾਨਫਰੰਸ ਦੌਰਾਨ ਇਕ ਪੱਤਰਕਾਰ ਦੀ ਕੁੱਟਮਾਰ ਕੀਤੀ। ਇਹ ਘਟਨਾ ਉਸ ਸਮੇਂ ਵਾਪਰੀ, ਜਦੋਂ ਇਕ ਉਰਦੂ ਅਖ਼ਬਾਰ ਦੇ ਪੱਤਰਕਾਰ ਮੁਹੰਮਦ ਅਬਦੁੱਲ ਵਾਹਿਦ ਚਿਸ਼ਤੀ ਨੇ ਬੁਖਾਰੀ ਤੋਂ ਅਯੁੱਧਿਆ 'ਚ ਵਿਵਾਦਤ ਥਾਂ ਦੀ ਮਲਕੀਅਤ ਸਬੰਧੀ ਸਵਾਲ ਪੁੱਛਿਆ। ਪੱਤਰਕਾਰ ਚਿਸ਼ਤੀ ਨੇ ਕਿਹਾ ਕਿ ਖਸਰਾ-ਖਤੌਨੀ 'ਚ ਝਗੜੇ ਵਾਲੀ ਜ਼ਮੀਨ ਸਾਲ 1528 ਤੋਂ ਹਿੰਦੂ ਰਾਜਾ ਦਸਰਥ ਦੇ ਨਾਂ ਦਰਜ ਹੈ ਤੇ ਇਸ ਤੋਂ ਬਾਅਦ ਉਥੇ ਬਾਬਰੀ ਮਸਜਿਦ ਬਣੀ ਹੈ। ਉਨ੍ਹਾਂ ਇਸ ਜ਼ਮੀਨੀ ਰਿਕਾਰਡ ਬਾਰੇ ਬੁਖਾਰੀ ਦਾ ਪੱਖ ਜਾਨਣਾ ਚਾਹਿਆ। ਪਹਿਲਾਂ ਤਾਂ ਬੁਖਾਰੀ ਇਸ ਸਵਾਲ ਨੂੰ ਟਾਲ ਗਏ, ਪਰ ਪੱਤਰਕਾਰ ਨੇ ਆਪਣੇ ਸਵਾਲ ਨੂੰ ਵਾਰ-ਵਾਰ ਦੁਹਰਾਇਆ, ਜਿਸ ਦੇ ਮੱਦੇਨਜ਼ਰ ਬੁਖਾਰੀ ਭੜਕ ਗਏ।



ਕਾਨਫਰੰਸ ਦੌਰਾਨ ਬੁਖਾਰੀ ਨੇ ਕਿਹਾ ਕਿ ਤੁਸੀਂ ਕਾਂਗਰਸ ਦੇ ਏਜੰਟ ਹੋ। ਉਨ੍ਹਾਂ ਕਿਹਾ ਕਿ ਤੇਰੇ ਵਰਗੇ ਗੱਦਾਰਾਂ ਦੀ ਵਜ੍ਹਾ ਕਾਰਨ ਹੀ ਮੁਸਲਿਮ ਭਾਈਚਾਰਾ ਬੇਇੱਜ਼ਤ ਹੋਇਆ ਹੈ। ਹਾਲਾਤ ਉਸ ਸਮੇਂ ਹੋਰ ਗੰਭੀਰ ਹੋ ਗਏ, ਜਦੋਂ ਪ੍ਰੈਸ ਕਾਨਫਰੰਸ ਤੋਂ ਬਾਅਦ ਬੁਖਾਰੀ ਤੇ ਉਨ੍ਹਾਂ ਦੇ ਹਮਾਇਤੀ ਪੱਤਰਕਾਰ ਚਿਸ਼ਤੀ ਨੂੰ ਧੂਹ ਕੇ ਦੂਜੇ ਪਾਸੇ ਲੈ ਗਏ ਤੇ ਉਸ ਦੀ ਕੁੱਟਮਾਰ ਕੀਤੀ।

ਦੂਜੇ ਪਾਸੇ ਪੱਤਰਕਾਰ ਚਿਸ਼ਤੀ ਨੇ ਦੋਸ਼ ਲਾਇਆ ਕਿ ਬੁਖਾਰੀ ਇਸ ਮਾਮਲੇ ਨੂੰ ਫ਼ਿਰਕੂ ਰੰਗਤ ਦੇਣ ਦਾ ਯਤਨ ਕਰ ਰਹੇ ਹਨ। ਇਸ ਤੋਂ ਪਹਿਲਾਂ ਪ੍ਰੈਸ ਕਾਨਫਰੰਸ ਦੌਰਾਨ ਬੁਖਾਰੀ ਨੇ ਕਿਹਾ ਕਿ ਲਖਨਊ ਬੈਂਸ ਦਾ ਫੈਸਲਾ ਨਿਰੋਲ ਆਸਥਾ 'ਤੇ ਆਧਾਰਤ ਹੈ ਤੇ ਮੁਸਲਿਮ ਭਾਈਚਾਰਾ ਇਸ ਨੂੰ ਮਨਜ਼ੂਰ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਅਦਾਲਤ ਨੇ ਸੰਵਿਧਾਨ, ਕਾਨੂੰਨ ਤੇ ਇਨਸਾਫ਼ ਦੇ ਦਾਇਰੇ ਤੋਂ ਬਾਹਰ ਜਾ ਕੇ ਫੈਸਲਾ ਦਿੱਤਾ ਹੈ। ਸ਼ਾਹੀ ਇਮਾਮ ਨੇ ਕਿਹਾ ਕਿ ਸ਼ਰੀਅਤ ਨਿਯਮਾਂ ਮੁਤਾਬਕ ਇਹ ਮਸਲਾ ਗੱਲਬਾਤ ਰਾਹੀਂ ਹੱਲ ਨਹੀਂ ਕੀਤਾ ਜਾ ਸਕਦਾ।

## ਸਾਢੇ ਪੰਜ ਕਰੋੜ ਵਸੂਲ ਕੇ ਰਹਿਮਾਨ ਨੇ ਮਾਫੀ ਮੰਗੀ

**ਮੁੰਬਈ:** ਰਾਸ਼ਟਰਮੰਡਲ ਖੇਡਾਂ ਦੇ ਥੀਮ ਸਾਂਗ 'ਇੰਡੀਆ ਬੁਲਾ ਲੀਆ' ਲਈ ਸਾਢੇ 5 ਕਰੋੜ ਰੁਪਏ ਦਾ ਮਿਹਨਤਾਨਾ ਵਸੂਲਣ ਵਾਲੇ ਆਸਕਰ ਪੁਰਸਕਾਰ ਜੇਤੂ ਸੰਗੀਤਕਾਰ ਏ. ਆਰ. ਰਹਿਮਾਨ ਨੇ ਆਖਿਰਕਾਰ ਮੰਨ ਲਿਆ ਹੈ ਕਿ ਉਨ੍ਹਾਂ ਦਾ ਇਹ ਗੀਤ ਮਿਆਰੀ ਨਹੀਂ ਸੀ ਅਤੇ ਇਸ ਦੇ ਲਈ ਉਹ ਮਾਫੀ ਮੰਗਦੇ ਹਨ।

ਰਹਿਮਾਨ ਨੇ ਇਕ ਟੀ.ਵੀ. ਚੈਨਲ ਨਾਲ ਇੰਟਰਵਿਊ ਵਿਚ ਕਿਹਾ ਕਿ ਇਹ ਗੀਤ ਦੇਸ਼ ਦੀ ਨੌਜਵਾਨ ਪੀੜ੍ਹੀ ਨੂੰ ਧਿਆਨ ਵਿਚ ਰੱਖ ਕੇ ਬਣਾਇਆ ਗਿਆ ਸੀ ਅਤੇ ਸਾਰੇ ਉਮਰ ਵਰਗਾਂ ਵਲ ਧਿਆਨ ਨਹੀਂ ਦਿੱਤਾ ਗਿਆ ਸੀ। ਸ਼ਾਇਦ ਇਸੇ ਕਾਰਨ ਲੋਕਾਂ ਨੇ ਇਸ ਨੂੰ ਪਸੰਦ ਨਹੀਂ ਕੀਤਾ ਅਤੇ ਇਸ ਬਾਰੇ ਵਿਵਾਦ ਖੜ੍ਹਾ ਹੋ ਗਿਆ।

## Matrimonials

### ਕੰਨਿਆ ਦੀ ਲੋੜ

Jat Sikh parents seek suitable match for their US born, handsome, clean shave, 26/6"-1" Engineer son, manager in a top 50 national corporation. Contact: happy202099@yaho.com

Alliance for handsome, clean shaven, sincere, God fearing, 43, 5'-7" Sikh boy. Masters in Edu., Bachelor in Computer math from US, teaching professional, divorcees considered, cast no bar, Ph: 323-573-9315, e-mail: Singhb1@yahoo.com

Match for clean shaven, handsome, Saini boy 36, 5'11", US citizen, divorcee , Vetenary doctor. Girl from California will be prefer. Contact at raj@gfbontime.com

### ਵਰ ਦੀ ਲੋੜ

ਬ੍ਰਾਹਮਣ 27 ਸਾਲਾ, 5'6", ਸੁਨੱਖੀ, ਪੜ੍ਹੀ-ਲਿਖੀ ਅਤੇ ਅਸਟਰੇਲੀਆ ਰਹਿ ਰਹੀ ਨਿਰਦੋਸ਼ ਤਲਾਕਸ਼ੁਦਾ ਲੜਕੀ ਲਈ ਅਮਰੀਕੀ ਸਿਟੀਜ਼ਨ ਵਰ ਦੀ ਲੋੜ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ, ਕੁੰਡਲੀ ਮਿਲਣਾ ਜ਼ਰੂਰੀ। ਕਾਲ ਕਰੋ:61-430907199 ਜਾਂ e-mail: sonamlovesu21@yahoo.com

Suitable match for Khatri Sikh pretty girl 28, Canadian born UBC educated l.l.B. honors, currently pursuing at Kingston varsity London. Call 604-261-9555 & email bio data/photo to Dalipmehta @hotmail.com

US citizen vegetarian, professional match for pretty, sincere, honest, obedient and never married girl, in her 30, 5'-2". Only serious inquiries, cast no bar: Singhb1@yahoo.com

## Public Notice

### Change of Name

I, Kuldip Singh resident of Sheikhupur, PO Kang Ariyian, tehsil Phillaur, district Jalandhar, Pb, India, now living at 4323 Perlita Ave., Apt. 3, Los Angles, CA 90039 USA, have changed my name to Kuldip Singh Mandeir. All concerned please note.

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



Law Office of Sim Kaur
725 30th Street, Suite 203, Sacramento, CA 95816
Areas of Practice:
*Business Law
*Business Formation
*Business Transactions
*Contracts Law
*Corporate Law
Ph:(209) 251-9375
Fax: (916) 596-1092
Email: SimKaur333@gmail.com



Sim Kaur

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40



Asiana Airlines Emirates SINGAPORE AIRLINES CATHAY PACIFIC KOREAN AIR Lufthansa CHINA AIRLINES
We Also Offer Notary Service

Desi Cuts and Color Plus
For Men, Women & Children
Grand Opening
Ph:510-429-0786



Mandeep

510-200-4415



Tony

(510) 825-0820
Monday to Friday 9:00-7:30 (Tuesday Closed)
Saturday 9:00-7:00, Sunday 10:00-6:00
ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।
Hair cut
Beard Perm
Hair styler
Color
Facial, Threading and Waxing (Special Lady)
34685 Alvarado Niles Rd., Union City, CA 94587 ( Behind Tacobell )

FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਵੱਡੇ ਬਾਦਲ ਨੇ ਮਨਪ੍ਰੀਤ ਨੂੰ ਬੂਰ ਵਾਗੂੰ ਲਾਹਿਆ



***ਪਾਰਟੀ 'ਚੋਂ ਮੁਅੱਤਲੀ ਬਣੀ ਵਜ਼ਾਰਤ 'ਚੋਂ ਛਾਂਟੀ ਦਾ ਆਧਾਰ**
***ਵਿੱਤ ਤੇ ਯੋਜਨਾ ਵਿਭਾਗ ਮੁੱਖ ਮੰਤਰੀ ਕੋਲ ਰਹਿਣਗੇ**

**ਚੰਡੀਗੜ੍ਹ :** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਵਲੋਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਪਾਰਟੀ ਜ਼ਾਬਤੇ ਦੀ ਉਲੰਘਣਾ ਕਾਰਨ ਅਕਾਲੀ ਦਲ ਵਿਚੋਂ ਮੁਅੱਤਲ ਕੀਤੇ ਜਾਣ ਦੇ ਮੱਦੇਨਜ਼ਰ ਬੀਤੀ 13 ਅਕਤੂਬਰ ਨੂੰ ਮੰਤਰੀ ਮੰਡਲ ਵਿਚੋਂ ਬਰਤਰਫ ਕਰ ਦਿੱਤਾ ਹੈ। ਇਸ ਤਰ੍ਹਾਂ ਕੋਈ ਨਵਾਂ ਫੈਸਲਾ ਹੋਣ ਤੱਕ ਵਿੱਤ, ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਦੇ ਵਿਭਾਗ ਮੁੱਖ ਮੰਤਰੀ ਕੋਲ ਚਲੇ ਗਏ ਹਨ। ਦੂਜੇ ਪਾਸੇ ਸ. ਮਨਪ੍ਰੀਤ ਬਾਦਲ ਨੇ ਦਾਅਵਾ ਕੀਤਾ ਕਿ ਉਨ੍ਹਾਂ ਆਪਣੇ ਅਹੁਦੇ ਤੋਂ ਪਹਿਲਾਂ ਹੀ ਅਸਤੀਫਾ ਦੇ ਦਿੱਤਾ ਹੈ।

ਵਰਨਣਯੋਗ ਹੈ ਕਿ ਇਕ ਦੋ ਦਿਨ ਪਹਿਲਾਂ ਅਨੁਸ਼ਾਸਨੀ ਕਮੇਟੀ ਨੇ ਰਣਜੀਤ ਸਿੰਘ ਬ੍ਰਹਮਪੁਰਾ ਦੀ ਅਗਵਾਈ ਹੇਠ ਮੀਟਿੰਗ ਕਰਕੇ ਪਾਰਟੀ ਅਨੁਸ਼ਾਸਨ ਦੀ ਉਲੰਘਣਾ ਦੇ ਦੋਸ਼ ਹੇਠ ਮਨਪ੍ਰੀਤ ਸਿੰਘ ਬਾਦਲ ਨੂੰ ਪਾਰਟੀ ਵਿਚੋਂ ਮੁਅੱਤਲ ਕਰ ਦਿੱਤਾ ਸੀ। ਉਨ੍ਹਾਂ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਪਾਰਟੀ ਦੇ ਕਈ ਹੋਰ ਸੀਨੀਅਰ ਆਗੂਆਂ ਵਿਰੁਧ ਟਿੱਪਣੀਆਂ ਕਰਨ ਅਤੇ ਪਾਰਟੀ ਦੀ ਸੋਚ ਦੇ ਖਿਲਾਫ ਬਿਆਨ ਦੇਣ ਦੇ ਦੋਸ਼ ਹਨ। ਉਨ੍ਹਾਂ ਨੂੰ ਕਿਹਾ ਗਿਆ ਸੀ ਕਿ ਉਹ 20 ਅਕਤੂਬਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਦਫਤਰ ਵਿਚ ਅਨੁਸ਼ਾਸਨੀ ਕਮੇਟੀ ਅੱਗੇ ਪੇਸ਼ ਹੋ ਕੇ ਆਪਣਾ ਸਪਸ਼ਟੀਕਰਨ ਦੇਣ। ਇਸ ਤੋਂ ਇਲਾਵਾ ਉਨ੍ਹਾਂ 'ਤੇ ਕਿਸੇ ਵੀ ਤਰ੍ਹਾਂ ਦੀ ਬਿਆਨਬਾਜ਼ੀ ਕਰਨ 'ਤੇ ਪਾਬੰਦੀ ਲਾਈ ਗਈ ਸੀ। ਇਸੇ ਘਟਨਾਕ੍ਰਮ ਨੇ ਉਸ ਵੇਲੇ ਨਵਾਂ ਮੋੜ ਲੈ ਲਿਆ ਜਦੋਂ ਮੁੱਖ ਮੰਤਰੀ ਨੇ ਸਵੇਰ ਵੇਲੇ ਵਿੱਤ ਮੰਤਰੀ ਨੂੰ ਵਜ਼ਾਰਤ ਵਿਚੋਂ ਕੱਢਣ ਦੀ ਕਾਰਵਾਈ ਕਰ ਦਿੱਤੀ।

ਮੁੱਖ ਮੰਤਰੀ ਦਫਤਰ ਦੇ ਬੁਲਾਰੇ ਵਲੋਂ ਦਿੱਤੀ ਜਾਣਕਾਰੀ ਵਿਚ ਕਿਹਾ ਗਿਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਵਲੋਂ ਮਨਪ੍ਰੀਤ ਬਾਦਲ ਖਿਲਾਫ਼ ਕੀਤੀ ਕਾਰਵਾਈ ਦੇ ਮੱਦੇਨਜ਼ਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮਨਪ੍ਰੀਤ ਸਿੰਘ ਬਾਦਲ ਨੂੰ ਪੰਜਾਬ ਮੰਤਰੀ ਮੰਡਲ ਵਿਚੋਂ ਬਰਤਰਫ ਕਰ ਦਿੱਤਾ ਹੈ। ਬੁਲਾਰੇ ਨੇ ਇਹ ਵੀ ਕਿਹਾ ਕਿ ਮਨਪ੍ਰੀਤ ਸਿੰਘ ਨੂੰ ਪਾਰਟੀ ਵਲੋਂ ਮੁੱਢਲੀ ਮੈਂਬਰਸ਼ਿਪ ਤੋਂ ਮੁਅੱਤਲ ਕੀਤੇ ਜਾਣ ਤੋਂ ਬਾਅਦ ਉਨ੍ਹਾਂ ਦਾ ਪੰਜਾਬ ਮੰਤਰੀ ਮੰਡਲ ਦੇ ਮੈਂਬਰ ਵਜੋਂ ਬਣੇ ਰਹਿਣਾ ਸੰਵਿਧਾਨਕ, ਨੈਤਿਕ ਅਤੇ ਰਾਜਨੀਤਿਕ ਤੌਰ 'ਤੇ ਅਸੰਭਵ ਹੋ ਗਿਆ ਸੀ। ਮੁੱਖ ਮੰਤਰੀ ਵਲੋਂ ਇਹ ਫੈਸਲਾ ਪਾਰਟੀ ਦੀ ਇੱਛਾ ਅਤੇ ਸਰਬਸੰਮਤੀ ਨਾਲ ਲਏ ਫੈਸਲੇ ਨੂੰ ਮੁੱਖ ਰੱਖ ਕੇ ਲਿਆ ਗਿਆ। ਭਾਵੇਂ ਮਨਪ੍ਰੀਤ ਸਿੰਘ ਬਾਦਲ ਵਲੋਂ ਅਸਤੀਫਾ ਦੇਣ ਦੀਆਂ ਅਫਵਾਹਾਂ ਸਵੇਰ ਤੋਂ ਹੀ ਗਰਮ ਸਨ ਪਰ ਉਨ੍ਹਾਂ ਨੇ ਜਦੋਂ ਤਿੰਨ ਵਜੇ ਆਪਣੀ ਸਰਕਾਰੀ ਰਿਹਾਇਸ਼ 'ਤੇ ਪ੍ਰੈਸ ਕਾਨਫਰੰਸ ਕਰਕੇ ਅਸਤੀਫਾ ਦੇਣ ਦੀ ਜਾਣਕਾਰੀ ਦਿੱਤੀ ਤਾਂ ਉਸ ਵੇਲੇ ਤੱਕ ਉਨ੍ਹਾਂ ਨੂੰ ਵਜ਼ਾਰਤ ਵਿਚੋਂ ਕੱਢਣ ਦੀ ਕਾਰਵਾਈ ਹੋ ਚੁੱਕੀ ਸੀ।

## ਰਾਜਸੀ ਭਵਿੱਖ ਲਈ ਸਾਰੇ ਰਾਹ ਖੁੱਲ੍ਹੇ-ਮਨਪ੍ਰੀਤ

**ਚੰਡੀਗੜ੍ਹ :** ਸ. ਮਨਪ੍ਰੀਤ ਸਿੰਘ ਬਾਦਲ ਨੇ ਬੀਤੀ 13 ਅਕਤੂਬਰ ਨੂੰ ਕਿਹਾ ਕਿ ਉਨ੍ਹਾਂ ਨੇ ਭਰੇ ਮਨ ਨਾਲ ਵਿੱਤ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦਿੱਤਾ ਹੈ ਕਿਉਂ ਜੋ ਉਨ੍ਹਾਂ ਨਾਲ ਧੱਕਾ ਹੋਇਆ ਹੈ। ਉਨ੍ਹਾਂ ਨੇ ਸਪੱਸ਼ਟ ਸੰਕੇਤ ਦਿੱਤਾ ਹੈ ਕਿ ਉਨ੍ਹਾਂ ਨੇ ਆਪਣੇ ਰਾਜਸੀ ਭਵਿੱਖ ਲਈ ਅਜੇ ਸਾਰੇ ਰਸਤੇ ਖੁੱਲ੍ਹੇ ਰੱਖੇ ਹੋਏ ਹਨ। ਵਿੱਤ ਮੰਤਰੀ ਵਜੋਂ ਅਸਤੀਫਾ ਦੇਣ ਤੋਂ ਬਾਅਦ ਆਪਣੀ ਰਿਹਾਇਸ਼ 'ਤੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮਨਪ੍ਰੀਤ ਬਾਦਲ ਨੇ ਕਿਹਾ ਕਿ ਜ਼ਰੂਰੀ ਨਹੀਂ ਹੈ ਕਿ ਸਚਾਈ ਬਹੁਗਿਣਤੀ ਕੋਲ ਹੋਵੇ, ਸਚਾਈ ਘੱਟ ਗਿਣਤੀ ਕੋਲ ਵੀ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਰੂਹ ਵੀ ਅਕਾਲੀ ਹੈ, ਪਰ ਅਫਸੋਸ ਇਸ ਗੱਲ ਦਾ ਹੈ ਕਿ ਵਫਾਦਾਰੀ 'ਤੇ ਸ਼ੱਕ ਕੀਤਾ ਗਿਆ ਹੈ। ਉਹ ਅਕਾਲੀ ਦਲ ਦੇ ਵਫਾਦਾਰ ਸਿਪਾਹੀ ਰਹੇ ਹਨ, ਪਰ ਮੌਜੂਦਾ ਸਥਿਤੀ ਵਿਚ ਉਨ੍ਹਾਂ ਕੋਲ ਅਸਤੀਫਾ ਦੇਣ ਬਗੈਰ ਕੋਈ ਚਾਰਾ ਨਹੀਂ ਸੀ।

ਉਨ੍ਹਾਂ ਨੇ ਅਨੁਸ਼ਾਸਨਹੀਨਤਾ ਦੇ ਦੋਸ਼ਾਂ ਨੂੰ ਰੱਦ ਕਰਦੇ ਹੋਏ ਕਿਹਾ ਹੈ ਕਿ ਜੇਕਰ ਵਿੱਤ ਮੰਤਰੀ ਕਰਜ਼ੇ ਦੀ ਗੱਲ ਨਹੀਂ ਕਰੇਗਾ ਤਾਂ ਕੀ ਰਿਉੜੀਆਂ ਵੇਚੇਗਾ? ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਸਪਸ਼ਟੀਕਰਨ ਦੇਣ ਦਾ ਮੌਕਾ ਹੀ ਨਹੀਂ ਦਿੱਤਾ ਗਿਆ। ਉਨ੍ਹਾਂ ਨੇ ਆਪਣੇ ਨਾਲ ਖੜ੍ਹਨ ਵਾਲੇ ਵਿਧਾਇਕਾਂ ਜਗਬੀਰ ਸਿੰਘ ਬਰਾੜ, ਸੰਤ ਅਜੀਤ ਸਿੰਘ, ਚਰਨਜੀਤ ਸਿੰਘ ਚੰਨੀ ਅਤੇ ਮਨਜਿੰਦਰ ਸਿੰਘ ਕੰਗ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਇਨ੍ਹਾਂ ਦੇ ਹਲਕਿਆਂ ਲਈ ਵੀ ਕਦੇ ਉਨ੍ਹਾਂ ਨੇ ਗ੍ਰਾਂਟ ਨਹੀਂ ਦਿੱਤੀ ਸਗੋਂ ਇਹ ਤਾਂ ਅਸੂਲਾਂ ਨਾਲ ਖੜ੍ਹੇ ਹਨ। ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਤਿੱਖਾ ਹਮਲਾ ਕਰਦੇ ਹੋਏ ਕਿਹਾ ਹੈ ਕਿ ਉਪ ਮੁੱਖ ਮੰਤਰੀ ਨੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕੀਤਾ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਉਨ੍ਹਾਂ ਦਾ ਅਸਤੀਫਾ ਮੰਗਣ ਦੀ ਥਾਂ ਆਪਣਾ ਅਸਤੀਫਾ ਦੇਣ।

ਮਨਪ੍ਰੀਤ ਬਾਦਲ ਨੇ ਆਪਣੇ ਰਾਜਸੀ ਏਜੰਡੇ ਨਾਲ ਜੁੜੇ ਸਵਾਲਾਂ ਦਾ ਸਿੱਧੇ ਤੌਰ 'ਤੇ ਕੋਈ ਜੁਆਬ ਨਹੀਂ ਦਿੱਤਾ, ਪਰ ਏਨਾ ਜ਼ਰੂਰ ਕਿਹਾ ਕਿ ਅੱਜ ਭਾਵੇਂ ਉਹ ਪੰਜ ਵਿਧਾਇਕ ਹਨ, ਪਰ ਇਸ ਨੂੰ ਬਹੁਗਿਣਤੀ ਵਿਚ ਬਦਲਣ ਲਈ ਉਹ ਲੋਕਾਂ ਦੇ ਘਰ-ਘਰ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਨੇ ਕੋਈ ਸੌਖਾ ਰਾਜਸੀ ਰਸਤਾ ਨਹੀਂ ਚੁਣਿਆ। ਉਨ੍ਹਾਂ ਨੇ ਕਾਂਗਰਸ ਵਿਚ ਜਾਣ ਦੀ ਸੰਭਾਵਨਾ ਨੂੰ ਰੱਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਉਹ ਪੰਜਾਬ ਦੇ ਸਪੂਤ ਹਨ ਅਤੇ ਪੰਜਾਬ ਦੇ ਹਿੱਤਾਂ ਲਈ ਕੋਈ ਵੀ ਫੈਸਲਾ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਮੀਡੀਆ ਨੇ ਕਰਜ਼ੇ ਦੇ ਮੁੱਦੇ 'ਤੇ ਚੰਗਾ ਲਿਖਿਆ ਹੈ, ਪਰ ਇਸ ਲੜਾਈ ਨੂੰ ਮੀਡੀਆ ਨੇ ਸੁਖਬੀਰ ਅਤੇ ਮਨਪ੍ਰੀਤ ਦੀ ਲੜਾਈ ਬਣਾ ਕੇ ਪੇਸ਼ ਕਰ ਦਿੱਤਾ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਵਿਧਾਇਕਾਂ ਦੇ ਮੋਬਾਈਲ ਫੋਨ ਟੇਪ ਹੁੰਦੇ ਹਨ।

# ਮਨਪ੍ਰੀਤ ਮਾਮਲੇ 'ਤੇ ਆਗੂਆਂ ਦੇ ਦਿਲਚਸਪ ਪ੍ਰਤੀਕਰਮ ਸਾਹਮਣੇ ਆਏ



**ਸੁਖਬੀਰ : ਕੋਈ ਵੀ ਵਿਅਕਤੀ ਪਾਰਟੀ ਤੋਂ ਉਪਰ ਨਹੀਂ**
**ਅਮਰਿੰਦਰ : ਮਨਪ੍ਰੀਤ ਨੂੰ ਕਾਂਗਰਸ ਤੋਂ ਦੂਰ ਹੀ ਰੱਖਿਆ ਜਾਵੇ**
**ਰਾਮੂਵਾਲੀਆ : ਮਨਪ੍ਰੀਤ ਨੇ ਪੰਜਾਬ ਦਾ ਪੱਖ ਕਮਜ਼ੋਰ ਕੀਤਾ**

**ਚੰਡੀਗੜ੍ਹ :** ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੀਤੀ 13 ਅਕਤੂਬਰ ਨੂੰ ਬਠਿੰਡਾ 'ਚ ਮਨਪ੍ਰੀਤ ਸਿੰਘ ਬਾਦਲ ਦੀ ਮੁਅੱਤਲੀ ਬਾਰੇ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ ਕਿ ਪਾਰਟੀ ਸੁਪਰੀਮ ਹੈ, ਨਾ ਕਿ ਕੋਈ ਵਿਅਕਤੀ। ਸ. ਬਾਦਲ ਨੇ ਚਿਤਾਵਨੀ ਦਿੱਤੀ ਕਿ ਅਨੁਸ਼ਾਸਨੀ ਕਮੇਟੀ ਵਲੋਂ ਪਾਰਟੀ 'ਚ ਅਨੁਸ਼ਾਸਨ ਕਾਇਮ ਰੱਖਣ ਵਾਸਤੇ ਜੋ ਵੀ ਸਿਫਾਰਸ਼ ਕੀਤੀ ਜਾਵੇਗੀ, ਉਸ ਨੂੰ ਫੌਰੀ ਲਾਗੂ ਕੀਤਾ ਜਾਵੇਗਾ।

ਉਨ੍ਹਾਂ ਆਖਿਆ ਕਿ ਅਨੁਸ਼ਾਸਨੀ ਕਮੇਟੀ ਦੀ ਸਿਫਾਰਸ਼ ਦੇ ਆਧਾਰ 'ਤੇ ਹੀ ਮਨਪ੍ਰੀਤ ਸਿੰਘ ਬਾਦਲ ਖਿਲਾਫ ਐਕਸ਼ਨ ਲਿਆ ਗਿਆ ਹੈ। ਜਦੋਂ ਇਹ ਪੁੱਛਿਆ ਕਿ ਇਸ ਘਟਨਾਕ੍ਰਮ 'ਚ ਅਨੁਸ਼ਾਸਨ ਭੰਗ ਕਰਨ ਵਾਲੇ ਹੋਰ ਵਿਧਾਇਕਾਂ ਖਿਲਾਫ ਵੀ ਕਾਰਵਾਈ ਹੋਏਗੀ ਤਾਂ ਉਨ੍ਹਾਂ ਆਖਿਆ ਕਿ ਅਨੁਸ਼ਾਸਨੀ ਕਮੇਟੀ ਦੀ ਹਰ ਸਿਫਾਰਸ਼ ਮੰਨੀ ਜਾਵੇਗੀ। ਉਂਜ ਉਨ੍ਹਾਂ ਕਈ ਸੁਆਲਾਂ ਦੇ ਜਵਾਬ ਦੇਣ ਤੋਂ ਨਾਂਹ ਕਰ ਦਿੱਤੀ। ਉਪ ਮੁੱਖ ਮੰਤਰੀ ਨੇ ਕਰਜ਼ਾ ਮਾਫੀ ਦੇ ਮੁੱਦੇ 'ਤੇ ਆਖਿਆ ਕਿ ਜੇਕਰ ਕੇਂਦਰ ਦੀ ਕਾਂਗਰਸ ਸਰਕਾਰ ਪੰਜਾਬ ਪ੍ਰਤੀ ਸੁਹਿਰਦ ਹੈ ਤਾਂ ਉਹ ਬਿਨਾਂ ਕਿਸੇ ਸ਼ਰਤ ਤੋਂ ਰਾਜ ਦਾ ਪੂਰਾ ਕਰਜ਼ਾ ਮੁਆਫ ਕਰੇ।

"ਮੈਂ ਤਾਂ ਸੱਚ ਕਹਿਣ ਵਾਲੇ ਦਾ ਸਾਥ ਦੇ ਕੇ ਇਤਿਹਾਸ ਸਿਰਜਿਆ ਹੈ।" ਇਹ ਦਾਅਵਾ ਅਨੰਦਪੁਰ ਸਾਹਿਬ ਵਿਖੇ ਹਲਕਾ ਵਿਧਾਇਕ ਸੰਤ ਅਜੀਤ ਸਿੰਘ ਨੇ ਬੀਤੀ 13 ਅਕਤੂਬਰ ਨੂੰ ਕੀਤਾ। ਉਨ੍ਹਾਂ ਕਿਹਾ ਕਿ ਮਨਪ੍ਰੀਤ ਬਾਦਲ ਇਕ ਸਾਫ ਅਕਸ ਵਾਲਾ ਇਮਾਨਦਾਰ ਵਿਅਕਤੀ ਹੈ। ਉਸ ਨੇ ਵਿੱਤ ਮੰਤਰੀ ਦੇ ਅਹੁਦੇ 'ਤੇ ਰਹਿ ਕੇ ਹਮੇਸ਼ਾਂ ਹੀ ਪੰਜਾਬ ਦੇ ਹਿੱਤਾਂ ਦੀ ਗੱਲ ਕੀਤੀ ਹੈ। ਪਰ ਸ਼੍ਰੋਮਣੀ ਅਕਾਲੀ ਦਲ ਨੂੰ ਆਪਣੀ ਜਗੀਰ ਸਮਝਣ ਵਾਲੇ ਆਗੂਆਂ ਨੇ ਮਨਪ੍ਰੀਤ ਬਾਦਲ ਨਾਲ ਧ੍ਰੋਹ ਕੀਤਾ ਹੈ। ਉਨ੍ਹਾਂ ਕਿਹਾ ਕਿ ਅਸੀਂ ਹਰ ਤਰ੍ਹਾਂ ਨਾਲ ਮਨਪ੍ਰੀਤ ਬਾਦਲ ਦੀ ਹਾਂ ਵਿਚ ਹਾਂ ਮਿਲਾਵਾਂਗੇ।

ਜੇਕਰ ਪੰਜਾਬ ਦੇ ਲੋਕਾਂ ਨੇ ਪੰਜਾਬ ਨੂੰ ਬਚਾਉਣਾ ਹੈ ਤਾਂ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵਰਗੇ ਬੇਦਾਗ ਲੀਡਰ ਦਾ ਸਾਥ ਦੇਣ। ਇਹ ਵਿਚਾਰ ਡਾ. ਗੁਰਮੇਲ ਸਿੰਘ ਸੰਘਾ, ਜਸਬੀਰ ਸਿੰਘ ਢਿੱਲੋਂ, ਜਤਿੰਦਰ ਸਿੰਘ ਬਰਿਆਰ (ਸਮਾਧ ਭਾਈ) ਤੇ ਨਵਜੋਤ ਸਿੰਘ ਬਰਾੜ ਨੇ ਬੀਤੀ 14 ਅਕਤੂਬਰ ਨੂੰ ਬਿਸਬੇਨ ਵਿਚ ਗੱਲਬਾਤ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬੀਆਂ ਤੇ ਅਕਾਲੀ ਪਾਰਟੀ ਨੂੰ ਇਕ ਪੜ੍ਹੇ-ਲਿਖੇ, ਨਿਧੜਕ ਤੇ ਸੱਚਮੁੱਚ ਪੰਜਾਬ ਦੇ ਹਿਤੈਸ਼ੀ ਇਸ ਹੀਰੇ ਦੀ ਇੱਜ਼ਤ ਕਰਦੇ ਹੋਏ ਆਪਣੀ ਜ਼ਮੀਰ ਦੀ ਆਵਾਜ਼ ਉਪਰ ਇਸ ਦਾ ਸਾਥ ਦੇਣਾ ਚਾਹੀਦਾ ਹੈ।

ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਨੇਤਾ ਹਰਵਿੰਦਰ ਸਿੰਘ ਸਰਨਾ ਅਤੇ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਸਾਂਝੇ ਬਿਆਨ ਵਿਚ ਕਿਹਾ ਹੈ ਕਿ ਸ. ਮਨਪ੍ਰੀਤ ਸਿੰਘ ਬਾਦਲ ਨੂੰ ਵਿੱਤ ਮੰਤਰੀ ਦੇ ਅਹੁਦੇ ਤੋਂ ਹਟਾਉਣ ਨਾਲ ਸਾਬਤ ਹੋ ਗਿਆ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪੁੱਤਰ ਮੋਹ ਵਿਚ ਫਸ ਕੇ ਸਾਰਾ ਕੁਝ ਕਰ ਰਹੇ ਹਨ। ਦੋਵਾਂ ਅਕਾਲੀ ਆਗੂਆਂ ਨੇ ਬੀਤੀ 13 ਅਕਤੂਬਰ ਨੂੰ ਕਿਹਾ ਕਿ ਇਸ ਤਰ੍ਹਾਂ ਦੀ ਕਾਰਵਾਈ ਨੂੰ ਅਕਾਲੀ ਵਰਕਰ ਅਤੇ ਹਮਾਇਤੀ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਨੇ ਮਨਪ੍ਰੀਤ ਸਿੰਘ ਬਾਦਲ ਵਲੋਂ ਲਏ ਸਟੈਂਡ ਦੀ ਸ਼ਲਾਘਾ ਕੀਤੀ ਹੈ ਅਤੇ ਨਾਲ ਹੀ ਕਿਹਾ ਹੈ ਕਿ ਮਨਪ੍ਰੀਤ ਸਿੰਘ ਬਾਦਲ ਨੂੰ ਹੁਣ ਕਿਸੇ ਦਬਾਅ ਹੇਠ ਆਉਣ ਦੀ ਲੋੜ ਨਹੀਂ ਹੈ।

ਸਾਬਕਾ ਮੁੱਖ ਮੰਤਰੀ ਤੇ ਸੀਨੀਅਰ ਕਾਂਗਰਸੀ ਨੇਤਾ ਕੈਪਟਨ ਅਮਰਿੰਦਰ ਸਿੰਘ ਨੇ ਬੀਤੀ 14 ਅਕਤੂਬਰ ਨੂੰ ਚੰਡੀਗੜ੍ਹ ਵਿਚ ਕਿਹਾ, "ਮਨਪ੍ਰੀਤ ਸਿੰਘ ਬਾਦਲ ਦਾ ਕਾਂਗਰਸ ਵਿਚ ਆਉਣ 'ਤੇ ਅਸੀਂ ਸਖਤ ਵਿਰੋਧ ਕਰਾਂਗੇ ਕਿਉਂਕਿ ਇਸ ਵਿਅਕਤੀ ਦੇ ਕਾਂਗਰਸ ਵਿਚ ਆਉਣ ਨਾਲ ਪਾਰਟੀ ਨੂੰ ਫਾਇਦਾ ਘੱਟ ਤੇ ਨੁਕਸਾਨ ਜ਼ਿਆਦਾ ਹੋਵੇਗਾ। ਪਾਰਟੀ ਹਾਈ ਕਮਾਨ ਵੀ ਜੇਕਰ ਮੇਰੀ ਰਾਏ ਪੁੱਛੇਗੀ ਤਾਂ ਮੇਰਾ ਇਹੀ ਸੁਝਾਅ ਹੋਵੇਗਾ ਕਿ ਇਸ ਵਿਅਕਤੀ ਨੂੰ ਕਾਂਗਰਸ ਤੋਂ ਪਰ੍ਹਾਂ ਹੀ ਰੱਖਿਆ ਜਾਵੇ।" ਉਨ੍ਹਾਂ ਇਹ ਵੀ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵਿਚਲਾ ਝਗੜਾ ਰਾਜਨੀਤਕ ਘੱਟ ਅਤੇ ਬਾਦਲ ਪਰਿਵਾਰ ਦਾ ਆਪਸੀ ਝਗੜਾ ਜ਼ਿਆਦਾ ਲਗਦਾ ਹੈ। ਗੁਰਦਾਸ ਸਿੰਘ ਬਾਦਲ ਇਕ ਪਾਸੇ ਤਾਂ ਆਪਣੇ ਮੁੰਡੇ ਨਾਲ ਧੱਕਾ ਹੋਣ ਦੀ ਗੱਲ ਕਰਦੇ ਤੇ ਦੂਜੇ ਪਾਸੇ ਪ੍ਰਕਾਸ਼ ਸਿੰਘ ਬਾਦਲ ਦੇ ਸਤਿਕਾਰ ਦੀਆਂ ਗੱਲਾਂ ਕਰਦਾ ਹੈ। ਉਨ੍ਹਾਂ ਕਿਹਾ, "ਅਜਿਹੀ ਹਾਲਤ ਵਿਚ ਤਾਂ ਇਹ ਪਿਓ-ਪੁੱਤ ਬਾਦਲਾਂ ਦੇ ਘਰ ਦੇ ਭੇਤੀ ਵੀ ਨਹੀਂ ਬਣ ਸਕਦੇ।"

ਪੰਜਾਬ ਦੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਸੂਬੇ ਦੇ ਰਾਜਪਾਲ ਤੋਂ ਮੰਗ ਕੀਤੀ ਹੈ ਕਿ ਰਾਜ ਦੇ ਮੁੱਖ ਸਕੱਤਰ ਸੁਬੋਧ ਚੰਦਰ ਅਗਰਵਾਲ ਅਤੇ ਵਿੱਤ ਸਕੱਤਰ ਕੇ.ਬੀ.ਐਸ. ਸਿੱਧੂ ਖਿਲਾਫ਼ ਕਾਰਵਾਈ ਕੀਤੀ ਜਾਵੇ। ਬੀਤੀ 14 ਅਕਤੂਬਰ ਨੂੰ ਚੰਡੀਗੜ੍ਹ ਤੋਂ ਜਾਰੀ ਬਿਆਨ ਰਾਹੀਂ ਉਨ੍ਹਾਂ ਕਿਹਾ ਕਿ ਜ਼ਿੰਮੇਵਾਰ ਅਹੁਦਿਆਂ 'ਤੇ ਬੈਠੇ ਇਨ੍ਹਾਂ ਅਧਿਕਾਰੀਆਂ ਨੂੰ ਨੈਤਿਕ ਤੌਰ 'ਤੇ ਅਹੁਦਿਆਂ 'ਤੇ ਬਣੇ ਰਹਿਣ ਦਾ ਕੋਈ ਹੱਕ ਨਹੀਂ ਕਿਉਂਕਿ ਇਨ੍ਹਾਂ ਅਧਿਕਾਰੀਆਂ ਨੇ ਮੀਡੀਆ ਵਿਚ ਗਲਤ ਤੱਥ ਪੇਸ਼ ਕਰਕੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕੀਤਾ ਹੈ। ਉਨ੍ਹਾਂ ਲੋਕਾਂ ਨੂੰ ਗੁੰਮਰਾਹ ਕਰਨ ਦੇ ਦੋਸ਼ਾਂ ਤਹਿਤ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੋਂ ਵੀ ਅਸਤੀਫੇ ਦੀ ਮੰਗ ਕੀਤੀ ਹੈ। ਕਾਂਗਰਸੀ ਵਿਧਾਇਕ ਨੇ ਮਨਪ੍ਰੀਤ ਸਿੰਘ ਬਾਦਲ ਵਲੋਂ ਮੁੱਦੇ ਦੇ ਆਧਾਰ 'ਤੇ ਅਸਤੀਫਾ ਦੇਣ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਬਕਾ ਵਿੱਤ ਮੰਤਰੀ ਨੇ ਅਜਿਹਾ ਕਰਕੇ ਨੈਤਿਕ ਕਦਰਾਂ ਕੀਮਤਾਂ, ਵੱਕਾਰ ਤੇ ਸਵੈਮਾਣ ਨੂੰ ਕਾਇਮ ਰੱਖਿਆ ਹੈ।

ਅਕਾਲੀ ਦਲ (1920) ਦੇ ਪ੍ਰਧਾਨ ਅਤੇ ਸਾਬਕਾ ਸਪੀਕਰ ਸ. ਰਵੀਇੰਦਰ ਸਿੰਘ ਨੇ ਕਿਹਾ ਕਿ ਅਕਾਲ ਤਖਤ ਸਾਹਿਬ 'ਤੇ ਝੂਠ ਬੋਲਣ ਵਾਲੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ 'ਤੇ ਕੌਣ ਭਰੋਸਾ ਕਰੇਗਾ। ਉਨ੍ਹਾਂ ਕਿਹਾ ਕਿ ਪਹਿਲਾਂ ਸਾਬਕਾ ਵਿੱਤ ਮੰਤਰੀ ਨੂੰ ਅੰਮ੍ਰਿਤ ਭੰਗ ਕਰਨ ਬਦਲੇ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋ ਕੇ ਭੁੱਲ ਬਖਸ਼ਾਉਣੀ ਚਾਹੀਦੀ ਹੈ।

ਬੀਤੀ 14 ਅਕਤੂਬਰ ਨੂੰ ਚੰਡੀਗੜ੍ਹ 'ਚ ਆਪਣੀ ਰਿਹਾਇਸ਼ 'ਤੇ ਗੱਲਬਾਤ ਕਰਦੇ ਹੋਏ ਸ. ਰਵੀਇੰਦਰ ਸਿੰਘ ਨੇ ਕਿਹਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮਾਸਟਰ ਤਾਰਾ ਸਿੰਘ ਸਮੇਤ ਕਿਸੇ ਆਗੂ ਨੂੰ ਨਹੀਂ ਬਖਸ਼ਿਆ ਹੈ। ਉਨ੍ਹਾਂ ਕਿਹਾ ਕਿ ਹੁਣ ਸੁਖਬੀਰ ਸਿੰਘ ਬਾਦਲ ਵੀ ਆਪਣੇ ਬਾਪ ਦੇ ਰਸਤੇ 'ਤੇ ਤੁਰ ਪਿਆ ਹੈ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਸੀਨੀਅਰ ਅਕਾਲੀ ਆਗੂ ਵੀ ਗੋਡੇ ਟੇਕੀ ਬੈਠੇ ਹਨ। ਇਕ ਸਵਾਲ ਦੇ ਜੁਆਬ ਵਿਚ ਸ. ਰਵੀਇੰਦਰ ਸਿੰਘ ਨੇ ਕਿਹਾ ਕਿ ਸ. ਮਨਪ੍ਰੀਤ ਸਿੰਘ ਬਾਦਲ ਨੂੰ ਹੁਣ ਪਤਾ ਲੱਗਾ ਹੈ ਕਿ ਪੰਜਾਬ ਨਾਲ ਬੇਇਨਸਾਫੀ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਤਾਂ ਇਨ੍ਹਾਂ ਦੀ ਆਪਸੀ ਲੜਾਈ ਹੈ ਅਤੇ ਇਸ ਨੂੰ ਪੰਜਾਬ ਦੇ ਹਿੱਤ ਨਾਲ ਜੋੜਨ ਦਾ ਕੋਈ ਮਾਮਲਾ ਹੀ ਨਹੀਂ ਹੈ। ਇਹ ਨਿੱਜੀ ਹਿੱਤਾਂ ਦੀ ਲੜਾਈ ਲੜੀ ਜਾ ਰਹੀ ਹੈ।

ਲੋਕ ਭਲਾਈ ਪਾਰਟੀ ਦੇ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਨੇ ਕਿਹਾ ਕਿ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕੇਂਦਰ ਦੇ ਜ਼ਿੰਮੇ ਚੜ੍ਹੇ ਕਰਜ਼ੇ ਵਿਚ ਸੂਬੇ ਦੇ ਪੱਖ ਨੂੰ ਵਿਗਾੜ ਕੇ ਕਰਜ਼ਾ ਮੁਆਫੀ ਦੇ ਠੋਸ ਹੱਕ ਨੂੰ ਕਮਜ਼ੋਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮਨਪ੍ਰੀਤ ਸਿੰਘ ਬਾਦਲ ਕਰਜ਼ਾ ਮਾਫ਼ੀ ਦੀ ਚਿੱਠੀ ਦੇ ਬਹੁਤੇ ਮੁੱਦਈ ਨਾ ਬਣਨ ਕਿਉਂਕਿ ਇਹ ਵੱਡੀ ਰਾਹਤ ਨਹੀਂ ਹੈ। ਰਾਮੂਵਾਲੀਆ ਨੇ ਕਿਹਾ ਕਿ ਚਿੱਠੀ ਦਾ ਸਪੱਸ਼ਟੀਕਰਨ ਕੇਂਦਰ ਨੂੰ ਦੇਣਾ ਚਾਹੀਦਾ ਹੈ ਤੇ ਮਨਪ੍ਰੀਤ ਇਸ ਬਾਰੇ ਕਿਉਂ ਬੋਲ ਰਹੇ ਹਨ?

ਬੀਤੀ 13 ਅਕਤੂਬਰ ਨੂੰ ਜਲੰਧਰ ਵਿਚ ਪ੍ਰੈਸ ਕਾਨਫਰੰਸ ਦੌਰਾਨ ਰਾਮੂਵਾਲੀਆ ਨੇ ਕਿਹਾ ਕਿ ਕਰਜ਼ੇ ਦਾ ਇਕ ਇਕ ਪੈਸਾ ਪਾਕਿਸਤਾਨ ਵਲੋਂ ਭਾਰਤ ਵਿਰੁਧ ਪਰੌਕਸੀ ਵਾਰ ਦਾ ਕਰਜ਼ਾ ਹੈ ਤੇ ਇਹ ਕਿਵੇਂ ਹੋ ਸਕਦਾ ਹੈ ਕਿ ਦੋਵਾਂ ਦੇਸ਼ਾਂ ਦੀ ਜੰਗ ਦਾ ਕਰਜ਼ਾ ਇਕ ਸੂਬੇ ਸਿਰ ਮੜ੍ਹ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਇਤਿਹਾਸ ਤੋਂ ਸਬਕ ਸਿੱਖਣਾ ਚਾਹੀਦਾ ਹੈ ਕਿ ਇਹ ਉਹੀ ਕਾਂਗਰਸ ਤੇ ਕੇਂਦਰ ਹੈ ਜਿਸ ਨੇ ਲੋਕ ਸਭਾ ਵਿਚ ਤੇ ਰਾਜ ਦੇ ਦੋਵਾਂ ਸਦਨਾਂ ਵਿਚ ਚੰਡੀਗੜ੍ਹ ਪੰਜਾਬ ਨੂੰ ਦੇਣ ਬਾਰੇ ਪ੍ਰਸਤਾਵ ਨੂੰ ਪਾਸ ਕਰਕੇ ਬਾਅਦ ਵਿਚ ਮੂੰਹ ਫੇਰ ਲਿਆ। ਰਾਮੂਵਾਲੀਆ ਨੇ ਕਿਹਾ ਕਿ ਕਸ਼ਮੀਰ ਵਿਚ 1947 ਤੋਂ ਹੁਣ ਤੱਕ 2 ਲੱਖ ਕਰੋੜ ਰੁਪਏ ਖਰਚ ਹੋ ਚੁੱਕੇ ਹਨ ਜੋ ਸਾਰੇ ਮੁਆਫ ਹਨ ਤੇ ਹੁਣ ਵੀ ਪੈਕੇਜ ਦਿੱਤੇ ਜਾ ਰਹੇ ਹਨ ਪਰ ਪੰਜਾਬ ਨੂੰ ਕੰਗਾਲ ਕੀਤਾ ਜਾ ਰਿਹਾ ਹੈ।



ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਦਾ ਕਹਿਣਾ ਹੈ ਕਿ ਮਨਪ੍ਰੀਤ ਬਾਦਲ ਦੇ ਵਿਵਾਦ ਪਿੱਛੇ ਗੰਭੀਰ ਸਿਆਸੀ ਖੇਡ ਹੈ, ਜਿਸ ਦਾ ਪੰਜਾਬ ਦੇ ਕਰਜ਼ੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਨ੍ਹਾਂ ਕਿਹਾ ਕਿ ਕੇਂਦਰ ਵਲੋਂ ਕਰਜ਼ਾ ਮਾਫੀ ਲਈ ਲਗਾਈਆਂ ਸ਼ਰਤਾਂ ਪੰਜਾਬ ਵਿਚ ਇਕ ਸਾਲ ਬਾਅਦ ਆ ਰਹੀਆਂ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਲਗਾਈਆਂ ਗਈਆਂ ਹਨ। ਇਨ੍ਹਾਂ ਸ਼ਰਤਾਂ ਨਾਲ ਕਿਸਾਨਾਂ ਅਤੇ ਆਮ ਲੋਕਾਂ ਨੂੰ ਮਿਲ ਰਹੀ ਬਿਜਲੀ ਸਬਸਿਡੀ ਬੰਦ ਕਰਕੇ ਅਤੇ ਰੋਡਵੇਜ਼ ਦਾ ਘਾਟਾ ਘਟਾਉਣ ਦੀ ਆੜ ਵਿਚ ਲੋਕਾਂ 'ਤੇ ਕਿਰਾਏ ਵਧਾ ਕੇ ਹੋਰ ਬੋਝ ਪਾਉਣ ਦੀ ਮਨਸ਼ਾ ਹੈ। ਇਸੇ ਤਰ੍ਹਾਂ ਬਾਕੀ ਸ਼ਰਤਾਂ ਵੀ ਲੋਕਾਂ ਦਾ ਕਚੂੰਮਰ ਕੱਢਣ ਲਈ ਹਨ। ਸ. ਰਾਜੇਵਾਲ ਨੇ ਬੀਤੀ 14 ਅਕਤੂਬਰ ਨੂੰ ਕਿਹਾ ਕਿ ਕੇਂਦਰ ਸਰਕਾਰ ਖੁਦ ਆਪਣਾ ਅੱਧਾ ਬਜਟ ਇੰਡਸਟਰੀ ਨੂੰ ਸਬਸਿਡੀਆਂ 'ਤੇ ਤਾਂ ਖਰਚ ਕਰ ਸਕਦੀ ਹੈ, ਪਰ ਪੰਜਾਬ ਸਿਰ ਚੜ੍ਹਿਆ ਕਰਜ਼ਾ ਮਾਫ ਨਹੀਂ ਕਰ ਸਕਦੀ।

ਉਨ੍ਹਾਂ ਕਿਹਾ ਕਿ ਮਨਪ੍ਰੀਤ ਬਾਦਲ ਦਾ ਸਾਥ ਦੇਣ ਵਾਲੇ ਵਿਧਾਇਕਾਂ ਨੂੰ ਲੋਕਾਂ 'ਤੇ ਪੈਣ ਵਾਲੇ ਭਾਰ ਦੀ ਕੋਈ ਚਿੰਤਾ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੇ ਹਮੇਸ਼ਾਂ ਕੇਂਦਰੀ ਅੰਨ ਭੰਡਾਰ ਲਈ ਕਣਕ ਲਈ 70 ਫੀਸਦੀ ਅਤੇ ਚਾਵਲਾਂ ਵਿਚ 48 ਫੀਸਦੀ ਦਾ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਡਾ. ਰਣਜੀਤ ਸਿੰਘ ਘੁੰਮਣ ਦੀ ਅਗਵਾਈ ਵਾਲੀ ਕਮੇਟੀ ਅਨੁਸਾਰ ਕੇਂਦਰ ਨੇ ਪਿਛਲੇ 30 ਸਾਲਾਂ ਵਿਚ ਕੇਵਲ ਕਣਕ ਅਤੇ ਝੋਨੇ ਦਾ ਭਾਅ ਘੱਟ ਮਿਥ ਕੇ ਪੰਜਾਬ ਦੇ ਕਿਸਾਨਾਂ ਦਾ 62 ਹਜ਼ਾਰ ਕਰੋੜ ਰੁਪਈਆ ਲੁੱਟ ਲਿਆ ਹੈ।

## ਭਾਜਪਾ ਵੀ ਮਨਪ੍ਰੀਤ ਤੋਂ ਦੂਰੀ ਸਿਰਜਣ ਲੱਗੀ

**ਜਲੰਧਰ :** ਮੰਤਰੀ ਮੰਡਲ 'ਚੋਂ ਮਨਪ੍ਰੀਤ ਸਿੰਘ ਬਾਦਲ ਦੀ ਬਤੌਰ ਵਿੱਤ ਮੰਤਰੀ ਬਰਤਰਫ਼ੀ ਕਾਰਨ ਸ਼੍ਰੋਮਣੀ ਅਕਾਲੀ ਦਲ ਵਿਚ ਹੋਈ ਸਿਆਸੀ ਹਿਲਜੁਲ ਤੋਂ ਬਾਅਦ ਸੱਤਾ ਵਿਚ ਭਾਈਵਾਲ ਭਾਜਪਾ ਨੇ ਆਪਣੇ ਵਿਧਾਇਕਾਂ ਨੂੰ ਮਨਪ੍ਰੀਤ ਬਾਦਲ ਨਾਲ ਕਿਸੇ ਤਰ੍ਹਾਂ ਦਾ ਮਿਲਵਰਤਨ ਨਾ ਰੱਖਣ ਦੇ ਅੰਦਰਖਾਤੇ ਆਦੇਸ਼ ਦੇ ਦਿੱਤੇ ਹਨ। ਭਾਜਪਾ ਦੇ ਸਕੱਤਰ ਕੈਪਟਨ ਅਭਿਮਨਿਊ ਦੀ ਅਗਵਾਈ ਵਿਚ ਬੀਤੀ 15 ਅਕਤੂਬਰ ਨੂੰ ਇਥੇ ਭਾਜਪਾ ਵਿਧਾਇਕਾਂ ਦੀ ਮੀਟਿੰਗ ਦੌਰਾਨ ਇਹ ਆਦੇਸ਼ ਦਿੱਤੇ ਗਏ। ਭਾਵੇਂ ਭਾਜਪਾ ਆਗੂ ਇਸ ਮੀਟਿੰਗ ਨੂੰ ਸਿਆਸੀ ਹਾਲਾਤ ਦਾ ਜਾਇਜ਼ਾ ਲੈਣ ਲਈ ਬੁਲਾਈ ਦੱਸ ਰਹੇ ਹਨ ਪਰ ਪਾਰਟੀ ਦੇ ਆਲ੍ਹਾ ਸੂਤਰਾਂ ਅਨੁਸਾਰ ਮੀਟਿੰਗ ਵਿਚ ਮੰਤਰੀ ਮੰਡਲ 'ਚੋਂ ਬਰਤਰਫ਼ ਮਨਪ੍ਰੀਤ ਸਿੰਘ ਬਾਦਲ ਨਾਲ ਕਿਸੇ ਪ੍ਰਕਾਰ ਦਾ ਮਿਲਵਰਤਨ ਨਾ ਰੱਖਣ ਦਾ ਸਿਆਸੀ ਸੰਦੇਸ਼ ਵਿਧਾਇਕਾਂ ਨੂੰ ਦੇ ਦਿੱਤਾ ਗਿਆ ਹੈ। ਪਾਰਟੀ ਆਗੂਆਂ ਨੇ ਇਨ੍ਹਾਂ ਹਾਲਾਤ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਦੇਣ ਦੀ ਹਾਮੀ ਭਰੀ ਤੇ ਦਾਅਵਾ ਕੀਤਾ ਕਿ ਦੋਵਾਂ ਪਾਰਟੀਆਂ ਦੇ ਆਪਸੀ ਸਬੰਧਾਂ 'ਤੇ ਇਸ ਦਾ ਕੋਈ ਅਸਰ ਨਹੀਂ ਹੋਵੇਗਾ।

ਮੰਨਿਆ ਜਾ ਰਿਹਾ ਹੈ ਕਿ ਮਨਪ੍ਰੀਤ ਬਾਦਲ ਦੇ ਹੱਕ ਵਿਚ ਚਾਰ ਵਿਧਾਇਕਾਂ ਵਲੋਂ ਡਟ ਜਾਣ ਕਾਰਨ ਸੁਖਬੀਰ ਸਿੰਘ ਬਾਦਲ ਦਾ ਭਾਜਪਾ ਵਲ ਵਤੀਰਾ ਨਰਮ ਹੋ ਰਿਹਾ ਹੈ ਤੇ ਭਾਈਵਾਲ ਪਾਰਟੀ ਦੇ ਵਿਧਾਇਕਾਂ ਦੇ ਸਹਿਯੋਗ ਦੇ ਨੁਕਤੇ ਨੂੰ ਵੀ ਉਹ ਗੰਭੀਰਤਾ ਨਾਲ ਲੈ ਰਹੇ ਹਨ। ਦੂਜੇ ਪਾਸੇ ਇਨ੍ਹਾਂ ਘਟਨਾਵਾਂ ਨੂੰ ਭਾਜਪਾ ਆਗੂ ਭਾਵੇਂ ਪਾਰਟੀ ਦਾ ਅੰਦਰੂਨੀ ਜਾਂ ਬਾਦਲ ਪਰਿਵਾਰ ਦਾ ਘਰੇਲੂ ਮਾਮਲਾ ਦੱਸ ਰਹੇ ਹਨ ਪਰ ਅਕਾਲੀ ਦਲ ਦੀ ਇਹ ਹਿਲਜੁਲ ਭਾਜਪਾ ਨੂੰ ਕਿਤੇ ਨਾ ਕਿਤੇ ਅੰਦਰੂਨੀ ਖੋਰਾ ਵੀ ਦੇ ਰਹੀ ਹੈ। ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ, ਪਾਰਟੀ ਵਿਧਾਇਕ ਸੱਤਪਾਲ ਗੋਸਾਈਂ, ਅਮਰਜੀਤ ਸ਼ਾਹੀ ਤੇ ਜਗਦੀਸ਼ ਸਾਹਨੀ ਨੂੰ ਛੱਡ ਕੇ ਸਾਰੇ ਵਿਧਾਇਕ ਮੀਟਿੰਗ ਵਿਚ ਹਾਜ਼ਰ ਸਨ। ਮੀਟਿੰਗ ਵਿਚ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਵੀ ਹਾਜ਼ਰ ਸਨ।

# ਅਕਾਲੀ ਕਲੇਸ਼ ਦੇ ਪ੍ਰਛਾਵੇਂ 'ਚ ਹੋਣਗੀਆਂ ਕਮੇਟੀ ਚੋਣਾਂ

**ਅੰਮ੍ਰਿਤਸਰ :** ਸ਼੍ਰੋਮਣੀ ਅਕਾਲੀ ਦਲ ਵਲੋਂ ਮਨਪ੍ਰੀਤ ਸਿੰਘ ਬਾਦਲ ਖਿਲਾਫ਼ ਕੀਤੀ ਗਈ ਅਨੁਸ਼ਾਸ਼ਨੀ ਕਾਰਵਾਈ ਤੋਂ ਬਾਅਦ ਪਾਰਟੀ ਵਿਚ ਅੰਦਰੂਨੀ ਪੱਧਰ 'ਤੇ ਅਰੰਭ ਹੋਈ ਆਪਸੀ ਖਿੱਚੋਤਾਣ ਦਾ ਪ੍ਰਛਾਵਾਂ ਅਗਾਮੀ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ 'ਤੇ ਪੈਣ ਦਾ ਆਸਾਰ ਹੈ।

ਸ਼੍ਰੋਮਣੀ ਅਕਾਲੀ ਦਲ ਦੀ ਇਸ ਕਾਰਵਾਈ ਤੋਂ ਬਾਅਦ ਜਿਥੇ ਅਕਾਲੀ ਸਿਆਸਤ ਵਿਚ ਸਰਗਰਮੀਆਂ ਸ਼ੁਰੂ ਹੋ ਗਈਆਂ ਹਨ, ਉਥੇ ਨਾਲ ਹੀ ਪਾਰਟੀ ਸਮਰਥਕਾਂ ਅਤੇ ਵਿਰੋਧੀਆਂ ਵਿਚਾਲੇ ਇਸ ਕਾਰਵਾਈ ਨਾਲ ਹੋਣ ਵਾਲੇ ਨੁਕਸਾਨ ਨੂੰ ਲੈ ਕੇ ਨਵੀਂ ਚਰਚਾ ਵੀ ਸ਼ੁਰੂ ਹੋ ਗਈ ਹੈ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਜਨਰਲ ਹਾਊਸ ਦੀ ਮਿਆਦ ਪੂਰੀ ਹੋ ਚੁੱਕੀ ਹੈ ਅਤੇ ਚੋਣਾਂ ਦੇ ਐਲਾਨ ਦੀ ਉਡੀਕ ਕੀਤੀ ਜਾ ਰਹੀ ਹੈ। 2004 ਵਿਚ ਹੋਈਆਂ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਲਗਪਗ 135 ਸੀਟਾਂ 'ਤੇ ਜਿੱਤ ਪ੍ਰਾਪਤ ਹੋਈ ਸੀ ਜਦੋਂਕਿ ਵਿਰੋਧੀ ਧਿਰ ਪੰਥਕ ਮੋਰਚੇ ਨੂੰ ਵੀ ਲਗਪਗ 35 ਸੀਟਾਂ ਪ੍ਰਾਪਤ ਹੋਈਆਂ ਸਨ। ਇਸ ਪੰਥਕ ਮੋਰਚੇ ਵਿਚ ਵੱਖ-ਵੱਖ ਅਕਾਲੀ ਦਲ ਸ਼ਾਮਲ ਸਨ। ਉਸ ਵੇਲੇ ਪੰਥਕ ਮੋਰਚੇ ਨੂੰ ਭਾਵੇਂ ਸੀਟਾਂ ਘੱਟ ਮਿਲੀਆਂ ਸਨ ਪਰ ਹਾਕਮ ਧਿਰ ਅਤੇ ਪੰਥਕ ਮੋਰਚੇ ਵਿਚ ਵੋਟ ਅਨੁਪਾਤ ਬਹੁਤ ਘੱਟ ਸੀ। ਇਹ ਵੋਟ ਅਨੁਪਾਤ 8 ਤੋਂ 10 ਫੀਸਦੀ ਸੀ।

ਸਿਆਸੀ ਮਾਹਿਰਾਂ ਅਨੁਸਾਰ ਇਸ ਵਾਰ ਸ਼੍ਰੋਮਣੀ ਕਮੇਟੀ ਦੀ ਇਹ ਚੋਣ ਉਸ ਵੇਲੇ ਹੋਣ ਜਾ ਰਹੀ ਹੈ ਜਦੋਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦਾ ਸਮਾਂ ਖਤਮ ਹੋਣ ਦੇ ਨੇੜੇ ਹੈ ਅਤੇ ਸਰਕਾਰ ਦੇ ਵਕਾਰ ਦਾ ਗਰਾਫ ਵੀ ਲੋਕਾਂ ਦੇ ਮਨਾਂ ਵਿਚ ਹੇਠਾਂ ਵਲ ਨੂੰ ਹੈ।

ਇਸ ਸਮੇਂ ਪਾਰਟੀ ਵਿਚ ਅਰੰਭ ਹੋਈ ਅੰਦਰੂਨੀ ਖਿੱਚੋਤਾਣ ਵੀ ਜਥੇਬੰਦੀ ਲਈ ਨੁਕਸਾਨਦੇਹ ਸਾਬਤ ਹੋਵੇਗੀ। ਵਿਰੋਧੀ ਅਕਾਲੀ ਦਲਾਂ ਵਲੋਂ ਸਾਂਝੇ ਪਲੇਟਫਾਰਮ 'ਤੇ ਚੋਣ ਲੜਨ ਦੀ ਬਣਾਈ ਜਾ ਰਹੀ ਰਣਨੀਤੀ, ਕਾਂਗਰਸੀ ਸਿੱਖ ਆਗੂਆਂ ਵਲੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਹਰਾਉਣ ਦੀ ਨੀਤੀ ਅਤੇ ਹਾਕਮ ਧਿਰ ਦੀ ਅੰਦਰੂਨੀ ਖਿੱਚੋਤਾਣ ਕਾਰਣ ਇਹ ਚੋਣ ਸ਼੍ਰੋਮਣੀ ਅਕਾਲੀ ਦਲ ਲਈ ਇਕ ਚੁਣੌਤੀ ਬਣ ਕੇ ਆਵੇਗੀ ਜਿਸ ਦੀ ਜਿੱਤ ਜਾਂ ਹਾਰ ਹੀ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਹਾਕਮ ਧਿਰ ਦਾ ਆਧਾਰ ਸਾਬਤ ਹੋਵੇਗੀ।

ਇਸ ਵਾਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਬਣ ਰਹੀਆਂ ਵੋਟਾਂ ਵਿਚ ਵੱਖ-ਵੱਖ ਵਿਰੋਧੀ ਅਕਾਲੀ ਦਲਾਂ ਵਲੋਂ ਆਪਣੀਆਂ ਪੱਕੀਆਂ ਵੋਟਾਂ ਬਣਵਾਈਆਂ ਗਈਆਂ ਹਨ ਜਦੋਂ ਕਿ ਉਨ੍ਹਾਂ ਵਲੋਂ ਪਹਿਲਾਂ ਅਜਿਹਾ ਨਹੀਂ ਕੀਤਾ ਜਾਂਦਾ ਸੀ। ਇਸ ਵਾਰ ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ, ਸ਼੍ਰੋਮਣੀ ਅਕਾਲੀ ਦਲ ਲੌਂਗੋਵਾਲ, ਸ਼੍ਰੋਮਣੀ ਅਕਾਲੀ ਦਲ 1920, ਸਰਬ ਹਿੰਦ ਸ਼੍ਰੋਮਣੀ ਅਕਾਲੀ ਦਲ, ਦਲ ਖਾਲਸਾ ਆਦਿ ਵਲੋਂ ਆਪਣੀਆਂ ਵੋਟਾਂ ਬਣਵਾਈਆਂ ਗਈਆਂ ਹਨ ਜੋ ਉਨ੍ਹਾਂ ਨੂੰ ਇਨ੍ਹਾਂ ਚੋਣਾਂ ਵਿਚ ਸਹਾਇਕ ਸਾਬਤ ਹੋਣਗੀਆਂ। ਇਸ ਤੋਂ ਇਲਾਵਾ ਪਰਮਜੀਤ ਸਿੰਘ ਸਰਨਾ ਦੀ ਅਗਵਾਈ ਵਾਲਾ ਸ਼੍ਰੋਮਣੀ ਅਕਾਲੀ ਦਲ ਦਿੱਲੀ ਵੀ ਪੰਜਾਬ ਵਿਚ ਪੈਰ ਪਸਾਰ ਰਿਹਾ ਹੈ ਅਤੇ ਉਸ ਵਲੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜਣ ਦਾ ਐਲਾਨ ਕੀਤਾ ਜਾ ਚੁੱਕਾ ਹੈ।

ਸੂਤਰਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਲੌਂਗੋਵਾਲ ਦੀ ਅਗਵਾਈ ਦੀ ਜ਼ਿੰਮੇਵਾਰੀ ਜਲਦੀ ਹੀ ਸਾਬਕਾ ਮੁੱਖ ਮੰਤਰੀ ਅਤੇ ਰਾਜਪਾਲ ਸੁਰਜੀਤ ਸਿੰਘ ਬਰਨਾਲਾ ਨੂੰ ਸੌਂਪੀ ਜਾ ਰਹੀ ਹੈ ਜਿਸਦੀ ਅਗਵਾਈ ਹੇਠ ਬਾਕੀ ਅਕਾਲੀ ਦਲ ਵੀ ਇਕੱਠੇ ਹੋ ਸਕਦੇ ਹਨ। ਅਜਿਹੀ ਸਥਿਤੀ ਵਿਚ ਮਨਪ੍ਰੀਤ ਸਿੰਘ ਬਾਦਲ ਦੀ ਹਾਕਮ ਧਿਰ ਤੋਂ ਵਿਦਾਇਗੀ ਨੁਕਸਾਨਦੇਹ ਸਾਬਤ ਹੋਵੇਗੀ।

ਉਨ੍ਹਾਂ ਨਾਲ ਖੜ੍ਹੇ ਵਿਧਾਇਕਾਂ ਦੇ ਕੁਝ ਸ਼੍ਰੋਮਣੀ ਕਮੇਟੀ ਮੈਂਬਰ ਵੀ ਸਮਰਥਕ ਹਨ ਜੋ ਚੋਣਾਂ ਵਿਚ ਹਾਕਮ ਧਿਰ ਦੇ ਉਮੀਦਵਾਰਾਂ ਨੂੰ ਕਰੜੀ ਚੁਣੌਤੀ ਦੇ ਸਕਦੇ ਹਨ। ਇਸ ਸਬੰਧੀ ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਮਨਜੀਤ ਸਿੰਘ ਕਲਕੱਤਾ ਨੇ ਕਿਹਾ ਕਿ ਆਉਂਦੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਅਜੋਕੇ ਹਾਲਾਤਾਂ ਕਾਰਨ ਹੋਣ ਵਾਲੇ ਨੁਕਸਾਨ ਨੂੰ ਦੇਖਦਿਆਂ ਹਾਕਮ ਧਿਰ ਵਲੋਂ ਇਨ੍ਹਾਂ ਚੋਣਾਂ ਨੂੰ ਹੋਰ ਅੱਗੇ ਕਰਾਉਣ ਲਈ ਯਤਨ ਕੀਤਾ ਜਾ ਸਕਦਾ ਹੈ ਤਾਂ ਜੋ ਉਹ ਇਸ ਨੁਕਸਾਨ ਦੀ ਦਰ ਨੂੰ ਘੱਟ ਕਰ ਸਕਣ। ਉਨ੍ਹਾਂ ਕਿਹਾ ਕਿ ਮਨਪ੍ਰੀਤ ਬਾਦਲ ਦੇ ਪਾਰਟੀ ਵਿਚੋਂ ਜਾਣ ਕਾਰਨ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਖਾਸ ਕਰਕੇ ਮਾਲਵਾ ਖੇਤਰ ਵਿਚ ਵੱਡਾ ਨੁਕਸਾਨ ਹੋ ਸਕਦਾ ਹੈ।

## ਅਸੀਂ ਤਾਂ ਪੁੱਤਾਂ ਅੱਗੇ ਲਾਚਾਰ ਹੋ ਗਏ ਹਾਂ...

**ਚੰਡੀਗੜ੍ਹ :** ਪੰਜਾਬ ਦੀ ਰਾਜਨੀਤੀ 'ਤੇ ਪੰਜ ਦਹਾਕਿਆਂ ਤੋਂ ਵੱਧ ਸਮੇਂ ਤੋਂ ਦਬਦਬਾ ਬਣਾਈ ਰੱਖਣ ਵਾਲੀ ਬਾਦਲ ਜੋੜੀ (ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਦਾਸ ਸਿੰਘ ਬਾਦਲ) ਆਪਣੀ ਅਗਲੀ ਪੀੜ੍ਹੀ ਅੱਗੇ ਲਾਚਾਰ ਤੇ ਬੇਵੱਸ ਦਿਖਾਈ ਦੇ ਰਹੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਵਜ਼ਾਰਤ ਵਿਚੋਂ ਵਿੱਤ ਮੰਤਰੀ ਦੇ ਅਹੁਦੇ ਤੋਂ ਅਸਤੀਫ਼ੇ ਦੇ ਐਲਾਨ ਸਮੇਂ ਆਪਣੇ ਪੁੱਤਰ ਮਨਪ੍ਰੀਤ ਸਿੰਘ ਬਾਦਲ ਦੇ ਨਾਲ ਬੈਠੇ ਸ. ਗੁਰਦਾਸ ਸਿੰਘ ਬਾਦਲ ਨੂੰ ਜਦੋਂ ਤਾਜ਼ਾ ਰਾਜਨੀਤਕ ਘਟਨਾਕ੍ਰਮ ਬਾਰੇ ਪੁੱਛਿਆ ਤਾਂ ਉਹ ਕੁਝ ਭਾਵੁਕ ਹੋ ਗਏ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਮਨਪ੍ਰੀਤ ਸਿੰਘ ਬਾਦਲ ਦਰਮਿਆਨ ਪੈਦਾ ਹੋਈ ਕੁੜੱਤਣ ਤੋਂ ਬਾਅਦ ਜੋ ਹਾਲਾਤ ਪੈਦਾ ਹੋਏ, ਉਨ੍ਹਾਂ ਨੂੰ ਬਿਆਨ ਕਰਨਾ 'ਦਾਸ ਜੀ' (ਗੁਰਦਾਸ ਬਾਦਲ) ਦੇ ਵਸੋਂ ਬਾਹਰੀ ਗੱਲ ਜਾਪੀ। ਉਨ੍ਹਾਂ ਸਿਰਫ ਏਨਾ ਹੀ ਕਿਹਾ "ਹੁਣ ਤਾਂ ਲਗਦੈ ਬਾਦਲ ਸਾਹਿਬ ਤੇ ਮੇਰੇ ਕੁਝ ਹੱਥ ਪੱਲੇ ਨਹੀਂ ਰਿਹਾ। ਜੇ ਉਹ ਕੁਝ ਕਰ ਸਕਦੇ ਤਾਂ ਇਹ ਦਿਨ ਨਾ ਆਉਂਦਾ। ਨਾਲੇ ਜਦੋਂ ਬਾਜ਼ੀ ਬੱਚਿਆਂ ਦੇ ਹੱਥ ਆ ਜਾਂਦੀ ਹੈ, ਉਦੋਂ ਗੱਲ ਹੋਰ ਹੀ ਹੋ ਜਾਂਦੀ ਐ। ਹੁਣ ਤਾਂ ਸਾਰਿਆਂ ਨੇ ਹੀ ਮਨਪ੍ਰੀਤ ਦੇ ਦੁਆਲੇ ਘੇਰਾ ਵਲ ਲਿਆ। ਅਜਿਹੇ ਹਾਲਾਤ ਵਿਚ ਮੈਂ ਤੇ ਬਾਦਲ ਸਾਹਿਬ ਭਲਾਂ ਕੀ ਕਰ ਸਕਦੇ ਸਾਂ।"

# 'ਹਰ ਪੰਜਾਬ ਪ੍ਰੇਮੀ ਮਨਪ੍ਰੀਤ ਬਾਦਲ ਦੀ ਹਮਾਇਤ ਵਿਚ ਨਿਤਰੇ'

**ਫਰੀਮਾਂਟ:** ਦੁਨੀਆਂ ਭਰ ਵਿਚ ਵਸਦੇ ਪੰਜਾਬ ਨੂੰ ਦਿਲੋਂ ਮੋਹ ਕਰਨ ਵਾਲੇ ਪੰਜਾਬੀਆਂ ਨੂੰ ਧਰਮ, ਜਾਤ ਅਤੇ ਸਿਆਸਤ ਤੋਂ ਉਪਰ ਉਠ ਕੇ ਪੰਜਾਬ ਦੇ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ



*ਕੁਲਦੀਪ ਸਿੰਘ ਧਾਲੀਵਾਲ ਅਤੇ ਗੁਲਿੰਦਰ ਸਿੰਘ ਗਿੱਲ*

ਸਿੰਘ ਬਾਦਲ ਵਲੋਂ ਪੰਜਾਬ ਦੇ ਹਿੱਤ ਵਿਚ ਉਠਾਏ ਗਏ ਮੁੱਦਿਆਂ ਨੂੰ ਪੂਰੀ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਅਤੇ ਇਸ ਨੂੰ ਬਾਦਲ ਪਰਿਵਾਰ ਦੀ ਅੰਦਰੂਨੀ ਲੜਾਈ ਖਿਆਲ ਕਰਕੇ ਅਣਗੌਲਿਆਂ ਨਹੀਂ ਕਰਨਾ ਚਾਹੀਦਾ ਕਿਉਂਕਿ ਪੰਜਾਬ ਇਸ ਵੇਲੇ ਜਿਸ ਚੌਰਾਹੇ 'ਤੇ ਖੜ੍ਹਾ ਹੈ ਉਥੋਂ ਇਸ ਦਾ ਭਵਿੱਖ ਬਹੁਤ ਹੀ ਧੁੰਦਲਾ ਨਜ਼ਰ ਆ ਰਿਹਾ ਹੈ।

ਇਹ ਵਿਚਾਰ ਸੈਂਟਰ ਆਫ ਇੰਡੋ-ਯੂ ਐਸ ਡਾਇਲਾਗ ਨਾਂ ਦੀ ਸੰਸਥਾ ਵਲੋਂ ਇਥੇ ਜਾਰੀ ਇਕ ਬਿਆਨ ਵਿਚ ਪ੍ਰਗਟਾਉਂਦਿਆਂ ਪ੍ਰਧਾਨ ਕੁਲਦੀਪ ਸਿੰਘ ਧਾਲੀਵਾਲ ਅਤੇ ਮੁੱਖ ਸਲਾਹਕਾਰ ਗੁਲਿੰਦਰ ਸਿੰਘ ਗਿੱਲ ਨੇ ਕਿਹਾ ਕਿ ਹਰ ਪੰਜਾਬੀ ਨੂੰ ਸਿਆਸੀ ਹਿੱਤਾਂ ਤੋਂ ਉਪਰ ਉਠ ਕੇ ਇਸ ਸੱਚ ਨੂੰ ਕਬੂਲ ਕਰਨਾ ਚਾਹੀਦਾ ਹੈ ਕਿ ਪੰਜਾਬ ਸਿਰ ਜਿੰਨਾ ਕਰਜ਼ਾ ਹੈ ਉਸ ਨੂੰ ਲਾਹੁੰਦਿਆਂ ਪੰਜਾਬੀਆਂ ਦੀਆਂ ਕਈ ਪੁਸ਼ਤਾਂ ਥੱਕ ਜਾਣਗੀਆਂ ਅਤੇ ਇਹ ਆਉਣ ਵਾਲੀਆਂ ਪੀੜੀਆਂ ਨਾਲ ਬਹੁਤ ਵੱਡੀ ਬੇਇਨਸਾਫੀ ਹੋਵੇਗੀ। ਇਹ ਵੀ ਚਿੰਤਾ ਵਾਲੀ ਗੱਲ ਹੈ ਕਿ ਪੰਜਾਬ ਦੀ ਖੇਤੀ ਦਾ ਬੇੜਾ ਗਰਕ ਹੋ ਰਿਹਾ ਹੈ, ਪੀਣ ਵਾਲਾ ਪਾਣੀ ਗੰਧਲਾ ਹੋ ਰਿਹਾ ਹੈ, ਕੈਂਸਰ ਅਤੇ ਹਜ਼ਾਰ ਤਰ੍ਹਾਂ ਦੀਆਂ ਹੋਰ ਬਿਮਾਰੀਆਂ ਲਗਾਤਾਰ ਵਧ ਰਹੀਆਂ ਹਨ ਅਤੇ ਪੰਜਾਬ ਦਾ ਕਿਸਾਨ ਕਣਕ-ਝੋਨੇ ਦੇ ਚੱਕਰ ਵਿਚ ਐਸਾ ਫਸਿਆ ਹੈ ਕਿ ਉਹ ਖੁਦਕੁਸ਼ੀਆਂ ਲਈ ਮਜਬੂਰ ਹੋਇਆ ਪਿਆ ਹੈ। ਇਸ ਤੋਂ ਇਲਾਵਾ ਨਸ਼ਿਆਂ ਦੇ ਹੜ੍ਹ, ਵਿਗੜਦੇ ਵਾਤਾਵਰਣ ਅਤੇ ਮਾਦਾ ਭਰੂਣ ਹੱਤਿਆ ਨੇ ਸਮੁੱਚੇ ਪੰਜਾਬੀਆਂ ਨੂੰ ਸ਼ਰਮਸਾਰ ਕੀਤਾ ਹੋਇਆ ਹੈ। ਆਮ ਪੰਜਾਬੀ ਗਰੀਬ ਹੋ ਰਿਹਾ ਹੈ ਜਦੋਂਕਿ ਸਿਆਸਤਦਾਨ, ਅਫਸਰਸ਼ਾਹੀ ਅਤੇ ਇਨ੍ਹਾਂ ਦੇ ਪੁਸ਼ਤਪਨਾਹ ਸਨਅਤਕਾਰ ਅਤੇ ਬਿਜਨਸਮੈਨ ਅਮੀਰ ਹੋ ਰਹੇ ਹਨ।

ਦੋਹਾਂ ਆਗੂਆਂ ਨੇ ਕਿਹਾ ਕਿ ਇਸ ਸਮੇਂ ਜਦੋਂ ਮਨਪ੍ਰੀਤ ਬਾਦਲ ਨੇ ਪੰਜਾਬ ਦੇ ਅਸਲੀ ਮੁੱਦੇ ਛੋਹੇ ਹਨ ਤਾਂ ਉਸ ਨੂੰ ਬਾਦਲ ਮਾਅਰਕਾ ਸਿਆਸਤ ਵਲੋਂ ਬਲੀ ਦਾ ਬੱਕਰਾ ਬਣਾਇਆ ਗਿਆ ਹੈ। ਜੇ ਅਸੀਂ ਪੰਜਾਬ ਨੂੰ ਬਚਾਉਣਾ ਚਾਹੁੰਦੇ ਹਾਂ ਤਾਂ ਮਨਪ੍ਰੀਤ ਸਿੰਘ ਬਾਦਲ ਵਲੋਂ ਉਠਾਈ ਗਈ ਆਵਾਜ਼ ਦੀ ਹਮਾਇਤ ਕਰਨਾ ਸਾਡਾ ਫਰਜ਼ ਹੈ। ਜਦੋਂ ਮਨਪ੍ਰੀਤ ਸਿੰਘ ਕਹਿੰਦਾ ਹੈ ਕਿ ਪੰਜਾਬ ਸਿਰ 75,000 ਕਰੋੜ ਦੇ ਕਰਜ਼ੇ ਨੂੰ ਮੁਕਾਉਣ ਲਈ ਫਜ਼ੂਲ ਖਰਚੀ ਵਿਚ ਕਟੌਤੀ ਅਤੇ ਆਮਦਨ ਦੇ ਸਾਧਨ ਵਧਾਉਣ ਦੀ ਲੋੜ ਹੈ ਤਾਂ ਇਸ ਵਿਚ ਪੰਜਾਬ ਦਾ ਦਰਦ ਨਜ਼ਰ ਆਉਂਦਾ ਹੈ।

## ਡਬਲ ਡੈਕਰ ਏ ਸੀ ਡੱਬੇ ਦੌੜਨ ਲਈ ਤਿਆਰ

**ਕਪੂਰਥਲਾ :** ਦੇਸ਼ ਦੇ ਪਹਿਲੇ 10 ਡਬਲ ਡੈਕਰ ਏ.ਸੀ. ਡੱਬੇ ਬੀਤੀ 16 ਅਕਤੂਬਰ ਨੂੰ ਸਥਾਨਕ ਰੇਲ ਕੋਚ ਫ਼ੈਕਟਰੀ ਵਿਚੋਂ ਤਿਆਰ ਹੋ ਕੇ ਨਿਕਲੇ ਜਿਨ੍ਹਾਂ ਨੂੰ ਹਾਵੜਾ-ਧਨਬਾਦ ਸੈਕਸ਼ਨ 'ਤੇ ਚਲਾਇਆ ਜਾਵੇਗਾ। ਰੇਲ ਕੋਚ ਫ਼ੈਕਟਰੀ ਦੇ ਜਨਰਲ ਮੈਨੇਜਰ ਪ੍ਰਦੀਪ ਕੁਮਾਰ ਨੇ ਦੱਸਿਆ ਕਿ ਇਹ ਜੰਗ ਰਹਿਤ ਸਟੀਲ ਨਾਲ ਬਣੇ ਡੱਬੇ ਤੇਜ਼ ਰਫ਼ਤਾਰ ਦੌੜਨ ਦੇ ਸਮਰੱਥ ਬਣਾਏ ਗਏ ਹਨ।

San Jose ਤੋਂ Sacramento, Yuba City ਅਤੇ Bakersfield ਵਿੱਚ ਸੁਣਿਆ ਜਾਣ ਵਾਲਾ

ਪੰਜਾਬੀ ਰੇਡੀਓ
Punjabi RADIO

ਜਿੰਨ੍ਹਾਂ ਕੋਲ ਚਿਪ ਵਾਲਾ "ਰੇਡੀਓ ਹਮਸਫਰ" (94.1FM Berkeley) ਹੈ ਪੰਜਾਬੀ ਰੇਡੀਓ ਉਸ ਉਪਰ ਹੁਣ ਵੀ ਸੁਣਿਆ ਜਾ ਸਕਦਾ ਹੈ

Bay Area ਵਿਚ ਜਿਨ੍ਹਾਂ ਕੋਲ ਚਿਪ ਵਾਲਾ Voice of Punjab ਜਾਂ Punjab Radio ਹੈ, ਉਹ ਪ੍ਰੋਗਰਾਮ ਹੁਣ ਵੀ ਸੁਣ ਸਕਦੇ ਹਨ।

24 ਘੰਟੇ ਚੱਲਣ ਵਾਲਾ ਪੰਜਾਬੀ ਰੇਡੀਓ

ਕੀਮਤ $25

ਖ਼ਬਰਾਂ
ਹਰ ਘੰਟੇ ਬਾਅਦ ਸਟੂਡੀਓ ਤੋਂ
ਪੰਜਾਬ ਇੰਡੀਆ ਅਤੇ ਪੰਜਾਬ ਪਾਕਿਸਤਾਨ ਤੋਂ
ਦੁਨੀਆਂ 'ਚ ਕਿਤੇ ਵੀ ਆਨਲਾਈਨ, ਆਈ ਫੋਨ, ਬਲੈਕ ਬੇਰੀ ਉਪਰ ਲਾਈਵ ਸੁਣ ਸਕਦੇ ਹੋ।
www.punjabiradiousa.com

ਗੁਰਬਾਣੀ ਪ੍ਰੋਗਰਾਮ
ਸਵੇਰ ਨੂੰ ਗੁਰਬਾਣੀ ਦਾ ਸਿੱਧਾ ਪ੍ਰਸਾਰਣ
ਗੁਰਦੁਆਰਾ ਸਾਹਿਬ ਫਰੀਮਾਂਟ ਤੋਂ
ਸ਼ਾਮ ਨੂੰ ਗੁਰਦੁਆਰਾ ਸਾਹਿਬ ਸੈਨਹੋਜ਼ੇ ਤੋਂ

ਸਪੈਸ਼ਲ ਟਾਕ ਸ਼ੋਅ ਹਰ ਰੋਜ
ਸ਼ਾਮ 8.00 ਤੋਂ 9.00 ਵਜੇ ਤੱਕ

ਨੌਜਵਾਨਾਂ ਦੇ ਦਿਲਾਂ ਦੀ ਧੜਕਣ
ਡੀ ਜੇ ਪ੍ਰੀਤ
25 ਅਕਤੂਬਰ ਤੋਂ
ਹਰ ਰੋਜ ਸ਼ਾਮ 4.00 ਵਜੇ ਤੋਂ 6.00 ਵਜੇ ਤੱਕ
ਫਰਮਾਈਸ਼ੀ ਗੀਤ ਸੁਣਾਇਆ ਕਰਨਗੇ।

ਪੰਜਾਬੀ ਰੇਡੀਓ Sacramento ਅਤੇ Bakersfield Area ਵਿਚ Nov.1st, 2010 ਨੂੰ ਸ਼ੁਰੂ ਹੋ ਰਿਹਾ ਹੈ। ਰੇਡੀਓ ਪ੍ਰਾਪਤ ਕਰਨ ਲਈ ਸਟੋਰਾਂ ਦੇ ਨਾਮ ਬਹੁਤ ਜਲਦੀ ਦਿੱਤੇ ਜਾਣਗੇ

Bay Area ਵਿਚ ਰੇਡੀਓ ਇਨ੍ਹਾਂ ਸਟੋਰਾਂ ਤੋਂ ਪ੍ਰਾਪਤ ਕਰੋ ਜੀ

Royal Fabrics - Union City, 510.429.0122 • Singh Video - Santa Clara, 408.746.0758 • Mckee Liquors - San Jose, 408.929.1111
Bhai Khushminder Singh, 408.406.9135 • Roshni Fabrics & Grocery - Union City, 510.487.514 • Kash Fabrics - Hayward, 510.538.1138

ਹੋਰ ਜਾਣਕਾਰੀ ਲਈ Phone : 408.722.7698
Email: punjabiradiousa@yahoo.com
3750 McKee Road, # B, San Jose CA 95127

ਪੰਜਾਬ ਟਾਈਮਜ਼

ਸਨਿਚਰਵਾਰ, 23 ਅਕਤੂਬਰ 2010

ਸਭ ਤੋਂ ਮਜ਼ਬੂਤ ਆਦਮੀ ਉਹ ਹੈ ਜੋ ਇਕੱਲਾ ਖੜਾ ਹੋ ਸਕਦਾ ਹੈ। -ਥਾਮਸ ਹਕਸਲੇ

## ਬਾਦਲ ਪਰਿਵਾਰ ਦਾ ਕਲੇਸ਼

ਪਿਛਲੇ ਕੁਝ ਦਿਨਾਂ ਤੋਂ ਮਨਪ੍ਰੀਤ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਵਿਚਕਾਰ ਚੱਲ ਰਹੀ ਖਿੱਚੋਤਾਣ ਦੇ ਸਿੱਟੇ ਵਜੋਂ ਅਖੀਰ ਮਨਪ੍ਰੀਤ ਬਾਦਲ ਨੂੰ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਛੱਡਣੀ ਪਈ ਹੈ ਅਤੇ ਨਾਲ ਹੀ ਵਿੱਤ ਮੰਤਰੀ ਦਾ ਵੱਕਾਰੀ ਅਹੁਦਾ ਵੀ। ਉਂਜ ਮਨਪ੍ਰੀਤ ਦੇ ਇਹ ਅਹੁਦਾ ਛੱਡਣ ਦੇ ਐਲਾਨ ਤੋਂ ਪਹਿਲਾਂ ਹੀ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਮੰਤਰੀ ਮੰਡਲ 'ਚੋਂ ਬਰਖਾਸਤ ਕਰ ਦਿੱਤਾ। ਮਨਪ੍ਰੀਤ ਦੀ ਬਰਖਾਸਤਗੀ ਦੇ ਨਾਲ ਹੀ ਬਾਦਲ ਪਰਿਵਾਰ ਅੰਦਰਲੀ ਇਹ ਲੜਾਈ ਹੋਰ ਤਿੱਖੀ ਹੋ ਗਈ ਹੈ।

ਸ. ਰਣਜੀਤ ਸਿੰਘ ਬ੍ਰਹਮਪੁਰਾ ਦੀ ਅਗਵਾਈ ਹੇਠ ਬਣਾਈ ਗਈ ਪਾਰਟੀ ਦੀ ਅਨੁਸ਼ਾਸਨੀ ਕਮੇਟੀ ਨੇ ਅਨੁਸ਼ਾਸਨ ਦੀ ਉਲੰਘਣਾ ਦੇ ਦੋਸ਼ ਵਿਚ ਮਨਪ੍ਰੀਤ ਬਾਦਲ ਨੂੰ ਪਾਰਟੀ ਦੀ ਮੈਂਬਰਸ਼ਿਪ ਤੋਂ ਮੁਅੱਤਲ ਕੀਤਾ ਸੀ। ਮਨਪ੍ਰੀਤ ਨੇ ਪਿੱਛੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਅਤੇ ਕਈ ਹੋਰ ਆਗੂਆਂ ਵਿਰੁਧ ਤਿੱਖੀਆਂ ਟਿੱਪਣੀਆਂ ਕੀਤੀਆਂ। ਮਨਪ੍ਰੀਤ ਨੂੰ 20 ਅਕਤੂਬਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ ਵਿਚ ਅਨੁਸ਼ਾਸਨੀ ਕਮੇਟੀ ਅੱਗੇ ਪੇਸ਼ ਹੋ ਕੇ ਆਪਣਾ ਸਪੱਸ਼ਟੀਕਰਨ ਦੇਣ ਲਈ ਆਖਿਆ ਗਿਆ ਸੀ। ਅਕਾਲੀ ਦਲ ਨੇ ਮਨਪ੍ਰੀਤ ਉਪਰ ਇਹ ਦੋਸ਼ ਵੀ ਲਾਇਆ ਹੈ ਕਿ ਉਹ ਪਾਰਟੀ ਦੀਆਂ ਲੋਕ ਪ੍ਰਵਾਨਤ ਨੀਤੀਆਂ ਦੇ ਵਿਰੁਧ ਬੋਲਦੇ ਰਹੇ ਹਨ। ਵੱਡੇ ਬਾਦਲ ਪੱਖੀ ਪਾਰਟੀ ਆਗੂਆਂ ਦਾ ਦੋਸ਼ ਹੈ ਕਿ ਚੋਣ ਮੈਨੀਫੈਸਟੋ ਘੜਨ ਵੇਲੇ ਮਨਪ੍ਰੀਤ ਵੀ ਪਾਰਟੀ ਆਗੂਆਂ ਦੇ ਨਾਲ ਸਨ। ਉਸ ਵੇਲੇ ਉਨ੍ਹਾਂ ਨੇ ਉਨ੍ਹਾਂ ਸਬਸਿਡੀਆਂ ਦਾ ਵਿਰੋਧ ਨਹੀਂ ਕੀਤਾ, ਜਿਨ੍ਹਾਂ ਦੇ ਖਿਲਾਫ਼ ਉਹ ਵਿੱਤ ਮੰਤਰੀ ਹੁੰਦੇ ਬੋਲਦੇ ਰਹੇ। ਇਨ੍ਹਾਂ ਆਗੂਆਂ ਦਾ ਆਖਣਾ ਹੈ ਕਿ ਪਾਰਟੀ ਨੂੰ ਲੋਕਾਂ ਨਾਲ ਕੀਤੇ ਆਪਣੇ ਸਿਆਸੀ ਵਾਅਦੇ ਹਮੇਸ਼ਾ ਵਫਾ ਕਰਨੇ ਪੈਂਦੇ ਹਨ। ਉਧਰ ਮਨਪ੍ਰੀਤ ਦਾ ਆਖਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਹੁਣ ਸੁਖਬੀਰ ਅਕਾਲੀ ਦਲ ਬਣ ਕੇ ਰਹਿ ਗਿਆ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕਰ ਦਿੱਤਾ ਕਿ 20 ਅਕਤੂਬਰ ਨੂੰ ਉਹ ਪਾਰਟੀ ਦੀ ਅਨੁਸ਼ਾਸਨੀ ਕਮੇਟੀ ਅੱਗੇ ਪੇਸ਼ ਨਹੀਂ ਹੋਣਗੇ। ਸੋ, ਸਪੱਸ਼ਟ ਹੈ ਕਿ ਦੋਨਾਂ ਧਿਰਾਂ ਵਿਚਾਲੇ ਦਰਾੜ ਡੂੰਘੀ ਹੋ ਚੁੱਕੀ ਹੈ ਅਤੇ ਸਮਝੌਤੇ ਦੇ ਕੋਈ ਆਸਾਰ ਵਿਖਾਈ ਨਹੀਂ ਦਿੰਦੇ। ਇਥੋਂ ਤੱਕ ਕਿ ਦੋਨਾਂ ਪਰਿਵਾਰਾਂ ਵਿਚਾਲੇ ਵੀ ਵੰਡੀਆਂ ਮੁਕੰਮਲ ਹੋ ਚੁੱਕੀਆਂ ਹਨ। ਮਨਪ੍ਰੀਤ ਦੇ ਪਿਤਾ ਗੁਰਦਾਸ ਸਿੰਘ ਬਾਦਲ ਉਨ੍ਹਾਂ ਵਲੋਂ ਵਿੱਤ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਦੇ ਸੰਬੰਧ ਵਿਚ ਕੀਤੀ ਗਈ ਪ੍ਰੈਸ ਕਾਨਫਰੰਸ ਵਿਚ ਹਾਜ਼ਰ ਸਨ।

ਪਾਰਟੀ ਵਿਧਾਇਕਾਂ ਵਿਚੋਂ ਇਕ ਛੋਟਾ ਕਾਫਲਾ ਵੀ ਮਨਪ੍ਰੀਤ ਬਾਦਲ ਨਾਲ ਪੈਰ ਅੜਾ ਕੇ ਖਲੋ ਗਿਆ ਹੈ, ਜਿਨ੍ਹਾਂ ਵਿਚ ਆਜ਼ਾਦ ਵਿਧਾਇਕ ਸ. ਚਰਨਜੀਤ ਸਿੰਘ ਚੰਨੀ ਅਤੇ ਤਿੰਨ ਅਕਾਲੀ ਵਿਧਾਇਕ ਜਲੰਧਰ ਛਾਉਣੀ ਤੋਂ ਸ. ਜਗਬੀਰ ਸਿੰਘ ਬਰਾੜ, ਬਿਆਸ ਤੋਂ ਮਨਜਿੰਦਰ ਸਿੰਘ ਕੰਗ ਤੇ ਆਨੰਦਪੁਰ ਸਾਹਿਬ ਤੋਂ ਸੰਤ ਅਜੀਤ ਸਿੰਘ ਸ਼ਾਮਿਲ ਹਨ। ਯਾਦ ਰਹੇ ਸੰਤ ਅਜੀਤ ਸਿੰਘ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਵੀ ਹਨ। ਉਨ੍ਹਾਂ ਕਿਹਾ ਕਿ ਮਨਪ੍ਰੀਤ ਸਾਫ ਅਕਸ ਵਾਲਾ ਵਿਅਕਤੀ ਹੈ ਅਤੇ ਉਸਨੇ ਵਿੱਤ ਮੰਤਰੀ ਦੇ ਅਹੁਦੇ 'ਤੇ ਰਹਿ ਕੇ ਹਮੇਸ਼ਾ ਪੰਜਾਬ ਦੇ ਹਿੱਤਾਂ ਦੀ ਗੱਲ ਕੀਤੀ ਹੈ। ਸੰਤ ਅਜੀਤ ਸਿੰਘ ਨੇ ਕਿਹਾ ਕਿ ਉਹ 5 ਸਿੰਘ ਇਕੱਠੇ ਹੋ ਗਏ ਹਨ ਅਤੇ ਉਹ ਹਰ ਤਰ੍ਹਾਂ ਮਨਪ੍ਰੀਤ ਦਾ ਸਾਥ ਦੇਣਗੇ। ਇਸੇ ਤਰ੍ਹਾਂ ਦੇ ਵਿਚਾਰ ਜਗਬੀਰ ਸਿੰਘ ਬਰਾੜ ਨੇ ਵੀ ਪ੍ਰਗਟਾਏ ਹਨ। ਇੰਜ ਮਨਪ੍ਰੀਤ ਦੇ ਹੱਕ 'ਚ ਖਲੋਣ ਵਾਲੇ ਇਹ ਵਿਧਾਇਕ ਦ੍ਰਿੜ੍ਹ ਹਨ। ਇਸੇ ਕਰਕੇ ਮਨਪ੍ਰੀਤ ਨੇ ਖੁਦ ਆਖਿਆ ਹੈ ਕਿ ਭਾਵੇਂ ਉਨ੍ਹਾਂ ਦਾ ਕਾਫਲਾ ਹਾਲੇ ਛੋਟਾ ਹੈ ਪਰ ਇਹ ਹੌਲੀ-ਹੌਲੀ ਵੱਡਾ ਹੋਵੇਗਾ। ਇਸਦੇ ਨਾਲ ਹੀ ਮਨਪ੍ਰੀਤ ਬਾਦਲ ਨੇ ਕਾਂਗਰਸ ਪਾਰਟੀ 'ਚ ਜਾਣ ਦੀ ਸੰਭਾਵਨਾ ਵੀ ਰੱਦ ਕਰ ਦਿੱਤੀ ਹੈ ਤੇ ਆਪਣੇ ਆਪ ਨੂੰ ਰੂਹ ਤੋਂ ਅਕਾਲੀ ਕਿਹਾ ਹੈ। ਉਧਰ ਕਾਂਗਰਸ ਪਾਰਟੀ ਦੇ ਪੰਜਾਬ ਨਾਲ ਸੰਬੰਧਤ ਆਗੂ ਮਨਪ੍ਰੀਤ ਦੀ ਸੰਭਾਵਤ ਆਮਦ ਨੂੰ ਵੇਖਦਿਆਂ ਸਾਵਧਾਨ ਹੋ ਗਏ ਹਨ ਅਤੇ ਬਹੁਤੇ ਆਗੂ ਮਨਪ੍ਰੀਤ ਦੇ ਕਾਂਗਰਸ 'ਚ ਦਾਖਲੇ ਦਾ ਵਿਰੋਧ ਕਰ ਰਹੇ ਹਨ। ਭਾਵੇਂ ਹਾਈਕਮਾਨ ਦੇ ਕੁਝ ਆਗੂ ਮਨਪ੍ਰੀਤ ਨੂੰ ਕਾਂਗਰਸ ਵਿਚ ਸ਼ਾਮਿਲ ਕਰਨ ਦੇ ਹੱਕ ਵਿਚ ਹਨ। ਉਨ੍ਹਾਂ ਦੀ ਦਲੀਲ ਹੈ ਕਿ ਬਾਦਲ ਪਰਿਵਾਰ ਦੇ ਘਰ ਦਾ ਭੇਤੀ ਅਕਾਲੀਆਂ ਦੀ ਲੰਕਾ ਢਾਹ ਸਕਦਾ ਹੈ। ਉਂਜ ਪੰਜਾਬ ਕਾਂਗਰਸ ਦੇ ਪ੍ਰਮੁੱਖ ਆਗੂ ਮਹਿੰਦਰ ਸਿੰਘ ਕੇਪੀ ਤੇ ਕੈਪਟਨ ਅਮਰਿੰਦਰ ਸਿੰਘ ਸਪੱਸ਼ਟ ਰੂਪ 'ਚ ਮਨਪ੍ਰੀਤ ਦੀ ਕਾਂਗਰਸ 'ਚ ਸ਼ਮੂਲੀਅਤ ਦਾ ਵਿਰੋਧ ਕਰ ਰਹੇ ਹਨ। ਪਰ ਬੀਬੀ ਰਜਿੰਦਰ ਕੌਰ ਭੱਠਲ ਆਖ ਰਹੀ ਹੈ ਕਿ ਮਨਪ੍ਰੀਤ ਦਾ ਪੰਜਾਬ ਕਾਂਗਰਸ ਸਵਾਗਤ ਕਰੇ। ਫਿਰ ਵੀ ਲਗਦਾ ਨਹੀਂ ਕਿ ਮਨਪ੍ਰੀਤ ਕਾਂਗਰਸ ਵੱਲ ਰੁਖ ਕਰੇਗਾ। ਉਸ ਨੇ 'ਔਖਾ ਰਾਹ' ਚੁਣਨ ਦੀ ਗੱਲ ਕਰਦਿਆਂ ਸ਼ਾਇਦ ਇਹੋ ਸੰਕੇਤ ਦਿੱਤਾ ਹੈ ਕਿ ਉਹ ਆਪਣੀ ਵੱਖਰੀ ਸਿਆਸੀ ਪਾਰਟੀ ਬਣਾਉਣ ਦੀ ਕੋਸ਼ਿਸ਼ ਕਰੇਗਾ। ਉਂਜ ਜਿਵੇਂ ਕਿ ਉਸ ਨੇ ਆਪ ਵੀ ਮੰਨਿਆ ਹੈ, ਇਹ ਵੱਡਾ ਅਤੇ ਚੁਣੌਤੀਪੂਰਨ ਕਾਰਜ ਹੈ। ਅਕਾਲੀ ਦਲ ਅਤੇ ਕਾਂਗਰਸ ਦੇ ਮੁਕਾਬਲੇ ਨਵੀਂ ਪਾਰਟੀ ਸਥਾਪਤ ਕਰਨਾ ਲੰਬੀ ਮੁੱਦਤ ਦਾ ਕਾਰਜ ਹੈ। ਬਾਹਰੀ ਤੌਰ 'ਤੇ ਭਾਵੇਂ ਇਸ ਨੂੰ ਮਨਪ੍ਰੀਤ ਵਿਰੁਧ ਜ਼ਾਬਤਾ ਕਰਵਾਈ ਹੀ ਦੱਸਿਆ ਜਾ ਰਿਹਾ ਹੈ ਅਤੇ ਉਸ ਦਾ ਕਸੂਰ ਕੇਂਦਰ ਵਲੋਂ ਪੰਜਾਬ ਦਾ ਕਰਜ਼ਾ ਮਾਫ ਕਰਨ ਦੀ ਤਜਵੀਜ਼ ਉਪਰ ਬਿਆਨਬਾਜ਼ੀ ਕਰਨ ਦਾ ਮਿਥਿਆ ਗਿਆ ਹੈ ਪਰ ਸਿਆਸੀ ਹਲਕਿਆਂ ਦਾ ਕਹਿਣਾ ਹੈ ਕਿ ਅਸਲ ਵਿਚ ਇਹ ਲੜਾਈ ਬਾਦਲ ਪਰਿਵਾਰ ਦੀ ਵਿਰਾਸਤ ਦੀ ਲੜਾਈ ਹੈ। ਸੁਖਬੀਰ ਬਾਦਲ ਨੂੰ ਨਵੰਬਰ ਵਿਚ ਮੁੱਖ ਮੰਤਰੀ ਬਣਾਏ ਜਾਣ ਦੀ ਗੱਲ ਅੰਦਰੇ ਅੰਦਰ ਚੱਲੀ ਸੀ। ਸਮਝਿਆ ਜਾ ਰਿਹਾ ਹੈ ਕਿ ਮਨਪ੍ਰੀਤ ਨੇ ਇਸੇ ਕਰਕੇ ਤਿੱਖੇ ਤੇਵਰ ਦਿਖਾਏ ਪਰ ਜਿਸ ਤਰ੍ਹਾਂ ਦਾ ਅਕਾਲੀ ਦਲ ਵਿਚ ਮਾਹੌਲ ਹੈ ਉਸ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਬਾਦਲ ਨਾਲ ਟਕਰਾਓ ਵਿਚ ਰਹਿ ਕੇ ਕੋਈ ਆਗੂ ਪਾਰਟੀ ਅੰਦਰ ਨਹੀਂ ਰਹਿ ਸਕਦਾ। ਮਨਪ੍ਰੀਤ ਬਾਦਲ ਪਾਰਟੀ ਜਾਂ ਸਰਕਾਰ ਲਈ ਕਿੰਨੀ ਕੁ ਦਿੱਕਤ ਪੈਦਾ ਕਰਦੇ ਹਨ ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਤਾਇਆ ਬਨਾਮ ਭਤੀਜਾ!*

ਕੁਰਸੀ ਦਾ ਨਸ਼ਾ ਭੈੜਾ ਚੜ੍ਹੇ ਜਿਹਦੇ ਸਿਰ ਤਾਈਂ, ਕਿਸੇ ਦਾ ਨਾ ਦਿਲ ਦੇਖੇ ਜੁੜਿਆ ਕਿ ਟੁੱਟਿਆ।
ਕਬਰਾਂ ਦੇ ਵਿਚ ਲੱਤਾਂ ਹਿਰਸ ਨਾ ਮੁੱਕੀ ਹਾਲੇ, ਕਾਰੂੰ ਵਾਂਗ ਪਰਜਾ ਨੂੰ ਦੋਹੀਂ ਹੱਥੀਂ ਲੁੱਟਿਆ।
ਟੱਬਰ ਦੇ ਹੱਥ ਦਿੱਤੀ ਚੌਧਰਾਂ ਦੀ ਵਾਗਡੋਰ, ਲੋਕ-ਰਾਜੀ ਰੀਤ ਵਾਲਾ ਬੂਟਾ ਜੜ੍ਹੋਂ ਪੁੱਟਿਆ।
ਨਿੱਜੀ ਹਿੱਤ ਪਾਲੇ ਕਦੇ ਕੌਮ ਦਾ ਨਾ ਭਲਾ ਸੋਚੇ, ਸਿੱਖੀ ਤੇ ਪੰਜਾਬ ਤਾਈਂ ਨਿੰਬੂ ਵਾਂਗ ਘੁੱਟਿਆ।
ਅਹੁਦਿਆਂ ਦੀ ਲਾਲਸਾ 'ਚ ਅੰਨੇ ਹੋ ਬੈਠੇ, 'ਹਾਅ ਦਾ ਨਾਹਰਾ' ਬਹੁਤਿਆਂ ਦੇ ਮੂੰਹੋਂ ਨਹੀਂ ਫੁੱਟਿਆ।
ਰਾਜਗੱਦੀ ਪੁੱਤ ਨੂੰ ਹੀ ਸੌਂਪਣੇ ਲਈ ਤਾਇਆ ਜੀ ਨੇ, ਭਤੀਜੇ ਵਾਲਾ ਕੱਢ ਕੰਡਾ ਬਾਹਰ ਸੁੱਟਿਆ!

# ਸੁਪਰੀਮ ਕੋਰਟ 'ਚ ਦਰਿਆਈ ਪਾਣੀਆਂ ਦੀ ਸੁਣਵਾਈ

**ਬਿਕਰਮਜੀਤ ਸਿੰਘ ਬਾਠ**

ਸੁਪਰੀਮ ਕੋਰਟ ਵਿਚ ਪੰਜਾਬ ਦੇ ਪਾਣੀਆਂ ਦੀ ਵੰਡ ਸਬੰਧੀ ਕੇਸ ਦੀ ਸੁਣਵਾਈ ਚੱਲ ਰਹੀ ਹੈ। ਸਪੱਸ਼ਟ ਹੈ ਕਿ ਕਾਨੂੰਨੀ ਤੌਰ 'ਤੇ ਇਹ ਮਸਲਾ ਹੁਣ ਸੁਪਰੀਮ ਕੋਰਟ ਵਲੋਂ ਹੀ ਹੱਲ ਕੀਤਾ ਜਾਵੇਗਾ। ਸੁਪਰੀਮ ਕੋਰਟ ਆਪਣਾ ਫੈਸਲਾ ਇਸ ਆਧਾਰ 'ਤੇ ਦੇਵੇਗੀ ਕਿ ਕੀ ਪੰਜਾਬ ਦੀ ਕਾਂਗਰਸ ਸਰਕਾਰ ਵਲੋਂ ਪਾਸ ਕੀਤਾ ਗਿਆ ਟਰਮੀਨੇਸ਼ਨ ਐਗਰੀਮੈਂਟ ਐਕਟ 2004, ਇਸ ਅਦਾਲਤ ਵਲੋਂ ਪਹਿਲਾਂ ਦਿੱਤੇ ਗਏ ਫੈਸਲਿਆਂ ਅਤੇ ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ 78 ਦੇ ਖਿਲਾਫ ਹੈ ਜਾਂ ਨਹੀਂ? ਇਹ ਧਾਰਾ ਪੰਜਾਬ ਤੋਂ ਵੱਖਰੇ ਹੋਏ ਰਾਜ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਨਾਲ ਵੀ ਸੰਬੰਧਤ ਹੈ। ਕਦੀ ਇਹ ਦੋਵੇਂ ਰਾਜ ਪੰਜਾਬ ਦਾ ਹਿੱਸਾ ਹੋਇਆ ਕਰਦੇ ਸਨ। ਇਨ੍ਹਾਂ ਰਾਜਾਂ ਦੇ ਵੱਖਰੇ ਹੋਣ ਤੋਂ ਬਾਅਦ ਪੰਜਾਬ, ਹਰਿਆਣਾ ਤੇ ਹਿਮਾਚਲ ਵਿਚ ਪਾਣੀਆਂ ਦੀ ਵੰਡ ਕੀਤੀ ਗਈ ਸੀ। ਇਸ ਐਕਟ ਅਧੀਨ ਕੇਂਦਰ ਸਰਕਾਰ ਵਲੋਂ ਪੰਜਾਬ ਵਿਚ ਵਹਿਣ ਵਾਲੇ ਤਿੰਨ ਦਰਿਆਵਾਂ ਸਤਲੁਜ, ਬਿਆਸ ਅਤੇ ਰਾਵੀ ਦੇ ਪਾਣੀਆਂ ਦੀ ਵੰਡ ਕਰਨ ਤੋਂ ਬਾਅਦ ਸੰਨ 1976 'ਚ ਇਕ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ। ਇਸ ਵੰਡ ਅਨੁਸਾਰ ਦਿੱਲੀ, ਹਰਿਆਣਾ ਅਤੇ ਰਾਜਸਥਾਨ ਨੂੰ ਵੀ ਪਾਣੀ ਦਿੱਤਾ ਗਿਆ ਸੀ। ਪੰਜਾਬ ਤੇ ਹਰਿਆਣਾ ਦੋਵਾਂ ਰਾਜਾਂ ਨੂੰ ਬਰਾਬਰ 3.5 ਮਿਲੀਅਨ ਏਕੜ ਫੁੱਟ ਪਾਣੀ ਦਿੱਤਾ ਗਿਆ। ਪਰ ਪੰਜਾਬ ਦੀ ਉਸ ਵੇਲੇ ਦੀ ਸਰਕਾਰ ਇਸ ਸਮਝੌਤੇ ਤੋਂ ਨਾਖੁਸ਼ ਸੀ ਅਤੇ ਉਸ ਵਲੋਂ ਪੰਜਾਬ ਪੁਨਰਗਠਨ ਐਕਟ ਦੀ ਧਾਰਾ 78 ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇ ਦਿੱਤੀ ਸੀ। ਪੰਜਾਬ ਸਰਕਾਰ ਵਲੋਂ ਦਾਇਰ ਕੀਤਾ ਗਿਆ ਇਹ ਕੇਸ ਅਜੇ ਸੁਪਰੀਮ ਕੋਰਟ ਵਿਚ ਸੁਣਵਾਈ ਅਧੀਨ ਸੀ ਕਿ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਪਹਿਲ 'ਤੇ ਪੰਜਾਬ, ਹਰਿਆਣਾ ਅਤੇ ਹਿਮਾਚਲ ਦੇ ਮੁੱਖ ਮੰਤਰੀਆਂ ਵਲੋਂ ਇਕ ਸਮਝੌਤਾ 31 ਦਸੰਬਰ, 1981 ਨੂੰ ਕੀਤਾ ਗਿਆ। ਇਸ ਸਮਝੌਤੇ ਤੋਂ ਫੌਰਨ ਬਾਅਦ ਪੰਜਾਬ ਵਿਚ ਨਵੀਂ ਸਰਕਾਰ ਦਾ ਗਠਨ ਹੋ ਗਿਆ। ਨਵੀਂ ਸਰਕਾਰ ਵਲੋਂ ਇਹ ਦਲੀਲ ਦਿੱਤੀ ਗਈ ਕਿ ਪਹਿਲੇ ਮੁੱਖ ਮੰਤਰੀ ਵਲੋਂ ਜਿਹੜਾ ਸਮਝੌਤਾ ਹਰਿਆਣਾ ਅਤੇ ਹਿਮਾਚਾਲ ਸਰਕਾਰਾਂ ਨਾਲ ਕੀਤਾ ਸੀ, ਉਹ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਦਬਾਅ ਹੇਠ ਕੀਤਾ ਗਿਆ ਸੀ। ਨਵੀਂ ਬਣੀ ਸਰਕਾਰ ਵਲੋਂ ਉਹ ਸਮਝੌਤਾ ਮੰਨਣ ਤੋਂ ਇਨਕਾਰ ਕਰ ਦਿੱਤਾ ਗਿਆ।

ਪੰਜਾਬ ਸਰਕਾਰ ਵਲੋਂ ਇਹ ਸਮਝੌਤਾ ਰੱਦ ਕਰਦੇ ਸਮੇਂ ਇਹ ਤਰਕ ਦਿੱਤਾ ਗਿਆ ਸੀ ਕਿ ਪੰਜਾਬ ਰਿਪੇਰੀਅਨ ਰਾਜ ਹੈ। ਜਦਕਿ ਕੌਮਾਂਤਰੀ ਕਾਨੂੰਨ ਤੇ ਰਿਪੇਰੀਅਨ ਸਿਧਾਂਤ ਅਨੁਸਾਰ ਹਰਿਆਣਾ ਅਤੇ ਰਾਜਸਥਾਨ ਜੋ ਕਿ ਰਿਪੇਰੀਅਨ ਰਾਜ ਨਹੀਂ ਹਨ, ਪੰਜਾਬ 'ਚ ਵਗਦੇ ਦਰਿਆਵਾਂ ਦੇ ਪਾਣੀਆਂ ਦੇ ਹੱਕਦਾਰ ਨਹੀਂ ਹਨ। ਇਸ ਕਾਨੂੰਨ ਅਤੇ ਰਿਪੇਰੀਅਨ ਸਿਧਾਂਤ ਅਨੁਸਾਰ ਬਿਆਸ ਤੇ ਸਤਲੁਜ ਦਰਿਆ, ਜੋ ਹਿਮਾਚਲ ਵਿਚੋਂ ਸ਼ੁਰੂ ਹੁੰਦੇ ਤੇ ਪੰਜਾਬ ਵਿਚੋਂ ਦੀ ਗੁਜ਼ਰਦੇ ਹਨ, ਹਰਿਆਣਾ ਅਤੇ ਰਾਜਸਥਾਨ ਇਨ੍ਹਾਂ ਦੇ ਪਾਣੀਆਂ 'ਤੇ ਆਪਣਾ ਹੱਕ ਨਹੀਂ ਜਤਾ ਸਕਦੇ। ਪੰਜਾਬ ਦਾ ਇਹ ਵੀ ਪੱਖ ਹੈ ਕਿ ਉਸ ਕੋਲ ਦੂਸਰੇ ਰਾਜਾਂ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ। ਪੰਜਾਬ ਵਲੋਂ ਦਿੱਤਾ ਗਿਆ ਇਹ ਪੱਖ ਇਸ ਤੋਂ ਸਾਬਤ ਹੁੰਦਾ ਹੈ ਕਿ ਸੰਨ 1981 ਵਿਚ, ਜਦੋਂ ਦੂਸਰੇ ਰਾਜਾਂ ਹਰਿਆਣਾ ਤੇ ਹਿਮਾਚਲ ਨਾਲ ਪਾਣੀਆਂ ਦੀ ਵੰਡ ਦਾ ਸਮਝੌਤਾ ਕੀਤਾ ਗਿਆ ਸੀ, ਉਸ ਵੇਲੇ ਪੰਜਾਬ ਰਾਜ ਕੋਲ 17.11 ਮਿਲੀਅਨ ਏਕੜ ਫੁੱਟ ਪਾਣੀ ਸੀ, ਜਿਹੜਾ ਕਿ ਇਸ ਵੇਲੇ ਘਟ ਕੇ 14.37 ਮਿਲੀਅਨ ਏਕੜ ਫੁੱਟ ਰਹਿ ਗਿਆ ਹੈ ਤੇ ਪੰਜਾਬ ਦੀ ਧਰਤੀ ਪਹਿਲਾਂ ਹੀ ਪਾਣੀ ਦੀ ਘਾਟ ਤੋਂ ਪ੍ਰਭਾਵਿਤ ਹੈ।

ਇਸ ਦੌਰਾਨ ਸੁਪਰੀਮ ਕੋਰਟ ਨੇ ਪਾਣੀਆਂ ਦੀ ਵੰਡ 'ਤੇ ਆਪਣਾ ਫੈਸਲਾ ਸੁਣਾ ਦਿੱਤਾ। ਇਸ ਰਾਹੀਂ ਪੰਜਾਬ ਸਰਕਾਰ ਨੂੰ ਹੁਕਮ ਦਿੱਤਾ ਗਿਆ ਕਿ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਕਰੇ ਤਾਂ ਜੋ ਹਰਿਆਣਾ ਰਾਜ ਆਪਣੇ ਹਿੱਸੇ ਦਾ ਪਾਣੀ ਲੈ ਸਕੇ। ਸੁਪਰੀਮ ਕੋਰਟ ਵਲੋਂ ਆਏ ਇਸ ਫੈਸਲੇ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੇ ਇਸ ਨਹਿਰ ਨੂੰ ਮੁਕੰਮਲ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਪਰ ਇਸੇ ਸਮੇਂ ਸੰਨ 1982 ਵਿਚ ਅਕਾਲੀ ਦਲ ਤੇ ਸੀ.ਪੀ.ਐਮ. ਵਲੋਂ ਇਸ ਦਾ ਵਿਰੋਧ ਕੀਤਾ ਗਿਆ ਅਤੇ ਸ਼੍ਰੋਮਣੀ ਅਕਾਲੀ ਦਲ ਵਲੋਂ ਅੰਮ੍ਰਿਤਸਰ ਤੋਂ ਧਰਮ ਯੁੱਧ ਮੋਰਚਾ ਸ਼ੁਰੂ ਕਰ ਦਿੱਤਾ ਗਿਆ ਅਤੇ ਨਹਿਰ ਦੀ ਉਸਾਰੀ ਦਾ ਕੰਮ ਰੁਕ ਗਿਆ। ਹਰਿਆਣਾ ਨੇ ਸੁਪਰੀਮ ਕੋਰਟ ਵਿਚ ਪਹੁੰਚ ਕੀਤੀ। ਸੁਪਰੀਮ ਕੋਰਟ ਨੇ ਆਪਣੇ ਨਵੇਂ ਹੁਕਮ 'ਚ ਭਾਰਤ ਸਰਕਾਰ ਨੂੰ ਹੁਕਮ ਦਿੱਤਾ ਕਿ ਉਹ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ 15 ਜੁਲਾਈ, 2004 ਤੱਕ ਪੂਰੀ ਕਰੇ।

ਸੁਪਰੀਮ ਕੋਰਟ ਵਲੋਂ ਜਦੋਂ ਇਹ ਫੈਸਲਾ ਸੁਣਾਇਆ ਗਿਆ ਤਾਂ ਉਸ ਵੇਲੇ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਸਨ। ਕੈਪਟਨ ਅਮਰਿੰਦਰ ਸਿੰਘ ਵਲੋਂ ਸੁਪਰੀਮ ਕੋਰਟ ਵਲੋਂ ਦਿੱਤੇ ਗਏ ਇਸ ਫੈਸਲੇ ਦੇ ਮੱਦੇਨਜ਼ਰ, ਪੰਜਾਬ ਦੀ ਵਿਧਾਨ ਸਭਾ 'ਚ 12 ਜੁਲਾਈ, 2004 ਨੂੰ ਪੰਜਾਬ ਟਰਮੀਨੇਸ਼ਨ ਐਗਰੀਮੈਂਟ ਬਿੱਲ 2004 ਪੇਸ਼ ਕਰ ਦਿੱਤਾ। ਉਨ੍ਹਾਂ ਵਲੋਂ ਵਿਧਾਨ ਸਭਾ ਵਿਚ ਇਹ ਪੱਖ ਦਿੱਤਾ ਗਿਆ ਕਿ ਜੇਕਰ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਪੂਰੀ ਹੋ ਜਾਂਦੀ ਹੈ ਤਾਂ ਇਸ ਨਾਲ ਹਰਿਆਣਾ ਨੂੰ ਵਾਧੂ ਪਾਣੀ ਦੇਣ ਨਾਲ, ਪੰਜਾਬ ਦੇ ਮਾਲਵਾ ਖਿੱਤੇ ਦੀ ਕੋਈ 9 ਲੱਖ ਏਕੜ ਜ਼ਮੀਨ ਬੰਜਰ ਹੋ ਜਾਵੇਗੀ। ਇਸ ਨਾਲ ਮਾਲਵਾ ਖੇਤਰ ਵਿਚ ਰਹਿੰਦੇ ਕੋਈ 15 ਲੱਖ ਪਰਿਵਾਰਾਂ ਦਾ ਜੀਵਨ ਵੀ ਪ੍ਰਭਾਵਿਤ ਹੋ ਜਾਵੇਗਾ। ਜਦੋਂ ਇਹ ਬਿੱਲ ਵਿਧਾਨ ਸਭਾ ਵਿਚ ਪੇਸ਼ ਕੀਤਾ ਗਿਆ ਤਾਂ ਅਕਾਲੀ ਅਤੇ ਭਾਜਪਾ ਵਿਰੋਧੀ ਧਿਰ ਵਜੋਂ ਵਿਧਾਨ ਸਭਾ ਵਿਚ ਵਿਚਰ ਰਹੇ ਸਨ। ਕਿਸੇ ਵੀ ਪਾਰਟੀ ਵਲੋਂ ਇਸ ਦੀ ਵਿਰੋਧਤਾ ਨਹੀਂ ਕੀਤੀ ਗਈ ਤੇ ਇਹ ਬਿੱਲ ਵਿਧਾਨ ਸਭਾ ਵਿਚ ਪਾਸ ਹੋ ਗਿਆ। ਇਸ ਟਰਮੀਨੇਸ਼ਨ ਐਗਰੀਮੈਂਟ ਬਿੱਲ 2004 ਰਾਹੀਂ ਸੁਪਰੀਮ ਕੋਰਟ ਦੇ ਉਸ ਫੈਸਲੇ, ਜਿਸ ਰਾਹੀਂ ਸਰਕਾਰ ਨੂੰ ਸਤਲੁਜ-ਯਮੁਨਾ ਲਿੰਕ ਨਹਿਰ ਪੂਰੇ ਕਰਨ ਲਈ ਹੁਕਮ ਦਿੱਤੇ ਗਏ ਸਨ, ਉਹ ਆਪਣੇ-ਆਪ ਰੱਦ ਹੋ ਗਏ। ਇਸਦੇ ਨਾਲ ਹੀ ਜਿਹੜਾ ਸਮਝੌਤਾ 31 ਦਸੰਬਰ, 1981 'ਚ ਪੰਜਾਬ, ਹਰਿਆਣਾ ਤੇ ਹਿਮਾਚਲ ਵਿਚਾਲੇ ਭਾਰਤ ਦੀ ਉਸ ਵੇਲੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਕਰਵਾਇਆ ਗਿਆ ਸੀ, ਉਸਨੂੰ ਵੀ ਖਾਰਜ ਕਰ ਦਿੱਤਾ ਗਿਆ। ਇਸ ਐਕਟ ਦੀ ਧਾਰਾ 5 'ਚ ਕਿਹਾ ਗਿਆ ਹੈ ਕਿ ਹਰਿਆਣਾ ਤੇ ਰਾਜਸਥਾਨ ਪਹਿਲਾਂ ਦੀ ਤਰ੍ਹਾਂ ਹੀ ਗੰਗਾ ਕਨਾਲ, ਇੰਦਰਾ ਗਾਂਧੀ ਕਨਾਲ ਅਤੇ ਭਾਖੜਾ ਕਨਾਲ ਰਾਹੀਂ ਜਿਹੜਾ ਪਾਣੀ ਲੈ ਰਹੇ ਹਨ, ਉਹ ਲੈਂਦੇ ਰਹਿਣਗੇ ਅਤੇ ਪੰਜਾਬ ਵਲੋਂ ਇਨ੍ਹਾਂ ਨੂੰ ਵਾਧੂ ਪਾਣੀ ਨਹੀਂ ਦਿੱਤਾ ਜਾਵੇਗਾ।

ਇਸ ਟਰਮੀਨੇਸ਼ਨ ਬਿੱਲ ਦੇ ਪਾਸ ਹੋਣ ਤੋਂ ਬਾਅਦ ਇਹ ਆਮ ਚਰਚਾ ਦਾ ਵਿਸ਼ਾ ਸੀ ਕਿ ਕੇਂਦਰ ਦੀ ਕਾਂਗਰਸ ਸਰਕਾਰ ਵਲੋਂ ਕੈਪਟਨ ਅਮਰਿੰਦਰ ਸਿੰਘ ਦੇ ਖਿਲਾਫ ਕੋਈ ਸਖਤ ਕਾਰਵਾਈ ਹੋ ਸਕਦੀ ਹੈ ਅਤੇ ਉਨ੍ਹਾਂ ਨੂੰ ਮੁੱਖ ਮੰਤਰੀ ਦੀ ਕੁਰਸੀ ਤੋਂ ਹੱਥ ਧੋਣੇ ਪੈ ਸਕਦੇ ਹਨ। ਕੇਂਦਰ ਦੀ ਕਾਂਗਰਸ ਸਰਕਾਰ ਚਾਹੁੰਦਿਆਂ ਹੋਇਆਂ ਵੀ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਕਰਨ ਤੋਂ ਗੁਰੇਜ਼ ਕਰ ਗਈ, ਕਿਉਂਕਿ ਰਾਜਨੀਤਕ ਤੌਰ 'ਤੇ ਕੇਂਦਰ ਸਰਕਾਰ ਦਾ ਉਨ੍ਹਾਂ ਨੂੰ ਮੁੱਖ ਮੰਤਰੀ ਦੀ ਕੁਰਸੀ ਤੋਂ ਹਟਾਉਣ ਦਾ ਫੈਸਲਾ ਗਲਤ ਸਾਬਤ ਹੋ ਸਕਦਾ ਸੀ।

ਇਸ ਟਰਮੀਨੇਸ਼ਨ ਐਗਰੀਮੈਂਟ ਬਿੱਲ 2004 ਦੇ ਵਿਧਾਨ ਸਭਾ ਵਿਚ ਪਾਸ ਹੋਣ ਤੋਂ ਬਾਅਦ ਕੈਪਟਨ ਸਰਕਾਰ ਵਲੋਂ ਉਸੇ ਹੀ ਰਾਤ ਇਸ ਬਿੱਲ ਨੂੰ ਪ੍ਰਵਾਨਗੀ ਲਈ ਪੰਜਾਬ ਦੇ ਗਵਰਨਰ ਓ.ਪੀ. ਵਰਮਾ ਕੋਲ ਭੇਜ ਦਿੱਤਾ। ਗਵਰਨਰ ਨੂੰ ਕਾਂਗਰਸ ਸਰਕਾਰ ਵਲੋਂ ਬੇਨਤੀ ਕੀਤੀ ਗਈ ਸੀ ਕਿ ਇਸ ਬਿੱਲ ਨੂੰ ਅੱਜ ਹੀ ਪ੍ਰਵਾਨਗੀ ਦੇ ਦਿੱਤੀ ਜਾਵੇ ਤਾਂ ਜੋ ਕੇਂਦਰ ਦੀ ਕਾਂਗਰਸੀ ਸਰਕਾਰ ਅੜਿੱਕਾ ਨਾ ਖੜ੍ਹਾ ਕਰ ਸਕੇ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਪਹਿਲ 'ਤੇ ਪੰਜਾਬ ਦੇ ਗਵਰਨਰ ਵਲੋਂ ਉਸੇ ਹੀ ਰਾਤ ਇਸ ਬਿੱਲ ਨੂੰ ਪ੍ਰਵਾਨਗੀ ਦੇ ਦਿੱਤੀ ਗਈ।

ਪਰ ਕੇਂਦਰ ਦੀ ਕਾਂਗਰਸ ਸਰਕਾਰ ਇਸ ਟਰਮੀਨੇਸ਼ਨ ਐਗਰੀਮੈਂਟ ਬਿੱਲ 2004 ਨੂੰ ਆਪਣੇ ਗਲੇ ਹੇਠ ਨਹੀਂ ਉਤਾਰ ਸਕੀ ਅਤੇ ਉਸ ਵਲੋਂ ਇਸ ਐਗਰੀਮੈਂਟ ਨੂੰ ਰਾਸ਼ਟਰਪਤੀ ਦੇ ਰੈਫਰੈਂਸ ਵਜੋਂ ਸੁਪਰੀਮ ਕੋਰਟ ਵਿਚ ਸੁਣਵਾਈ ਲਈ ਭੇਜ ਦਿੱਤਾ ਗਿਆ। ਸੁਪਰੀਮ ਕੋਰਟ ਵਲੋਂ ਇਸ ਰੈਫਰੈਂਸ 'ਤੇ ਆਪਣੀ ਸੁਣਵਾਈ ਸ਼ੁਰੂ ਕਰ ਦਿੱਤੀ ਗਈ ਹੈ। ਇਸ ਲਈ ਪੰਜਾਬ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਾਨੂੰਨੀ ਤੌਰ 'ਤੇ ਉਘੇ ਵਕੀਲਾਂ ਦੀ ਟੀਮ ਦਾ ਗਠਨ ਕਰੇ ਤਾਂ ਜੋ ਸੁਪਰੀਮ ਕੋਰਟ ਵਿਚ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਕਾਨੂੰਨੀ ਮੁੱਦੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਜਾ ਸਕੇ। ਜੇਕਰ ਸੁਪਰੀਮ ਕੋਰਟ ਵਲੋਂ ਪੰਜਾਬ ਦੇ ਪਾਣੀਆਂ ਦੀ ਵੰਡ ਅਤੇ ਟਰਮੀਨੇਸ਼ਨ ਐਗਰੀਮੈਂਟ ਬਿੱਲ 2004 ਦੇ ਖਿਲਾਫ ਕੋਈ ਫੈਸਲਾ ਦਿੱਤਾ ਜਾਂਦਾ ਹੈ ਤਾਂ ਇਸ ਨਾਲ ਪੰਜਾਬ ਦੀ ਰਾਜਨੀਤੀ ਵਿਚ ਲਾਜ਼ਮੀ ਤੌਰ 'ਤੇ ਫਿਰ ਹਲਚਲ ਮੱਚ ਜਾਵੇਗੀ।

# ਕਿਸਾਨੀ ਦੇ ਕਰਜ਼ੇ ਦਾ ਮਸਲਾ ਸਾਰੇ ਪੱਖਾਂ ਤੋਂ ਵਿਚਾਰੋ

**ਵਰਿੰਦਰ ਵਾਲੀਆ**

ਕਿਸਾਨੀ ਕਰਜ਼ੇ ਦਾ ਮਸਲਾ ਕਿਸਾਨ ਆਗੂ ਪ੍ਰਿਥੀਪਾਲ ਸਿੰਘ ਦੇ ਕਤਲ ਨਾਲ ਗੰਭੀਰ ਰੂਪ 'ਚ ਸਾਹਮਣੇ ਆਇਆ ਹੈ। ਕਿਸਾਨਾਂ ਤੇ ਆੜ੍ਹਤੀਆਂ ਵਿਚਕਾਰ ਸਿੱਧੀ ਅਦਾਇਗੀ ਦੇ ਮਸਲੇ ਤੋਂ ਸ਼ੁਰੂ ਹੋਇਆਂ ਟਕਰਾਅ ਹੁਣ ਖੂਨੀ ਰੂਪ ਧਾਰ ਗਿਆ ਹੈ। ਪਿਛਲੇ ਕਈ ਸਾਲਾਂ ਤੋਂ ਛੋਟੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਕੁਰਕੀ ਤੋਂ ਬਚਾਉਣ ਲਈ ਕਿਸਾਨ ਜਥੇਬੰਦੀਆਂ ਸੰਘਰਸ਼ ਕਰ ਰਹੀਆਂ ਹਨ। ਹੁਣ ਛੋਟੀ ਕਿਸਾਨੀ 'ਤੇ ਕਰਜ਼ੇ ਦਾ ਭਾਰ ਘਾਤਕ ਹੱਦ ਤੱਕ ਵਧ ਗਿਆ ਹੈ। ਟਕਰਾਅ ਕਾਰਨ ਆੜ੍ਹਤੀਆ ਤਬਕਾ ਹਮਲਾਵਰ ਰੁਖ ਅਖਤਿਆਰ ਕਰ ਰਿਹਾ ਹੈ। ਸਰਕਾਰ ਵਲੋਂ ਸਿੱਧੀ ਅਦਾਇਗੀ ਦੇ ਮਸਲੇ 'ਤੇ ਹੱਥ ਪਿੱਛੇ ਖਿੱਚਣ ਨਾਲ ਆੜ੍ਹਤੀਆਂ ਦੀ ਸਿਆਸੀ ਪਹੁੰਚ ਦੀ ਪੁਸ਼ਟੀ ਹੁੰਦੀ ਹੈ। ਜਿਹੜਾ 'ਰਸੂਖ' ਸਰਕਾਰੀ ਫੈਸਲਿਆਂ ਨੂੰ ਰੱਦ ਕਰਵਾਉਣ 'ਚ ਕਾਮਯਾਬ ਹੋਇਆ ਹੈ, ਉਸੇ ਦਾ ਕਰੂਰ ਪ੍ਰਗਟਾਵਾ ਇਸ ਕਤਲ ਵਜੋਂ ਹੋਇਆ ਹੈ। ਪ੍ਰਸ਼ਾਸਨ ਵਲੋਂ ਆੜ੍ਹਤੀਆਂ ਤੇ ਲੱਠਮਾਰਾਂ ਦੀ ਮਦਦ ਨਾਲ ਕੁਰਕੀ ਦਾ ਯਤਨ ਦਰਸਾਉਂਦਾ ਹੈ ਕਿ ਮੌਕੇ ਦੇ ਅਫ਼ਸਰਾਂ ਦੀ ਪਹੁੰਚ ਇਕ ਧਿਰ ਵਲ ਉਲਾਰ ਸੀ। ਇਸ ਮਾਮਲੇ 'ਚ ਸਿਆਸੀ ਸਰਪ੍ਰਸਤੀ ਤੇ ਭੂ-ਮਾਫ਼ੀਆ ਦੀ ਸ਼ਮੂਲੀਅਤ ਨਾਲ ਪੰਜਾਬ 'ਚ ਚੱਲ ਰਿਹਾ ਵਰਤਾਰਾ ਬੇਪਰਦ ਹੁੰਦਾ ਹੈ। ਕਰਜ਼ੇ ਹੇਠ ਦੱਬੀ ਛੋਟੀ ਕਿਸਾਨੀ ਦੀਆਂ ਜ਼ਮੀਨਾਂ 'ਤੇ ਭੂ-ਮਾਫ਼ੀਏ ਦੀ ਅੱਖ ਹੈ। ਬਹੁਤ ਥੋੜੀ ਰਕਮ ਨਾਲ ਮੰਡੀ 'ਚ ਮਹਿੰਗੇ ਭਾਅ ਦੀ ਜ਼ਮੀਨ ਹਥਿਆਉਣ ਦਾ ਇਹ ਕਾਨੂੰਨੀ ਮੌਕਾ ਬਣਦਾ ਹੈ। ਮੌਜੂਦਾ ਮਾਮਲੇ 'ਚ ਅਦਾਲਤ ਵਲੋਂ ਮਾਲ ਮਹਿਕਮੇ ਨੂੰ ਦਸ ਕਨਾਲ ਜ਼ਮੀਨ ਕੁਰਕ ਕਰਨ ਦਾ ਹੁਕਮ ਦਿੱਤਾ ਗਿਆ। ਮੂਲ, ਵਿਆਜ, ਜ਼ੁਰਮਾਨਾ ਤੇ ਅਦਾਲਤੀ ਖਰਚਾ ਪਾ ਕੇ ਕਿਸਾਨ ਸਿਰ ਤਿੰਨ ਲੱਖ ਦਸ ਹਜ਼ਾਰ ਦੀ ਰਕਮ ਕੱਢੀ ਗਈ। ਦਸ ਕਨਾਲ ਦਾ ਮੁੱਲ ਸਾਢੇ ਬਾਰਾਂ ਲੱਖ ਬਣਦਾ ਹੈ। ਇਸ ਹਾਲਤ 'ਚ ਭੂ-ਮਾਫ਼ੀਏ ਦੀ ਦਿਲਚਸਪੀ ਸਹਿਜੇ ਹੀ ਹੋ ਜਾਂਦੀ ਹੈ। ਇਸ ਸਮੁੱਚੇ ਵਰਤਾਰੇ ਦੀਆਂ ਤੰਦਾਂ ਸਾਧੂ ਸਿੰਘ ਤਖ਼ਤੂਪੁਰਾ ਤੋਂ ਲੈ ਕੇ ਨਿੱਤ ਹੁੰਦੀਆਂ ਵਧੀਕੀਆਂ ਰਾਹੀਂ ਪ੍ਰਿਥੀਪਾਲ ਸਿੰਘ ਦੇ ਕਤਲ ਨਾਲ ਜੁੜੀਆਂ ਹੋਈਆਂ ਹਨ।

ਸਾਰੇ ਅਧਿਐਨਾਂ ਰਾਹੀਂ ਇਹ ਗੱਲ ਸਾਹਮਣੇ ਆਈ ਹੈ ਕਿ ਖੇਤੀ ਲਾਹੇਵੰਦਾ ਧੰਦਾ ਨਹੀਂ ਰਹੀ। ਆਰਥਿਕ ਪੱਖੋਂ ਨਿਤਾਣਾ ਹੋ ਰਿਹਾ ਇਹ ਤਬਕਾ ਖੇਤੀ ਵਲੋਂ ਮਜ਼ਦੂਰੀ ਤੇ ਹੋਰ ਧੰਦਿਆਂ ਵਲ ਹਿਜਰਤ ਕਰਨ ਲਈ ਹੱਥ-ਪੈਰ ਮਾਰ ਰਿਹਾ ਹੈ। ਆਮ ਤੌਰ 'ਤੇ ਕਿਸਾਨੀ 'ਤੇ ਇਲਜ਼ਾਮ ਇਹ ਲਗਾਇਆ ਜਾਂਦਾ ਹੈ ਕਿ ਇਨ੍ਹਾਂ ਨੇ ਖਰਚੇ ਵਧਾ ਲਏ ਹਨ ਤੇ ਸਮਾਜਿਕ ਸਮਾਗਮਾਂ 'ਤੇ ਲੋੜੋਂ ਵਧ ਖਰਚ ਕਰਕੇ ਇਨ੍ਹਾਂ ਦਾ ਕਰਜ਼ਾ ਵਧ ਰਿਹਾ ਹੈ। ਇਸ ਦਲੀਲ ਨੂੰ ਧਿਆਨ ਨਾਲ ਘੋਖਣ ਦੀ ਜ਼ਰੂਰਤ ਹੈ। ਗ਼ੈਰ-ਲਾਹੇਵੰਦ ਧੰਦੇ 'ਚ ਲੱਗੀ ਛੋਟੀ ਕਿਸਾਨੀ ਕੁਦਰਤੀ ਆਫ਼ਤਾਂ, ਸਰਕਾਰੀ ਨੀਤੀਆਂ, ਸਭਿਆਚਾਰਕ ਵਿਗਾੜਾਂ, ਮਹਿੰਗਾਈ ਤੇ ਬੁਨਿਆਦੀ ਲੋੜਾਂ ਦੀ ਚੱਕੀ 'ਚ ਪਿਸ ਰਹੀ ਹੈ।

ਸਵਾਲ ਇਹ ਹੈ ਕਿ ਇਸ ਵੇਲੇ ਸਮੁੱਚੇ ਮਸਲੇ ਨੂੰ ਤਕਨੀਕੀ ਪੱਖੋਂ ਹੀ ਵਾਚਿਆ ਜਾਣਾ ਹੈ ਜਾਂ ਇਸ ਦੇ ਮਨੁੱਖੀ, ਨੈਤਿਕ, ਸਭਿਆਚਾਰਕ, ਇਤਿਹਾਸਕ ਤੇ ਜਮਹੂਰੀ ਪੱਖਾਂ ਨੂੰ ਵੀ ਵਿਚਾਰਿਆ ਜਾਣਾ ਹੈ। ਜੇ ਕਰਜ਼ੇ ਹੇਠ ਦੱਬੇ ਕਿਸਾਨ ਦੀ ਜ਼ਮੀਨ ਹੀ ਕੁਰਕ ਕਰ ਲਈ ਜਾਂਦੀ ਹੈ ਤਾਂ ਉਸ ਦੀ ਮੁੜ-ਬਹਾਲੀ ਦਾ ਹਰ ਰਾਹ ਬੰਦ ਹੋ ਜਾਵੇਗਾ। ਇਹ ਉਹੀ ਕਿਸਾਨ ਹੈ ਜਿਸ ਨੇ ਅੰਨ ਭੰਡਾਰ ਭਰੇ ਹਨ। ਇਸ ਦੇ ਆਪਣੇ ਬੱਚੇ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਰਹਿ ਕੇ ਗ਼ੁਰਬਤ ਤੇ ਜ਼ਹਾਲਤ ਦੀ ਦਲਦਲ ਵਿਚ ਫਸ ਗਏ ਹਨ। ਜੇ ਕਾਗ਼ਜ਼ਾਂ 'ਚ ਕਿਸਾਨਾਂ ਨੂੰ ਵਡਿਆਉਣ ਵਾਲਾ ਮੁਲਕ ਇਸ ਮੌਕੇ ਚੁੱਪ ਰਹਿੰਦਾ ਹੈ ਤਾਂ ਇਸ ਨੂੰ ਨਾਸ਼ੁਕਰਾਪਣ ਕਿਉਂ ਨਾ ਮੰਨਿਆ ਜਾਵੇ?

# ਚੀਨ ਦੇ ਪ੍ਰਭਾਵ ਦਾ ਵਧਣਾ ਭਾਰਤ ਦੀ ਕਮਜ਼ੋਰੀ ਦੀ ਨਿਸ਼ਾਨੀ ਨਹੀਂ

**ਐਮ ਕੇ ਭੱਦਰਾਕੁਮਾਰ**

ਕੋਈ ਡੇਢ ਦਹਾਕਾ ਪਹਿਲਾਂ ਅਮਰੀਕੀ ਵਿਦੇਸ਼ ਵਿਭਾਗ ਵਿਚਲੇ ਇਕ ਸਹਾਇਕ ਮੰਤਰੀ ਨੇ ਕਿਹਾ ਸੀ ਕਿ ਉਸ ਨੂੰ ਭਾਰਤੀਆਂ ਨੂੰ ਬੌਦਲਾ ਦੇਣ ਲਈ ਕੇਵਲ ਕੁਝ ਮਿੰਟ ਹੀ ਚਾਹੀਦੇ ਹਨ। ਇਸ ਅਮਰੀਕੀ ਕੂਟਨੀਤੀਵਾਨ, ਜਿਹੜਾ ਕਿ ਚਿਰਾਂ ਤੋਂ ਭਾਰਤ-ਪਾਕਿ ਬਾਰੇ ਮਨੁੱਖੀ ਕਮਜ਼ੋਰੀਆਂ ਤੋਂ ਜਾਣੂ ਸੀ, ਦਾ ਮਤਲਬ ਸੀ ਕਿ ਭਾਰਤੀ ਕਦੇ ਵੀ ਤੱਥਾਂ ਦੀ ਘੋਖ ਕਰਨ ਦਾ ਜਤਨ ਨਹੀਂ ਕਰਦੇ, ਖਾਸ ਕਰਕੇ ਓਦੋਂ, ਜਦੋਂ ਉਨ੍ਹਾਂ ਨੂੰ ਇਕ ਅਣ-ਸੁਖਾਵੇਂ ਵਿਚਾਰ ਦਾ ਸਾਹਮਣਾ ਕਰਨਾ ਪਵੇ। ਇਸ ਬਾਰੇ ਉਸ ਦੀ ਗੱਲ ਹਾਲੇ ਵੀ ਠੀਕ ਹੈ। ਜਦੋਂ ਹੁਣੇ ਜਿਹੇ ਇਕ ਅਮਰੀਕੀ ਯੁੱਧ-ਚਾਲਕ ਵਿਸ਼ਲੇਸ਼ਣਕਾਰ ਸੇਲਿਗ ਹੈਰੀਸਨ ਦੀ ਇਹ ਟਿੱਪਣੀ 'ਨਿਊ ਯਾਰਕ ਟਾਈਮਜ਼' ਵਿਚ ਛਪੀ ਕਿ ਪਾਕਿਸਤਾਨ ਦੇ ਉਤਰੀ ਇਲਾਕੇ 'ਚ ਵੱਡੀ ਪੱਧਰ 'ਤੇ ਚੀਨੀ ਫੌਜ ਮੌਜੂਦ ਹੈ ਤਾਂ ਇਤਿਹਾਸ ਆਪਣੇ-ਆਪ ਨੂੰ ਦੁਹਰਾਉਂਦਾ ਜਾਪਦਾ ਸੀ।

ਇਹ ਗੱਲ ਹਾਲੇ ਵੀ ਅਸਪੱਸ਼ਟ ਹੈ ਕਿ ਹੈਰੀਸਨ ਨੇ ਕਿਸ ਆਧਾਰ 'ਤੇ ਆਪਣੀ ਇਲਹਾਮੀ ਦ੍ਰਿਸ਼ਟੀ ਨਾਲ ਦੂਰ-ਦੁਰਾਡਿਓਂ ਹੀ ਗੁਪਤ ਹਿਮਾਲਿਆਈ ਪਹਾੜਾਂ ਵਿਚ ਜੰਗ ਦੇ ਢੋਲ ਵਜਾ ਦਿੱਤੇ। ਕਸ਼ਮੀਰ ਦੇ ਉਤਰੀ ਸਿਰੇ ਤੋਂ ਪਾਰਲੇ ਪਾਸੇ ਕਠਿਨ ਅਤੇ ਅਪਹੁੰਚ ਪਹਾੜ ਹਨ ਤੇ ਇਹ ਬਹੁਤ ਹੀ ਅਸੰਭਵ ਹੈ ਕਿ ਹੈਰੀਸਨ ਨੇ ਕਿਸੇ ਜਾਤੀ ਜਾਣਕਾਰੀ ਦੇ ਆਧਾਰ 'ਤੇ ਉਨ੍ਹਾਂ 22 ਗੁਪਤ ਸੁਰੰਗਾਂ ਬਾਰੇ ਲਿਖਿਆ ਹੋਵੇ, ਜਿਨ੍ਹਾਂ ਵਿਚ ਲੋਕ ਮੁਕਤੀ ਸੈਨਾ ਨਾਲ ਸੰਬੰਧਿਤ 11000 ਚੀਨੀ ਫੌਜੀ ਆਸਾਨੀ ਨਾਲ ਰਹਿ ਰਹੇ ਹੋਣ ਅਤੇ ਨਾਲ ਹੀ ਉਨ੍ਹਾਂ ਕੋਲ ਮਿਜ਼ਾਈਲਾਂ ਦਾ ਭੰਡਾਰ ਵੀ ਹੋਵੇ, ਜੋ ਭਾਰਤ 'ਤੇ ਦਾਗੀਆਂ ਜਾ ਸਕਦੀਆਂ ਹਨ (ਅਸਲ ਵਿਚ ਪਾਕਿਸਤਾਨੀ ਅਧਿਕਾਰੀਆਂ ਨੇ ਉਸ ਨੂੰ ਸੱਦਾ ਦਿੱਤਾ ਹੈ ਕਿ ਉਹ ਉਸ ਰਮਣੀਕ ਖੇਤਰ ਵਿਚ ਜਾਵੇ ਅਤੇ ਖੁਦ ਹੀ ਸਭ ਕੁਝ ਆਪਣੀ ਅੱਖੀਂ ਵੇਖੇ)। ਇਹ ਜਾਣਨ ਲਈ ਬਹੁਤੀ ਮਗਜ਼-ਪੱਚੀ ਦੀ ਲੋੜ ਨਹੀਂ ਕਿ ਹੈਰੀਸਨ ਨੇ ਆਪਣੀ ਰਾਏ ਲਈ ਸੂਹੀਆ ਸਰੋਤਾਂ ਨੂੰ ਆਧਾਰ ਬਣਾਇਆ ਹੈ। ਜੋ ਕੁਝ ਬਾਅਦ ਵਿਚ ਉਨ੍ਹਾਂ ਕਿਹਾ, ਉਹ ਇਹ ਸੀ ਕਿ ਉਨ੍ਹਾਂ ਦੀ ਇਹ ਕਹਾਣੀ ਪੱਛਮੀ ਤੇ ਖੇਤਰੀ ਸੂਹੀਆ ਸਰੋਤਾਂ ਉਪਰ ਆਧਾਰਤ ਸੀ। ਇਹ ਸਰੋਤ ਕਿਹੜੇ ਹੋ ਸਕਦੇ ਸਨ? ਸਿਆਸਤ ਤਾਂ ਆਖਰਕਾਰ ਕੁਝ ਖਰ੍ਹਵੇ ਸਵਾਲ ਪੁੱਛਣ ਨਾਲ ਸ਼ੁਰੂ ਹੁੰਦੀ ਹੈ। ਨਿਖੇੜੇ ਦੀ ਪ੍ਰਕਿਰਿਆ ਨਾਲ ਅਸੀਂ ਇਸ ਸਿੱਟੇ 'ਤੇ ਪਹੁੰਚੇ ਹਾਂ ਕਿ ਸਭ ਤੋਂ ਵੱਡੀ ਸੰਭਾਵਨਾ ਹੈ ਕਿ ਹੈਰੀਸਨ ਦੇ ਸਰੋਤ ਅਮਰੀਕੀ ਸਨ। ਬਿਨਾਂ ਸ਼ੱਕ ਕਿਸੇ ਤਰ੍ਹਾਂ ਵੀ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਹੈਰੀਸਨ ਦੀ ਸ਼ਾਨ ਵਿਰੁਧ ਕੁਝ ਕਹਿ ਰਹੇ ਹਾਂ। ਅਸਲੀਅਤ ਤਾਂ ਇਹ ਹੈ ਕਿ ਉਹ ਆਪਣੇ ਥੀਸਿਸ ਬਾਰੇ ਓਦੋਂ ਬੜੇ ਸਪੱਸ਼ਟ ਜਾਪਦੇ ਹਨ, ਜਦੋਂ ਉਹ ਆਪਣੀ ਰਾਏ ਦਿੰਦਿਆਂ ਆਪਣੇ ਬਾਰੇ ਅਮਰੀਕੀ ਪ੍ਰਸ਼ਾਸਨ ਨੂੰ ਇਕ ਹਲੂਣਵਾਂ ਸੱਦਾ ਦੇ ਰਹੇ ਹੋਣ।

ਉਨ੍ਹਾਂ ਲਿਖਿਆ, "ਅਮਰੀਕਾ ਬਹੁਤ ਚੰਗੀ ਤਰ੍ਹਾਂ ਇਸ ਸਥਿਤੀ 'ਚ ਹੈ ਕਿ ਉਹ ਕਸ਼ਮੀਰ ਵਿਚ ਇਕ ਉਸਾਰੂ ਭੂਮਿਕਾ ਨਿਭਾ ਸਕਦਾ ਹੈ, ਕਿਉਂਕਿ ਭਾਰਤ ਤੇ ਪਾਕਿਸਤਾਨ ਦੀ ਆਰਥਿਕ ਤੇ ਫੌਜੀ ਮਾਮਲਿਆਂ 'ਚ ਨਿਰਭਰਤਾ ਵਾਸ਼ਿੰਗਟਨ 'ਤੇ ਹੈ। ਵਾਸ਼ਿੰਗਟਨ ਨੂੰ ਦਿੱਲੀ 'ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਉਹ ਕਸ਼ਮੀਰ ਦੇ ਵੱਖਵਾਦੀਆਂ ਨਾਲ ਖੁਦਮੁਖਤਾਰੀ ਬਾਰੇ ਵਾਰਤਾਲਾਪ ਮੁੜ ਸ਼ੁਰੂ ਕਰੇ। ਇਨ੍ਹਾਂ ਵਾਰਤਾਲਾਪਾਂ ਦੀ ਕਾਮਯਾਬੀ ਇਸਲਾਮਾਬਾਦ 'ਤੇ ਇਹ ਦਬਾਅ ਪਾਵੇਗੀ ਕਿ ਉਹ ਵੀ ਆਜ਼ਾਦ ਕਸ਼ਮੀਰ ਤੇ ਗਿਲਗਿਤ-ਬਾਲਤੀਸਤਾਨ ਨੂੰ ਮੁਕਾਬਲੇ ਦੀਆਂ ਅਜਿਹੀਆਂ ਹੀ ਰਿਆਇਤਾਂ ਦੇਵੇ, ਜਿਹੜੀਆਂ ਨਿਸ਼ਚਿਤ ਤੌਰ 'ਤੇ ਇਸ ਕਾਰਨ ਜ਼ਰੂਰੀ ਹਨ, ਕਿਉਂਕਿ ਗਿਲਗਿਤ-ਬਾਲਤੀਸਤਾਨ ਚੀਨ, ਅਮਰੀਕਾ, ਭਾਰਤ ਤੇ ਪਾਕਿਸਤਾਨ ਲਈ ਏਨਾ ਮਹੱਤਵਪੂਰਨ ਹੈ ਕਿ ਉਨ੍ਹਾਂ ਨੂੰ ਇਹ ਯਕੀਨੀ ਬਣਾਉਣ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ ਕਿ ਓਥੇ ਇਕੱਲੇ ਚੀਨੀ ਆਪਣਾ ਦਬਦਬਾ ਨਾ ਬਣਾ ਸਕਣ।"

ਇਸਲਾਮਾਬਾਦ ਅਤੇ ਬੀਜਿੰਗ ਦੋਵਾਂ ਨੇ ਹੀ ਇਸ ਤੋਂ ਬਾਅਦ ਵਾਰ-ਵਾਰ ਤੇ ਸਪੱਸ਼ਟ ਤੌਰ 'ਤੇ ਹੈਰੀਸਨ ਦੇ ਲੇਖ ਦੇ ਤੱਥਾਂ ਨੂੰ ਨਕਾਰਿਆ ਹੈ। ਉਚ ਭਾਰਤੀ ਅਧਿਕਾਰੀਆਂ ਨੇ ਵੀ ਅਸਿੱਧੇ ਢੰਗ ਨਾਲ ਆਪਣਾ ਅੰਦਾਜ਼ਾ ਦਿੱਤਾ ਹੈ ਕਿ ਗਿਲਗਿਤ-ਬਾਲਤੀਸਤਾਨ 'ਚ ਚੀਨੀ ਫੌਜਾਂ ਦੀ ਮੌਜੂਦਗੀ ਦਾ ਸੰਬੰਧ ਹੜ੍ਹ ਰਾਹਤ ਕਾਰਜ ਨਾਲ ਹੋ ਸਕਦਾ ਹੈ ਜਾਂ ਕੁਝ ਵਿਕਾਸ ਕਾਰਜਾਂ ਨਾਲ ਤੇ ਇਸ 'ਚ ਲੋਕ ਮੁਕਤੀ ਸੈਨਾ ਦੇ ਬਾਕਾਇਦਾ ਫੌਜੀਆਂ ਦੀ ਸ਼ਮੂਲੀਅਤ ਨਹੀਂ ਹੈ। ਉਹ ਤਾਂ ਚੀਨ ਦੀ ਇਹ ਯਕੀਨਦਹਾਨੀ ਸਵੀਕਾਰ ਕਰਨ ਲਈ ਤਿਆਰ ਹਨ ਕਿ ਕਸ਼ਮੀਰ ਮੁੱਦੇ ਬਾਰੇ ਚੀਨ ਦੇ ਪੈਂਤੜੇ ਵਿਚ ਕੋਈ ਤਬਦੀਲੀ ਨਹੀਂ ਆਈ। ਉਨ੍ਹਾਂ ਦਾ ਅੰਦਾਜ਼ਾ ਇਹ ਵੀ ਹੈ ਕਿ ਚੀਨੀ ਨਾਗਰਿਕ ਗਿਲਗਿਤ-ਬਾਲਤੀਸਤਾਨ ਵਿਚ ਰਿਹਾਇਸ਼ ਇਖ਼ਤਿਆਰ ਨਹੀਂ ਕਰ ਰਹੇ, ਸਗੋਂ ਉਹ ਤਾਂ ਕਦੇ-ਕਦਾਈਂ ਵਾਂਚਾਗਤ ਯੋਜਨਾਵਾਂ ਉਸਾਰਨ ਲਈ ਆਉਂਦੇ ਹਨ ਤੇ ਇਨ੍ਹਾਂ ਦੇ ਪੂਰਾ ਹੋ ਜਾਣ ਬਾਦ ਚਲੇ ਜਾਂਦੇ ਹਨ। ਦਿੱਲੀ, ਉਤਰੀ ਇਲਾਕਿਆਂ ਤੇ ਪਾਕਿਸਤਾਨ ਦੇ ਕਬਜ਼ੇ ਹੇਠਲੇ ਕਸ਼ਮੀਰ 'ਚ ਚੀਨ ਵਲੋਂ 1.7 ਬਿਲੀਅਨ ਅਮਰੀਕੀ ਡਾਲਰਾਂ ਦੇ ਨਿਵੇਸ਼ ਨੂੰ ਵੀ ਕਾਫੀ ਵਧਾ-ਚੜ੍ਹਾ ਕੇ ਪੇਸ਼ ਕੀਤੀ ਗਈ ਰਕਮ ਕਹਿੰਦੀ ਹੈ।

ਹਕੀਕਤ ਇਹ ਹੈ ਕਿ ਚੀਨ ਸ਼ਕਤੀਸ਼ਾਲੀ ਹੋ ਰਿਹਾ ਹੈ ਤੇ ਉਸ ਦਾ ਪ੍ਰਭਾਵ ਵੀ ਵਧ ਰਿਹਾ ਹੈ। ਸਾਨੂੰ ਉਸ ਦਾ ਟਾਕਰਾ ਖੇਤਰੀ ਸੰਦਰਭ 'ਚ ਕਰਨਾ ਚਾਹੀਦਾ ਹੈ। ਸਾਡੇ ਖੇਤਰ ਦੀ ਸੁਰੱਖਿਆ ਅਤੇ ਇਸ ਦਾ ਭਵਿੱਖ ਉਨ੍ਹਾਂ ਪਹਿਲਕਦਮੀਆਂ 'ਤੇ ਨਿਰਭਰ ਕਰਦਾ ਹੈ, ਜਿਨ੍ਹਾਂ ਨੂੰ ਚੀਨੀ ਤੈਅ ਕਰਨਗੇ। ਇਹ ਕਹਿਣ ਤੋਂ ਬਾਅਦ ਤਰਜੀਹਾਂ ਸਾਨੂੰ ਵੀ ਤੈਅ ਕਰਨੀਆਂ ਹੋਣਗੀਆਂ। ਜੇ ਭਾਰਤ, ਚੀਨ ਤੋਂ ਆਰਥਿਕ ਤੌਰ 'ਤੇ ਅੱਗੇ ਲੰਘਣ ਵਿਚ ਅਸਫਲ ਵੀ ਰਹਿੰਦਾ ਹੈ, ਤਦ ਵੀ ਇਸ ਵਿਚ ਸ਼ੱਕ ਨਹੀਂ ਕਿ ਇਹ ਦੂਜੀ ਸਭ ਤੋਂ ਸ਼ਕਤੀਸ਼ਾਲੀ ਖੇਤਰੀ ਸ਼ਕਤੀ ਹੋਵੇਗਾ ਤੇ ਚੀਨੀ ਸ਼ਕਤੀ 'ਤੇ ਇਹ ਸਭ ਨਾਲੋਂ ਗੰਭੀਰ ਰੋਕ ਹੋਵੇਗਾ। ਕਹਿਣ ਦਾ ਮਤਲਬ ਇਹ ਹੈ ਕਿ ਜਿਸ ਢੰਗ ਅਤੇ ਜਿਨ੍ਹਾਂ ਦਿਸ਼ਾਵਾਂ ਵਿਚ ਭਾਰਤ ਆਪਣੀ ਸ਼ਕਤੀ ਵਰਤਣ ਦਾ ਫੈਸਲਾ ਕਰਦਾ ਹੈ, ਉਹ ਚੀਨ ਦੀਆਂ ਕਾਰਵਾਈਆਂ ਨਾਲੋਂ ਘੱਟ ਅਹਿਮ ਨਹੀਂ ਹੋਣਗੀਆਂ, ਜੋ ਖੇਤਰੀ ਸਥਿਰਤਾ 'ਤੇ ਪ੍ਰਭਾਵ ਪਾਉਣਗੀਆਂ।

ਬਿਨਾਂ ਸ਼ੱਕ ਸਾਡੇ ਬਦਲ ਚੀਨ ਦੇ ਬਦਲਾਂ ਨਾਲੋਂ ਔਖੇ ਹੋਣਗੇ। ਤੱਤ ਇਹ ਹੈ ਕਿ ਇਕ ਸਥਿਰ, ਸ਼ਾਂਤਮਈ ਦੱਖਣੀ ਏਸ਼ੀਆ ਤਾਂ ਹੀ ਉਸਾਰਿਆ ਜਾ ਸਕਦਾ ਹੈ, ਜੇ ਭਾਰਤ ਚੀਨ ਨਾਲ ਮਿਲ ਕੇ ਕੰਮ ਕਰੇ। ਬਦਲ ਇਸ ਦਾ ਜੰਗ ਅਤੇ ਗੜਬੜ ਹੋਵੇਗਾ ਤੇ ਇਤਿਹਾਸ ਇਸ ਦੀਆਂ ਬਹੁਤ ਸਾਰੀਆਂ ਮਿਸਾਲਾਂ ਪੇਸ਼ ਕਰਦਾ ਹੈ। ਨੁਕਤਾ ਤਾਂ ਇਹ ਹੈ ਕਿ ਇਸ ਵਿਚ ਇਕ ਬੁਨਿਆਦੀ ਪਹਿਲੂ ਇਹ ਸ਼ਾਮਿਲ ਹੈ-ਪ੍ਰਭਾਵ ਤੇ ਸਥਿਰਤਾ। ਭਾਰਤ ਤੇ ਚੀਨ ਇੱਕੋ ਪਾਸੇ ਹਨ। ਦੋਵੇਂ ਹੀ ਪ੍ਰਭਾਵ ਚਾਹੁੰਦੇ ਹਨ ਤੇ ਕੋਈ ਵੀ ਅਸਥਿਰਤਾ ਨਹੀਂ ਚਾਹੁੰਦਾ। ਅਸੀਂ ਇਸ ਗੱਲ 'ਤੇ ਨਹੀਂ ਅੜ ਸਕਦੇ ਕਿ ਖੇਤਰੀ ਸਥਿਰਤਾ ਦਾ ਮਤਲਬ ਹੈ ਭਾਰਤ ਦੀ ਪ੍ਰਮੁੱਖਤਾ। ਜੇ ਅਸੀਂ ਵਿਸ਼ਵੀਕਰਨ ਦੇ ਇਸ ਯੁੱਗ ਵਿਚ ਅਜਿਹਾ ਕਰਦੇ ਹਾਂ ਤਾਂ ਅੰਤਰਰਾਸ਼ਟਰੀ ਭਾਈਚਾਰਾ ਸਾਡਾ ਮਖੌਲ ਹੀ ਉਡਾਵੇਗਾ। ਇੰਜ ਤਾਂ ਇਹ ਖੇਤਰ ਉਨ੍ਹਾਂ ਸ਼ਾਂਤ ਦਿਨਾਂ ਵਿਚ ਵੀ ਸਥਿਰਤਾ ਦੀ ਖੁਸ਼ਕਿਸਮਤ ਹਾਲਤ ਵਿਚ ਸੀ, ਜਦੋਂ ਭਾਰਤ ਦਾ ਪ੍ਰਭਾਵ ਸਿਖਰ 'ਤੇ ਸੀ।

ਮੁੱਕਦੀ ਗੱਲ ਇਹ ਕਿ ਚੀਨ ਦਾ ਇਸ ਖੇਤਰ ਵਿਚ ਪ੍ਰਭਾਵ ਵਧਣ ਨਾਲ ਸ਼ਾਂਤੀ ਤੇ ਖੇਤਰੀ ਸਥਿਰਤਾ ਸਥਾਪਤ ਹੋਵੇਗੀ, ਪ੍ਰੰਤੂ ਸੂਰਤ ਇਹ ਹੈ ਕਿ ਅਸੀਂ ਵੇਲਾ-ਵਿਹਾ ਚੁੱਕੀਆਂ ਪ੍ਰਭਾਵ ਖੇਤਰ ਦੀਆਂ ਧਾਰਨਾਵਾਂ ਦਾ ਤਿਆਗ ਕਰ ਦੇਈਏ। ਇਸ ਦੇ ਉਲਟ ਜੇ ਭਾਰਤ, ਚੀਨ ਦੇ ਵਿਕਸਤ ਹੋ ਰਹੇ ਪ੍ਰਭਾਵ ਦਾ ਟਾਕਰਾ ਕਰਦਾ ਹੈ ਤਾਂ ਇਕ ਜੱਦੋ-ਜਹਿਦ ਸ਼ੁਰੂ ਹੋ ਜਾਵੇਗੀ, ਕਿਉਂਕਿ ਉਸ ਬਦਲ ਦਾ ਨਤੀਜਾ ਇਹ ਹੋਵੇਗਾ ਕਿ ਭਾਰਤ ਖੇਤਰੀ ਪ੍ਰਮੁੱਖਤਾ ਹਾਸਲ ਕਰਨ ਲਈ ਇਸ ਖੇਤਰ ਦੇ ਅਮਨ ਤੇ ਸਥਿਰਤਾ ਨੂੰ ਕੁਰਬਾਨ ਕਰਨ ਲਈ ਤਿਆਰ ਹੈ। ਸਾਡੇ ਦੱਖਣੀ ਏਸ਼ੀਆਈ ਗਵਾਂਢੀ ਸਾਡੀ ਇਸ ਪਹਿਲ ਨੂੰ ਕੇਵਲ ਇੰਜ ਹੀ ਸਮਝਣਗੇ ਕਿ ਅਸੀਂ ਖੇਤਰੀ ਪ੍ਰਮੁੱਖਤਾ ਚਾਹੁੰਦੇ ਹਾਂ ਤੇ ਉਨ੍ਹਾਂ ਤੋਂ ਇਹ ਆਸ ਨਹੀਂ ਰੱਖੀ ਜਾ ਸਕਦੀ ਕਿ ਉਹ ਸਾਡੇ ਹੰਕਾਰ ਨੂੰ ਪੱਠੇ ਪਾਉਣ।

ਅਫਸੋਸ ਕਿ ਸਾਡੇ ਯੁੱਧ-ਚਾਲਕ ਭਾਈਚਾਰੇ ਦਾ ਇਕ ਹਿੱਸਾ ਇਹ ਸੋਚਦਾ ਹੈ ਕਿ ਦੱਖਣੀ ਏਸ਼ੀਆ ਕੇਵਲ ਭਾਰਤ ਦੀ ਅਧੀਨਗੀ ਹੇਠ ਹੀ ਸ਼ਾਂਤੀਪੂਰਨ ਰਹਿ ਸਕਦਾ ਹੈ। ਇਹ ਚੀਨ ਦੀ ਇਸ ਖੇਤਰ 'ਚ ਆਪਣਾ ਪ੍ਰਭਾਵ ਵਧਾਉਣ ਦੀ ਇੱਛਾ ਨੂੰ ਬੁਨਿਆਦੀ ਤੌਰ 'ਤੇ ਖਤਰਨਾਕ ਸਮਝਦਾ ਹੈ, ਪ੍ਰੰਤੂ ਇਸ ਦਾ ਬਦਲ ਕੀ ਹੈ? ਚੀਨ ਤਾਂ ਪਹਿਲਾਂ ਹੀ ਦੁਨੀਆਂ ਦੀ ਦੂਜੀ ਸਭ ਤੋਂ ਵੱਡੀ ਆਰਥਕ ਸ਼ਕਤੀ ਵਜੋਂ ਉੱਭਰ ਆਇਆ ਹੈ। ਅਜਿਹੀ ਆਰਥਿਕ ਸ਼ਕਤੀ ਨਾਲ ਰਾਜਨੀਤਕ ਅਤੇ ਯੁੱਧਚਾਲਕ ਸ਼ਕਤੀ ਸੁੱਤੇ-ਸਿੱਧ ਆ ਜਾਂਦੀ ਹੈ। ਹੁਣੇ ਜਿਹੇ ਆਸਟ੍ਰੇਲੀਆ ਦੇ ਇਕ ਪ੍ਰਸਿਧ ਚਿੰਤਕ ਹੱਘ ਵਾਈਟ ਨੇ ਲਿਖਿਆ ਹੈ ਕਿ ਅਸੀਂ ਕਹਿ ਸਕਦੇ ਹਾਂ ਕਿ ਚੀਨ ਦੀ ਸ਼ਕਤੀ, ਜਿਸ ਉਪਰ ਚੀਨ ਦੀ ਸਰਕਾਰ ਦਾ ਕੰਟਰੋਲ ਹੈ, ਨੂੰ ਕੌਮਾਂਤਰੀ ਰਾਜਨੀਤੀ ਦੇ ਇਕ ਸਾਧਾਰਨ ਤੱਥ ਵਜੋਂ ਲਿਆ ਜਾਣਾ ਚਾਹੀਦਾ ਹੈ। ਜੇ ਅਮਰੀਕੀ ਉਸ ਨੂੰ ਉਨ੍ਹਾਂ ਹੀ ਹੱਦਾਂ 'ਚ ਇਸ ਸ਼ਕਤੀ ਨੂੰ ਕੌਮਾਂਤਰੀ ਤੌਰ 'ਤੇ ਵਰਤਣੋਂ ਰੋਕਦੇ ਹਨ, ਜਿਨ੍ਹਾਂ ਨੂੰ ਉਹ ਖੁਦ ਸਵੀਕਾਰ ਕਰਦੇ ਹਨ ਤੇ ਚੀਨ ਵੀ ਅਮਰੀਕੀ ਸ਼ਕਤੀ ਦੀ ਉਚਿਤਤਾ ਨੂੰ ਸਵੀਕਾਰ ਕਰਨ ਤੋਂ ਨਾਂਹ ਕਰ ਦੇਵੇ ਤੇ ਉਸ ਨੂੰ ਪਿੱਛੇ ਧੱਕਣਾ ਸ਼ੁਰੂ ਕਰ ਦੇਵੇ ਤਾਂ ਉਨ੍ਹਾਂ ਨੂੰ ਬਿਲਕੁਲ ਹੈਰਾਨ ਨਹੀਂ ਹੋਣਾ ਚਾਹੀਦਾ। ਅੱਜ ਕੱਲ੍ਹ ਚੀਨ ਉਨ੍ਹਾਂ ਨੂੰ ਬਹੁਤ ਬੁਰੀ ਤਰ੍ਹਾਂ ਪਿੱਛੇ ਧੱਕ ਸਕਦਾ ਹੈ।

ਨਾਲੇ ਹੁਣ ਤੱਕ ਦੇ ਸਾਰੇ ਸਬੂਤ ਇਕ ਸਪੱਸ਼ਟ ਵਿਧੀ ਵਲ ਇਸ਼ਾਰਾ ਕਰਦੇ ਹਨ ਕਿ ਚੀਨ ਨੇ ਦੱਖਣੀ ਏਸ਼ੀਆ 'ਚ ਬਿਨਾਂ ਕੌਮਾਂਤਰੀ ਕਾਨੂੰਨ ਨੂੰ ਤੋੜਿਆਂ ਜਾਂ ਉਨ੍ਹਾਂ ਨਿਯਮਾਂ ਦੀ ਉਲੰਘਣਾ ਕੀਤਿਆਂ, ਜਿਹੜੇ ਸੰਯੁਕਤ ਰਾਸ਼ਟਰ ਦੇ ਚਾਰਟਰ ਵਿਚ ਨਿਰਧਾਰਤ ਹਨ, ਆਪਣੀ ਸ਼ਕਤੀ ਦੀ ਵਰਤੋਂ ਠੀਕ ਢੰਗ ਨਾਲ ਨਹੀਂ ਕੀਤੀ। ਇਹ ਹਕੀਕਤ ਹੈ ਕਿ ਚੀਨ ਦੀਆਂ ਇਹ ਨਿੱਤ ਵਧਦੀਆਂ ਚਾਹਤਾਂ ਹਨ ਕਿ ਉਹ ਮਲਾਕਾ ਦੀ ਖਾੜੀ ਨੂੰ (ਜਿਹੜੀ ਕਿ ਇਕ ਅਮਰੀਕੀ ਚੈਕ ਪੋਸਟ ਹੈ) ਇਕ ਪਾਸੇ ਛੱਡ ਕੇ ਸੰਸਾਰ ਭਰ ਦੀਆਂ ਮੰਡੀਆਂ ਨਾਲ ਦੱਖਣੀ ਏਸ਼ੀਆ ਰਾਹੀਂ ਸੰਚਾਰ ਸੰਪਰਕ ਪੈਦਾ ਕਰੇ। ਭਾਰਤ ਦੀ ਬਦਕਿਸਮਤੀ ਇਹ ਹੈ ਕਿ ਉਹ ਗਵਾਂਢੀ ਦੇਸ਼ਾਂ ਵਿਚ ਖੇਤਰੀ ਪਹਿਲ ਦੀ ਇਕ ਪੱਧਰ ਤੱਕ ਹੀ ਵਰਤੋਂ ਕਰਨ ਦਾ ਆਦੀ ਹੈ ਤੇ ਇਸ ਨੂੰ ਆਪਣੀ ਰਾਸ਼ਟਰੀ ਪਛਾਣ ਦੀ ਇਕ ਨਿਸ਼ਾਨੀ ਹੀ ਸਮਝਣ ਲੱਗ ਪਿਆ ਹੈ। ਚੀਨ ਦੇ ਪ੍ਰਭਾਵ ਦਾ ਵਧਣਾ ਭਾਰਤ ਦੀ ਕਮਜ਼ੋਰੀ ਦਾ ਸੂਚਕ ਨਹੀਂ ਸਮਝਿਆ ਜਾਣਾ ਚਾਹੀਦਾ, ਸਗੋਂ ਇਹ ਚੀਨ ਦੀ ਤਾਕਤ ਦੀ ਕਹਾਣੀ ਹੀ ਹੋ ਸਕਦੀ ਹੈ। ਦਲੀਲ ਵਜੋਂ ਭਲਾ ਉਹ ਕਿਹੜੀ ਗੱਲ ਹੈ, ਜਿਹੜੀ ਭਾਰਤੀ ਕੰਪਨੀਆਂ ਨੂੰ ਅੱਜ ਵੀ ਰੋਕਦੀ ਹੈ ਕਿ ਉਹ ਆਪਣੇ ਪੈਰ ਨੇਪਾਲ ਦੇ ਪਹਾੜਾਂ, ਜੰਗਲਾਂ ਜਾਂ ਵਾਦੀਆਂ ਵਿਚ ਨਾ ਪਸਾਰਨ ਜਾਂ ਉਹ ਮਿਆਂਮਾਰ ਜਾਂ ਸ੍ਰੀਲੰਕਾ ਵਿਚ ਨਾ ਜਾਣ, ਜੋ ਚੀਨੀ ਵਪਾਰੀ ਕਰ ਰਹੇ ਹਨ? ਪਿਛਲੇ ਹਫਤੇ ਚੀਨ ਦੇ ਸੂਬੇ ਯੂਨਾਨਨ ਨੇ ਕੋਲੰਬੋ ਤੱਕ ਸਿੱਧੀ ਹਵਾਈ ਉਡਾਣ ਸ਼ੁਰੂ ਕਰ ਦਿੱਤੀ ਹੈ। ਕੀ ਗੱਲ ਹੈ ਕਿ ਰਾਏਪੁਰ-ਕੋਲੰਬੋ ਹਵਾਈ ਸੰਪਰਕ ਗੈਰ-ਲਾਹੇਵੰਦ ਹੀ ਬਣਿਆ ਹੋਇਆ ਹੈ।

ਇਹੋ ਜਿਹੀ ਚੀਨੀ ਚੁਣੌਤੀ ਵਰਗੀ ਗੱਲ ਪਹਿਲਾਂ ਕਦੇ ਵੀ ਦੱਖਣੀ ਏਸ਼ੀਆਈ ਖੇਤਰ ਵਿਚ ਹੋਈ ਹੀ ਨਹੀਂ ਹੈ। ਜਾਪਾਨ, ਅਮਰੀਕਾ ਜਾਂ ਬਰਤਾਨੀਆ ਇਨ੍ਹਾਂ ਛੇ ਦਹਾਕਿਆਂ ਵਿਚ ਅਜਿਹਾ ਕਰ ਸਕਦੇ ਸਨ ਤੇ ਉਨ੍ਹਾਂ ਕੀਤਾ ਵੀ। ਇਥੋਂ ਤੱਕ ਕਿ ਉਹ ਦੱਖਣੀ ਏਸ਼ੀਆ ਦੇ ਗਵਾਂਢੀ ਵੀ ਨਹੀਂ ਸਨ, ਚੀਨ ਤਾਂ ਇਕ ਗਵਾਂਢੀ ਹੈ। ਜੇ ਉਹ ਅਜਿਹਾ ਕਰਦਾ ਹੈ ਤਾਂ ਇਸ ਵਿਚ ਚਿੰਤਾ ਵਾਲੀ ਗੱਲ ਵੀ ਕਿਹੜੀ ਹੈ?

# ਪੰਜਾਬ ਅਸੰਬਲੀ 'ਚ ਬੀਬੀ ਚਾਵਲਾ ਦੇ ਹਿੰਦੀ ਭਾਸ਼ਣ

**ਅਭੈ ਸਿੰਘ***

ਪਿਛਲੇ ਦਿਨੀਂ ਹੀ ਪੰਜਾਬ ਅਸੰਬਲੀ ਨੇ ਪਹਿਲਾਂ ਚੰਡੀਗੜ੍ਹ ਵਿਚ ਪੰਜਾਬੀ ਨੂੰ ਪਹਿਲਾ ਦਰਜਾ ਦੇਣ ਤੇ ਫੇਰ ਹੋਰ ਸੂਬਿਆਂ ਵਿਚ ਇਸ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣ ਦੀ ਮੰਗ ਦੇ ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ। ਮਤਲਬ ਇਹ ਕਿ ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਪੰਜਾਬੀ ਦੀ ਬਿਹਤਰੀ ਵਾਸਤੇ ਇਕ ਮੁੱਠ ਹਨ। ਪੰਜਾਬੀ ਸੂਬਾ ਬਨਣ ਤੋਂ ਅੱਧੀ ਸਦੀ ਬੀਤਣ ਪਿਛੋਂ ਹੀ ਸਹੀ, ਦੇਰ ਆਇਦ ਦਰੁਸਤ ਆਇਦ। ਉਧਰ ਜਦੋਂ ਪੰਜਾਬ ਅਸੰਬਲੀ ਦੂਜੇ ਪ੍ਰਾਂਤਾਂ ਵਿਚ ਪੰਜਾਬੀ ਦੀ ਚਿੰਤਾ ਕਰ ਰਹੀ ਸੀ ਇਸੇ ਅਸੰਬਲੀ ਵਿਚ ਇਕ ਮਾਣਯੋਗ ਮੈਂਬਰ ਤੇ ਸਿਹਤ ਮੰਤਰੀ ਬੀਬੀ ਲਕਸ਼ਮੀ ਦੇਵੀ ਚਾਵਲਾ ਵੱਲੋਂ ਹਮੇਸ਼ਾਂ ਹਿੰਦੀ ਵਿਚ ਤਕਰੀਰ ਕਰਨ ਦੀ ਖ਼ਬਰ ਅਖ਼ਬਾਰਾਂ ਵਿਚ ਆਈ। ਬੀਬੀ ਚਾਵਲਾ ਨੇ ਸਪੀਕਰ ਨੂੰ ਕਿਹਾ ਕਿ ਜਦੋਂ ਮੈਂ ਹਿੰਦੀ ਵਿਚ ਬੋਲਦੀ ਹਾਂ ਤਾਂ ਮੈਂਬਰ ਚਿੜ੍ਹਦੇ ਕਿਉਂ ਹਨ?

ਭਾਸ਼ਾ ਦੀ ਗੱਲ ਕਰਨ ਤੋਂ ਪਹਿਲਾਂ ਇਕ ਹੋਰ ਗੱਲ ਬਹੁਤ ਜ਼ਰੂਰੀ ਹੈ। ਇਸ ਸੱਚਾਈ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਪੰਜਾਬ ਦੇ ਸਾਰੇ ਵਜ਼ੀਰਾਂ ਵਿਚੋਂ ਆਪਣੇ ਮਹਿਕਮੇ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਵਿਚ ਬੀਬੀ ਚਾਵਲਾ ਸਭ ਤੋਂ ਅੱਗੇ ਹੈ। ਸਿਹਤ ਮਹਿਕਮੇ ਦੇ ਕੰਮਾਂ ਵੇਲੇ ਉਹ ਸਿਆਸਤਦਾਨ ਨਹੀਂ, ਏਸੇ ਮਹਿਕਮੇ ਦੀ ਸੇਵਾਦਾਰ ਬਣ ਕੇ ਰਹਿੰਦੀ ਹੈ। ਅਤਿ ਦੀ ਹਲੀਮੀ, ਸਾਦਗੀ ਤੇ ਸਿਹਤ ਕਾਮਿਆਂ ਨਾਲ ਪਰਿਵਾਰ ਵਾਲੇ ਸਲੂਕ ਪਖੋਂ ਉਹ ਆਪਣੀ ਮਿਸਾਲ ਆਪ ਹਨ।

ਇਸ ਦੇ ਬਾਵਜੂਦ ਵੀ ਉਨ੍ਹਾਂ ਦਾ ਪੰਜਾਬ ਅਸੰਬਲੀ ਵਿਚ ਹਿੰਦੀ ਵਿਚ ਤਕਰੀਰ ਕਰਨਾ ਜੇ ਇਤਰਾਜ਼ਯੋਗ ਨਹੀਂ ਤਾਂ ਅਜੀਬ ਜ਼ਰੂਰ ਲੱਗਦਾ ਹੈ ਕਿਉਂਕਿ ਬਾਕੀ ਸਾਰੇ ਮੈਂਬਰ ਪੰਜਾਬੀ ਹੀ ਬੋਲਦੇ ਹਨ। ਬੀਬੀ ਚਾਵਲਾ ਦੀ ਆਪਣੀ ਮਾਂ ਬੋਲੀ ਵੀ ਪੰਜਾਬੀ ਹੀ ਹੈ। ਜੇ ਤਾਂ ਸਿਰਫ ਏਨੀ ਗੱਲ ਹੋਵੇ ਕਿ ਉਨ੍ਹਾਂ ਨੂੰ ਪੰਜਾਬੀ ਦੇ ਮੁਕਾਬਲੇ ਹਿੰਦੀ ਵਿਚ ਬੋਲਣ ਦੀ ਜ਼ਿਆਦਾ ਮੁਹਾਰਤ ਹੈ, ਜ਼ਿਆਦਾ ਆਸਾਨੀ ਹੈ ਤੇ ਉਹ ਆਪਣੀ ਗੱਲ ਹਿੰਦੀ ਵਿਚ ਹੀ ਚੰਗੀ ਤਰ੍ਹਾਂ ਸਮਝਾ ਸਕਦੇ ਹੋਣ ਤਾਂ ਕੋਈ ਮਸਲਾ ਨਹੀਂ। ਲੇਕਿਨ ਇਹ ਗੱਲ ਤਾਂ ਉਹੀ ਦੱਸ ਸਕਦੇ ਹਨ ਕਿ ਹਿੰਦੀ ਵਿਚ ਬੋਲਣ ਦਾ ਕਾਰਨ ਇੰਨਾ ਹੀ ਹੈ ਕਿ ਕੁਝ ਹੋਰ।

ਪੰਜਾਬੀਆਂ ਵਾਸਤੇ ਹਿੰਦੀ ਕੋਈ ਓਪਰੀ ਜ਼ਬਾਨ ਨਹੀਂ। ਮਾਡਰਨ ਹਿੰਦੀ ਦੇ ਜਨਮ ਦਾ ਇਕ ਕੇਂਦਰ ਲਾਹੌਰ ਵੀ ਗਿਣਿਆ ਜਾਂਦਾ ਹੈ। ਪੰਜਾਬ ਨੇ ਉਚ ਕੋਟੀ ਦੇ ਹਿੰਦੀ ਲੇਖਕ ਪੈਦਾ ਕੀਤੇ ਹਨ। ਉਪੇਂਦਰ ਨਾਥ ਅਸ਼ਕ, ਭੀਸ਼ਮ ਸਾਹਨੀ, ਯਸ਼ਪਾਲ ਤੇ ਡਾ. ਮਹੀਪ ਸਿੰਘ ਉਤੇ ਮਾਣ ਕਰਨ ਦਾ ਹਰ ਪੰਜਾਬੀ ਨੂੰ ਹੱਕ ਹੈ। ਜਿੱਥੋਂ ਤੱਕ ਪੰਜਾਬੀ ਤੇ ਹਿੰਦੀ ਦੇ ਰਿਸ਼ਤੇ ਦਾ ਸਵਾਲ ਹੈ, ਪੰਜਾਬੀ ਦੇ ਪਹੁੰਚੇ ਹੋਏ ਲੇਖਕ ਕਰਤਾਰ ਸਿੰਘ ਦੁੱਗਲ ਨੇ ਹਿੰਦੀ ਤੇ ਪੰਜਾਬੀ ਨੂੰ ਜੋੜੀਆਂ ਭੈਣਾਂ ਆਖਿਆ ਹੈ। ਇਸ ਲਈ ਸਵਾਲ ਹਿੰਦੀ ਤੇ ਪੰਜਾਬੀ ਦੇ ਫਰਕ ਦਾ ਨਹੀਂ ਪਰ ਭਾਸ਼ਾ ਦੇ ਆਧਾਰ 'ਤੇ ਬਣੇ ਪੰਜਾਬੀ ਸੂਬੇ ਵਿਚ ਇਕ ਸੀਨੀਅਰ ਨੇਤਾ ਵੱਲੋਂ ਹਿੰਦੀ ਵਿਚ ਭਾਸ਼ਣ ਦੇਣਾ ਕੁਝ ਸੋਚਾਂ ਜ਼ਰੂਰ ਪੈਦਾ ਕਰਦਾ ਹੈ।

ਅਸੀਂ ਇਹ ਵੀ ਵੇਖ ਹੀ ਰਹੇ ਹਾਂ ਕਿ ਪੱਛਮ ਵਾਲੇ ਪਾਸੇ ਦਾ ਪੰਜਾਬ ਜੋ ਸਾਡੇ ਪੰਜਾਬ ਨਾਲੋਂ ਚਾਰ ਗੁਣਾ ਵੱਡਾ ਹੈ ਤੇ ਉਸ ਦੀ ਜ਼ਬਾਨ ਵੀ ਪੰਜਾਬੀ ਹੈ ਪਰ ਉਨ੍ਹਾਂ ਦੀ ਸਾਰੀ ਅਸੰਬਲੀ ਦੀ ਕਾਰਵਾਈ ਹਮੇਸ਼ਾਂ ਉਰਦੂ ਵਿਚ ਹੁੰਦੀ ਹੈ। ਮਾਂ ਬੋਲੀ ਤੋਂ ਇਨਕਾਰੀ ਹੋਣ ਦਾ ਕਹਿਰ ਜੋ ਪੰਜਾਬੀਆਂ ਵਿਚ ਹੈ, ਸ਼ਾਇਦ ਹੀ ਕਿਸੇ ਹੋਰ ਜ਼ਬਾਨ ਦੇ ਲੋਕਾਂ ਵਿਚ ਹੋਵੇ।

ਅੱਜ ਦੇ ਯੁੱਗ ਵਿਚ ਸਾਨੂੰ ਇਕ ਤੋਂ ਵੱਧ ਭਾਸ਼ਾਵਾਂ ਨਾਲ ਰਿਸ਼ਤਾ ਰੱਖਣ ਦੀ ਲੋੜ ਹੈ। ਸਵਾਲ ਸਿਰਫ ਇਹ ਹੈ ਕਿ ਕਿਸ ਨੂੰ ਕਿੱਥੇ ਰੱਖਣਾ ਹੈ? ਇਸ ਰਿਸ਼ਤੇ ਬਾਰੇ ਇਹ ਲੇਖਕ ਆਪਣੀ ਉਦਾਹਰਣ ਦੇਣੀ ਚਾਹੁੰਦਾ ਹੈ। ਮੈਂ ਬੈਂਕ ਦੇ ਏ. ਟੀ. ਐਮ. ਵਿਚੋਂ ਪੈਸੇ ਕਢਾਉਣ ਜਾਵਾਂ ਤਾਂ ਜਦੋਂ 'ਆਪਣੀ ਭਾਸ਼ਾ ਚੁਣੋ' ਦਾ ਸੰਕੇਤ ਆਉਂਦਾ ਹੈ ਤਾਂ ਮੈਂ ਕਦੇ ਅੰਗਰੇਜ਼ੀ ਨਹੀਂ ਚੁਣਦਾ ਹਾਲਾਂਕਿ ਉਹਦੇ ਨਾਲ ਕੋਈ ਵੈਰ ਨਹੀਂ। ਲੇਕਿਨ ਕਿਉਂਕਿ ਇਸ਼ਾਰਾ 'ਆਪਣੀ' ਭਾਸ਼ਾ ਚੁਣਨ ਦਾ ਹੁੰਦਾ ਹੈ ਇਸ ਲਈ ਜਿੱਥੇ ਦੋ ਹੀ ਭਾਸ਼ਾ ਅੰਗਰੇਜ਼ੀ ਜਾਂ ਹਿੰਦੀ ਲਿਖੀ ਹੋਵੇ, ਮੈਂ ਹਿੰਦੀ ਚੁਣਦਾ ਹਾਂ ਤੇ ਜਿੱਥੇ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਦੇ ਵਿਕਲਪ ਦਿੱਤੇ ਹੋਣ ਮੈਂ ਹਮੇਸ਼ਾਂ ਪੰਜਾਬੀ ਉਪਰ ਹੀ ਉਂਗਲ ਨੱਪਦਾ ਹਾਂ।

ਸੰਨ ਸੰਤਾਲੀ ਤੋਂ ਪਹਿਲਾਂ ਸਾਂਝੇ ਪੰਜਾਬ ਦੀ ਅਸੰਬਲੀ ਵਿਚ ਉਰਦੂ ਹੀ ਪ੍ਰਧਾਨ ਸੀ। ਸੰਤਾਲੀ ਤੋਂ 66 ਤੱਕ ਦੇ ਸਾਂਝੇ ਪੰਜਾਬ ਦੀ ਅਸੰਬਲੀ ਵਿਚ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਨਾਲੋਂ ਨਾਲ ਹੀ ਚੱਲਦੇ ਰਹੇ। ਓਦੋਂ ਤੱਕ ਬਹੁਤਾ ਦਫਤਰੀ ਕੰਮ ਤੇ ਕਾਨੂੰਨਾਂ ਦੇ ਮਤੇ ਵੀ ਅੰਗਰੇਜ਼ੀ ਜਾਂ ਉਰਦੂ ਵਿਚ ਹੀ ਚੱਲਦੇ ਸਨ, ਇਸ ਵਾਸਤੇ ਪੰਜਾਬੀ ਤੇ ਹਿੰਦੀ ਦਾ ਆਪਸੀ ਰੌਲਾ ਨਹੀਂ ਸੀ। ਕੋਈ ਮੰਤਰੀ ਜਾਂ ਐਮ ਐਲ ਏ ਪੰਜਾਬੀ ਬੋਲਦਾ ਕੋਈ ਹਿੰਦੀ, ਕਿਸੇ ਨੂੰ ਮਹਿਸੂਸ ਹੀ ਨਹੀਂ ਸੀ ਹੁੰਦਾ ਤੇ ਇਹ ਵੰਡ ਇਲਾਕਿਆਂ 'ਤੇ ਆਧਾਰਤ ਨਹੀਂ ਸੀ। ਪੰਜਾਬੀ ਸੂਬਾ ਬਨਣ ਤੋਂ ਪਿਛੋਂ ਪੰਜਾਬ ਅਸੰਬਲੀ 'ਚ ਪੰਜਾਬੀ ਹੀ ਵਰਤੀ ਜਾਂਦੀ ਰਹੀ।

ਹਾਂ ਜਦੋਂ ਅਬੋਹਰ ਤੇ ਫਾਜ਼ਿਲਕਾ ਨੂੰ ਹਰਿਆਣਾ ਵਿਚ ਮਿਲਾਉਣ ਦੀ ਮੰਗ ਚੱਲੀ ਤਾਂ ਹਰਿਆਣਾ ਦੇ ਨੇਤਾ ਚੌਧਰੀ ਦੇਵੀ ਲਾਲ ਨੇ ਜਲਾਲਾਬਾਦ ਤੋਂ ਕਮਿਊਨਿਸਟ ਪਾਰਟੀ ਦੇ ਐਮ. ਐਲ. ਏ. ਦਾਨਾ ਰਾਮ ਨੂੰ ਕਿਹਾ ਸੀ ਕਿ ਉਹ ਪੰਜਾਬ ਅਸੰਬਲੀ ਵਿਚ ਹਿੰਦੀ ਬੋਲਿਆ ਕਰਨ। ਦਾਨਾ ਰਾਮ ਦਾ ਜਵਾਬ ਸੀ ਕਿ ਉਨ੍ਹਾਂ ਨੂੰ ਹਿੰਦੀ ਆਉਂਦੀ ਹੀ ਨਹੀਂ। ਜਦੋਂ ਦੇਵੀ ਲਾਲ ਨੇ ਕਿਹਾ ਕਿ ਫਿਰ ਤੁਸੀਂ ਬਾਂਗਰ ਬੋਲਿਆ ਕਰੋ ਤਾਂ ਦਾਨਾ ਰਾਮ ਦਾ ਜਵਾਬ ਸੀ ਕਿ "ਜੇ ਤੁਸੀਂ ਹਰਿਆਣਾ ਅਸੰਬਲੀ ਵਿਚ ਬਾਂਗਰ ਬੋਲਿਆ ਕਰੋਗੇ ਤਾਂ ਮੈਂ ਵੀ ਬੋਲ ਲਿਆ ਕਰਾਂਗਾ।" ਪਰ ਦੇਵੀ ਲਾਲ ਹਮੇਸ਼ਾਂ ਉਰਦੂ ਬੋਲਦੇ ਸਨ ਤੇ ਸੰਸਕ੍ਰਿਤ ਨਾਲ ਲੱਦੀ ਹਿੰਦੀ ਦੇ ਪ੍ਰਸਤਾਵ ਵੀ ਬੋਲਣ ਵਾਸਤੇ ਉਰਦੂ ਲਿਪੀ ਵਿਚ ਲਿਖ ਕੇ ਪੜ੍ਹਦੇ ਸਨ। ਵੈਸੇ ਚੌਧਰੀ ਦੇਵੀ ਲਾਲ ਪੰਜਾਬੀ ਵਿਚ ਭਾਸ਼ਣ ਦੇਣ ਦੀ ਪੂਰੀ ਮੁਹਾਰਤ ਰੱਖਦੇ ਸਨ ਤੇ ਅਕਸਰ ਪੰਜਾਬੀ ਬੋਲਦੇ ਸਨ। ਉਨ੍ਹਾਂ ਦਾ ਰਾਜਨੀਤਕ ਜੀਵਨ ਲਾਹੌਰ ਤੋਂ ਸ਼ੁਰੂ ਹੋਇਆ ਸੀ।

ਇਕ ਹੋਰ ਵਿਧਾਇਕ ਕਮਿਊਨਿਸਟ ਪਾਰਟੀ ਦੀ ਬੀਬੀ ਵਿਮਲਾ ਡਾਂਗ ਸੀ। ਇਨ੍ਹਾਂ ਦੀ ਮਾਦਰੀ ਜ਼ਬਾਨ ਪੰਜਾਬੀ ਨਹੀਂ ਸੀ। ਘਰ ਵਿਚ ਅਕਸਰ ਹਿੰਦੀ ਬੋਲਦੇ ਸਨ ਪਰ ਪੰਜਾਬ ਅਸੰਬਲੀ ਵਿਚ ਹਮੇਸ਼ਾ ਪੰਜਾਬੀ ਹੀ ਵਰਤੀ। ਮੀਟਿੰਗਾਂ ਤੇ ਜਲਸਿਆਂ ਵਿਚ ਪੰਜਾਬੀ ਵਿਚ ਹੀ ਤਕਰੀਰਾਂ ਕਰਦੇ ਰਹੇ। ਗੁਰਮੁਖੀ ਅੱਖਰਾਂ ਵਿਚ ਪੰਜਾਬੀ ਪੜ੍ਹਨ ਤੇ ਲਿਖਣ ਵਿਚ ਪੂਰੀ ਮੁਹਾਰਤ ਸੀ।

ਜੇ ਤਾਂ ਬੀਬੀ ਚਾਵਲਾ ਸਿਰਫ ਆਪਣੀ ਸਹੂਲਤ ਤੇ ਆਸਾਨੀ ਵਾਸਤੇ ਹਿੰਦੀ ਬੋਲਦੇ ਹਨ ਤਾਂ ਕੋਈ ਹਰਜ਼ ਵਾਲੀ ਗੱਲ ਨਹੀਂ। ਦੱਸਿਆ ਗਿਆ ਹੈ ਕਿ ਉਹ ਆਪਣੇ ਦਫਤਰ ਵੱਲੋਂ ਪੰਜਾਬੀ ਵਿਚ ਤਿਆਰ ਕੀਤੇ ਜਵਾਬ ਨੂੰ ਹਿੰਦੀ ਵਿਚ ਉਲਥਾ ਕਰਕੇ ਪੜ੍ਹਦੇ ਹਨ। ਇਸ ਤੋਂ ਲਗਦਾ ਹੈ ਕਿ ਉਹ ਉਚੇਚੇ ਤਰੱਦਦ ਨਾਲ ਹਿੰਦੀ ਬੋਲਦੇ ਹਨ ਤੇ ਇਸ ਦਾ ਪ੍ਰਚਾਰ ਵੀ ਚਾਹੁੰਦੇ ਹਨ। ਉਹ ਲੰਮੀ ਦੇਰ ਤੋਂ ਅਸੰਬਲੀ ਵਿਚ ਹਿੰਦੀ ਬੋਲਦੇ ਆ ਰਹੇ ਹਨ ਅਤੇ ਕਦੇ ਕਿਸੇ ਮੈਂਬਰ ਨੇ ਬਾਕਾਇਦਾ ਇਤਰਾਜ਼ ਨਹੀਂ ਉਠਾਇਆ। ਸ਼ਾਇਦ ਉਨ੍ਹਾਂ ਨੂੰ ਇਹ ਗੱਲ ਪਸੰਦ ਨਹੀਂ ਆਈ। ਜਦੋਂ ਉਨ੍ਹਾਂ ਕਿਹਾ ਕਿ ਮੈਂਬਰ ਉਨ੍ਹਾਂ ਵੱਲੋਂ ਹਿੰਦੀ ਵਿਚ ਬੋਲਣ ਤੋਂ ਚਿੜਦੇ ਕਿਉਂ ਹਨ ਓਦੋਂ ਤੱਕ ਕੋਈ ਚਿੜ੍ਹਦਾ ਨਹੀਂ ਸੀ। ਇਸ ਤਰ੍ਹਾਂ ਜਾਪਦਾ ਹੈ ਕਿ ਉਨ੍ਹਾਂ ਨੂੰ ਖੁਦ ਹੀ ਇਹ ਖ਼ਬਰ ਬਣਾਉਣੀ ਪਈ ਕਿ ਲੋਕਾਂ ਨੂੰ ਪਤਾ ਲੱਗੇ ਕਿ ਉਹ ਪੰਜਾਬ ਅਸੰਬਲੀ ਵਿਚ ਹਿੰਦੀ ਬੋਲਦੇ ਹਨ।

ਬਤੌਰ ਅਸੰਬਲੀ ਮੈਂਬਰ ਹਲਫ ਲੈਣ ਵੇਲੇ ਵੀ ਬੀਬੀ ਚਾਵਲਾ ਨੇ ਸੰਸਕ੍ਰਿਤ ਵਿਚ ਸਹੁੰ ਚੁੱਕੀ ਸੀ। ਇਹ ਹਰ ਮੈਂਬਰ ਦੀ ਆਪਣੀ ਮਰਜ਼ੀ ਉਪਰ ਹੈ। ਇਸ ਨੂੰ ਕਿਸੇ ਬਹੁਤਾ ਨਹੀਂ ਗੌਲਿਆ। ਹੋ ਸਕਦੇ ਉਹ ਚਾਹੁੰਦੇ ਹੋਣ ਕਿ ਉਨ੍ਹਾਂ ਦੀ ਸਹੁੰ ਚੁੱਕਣ ਵਾਲੀ ਭਾਸ਼ਾ ਇਕ ਗਰਮ ਮੁੱਦਾ ਬਣੇ ਤੇ ਉਹ ਸੰਸਕ੍ਰਿਤ ਦੀ ਮਹਾਨਤਾ ਬਾਰੇ ਵੱਡੀਆਂ ਦਲੀਲਾਂ ਦਾ ਪ੍ਰਚਾਰ ਕਰ ਸਕਣ। ਇਸੇ ਤਰ੍ਹਾਂ ਹੋ ਸਕਦਾ ਹੈ ਕਿ ਹੁਣ ਵੀ ਉਹ ਚਾਹੁੰਦੇ ਹੋਣ ਕਿ ਉਨ੍ਹਾਂ ਦੇ ਹਿੰਦੀ ਭਾਸ਼ਣਾਂ ਦਾ ਮੁੱਦਾ ਬਣੇ ਤੇ ਉਹ ਸੱਚੇ ਹਿੰਦੀ ਹਿਤੂ ਬਣ ਕੇ ਇਸ ਦੇ ਰਾਸ਼ਟਰੀ ਭਾਸ਼ਾ ਹੋਣ ਦੀ ਮਹਿਮਾ ਕਰਨ। ਪੰਜਾਬ ਅਸੰਬਲੀ ਦੇ ਮੈਂਬਰਾਂ ਨੇ ਹਿੰਦੀ ਦੇ ਭਾਸ਼ਣਾਂ ਨੂੰ ਮੁੱਦਾ ਨਾ ਬਣਾ ਕੇ ਚੰਗੇ ਸਿਦਕ ਤੇ ਇਖਲਾਕ ਦਾ ਸਬੂਤ ਦਿੱਤਾ ਹੈ। ਬੀਬੀ ਚਾਵਲਾ ਅਸੰਬਲੀ ਵਿਚ ਚਾਹੇ ਸੰਸਕ੍ਰਿਤ, ਅਪਭ੍ਰੰਸ਼ ਜਾਂ ਫਾਰਸੀ ਕੁਝ ਵੀ ਬੋਲਣ, ਉਨ੍ਹਾਂ ਵੱਲੋਂ ਮਹਿਕਮੇ ਦੀ ਕੀਤੀ ਸੇਵਾ ਨੂੰ ਧਿਆਨ ਵਿਚ ਰੱਖ ਕੇ ਕੋਈ ਰੌਲਾ ਨਹੀਂ ਪਾਉਣਾ ਚਾਹੀਦਾ, ਬੱਸ ਇਕ ਦੁਭਾਸ਼ੀਆ ਰੱਖ ਲੈਣਾ ਚਾਹੀਦਾ ਹੈ।

ਜਦੋਂ ਮਹਾਰਾਸ਼ਟਰ ਦੀ ਅਸੰਬਲੀ ਵਿਚ ਸਮਾਜਵਾਦੀ ਪਾਰਟੀ ਦੇ ਇਕ ਮੈਂਬਰ ਨੇ ਹਿੰਦੀ ਵਿਚ ਸਹੁੰ ਚੁੱਕੀ ਤਾਂ ਉਸ ਉਪਰ ਸ਼ਿਵ ਸੈਨਾ ਵਾਲਿਆਂ ਨੇ ਜਿਸਮਾਨੀ ਹਮਲਾ ਕੀਤਾ। ਓਦੋਂ ਰਾਸ਼ਟਰੀ ਰਾਜ ਭਾਸ਼ਾ ਬਨਾਮ ਸੂਬੇ ਦੀ ਭਾਸ਼ਾ ਦਾ ਮੁੱਦਾ ਗਰਮਾਇਆ ਲੇਕਿਨ ਅਸਲ ਮੁੱਦਾ ਭਾਸ਼ਾ ਦਾ ਨਹੀਂ ਹਿੰਸਾ ਦਾ ਸੀ। ਇਕ ਮੈਂਬਰ ਨੂੰ ਆਪਣੀ ਪਸੰਦ ਦੀ ਭਾਸ਼ਾ ਵਿਚ ਬੋਲਣ ਦਾ ਹੱਕ ਹੈ ਤੇ ਜੋ ਇਤਰਾਜ਼ ਕਰਨਾ ਚਾਹੁਣ ਉਨ੍ਹਾਂ ਨੂੰ ਵੀ ਪੂਰਾ ਹੱਕ ਹੈ, ਲੇਕਿਨ ਨਿਯਮਾਂ ਦੇ ਦਾਇਰੇ ਵਿਚ।

ਮਹਾਰਾਸ਼ਟਰ ਦੇ ਇਸ ਐਮ ਐਲ ਏ ਨੂੰ ਸਚਮੁੱਚ ਮਰਾਠੀ ਨਹੀਂ ਆਉਂਦੀ ਪਰ ਉਨ੍ਹਾਂ ਕਿਹਾ ਹੈ ਕਿ ਉਹ ਇਹ ਸਿੱਖ ਰਹੇ ਹਨ। ਸ੍ਰੀ ਦੇਵ ਗੌੜਾ

*(ਬਾਕੀ ਸਫਾ 31 'ਤੇ)*

# ਮੁੜ ਵਤਨਾਂ ਵੱਲ

ਡਾ. ਗੁਰਨਾਮ ਕੌਰ

ਸ਼ੁਕਰ ਸ਼ੁਕਰ ਕਰਕੇ ਤੀਹ ਦਸੰਬਰ ਦੀ ਤਰੀਕ ਆ ਪਹੁੰਚੀ। ਘਰ ਵਾਪਸੀ ਦੀ ਬਹੁਤ ਤਾਂਘ ਸੀ, ਖਾਸ ਕਰਕੇ ਬੇਟੇ ਕੋਲ ਪਹੁੰਚਣ ਦੀ। ਆਪਣੀ ਬੱਚੀ ਦੇ ਅਚਾਨਕ ਸਦੀਵੀ ਵਿਛੋੜੇ ਨੇ ਮੇਰਾ ਮਨ ਬਹੁਤ ਪਤਲਾ ਕਰ ਦਿੱਤਾ ਸੀ। ਇਸ ਲਈ ਜਿੰਨੇ ਦਿਨ ਵੀ ਮੈਂ ਬਾਹਰ ਰਹੀ ਹਰ ਵੇਲੇ ਮੈਨੂੰ ਆਪਣੇ ਬੇਟੇ ਦਾ ਹੀ ਫ਼ਿਕਰ ਲੱਗਿਆ ਰਹਿੰਦਾ। ਨਿਊ ਯਾਰਕ ਤੋਂ ਵੀ.ਸੀ ਆਰ ਖਰੀਦਿਆ ਸੀ ਜਿਸ ਨੂੰ ਮੋਢੇ ਵਾਲੇ ਬੈਗ ਵਿਚ ਹੀ ਪੈਕ ਕਰ ਲਿਆ ਤਾਂ ਕਿ ਟੁੱਟ ਭੱਜ ਤੋਂ ਬਚਾ ਕੇ ਲੈ ਜਾ ਸਕਾਂ। ਸੁਸ਼ਮਾ ਅਤੇ ਰਾਜ ਲੂੰਬਾ ਮੈਨੂੰ ਹਵਾਈ ਅੱਡੇ 'ਤੇ ਛੱਡਣ ਆਏ। ਜਦੋਂ ਸਮਾਨ ਚੈਕ ਕਰਾਉਣ ਲੱਗੇ ਤਾਂ ਏਅਰ ਇੰਡੀਆ ਦੇ ਚੈਕਿੰਗ ਅਮਲੇ ਨੇ ਦੱਸਿਆ ਕਿ ਵੀ.ਸੀ.ਆਰ. ਹੈਂਡ ਬੈਗ ਵਿਚ ਨਹੀਂ ਜਾ ਸਕਦਾ। ਲੂੰਬਾ ਸਾਹਿਬ ਕਿਉਂਕਿ ਆਪ ਏਅਰ ਇੰਡੀਆ ਦੇ ਮੁਲਾਜ਼ਮ ਅਤੇ ਉਹ ਵੀ ਵੱਧੀਆ ਰੁਤਬੇ 'ਤੇ ਹਨ, ਇਸ ਲਈ ਉਨ੍ਹਾਂ ਦੇ ਸਟਾਫ ਦੀਆਂ ਲੜਕੀਆਂ ਨੇ ਫਟਾ-ਫਟ ਬੈਗ ਵਿਚੋਂ ਮੇਰੇ ਕਪੜੇ ਕੱਢ ਕੇ ਵੀ.ਸੀ.ਆਰ. ਵਿਚ ਲਪੇਟਿਆ ਅਤੇ ਬੈਗ ਵਿਚ ਚੰਗੀ ਤਰ੍ਹਾਂ ਪੈਕ ਕਰਕੇ ਅਟੈਚੀਕੇਸਾਂ ਦੇ ਨਾਲ ਹੀ ਲੋਡ ਕਰਾ ਦਿੱਤਾ। ਮੈਨੂੰ ਉਨ੍ਹਾਂ ਇੱਕ ਤਿੰਨ ਸੀਟਾਂ ਵਾਲੀ ਖਾਲੀ ਸੀਟ ਦੇ ਦਿੱਤੀ ਅਤੇ ਸੀਟਾਂ ਦੀਆਂ ਬਾਹੀਆਂ ਵਿਚੋਂ ਚੁੱਕ ਦਿੱਤੀਆਂ ਤਾਂਕਿ ਮੈਂ ਅਰਾਮ ਨਾਲ ਸਫਰ ਕਰ ਸਕਾਂ।



ਡਾ. ਗੁਰਨਾਮ ਕੌਰ

ਖੈਰ! ਸਫ਼ਰ ਅਰਾਮ ਨਾਲ ਗੁਜ਼ਰਿਆ ਅਤੇ ਮੈਂ ਦਿੱਲੀ ਆ ਉਤਰੀ। ਕਸਟਮ ਵਾਲਿਆਂ ਨੂੰ ਮੈਂ ਦੱਸ ਦਿੱਤਾ ਕਿ ਮੇਰੇ ਕੋਲ ਵੀ.ਸੀ.ਆਰ. ਹੈ। ਕਸਟਮ ਅਫ਼ਸਰ ਨੇ ਨਿਯਮਾਂ ਅਨੁਸਾਰ ਘੱਟੋ-ਘੱਟ ਬਣਦਾ ਕਸਟਮ ਲਾ ਕੇ ਪੇਪਰ ਮੇਰੇ ਹੱਥ ਵਿਚ ਫੜਾ ਦਿੱਤੇ ਅਤੇ ਬੋਲੇ, "ਆਪ ਯੇਹ ਪੈਸੇ ਉਸ ਬੈਂਕ ਮੇਂ ਜਮਾਂ ਕਰਾ ਦੋ ਔਰ ਇਸ ਕੇ ਪੇਪਰ ਅਪਨੇ ਸਾਥ ਹੀ ਰੱਖਨਾ ਤਾਂਕਿ ਆਪ ਪੂਛਨੇ ਵਾਲੇ ਕੋ ਦਿਖਾ ਸਕੇਂ। ਏਅਰ ਪੋਰਟ ਸੇ ਬਾਹਰ ਨਿਕਲਤੇ ਹੀ ਪਤਾ ਨਹੀਂ ਪੁਲੀਸ ਵਾਲੇ ਆਪ ਕੋ ਕਸਟਮ ਕੇ ਲਿਏ ਕਹਾਂ ਕਹਾਂ ਰੋਕੇਂਗੇ।" ਉਦੋਂ ਹਾਲੇ ਸ. ਬਲਵੰਤ ਸਿੰਘ ਰਾਮੂਵਾਲੀਆ ਨੇ ਕਸਟਮ ਲਈ ਖਾਹਮਖਾਹ ਤੰਗ ਕਰਨ ਵਾਲਿਆਂ ਦੇ ਖਿਲਾਫ ਆਪਣੀ ਮੁਹਿੰਮ ਨਹੀਂ ਸੀ ਵਿੱਢੀ ਅਤੇ ਕਸਟਮ ਦੇ ਨਾਂ 'ਤੇ ਬਾਹਰੋਂ ਆਉਣ ਵਾਲਿਆਂ ਨੂੰ ਬਹੁਤ ਤੰਗ ਕੀਤਾ ਜਾਂਦਾ ਸੀ। ਹੁਣ ਤਾਂ ਕੂਲੀ ਵੀ ਏਅਰਪੋਰਟ ਤੇ ਸਿੱਧਾ ਪੈਸੇ ਨਹੀਂ ਮੰਗ ਸਕਦਾ, ਚੋਰੀ ਪੈਸੇ ਮੰਗਦਾ ਹੈ। ਹਰ ਕੋਈ, ਖਾਸ ਕਰਕੇ ਪੰਜਾਬੀ, ਜਦੋਂ ਏਅਰਪੋਰਟ 'ਤੇ ਉਤਰਦਾ ਹੈ, ਸ. ਬਲਵੰਤ ਸਿੰਘ ਰਾਮੂਵਾਲੀਆ ਨੂੰ ਸੌ ਸੌ ਅਸੀਸ ਦਿੰਦਾ ਹੈ। ਮੈਨੂੰ ਲੈਣ ਵਾਸਤੇ ਮੇਰਾ ਭਾਣਜਾ ਅਮਨਦੀਪ ਜੋ ਉਦੋਂ ਮੇਰੇ ਕੋਲ ਐਮ.ਏ. ਵਿਚ ਪੜ੍ਹਦਾ ਸੀ ਅਤੇ ਡਾ. ਓਅੰਕਾਰ ਸਿੰਘ ਜੋ ਅੱਜ ਕਲ੍ਹ ਫਰਿਜ਼ਨੋ ਰਹਿ ਰਿਹਾ ਹੈ ਅਤੇ ਉਦੋਂ ਮੇਰੇ ਵਿਭਾਗ ਵਿਚ ਕੰਮ ਕਰਦਾ ਸੀ, ਮੈਨੂੰ ਲੈਣ ਆਏ ਹੋਏ ਸਨ। ਉਹੀ ਗੱਲ ਹੋਈ ਜੋ ਕਸਟਮ-ਅਫ਼ਸਰ ਨੇ ਕਹੀ ਸੀ। ਅਟੈਚੀ ਟੈਕਸੀ ਦੇ ਉਪਰ ਲੱਦੇ ਹੀ ਸੀ ਕਿ ਦਿੱਲੀ ਪੁਲਿਸ ਟੱਕਰ ਗਈ ਅਤੇ ਬੋਲੇ, "ਸਮਾਨ ਉਤਾਰੀਏ ਔਰ ਕਸਟਮ ਕਰਵਾਏਂ।" ਮੈਂ ਪੇਪਰ ਅੱਗੇ ਕਰਕੇ ਕਿਹਾ, "ਕਿਉਂ ਉਤਾਰੂੰ? ਯਹ ਕਸਟਮ ਕੇ ਪੇਪਰ ਹੈਂ, ਮੈਨੇ ਕਸਟਮ ਦੀਆ ਹੈ।" ਇਸ ਤਰ੍ਹਾਂ ਸਾਨੂੰ ਤਿੰਨ ਚਾਰ ਥਾਵਾਂ 'ਤੇ ਦਿੱਲੀ ਦੇ ਵਿਚ ਵਿਚ ਹੀ ਰੋਕਣ ਦੀ ਕੋਸ਼ਿਸ਼ ਕੀਤੀ ਪਰ ਮੈਂ ਸ਼ੀਸ਼ਾ ਲਾਹ ਕੇ ਪਹਿਲਾਂ ਹੀ ਪੇਪਰ ਬਾਹਰ ਲਹਿਰਾ ਦਿਆ ਕਰਾਂ। ਇਸੇ ਤਰ੍ਹਾਂ ਗੱਲਾਂਬਾਤਾਂ ਕਰਦੇ ਤਕਰੀਬਨ ਤੜਕੇ ਦੇ ਪੰਜ ਕੁ ਵਜੇ ਅੰਬਾਲਾ ਕੈਂਟ ਪੰਜਾਬ ਦੇ ਨੇੜੇ ਪਹੁੰਚੇ ਤਾਂ ਦੋ ਪੁਲਿਸ ਵਾਲੇ ਮੋਟਰ-ਸਾਈਕਲ 'ਤੇ ਰਸਤਾ ਰੋਕੀ ਖੜ੍ਹੇ ਸਨ। ਸਾਡੀ ਟੈਕਸੀ ਰੋਕ ਕੇ ਬੋਲੇ, "ਸਾਮਾਨ ਦੀ ਚੈਕਿੰਗ ਕਰਾਉ ਅਤੇ ਕਸਟਮ ਦਿਉ।" ਹੁਣ ਤਾਂ ਮੈਨੂੰ ਇੱਕਦਮ ਗੁੱਸਾ ਹੀ ਚੜ੍ਹ ਗਿਆ। ਮੈਂ ਉਨ੍ਹਾਂ ਨੂੰ ਗੁੱਸੇ ਨਾਲ ਬੋਲੀ, "ਦਿੱਲੀ ਛੱਡ ਹਰਿਆਣਾ ਵੀ ਲੰਘਣ ਵਾਲੇ ਹਾਂ। ਹਾਲੇ ਵੀ ਕਸਟਮ ਦੀ ਕਸਰ ਰਹਿੰਦੀ ਹੈ? ਆਹ ਪੇਪਰ ਮੈਂ ਕਸਟਮ-ਅਫ਼ਸਰ ਦੇ ਕਹਿਣ 'ਤੇ ਹੀ ਹੱਥ ਵਿਚ ਫੜ ਰੱਖੇ ਹਨ ਤਾਂਕਿ ਤੁਹਾਡੇ ਵਰਗੇ ਘੇਰਨ ਵਾਲਿਆਂ ਨੂੰ ਦਿਖਾ ਸਕਾਂ।" ਏਨੀ ਕਹਿ ਕੇ ਮੈਂ ਡਰਾਈਵਰ ਨੂੰ ਗੱਡੀ ਤੋਰਨ ਲਈ ਕਿਹਾ। ਦਾਲ ਗਲਦੀ ਨਾ ਦੇਖ ਕੇ ਉਹ ਡਾ. ਓਅੰਕਾਰ ਸਿੰਘ ਵੱਲ ਨੂੰ ਮੂੰਹ ਕਰਕੇ ਬੋਲੇ, "ਭਾ ਜੀ ਨਵਾਂ ਸਾਲ ਚੜ੍ਹਿਆ (ਉਸ ਦਿਨ ਪਹਿਲੀ ਜਨਵਰੀ ਸੀ) ਚਾਹ ਤਾਂ ਪਿਲਾਦੋ"? ਡਾ. ਓਅੰਕਾਰ ਸਿੰਘ ਅਮਨਦੀਪ ਨੂੰ ਬੋਲੇ, "ਅਮਨ! ਯਾਰ ਦੇਹ ਵੀਹ ਰੁਪਏ, ਠੰਢ ਹੈ ਵਿਚਾਰੇ ਚਾਹ ਪੀ ਲੈਣਗੇ।"

ਥੋੜੇ ਚਿਰ ਪਿਛੋਂ ਹੀ ਬਿਨਾ ਹੋਰ ਰੁਕਾਵਟ ਘਰ ਪਹੁੰਚ ਗਏ। ਦੂਸਰੇ ਦਿਨ ਜਾ ਵਿਭਾਗ ਹਾਜ਼ਰ ਹੋਈ। ਜਦੋਂ ਮੈਂ ਸ਼ਿਕਾਗੋ ਸੀ ਤਾਂ ਮੈਨੂੰ ਡਾ. ਅਵਤਾਰ ਸਿੰਘ ਨੇ ਸੁਨੇਹਾ ਭੇਜਿਆ ਕਿ ਉਹ ਆਪ ਤਾਂ ਸਿਹਤ ਦੀ ਵਜ੍ਹਾ ਕਰਕੇ ਨਹੀਂ ਆ ਸਕੇ ਪਰ ਮੈਂ ਉਨ੍ਹਾਂ ਲਈ ਕੈਮੀ ਸਟਰਿਪਸ ਦਾ ਇੱਕ ਪੈਕਟ ਲੈ ਆਵਾਂ ਜਿਸ ਨਾਲ ਆਪ ਹੀ ਸ਼ੁਗਰ ਚੈਕ ਕੀਤੀ ਜਾ ਸਕਦੀ ਹੈ। ਫਿਰ ਆਪ ਹੀ ਉਨ੍ਹਾਂ ਨੇ ਮਨ੍ਹਾਂ ਵੀ ਕਰ ਦਿੱਤਾ ਕਿ ਬੀਬਾ ਜੀ ਕਿੱਥੇ ਖਰੀਦਦੇ ਫਿਰਨਗੇ ਪਰ ਮੈਂ ਨਿਊ ਯਾਰਕ ਆ ਕੇ ਸੁਸ਼ਮਾ ਨੂੰ ਨਾਲ ਲੈ ਕੇ ਫਾਰਮੇਸੀ ਤੋਂ ਲੈ ਆਈ। ਇਸ ਲਈ ਵਿਭਾਗ ਪਹੁੰਚ ਕੇ ਮੈਂ ਡਾਕਟਰ ਸਾਹਿਬ ਨੂੰ ਫੋਨ ਕੀਤਾ ਅਤੇ ਨਾਲ ਹੀ ਪੁੱਛਿਆ ਕਿ ਕੀ ਮੈਂ ਆਪ ਆ ਜਾਵਾਂ ਜਾਂ ਸੇਵਾਦਾਰ ਹੱਥ ਭੇਜ ਦੇਵਾਂ? ਤਾਂ ਡਾਕਟਰ ਸਾਹਿਬ ਬੋਲੇ, "ਬੀਬਾ ਜੀ! ਮੈਂ ਤਾਂ ਮਨ੍ਹਾਂ ਕਰ ਦਿੱਤਾ ਸੀ ਕਿ ਤੁਸੀਂ ਕਿਥੇ ਖੇਚਲ ਕਰੋਗੇ ਪਰ ਜੇ ਲੈ ਆਏ ਹੋ ਤਾਂ ਮੈਂ ਆਪ ਤੁਹਾਡੇ ਡਿਪਾਰਟਮੈਂਟ ਵਿਚ ਆਉਂਦਾ ਹਾਂ।" ਡਾ. ਅਵਤਾਰ ਸਿੰਘ ਆ ਗਏ, ਸੈਮੀਨਾਰ ਦੀਆਂ ਗੱਲਾਂਬਾਤਾਂ ਤੋਂ ਬਾਅਦ ਡਾ. ਬਲਕਾਰ ਸਿੰਘ ਨੇ ਪੁੱਛਿਆ, "ਡਾਕਟਰ ਸਾਹਿਬ ਕਾਫ਼ੀ ਹਾਊਸ ਚੱਲੀਏ ਕਿ ਚਾਹ ਇਥੇ ਪੀਣੀ ਹੈ?" ਉਹ ਇੱਕ ਦਮ ਬੋਲੇ, "ਪ੍ਰੋਫੈਸਰ ਸਾਹਿਬ! ਜੇ ਤੁਸੀਂ ਚਾਹੋ ਤਾਂ ਅੱਜ ਤੁਹਾਡੇ ਘਰ ਬੈਠ ਕੇ ਕੌਫੀ ਪੀਵਾਂਗੇ ਅਤੇ ਬਹੁਤ ਸਾਰੀਆਂ ਗੱਲਾਂ ਵੀ ਕਰਾਂਗੇ।" ਅਸਲ ਵਿਚ ਥੋੜੇ ਸਮੇਂ ਵਿਚ ਹੀ ਡਾ. ਅਵਤਾਰ ਸਿੰਘ ਯੂਨੀਵਰਸਿਟੀ ਤੋਂ ਰਿਟਾਇਰ ਹੋਣ ਵਾਲੇ ਸਨ। ਜਦੋਂ ਘਰ ਵੱਲ ਆ ਰਹੇ ਸਾਂ ਤਾਂ ਰਸਤੇ ਵਿਚ ਹੱਸ ਕੇ ਕਹਿਣ ਲੱਗੇ, "ਬੀਬਾ ਤੁਸੀਂ ਉਹ ਮੋਰ ਦੇਖਿਆ ਹੈ ਜਿਹੜਾ ਪ੍ਰੋਫੈਸਰ ਸਾਹਿਬ ਨੇ ਆਪਣੇ ਘਰ ਦੇ ਉਪਰਲੇ ਕਮਰੇ ਦੀ ਸਾਹਮਣੀ ਕੰਧ 'ਤੇ ਬਣਾਇਆ ਹੈ? ਕਿਵੇਂ ਦੂਰੋਂ ਹੀ ਨਜ਼ਰ ਪੈ ਜਾਂਦਾ ਹੈ, ਇਸ ਨਾਲ ਪ੍ਰੋਫੈਸਰ ਸਾਹਿਬ ਦਾ ਘਰ ਨਹੀਂ ਬੰਦੇ ਨੂੰ ਭੁਲਦਾ।" ਦਰਅਸਲ ਮਿਸਤਰੀ ਨੇ ਮੰਮਟੀ ਦੀ ਕੰਧ 'ਤੇ ਕੁਝ ਇਸ ਤਰ੍ਹਾਂ ਮਸਾਲੇ ਨਾਲ ਡੀਜ਼ਾਇਨ ਕਰਕੇ ਲਾਲ ਰੰਗ ਫੇਰ ਦਿੱਤਾ ਸੀ ਜੋ ਦੇਖਣ ਨੂੰ ਮੋਰ ਦੇ ਪਾਇਲ ਪਾਉਂਦੇ ਖੰਭਾਂ ਵਰਗਾ ਲਗਦਾ ਸੀ। ਡਾ. ਬਲਕਾਰ ਸਿੰਘ ਦੇ ਘਰ ਕਾਫ਼ੀ ਪੀਂਦਿਆਂ ਉਹ ਸੇਵਾ-ਮੁਕਤੀ ਉਪਰੰਤ ਕੀਤੇ ਜਾਣ ਵਾਲੇ ਅਕਾਦਮਿਕ ਕੰਮਾਂ ਦਾ ਵੇਰਵਾ ਦੱਸ ਰਹੇ ਸਨ।

ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਡਾ. ਅਵਤਾਰ ਸਿੰਘ ਨਾਲ ਮੇਰੀ ਇਹ ਆਖਰੀ ਮੁਲਾਕਾਤ ਹੋ ਨਿਬੜੀ। ਦੂਸਰੇ ਦਿਨ ਵਾਈਸ ਚਾਂਸਲਰ ਡਾ. ਐਚ.ਕੇ. ਮਨਮੋਹਨ ਸਿੰਘ ਨੂੰ ਮਿਲਣ ਦਾ ਸੋਚਿਆ ਅਤੇ ਮੈਂ ਆਪਣੀ ਮੁਖੀ ਬਣ ਚੁੱਕੀ ਕੁਲੀਗ ਨੂੰ ਦੱਸਿਆ ਕਿ ਮੈਂ ਵੀ. ਸੀ. ਨੂੰ ਮਿਲਣ ਜਾਣਾ ਹੈ। ਮੇਰੀ ਉਸ ਕੁਲੀਗ ਨਾਲ ਬਣਦੀ ਨਹੀਂ ਸੀ, ਇਸ ਲਈ ਮੈਂ ਸੋਚਿਆ ਹੋਇਆ ਸੀ ਕਿ ਇਸ ਨੂੰ ਕਦੇ ਵੀ ਕੋਈ ਅਜਿਹਾ ਮੌਕਾ ਨਹੀਂ ਦੇਣਾ ਕਿ ਇਹ ਮੇਰੇ ਨਾਲ ਕੋਈ ਕਿੰਤੂ ਪ੍ਰੰਤੂ ਕਰ ਸਕੇ। ਉਹ ਵੀ ਉਠ ਕੇ ਮੇਰੇ ਨਾਲ ਹੀ ਤੁਰ ਪਈ ਕਹਿੰਦੀ, "ਮੈਂ ਵੀ ਵੀ.ਸੀ. ਨਾਲ ਇੱਕ-ਦੋ ਸਮੱਸਿਆਵਾਂ ਬਾਰੇ ਗੱਲ ਕਰਨੀ ਹੈ।" ਅਸੀਂ ਦੋਵੇਂ ਵੀ. ਸੀ.ਦਫ਼ਤਰ ਚਲੀਆਂ ਗਈਆਂ। ਸੈਮੀਨਾਰ ਬਾਰੇ ਦੱਸਣ ਤੋਂ ਬਾਅਦ ਮੈਂ ਉਨ੍ਹਾਂ ਨੂੰ ਡਾ. ਬਲਵੰਤ ਸਿੰਘ ਪੈਨਸਿਲਵੇਨੀਆ ਬਾਰੇ ਦੱਸਿਆ ਤਾਂ ਉਨ੍ਹਾਂ ਪੁਰਾਣੀਆਂ ਅਮਰੀਕਾ ਦੀਆਂ ਗੱਲਾਂ ਸ਼ੁਰੂ ਕਰ ਲਈਆਂ ਅਤੇ ਡਾ. ਬਲਵੰਤ ਸਿੰਘ ਦੇ ਬੱਚਿਆਂ ਖਾਸ ਕਰਕੇ ਉਨ੍ਹਾਂ ਦੀ ਬੇਟੀ ਦੀਆਂ ਗੱਲਾਂ ਕਰਦੇ ਰਹੇ। ਇਸੇ ਵਿਚ ਸਮਾਂ ਨਿਕਲ ਗਿਆ। ਬਾਹਰ ਆ ਕੇ ਮੇਰੀ ਕੁਲੀਗ ਬੋਲੀ, "ਮੈਂ ਚੰਗੀ ਤੇਰੇ ਨਾਲ ਆਈ, ਵੀ. ਸੀ. ਨੇ ਤਾਂ ਆਪਣੀਆਂ ਹੀ ਗੱਲਾਂ ਛੋਹ ਲਈਆਂ। ਮੇਰੀਆਂ ਫਾਈਲਾਂ ਤਾਂ ਵਿਚੇ ਰਹਿ ਗਈਆਂ।"

ਜਦੋਂ ਮੈਂ ਨਿਊ ਯਾਰਕ ਸੀ ਤਾਂ ਜਸਵੀਰ ਸਿੰਘ ਮੱਲ੍ਹੀ ਤੋਂ ਵੱਡੀ ਉਸਦੀ ਭੈਣ ਰਸ਼ਪਾਲ ਨੇ

## ਰੰਗ-ਬੇਰੰਗ

ਫੋਨ ਕਰਕੇ ਦੱਸਿਆ ਸੀ, "ਮਾਮੀ ਜੀ ਵਧਾਈਆਂ! ਆਪਣਾ ਹਨੀ ਇੰਜਨੀਅਰਿੰਗ ਕਰਨ ਤੋਂ ਬਾਅਦ ਏਅਰਫੋਰਸ ਵਿਚ ਪਾਇਲਟ ਚੁਣਿਆ ਗਿਆ ਹੈ ਅਤੇ ਉਸਦੀ ਟਰੇਨਿੰਗ ਬੰਗਲੌਰ ਹੋਣੀ ਹੈ।" ਹਨੀ ਕਵੀ ਗੁਰਦੀਪ ਸਿੰਘ ਦੇਹਰਾਦੂਨ ਵਾਲਿਆਂ ਦੀ ਛੋਟੀ ਭੈਣ ਮਲਕੀਤ ਦਾ ਬੇਟਾ ਸੀ ਜੋ ਸਾਡੇ ਵੀ ਭੈਣ ਜੀ ਲਗਦੇ ਹਨ। ਮੈਂ ਭਾਰਤ ਵਾਪਸ ਆ ਕੇ ਮਲਕੀਤ ਭੈਣ ਜੀ ਨੂੰ ਵਧਾਈ ਦੇਣ ਲਈ ਫੋਨ ਕੀਤਾ ਪਰ ਕੀ ਪਤਾ ਸੀ ਕਿ ਇਹ ਖੁਸ਼ੀ ਬਹੁਤ ਥੋੜ-ਚਿਰੀ ਹੈ। ਸਨ 1991 ਮਾਰਚ ਦਾ ਮਹੀਨਾ ਬਹੁਤ ਮੰਦਭਾਗਾ ਚੜ੍ਹਿਆ। ਬੰਗਲੌਰ ਤੋਂ ਚੌਵੀ ਨਵੇਂ ਭਰਤੀ ਕੀਤੇ ਪਾਇਲਟ ਇਕੱਠੇ ਜਹਾਜ਼ ਵਿਚ ਭੇਜੇ ਪਰ ਸੁਣਨ ਵਿਚ ਆਇਆ ਸੀ ਕਿ ਇਹ ਏਅਰ ਕਰਾਫਟ ਦੀ ਸਮਰੱਥਾ ਤੋਂ ਜ਼ਿਆਦਾ ਸੀ। ਜਹਾਜ਼ ਅਸਮਾਨ ਵਿਚ ਹਾਦਸੇ ਦਾ ਸ਼ਿਕਾਰ ਹੋ ਗਿਆ ਅਤੇ ਚੌਵੀ ਜੁਆਨ ਸਦਾ ਦੀ ਨੀਂਦ ਸੌਂ ਗਏ। ਅਖ਼ਬਾਰ ਵਿਚ ਖਬਰ ਪੜ੍ਹ ਕੇ ਯਕੀਨ ਨਹੀਂ ਸੀ ਆ ਰਿਹਾ ਪਰ ਭਾਣਾ ਵਾਪਰ ਚੁਕਾ ਸੀ। ਅਫਸਰਾਂ ਦੀ ਅਣਗਹਿਲੀ ਦਾ ਸਿੱਟਾ ਚੌਵੀ ਪਰਿਵਾਰਾਂ ਦੇ ਘਰ ਦੇ ਚਿਰਾਗ ਸਦਾ ਲਈ ਬੁੱਝ ਗਏ। ਸਰਕਾਰੀ ਜ਼ਿੰਮੇਵਾਰੀ ਨਿਭਾਉਣ ਵੇਲੇ ਕਿੰਨੀ ਲਾਪਰਵਾਹੀ ਵਰਤੀ ਗਈ ਉਹ ਵੀ ਡੀਫੈਂਸ ਫੋਰਸਜ ਵਿਚ ਜਿਸ ਦੇ ਹੱਥਾਂ ਵਿਚ ਸਾਰੇ ਮੁਲਕ ਦੀ ਸੁਰੱਖਿਆ ਹੈ। ਰੱਬ ਹੀ ਰਾਖਾ ਹੈ ਬਸ। ਇਹ ਮਹੀਨਾ ਅਤਿ ਦੁਖਦਾਈ ਸੀ। ਡਾ. ਅਵਤਾਰ ਸਿੰਘ ਯੂਨੀਵਰਸਿਟੀ ਤੋਂ ਰਿਟਾਇਰ ਹੋ ਚੁੱਕੇ ਸਨ ਅਤੇ ਚੰਡੀਗੜ੍ਹ ਕਿਸੇ ਕੰਮ ਗਏ ਬਾਅਦ ਦੁਪਹਿਰ ਵਾਪਸ ਆ ਰਹੇ ਸਨ। ਨਾਲ ਹੀ ਪੱਤਰਕਾਰੀ ਵਿਭਾਗ ਦਾ ਇੱਕ ਕੁਲੀਗ ਵੀ ਸੀ, ਜਿਸਦਾ ਨਾਮ ਸ਼ਾਇਦ ਡਾ. ਸ਼੍ਰੀਵਾਸਤਵ ਸੀ। ਫਕਾਂਸੂ ਦੇ ਪੁਲ ਕੋਲ ਮਾਰੂਤੀ ਕਾਰ ਅੱਗੇ ਜਾ ਰਹੇ ਟਰੱਕ ਨੂੰ ਓਵਰਟੇਕ ਕਰਦਿਆਂ ਸਾਹਮਣੇ ਤੋਂ ਆ ਰਹੇ ਵਾਹਨ ਨਾਲ ਟਕਰਾ ਗਈ। ਕਾਰ ਡਾ. ਅਵਤਾਰ ਸਿੰਘ ਆਪ ਚਲਾ ਰਹੇ ਸਨ। ਸ਼੍ਰੀਵਾਸਤਵ ਦੇ ਤਾਂ ਥੋੜੀ ਸੱਟ ਲਗੀ ਪਰ ਡਾ. ਅਵਤਾਰ ਸਿੰਘ ਦੇ ਸੱਟ ਜਿਆਦਾ ਲੱਗ ਗਈ ਅਤੇ ਉਨ੍ਹਾਂ ਨੂੰ ਰਾਜਿੰਦਰਾ ਹਸਪਤਾਲ ਦਾਖਲ ਕਰਾਇਆ ਗਿਆ। ਸ਼ਾਮ ਨੂੰ ਡਾ. ਓਅੰਕਾਰ ਸਿੰਘ ਮੇਰੇ ਘਰ ਹਸਪਤਾਲ ਵਾਸਤੇ ਦੋ ਰਜਾਈਆਂ ਲੈਣ ਲਈ ਆਏ ਤਾਂ ਮੈਨੂੰ ਪਤਾ ਲੱਗਿਆ ਕਿ ਐਕਸੀਡੈਂਟ ਹੋ ਗਿਆ ਹੈ ਪਰ ਹਾਲਤ ਖਤਰੇ ਤੋਂ ਬਾਹਰ ਸੀ। ਡਾਕਟਰ ਸਾਹਿਬ ਹਾਲ ਪੁੱਛਣ ਗਏ ਪ੍ਰੋਫੈਸਰਾਂ ਨਾਲ ਗੱਲਾਂ ਵੀ ਕਰਦੇ ਰਹੇ। ਉਨ੍ਹਾਂ ਦੇ ਹੱਡੀਆਂ ਦੀ ਸੱਟ ਲੱਗੀ ਸੀ। ਦੋ ਦਿਨ ਉਹ ਚੰਗੇ ਭਲੇ ਰਹੇ ਪਰ ਉਨ੍ਹਾਂ ਨੂੰ ਦਿਲ ਦੀ ਤਕਲੀਫ ਪਹਿਲਾਂ ਹੀ ਰਹਿੰਦੀ ਸੀ। ਰਾਤ ਵੇਲੇ ਡਾਕਟਰ ਸਾਹਿਬ ਨੂੰ ਮਹਿਸੂਸ ਹੋਇਆ ਕਿ ਉਨ੍ਹਾਂ ਨੂੰ ਦਿਲ ਦੀ ਤਕਲੀਫ ਹੈ। ਉਹ ਕਿਉਂਕਿ ਹੱਡੀਆਂ ਵਾਲੇ ਡਾਕਟਰ ਦੀ ਨਿਗਰਾਨੀ ਵਿਚ ਸਨ, ਇਸ ਲਈ ਦਿਲ ਦਾ ਮਾਹਰ ਕੋਈ ਡਾਕਟਰ ਚੈਕ-ਅਪ ਕਰਨ ਨਾ ਆਇਆ। ਉਨ੍ਹਾਂ ਨੇ ਦਿਲ ਦੇ ਇਕ ਡਾਕਟਰ ਵੱਲ ਉਚੇਚਾ ਸੁਨੇਹਾ ਭੇਜਿਆ ਜਿਸ ਨਾਲ ਉਨ੍ਹਾਂ ਦੀ ਦੋਸਤਾਂ ਵਰਗੀ ਨੇੜਤਾ ਸੀ। ਉਹ ਵੀ ਸਮੇਂ ਸਿਰ ਨਾ ਆਇਆ ਅਤੇ ਡਾ. ਅਵਤਾਰ ਸਿੰਘ ਦੀ ਤਕਲੀਫ ਜਾਨ-ਲੇਵਾ ਸਾਬਤ ਹੋਈ। ਐਕਸੀਡੈਂਟ ਵਿਚੋਂ ਬਚ ਗਏ ਪਰ ਡਾਕਟਰਾਂ ਦੀ ਲਾਪਰਵਾਹੀ ਨੇ ਜਾਨ ਲੈ ਲਈ। ਪਤਾ ਲੱਗਣ ਤੇ ਮੈਂ ਸ. ਦਲਜੀਤ ਸਿੰਘ ਨੂੰ ਭਰੇ ਮਨ ਨਾਲ ਫੋਨ ਕੀਤਾ। ਉਹ ਡਾ. ਖੜਕ ਸਿੰਘ ਨਾਲ ਅੰਤਿਮ ਸਸਕਾਰ 'ਤੇ ਆਏ। ਬੇਹੱਦ ਉਦਾਸ ਮਨਾਂ ਨਾਲ ਅਸੀਂ ਉਨ੍ਹਾਂ ਦੇ ਵਿਦਿਆਰਥੀਆਂ ਨੇ ਉਨ੍ਹਾਂ ਨੂੰ ਅੰਤਿਮ ਵਿਦਾਇਗੀ ਦਿੱਤੀ। ਭੋਗ ਅਕੈਡਮੀ ਆਫ ਸਿੱਖ ਰਿਲੀਜੀਅਨ ਐਂਡ ਕਲਚਰ ਦੇ ਹਾਲ ਵਿਚ ਰੱਖਿਆ ਗਿਆ ਜੋ ਮਾਡਲ ਟਾਊਨ ਪਟਿਆਲਾ ਦੇ ਢਿੱਲੋਂ ਮਾਰਗ 'ਤੇ ਬਿਲਕੁਲ ਉਨ੍ਹਾਂ ਦੇ ਘਰ ਦੇ ਨਾਲ ਪੈਂਦੀ ਹੈ। ਮੈਨੂੰ ਡਾ. ਖੜਕ ਸਿੰਘ ਮਾਨ ਦਾ ਫੋਨ ਆਇਆ, "ਤੁਸੀਂ ਤਿਆਰ ਰਹਿਣਾ, ਅਸੀਂ ਚੰਡੀਗੜ੍ਹ ਤੋਂ ਆਉਂਦੇ ਤੁਹਾਨੂੰ ਨਾਲ ਲੈ ਕੇ ਭੋਗ 'ਤੇ ਜਾਵਾਂਗੇ।" ਸ. ਦਲਜੀਤ ਸਿੰਘ ਤੇ ਡਾ. ਖੜਕ ਸਿੰਘ ਆ ਗਏ ਅਤੇ ਅਸੀਂ ਮਹਿਮਾਨ ਕਮਰੇ ਵਿਚ ਬੈਠ ਗਏ। ਸ. ਦਲਜੀਤ ਸਿੰਘ ਨੇ ਗੱਲ ਸ਼ੁਰੂ ਕੀਤੀ, "ਡਾ. ਅਵਤਾਰ ਸਿੰਘ ਬਹੁਤ ਇੰਟੈਲੀਜੈਂਟ ਸਨ। ਉਹ ਸਾਡੇ ਕੋਲੋਂ ਬਹੁਤ ਛੇਤੀ ਚਲੇ ਗਏ। ਤੁਸੀ ਉਨ੍ਹਾਂ ਦੇ ਵਿਦਿਆਰਥੀ ਹੋ, ਤੁਹਾਡੇ ਜਿੰਮੇ ਇੱਕ ਡਿਊਟੀ ਹੈ ਜੋ ਤੁਸੀਂ ਨਿਭਾਉਣੀ ਹੈ।" ਮੈ ਹੰਝੂਆਂ ਵਿਚੋਂ ਉਨ੍ਹਾਂ ਵੱਲ ਦੇਖਿਆ ਅਤੇ ਕਿਹਾ, "ਦੱਸੋ ਮੈਂ ਕੀ ਕਰ ਸਕਦੀ ਹਾਂ?" ਬੋਲੇ, "ਡਾ. ਅਵਤਾਰ ਸਿੰਘ ਨੇ ਇੰਟਰਫੇਥ, ਵਰਲਡ ਰਿਲੀਜਨ ਆਰਗੇਨਾਈਜੇਸ਼ਨ ਅਤੇ ਡਾ. ਮਾਨ ਵਲੋਂ ਕਰਵਾਏ ਸੈਮੀਨਾਰਾਂ ਵਿਚ ਬਹੁਤ ਪਰਚੇ ਲਿਖੇ-ਪੜ੍ਹੇ ਹਨ, ਆਡੀਓ ਰਿਕਾਰਡਿੰਗ ਵੀ ਹੈ। ਤੁਸੀਂ ਉਨ੍ਹਾਂ ਦੀ ਮਿਸਿਜ ਨਾਲ ਗੱਲ ਕਰਕੇ ਇਹ ਸਾਰੇ ਪੇਪਰ ਇਕੱਠੇ ਕਰਕੇ ਡੰਮੀ ਤਿਆਰ ਕਰਨੀ ਹੈ। ਅਸੀਂ ਇਸਨੂੰ ਛਾਪਣ ਦਾ ਪ੍ਰਬੰਧ ਆਪ ਕਰ ਲਵਾਂਗੇ।" ਮੈਂ ਉਨ੍ਹਾਂ ਨੂੰ 'ਹਾਂ' ਕਰ ਦਿੱਤੀ।

ਡਾਕਟਰ ਸਾਹਿਬ ਦਾ ਕੋਈ ਬੱਚਾ ਨਹੀਂ ਸੀ। ਉਨ੍ਹਾਂ ਦੀ ਧਰਮਪਤਨੀ ਪਾਲ ਭੈਣ ਜੀ (ਡਾਕਟਰ ਸਾਹਿਬ ਪਾਲ ਕਹਿ ਕੇ ਹੀ ਬੁਲਾਉਂਦੇ ਹੁੰਦੇ ਸਨ) ਮਿਲਣ 'ਤੇ ਹੀ ਅੱਖਾਂ ਭਰ ਲੈਂਦੇ। ਇਸ ਲਈ ਉਨ੍ਹਾਂ ਨਾਲ ਗੱਲ ਕਰਨ ਦਾ ਹੌਂਸਲਾ ਨਹੀਂ ਸੀ ਪੈਂਦਾ। ਵੈਸੇ ਵੀ ਡਾ. ਤਾਰਨ ਸਿੰਘ ਦੀ ਮੌਤ ਤੋਂ ਬਾਅਦ ਜਿਵੇਂ ਸਾਡੇ ਵਿਭਾਗ ਵਾਲਿਆਂ ਨੇ ਮਿਸਿਜ ਤਾਰਨ ਸਿੰਘ ਦੇ ਕੰਨ ਭਰੇ ਸਨ ਅਕਾਦਮਿਕ ਚੋਰੀ ਦਾ ਇਲਜਾਮ ਲਗਾ ਕੇ, ਉਸ ਤੋਂ ਬਹੁਤ ਹਿਚਕਚਾਹਟ ਸੀ। ਉਸ ਤਰ੍ਹਾਂ ਜਦੋਂ ਵੀ ਮੈਂ ਅਕੈਡਮੀ ਵਿਚ ਲੈਕਚਰ ਕਰਨ ਜਾਂ ਕਿਸੇ ਸਮਾਗਮ 'ਤੇ ਜਾਣਾ ਤਾਂ ਮਿਸਿਜ ਅਵਤਾਰ ਸਿੰਘ ਨੂੰ ਜ਼ਰੂਰ ਮਿਲ ਕੇ ਆਉਣਾ। ਇਸੇ ਤਰ੍ਹਾਂ ਹਿਚਕਚਾਹਟ ਵਿਚ ਹੀ ਸਮਾਂ ਗੁਜ਼ਰਦਾ ਗਿਆ ਕਿ ਸ. ਦਲਜੀਤ ਸਿੰਘ ਵੀ ਇਸ ਸੰਸਾਰ ਤੋਂ ਕੂਚ ਕਰ ਗਏ। ਉਨ੍ਹਾਂ ਦੇ ਭੋਗ 'ਤੇ ਬੈਠਿਆਂ ਮੈਂ ਇਹ ਮਹਿਸੂਸ ਕੀਤਾ ਕਿ ਮੈਨੂੰ ਹੌਂਸਲਾ ਕਰਕੇ ਭੈਣ ਜੀ ਨਾਲ ਗੱਲ ਕਰ ਹੀ ਲੈਣੀ ਚਾਹੀਦੀ ਹੈ।

ਮੈਂ ਪਾਲ ਭੈਣ ਜੀ ਕੋਲ ਗਈ ਅਤੇ ਉਨ੍ਹਾਂ ਨੂੰ ਸ. ਦਲਜੀਤ ਸਿੰਘ ਦੀ ਖਾਹਿਸ਼ ਦਸੀ। ਉਹ ਬੋਲੇ, "ਮੈਂ ਸਾਰੇ ਪੇਪਰ ਇਕੱਠੇ ਕਰ ਰਖਾਂਗੀ। ਤੁਸੀਂ ਹੀ ਸਾਰੇ ਵਿਦਿਅਰਥੀਆਂ ਵਿਚੋਂ ਹੋ ਜੋ ਮੇਰੇ ਕੋਲ ਲਗਾਤਾਰ ਆਉਂਦੇ ਰਹਿੰਦੇ ਹੋ ਅਤੇ ਹਾਲ ਪੁੱਛਦੇ ਰਹਿੰਦੇ ਹੋ।" ਮੈਂ ਉਨ੍ਹਾਂ ਨੂੰ ਇਹ ਵੀ ਦਸਿੱਆ, "ਕਿਤਾਬ 'ਤੇ ਨਾਮ ਤਾਂ ਡਾਕਟਰ ਸਾਹਿਬ ਦਾ ਹੋਵੇਗਾ ਪਰ ਉਨ੍ਹਾਂ ਦੀ ਗੈਰਹਜ਼ਰੀ ਵਿਚ ਕਿਸੇ ਨਾ ਕਿਸੇ ਨੂੰ ਸੰਪਾਦਕੀ ਕਰਨੀ ਪਵੇਗੀ।" ਉਹ ਬੋਲੇ, "ਤੁਸੀਂ ਆਪ ਹੀ ਕਰ ਲੈਣੀ, ਮੈਨੂੰ ਕੋਈ ਇਤਰਾਜ ਨਹੀਂ।"

*(ਚਲਦਾ...)*



**ਡਾ. ਗੁਰਨਾਮ ਕੌਰ ਅਤੇ ਡਾ. ਬਲਕਾਰ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਸਮਾਗਮ ਸਮੇਂ ਸ. ਦਲਜੀਤ ਸਿੰਘ ਦਾ ਸਨਮਾਨ ਕਰਦੇ ਹੋਏ**

## ਸਿਆਣਿਆਂ ਦਾ ਕਿਹਾ

(1) ਤਿੰਨਾਂ ਨੂੰ ਜੋੜਨ 'ਤੇ ਸਿਆਸੀ ਲੀਡਰ ਬਣਦਾ ਹੈ-ਝੋਲੀ ਚੁੱਕ, ਬਦਮਾਸ਼ ਤੇ ਅਮੀਰ।

(2) ਤਿੰਨ ਇੱਕ ਦੂਜੇ ਨਾਲ ਨਹੀਂ ਮਿਲਦੇ-ਆਦਤ, ਕਿਸਮਤ ਅਤੇ ਧਰਮ।

(3) ਅਰਦਾਸ ਕਰਨੀ, ਉਦਮ ਕਰਨਾ ਅਤੇ ਸੱਚ ਦੇ ਰਾਹ ਤੁਰਨਾ ਕਦੇ ਨਾ ਛੱਡੋ।

(4) ਤਿੰਨ ਜ਼ਿੰਦਗੀ ਵਿਚ ਇੱਕ ਵਾਰ ਮਿਲਦੇ ਹਨ-ਮਮਤਾ, ਜਵਾਨੀ ਅਤੇ ਮੌਤ।

(5) ਤਿੰਨੇ ਬੜੇ ਔਖੇ ਮਿਲਦੇ ਹਨ-ਸੱਚਾ ਦੋਸਤ, ਪੁਰਾਣਾ ਗੁੜ ਤੇ ਪੁਰਾਣੀ ਬਨਾਸਪਤੀ।

(6) ਤਿੰਨੇ ਲੱਖਾਂ ਤੋਂ ਕੱਖਾਂ ਦਾ ਬਣਾ ਦਿੰਦੇ ਹਨ-ਜੂਆ, ਘੋੜ ਦੌੜ ਤੇ ਪਰਾਈ ਇਸਤਰੀ।

(7) ਤਿੰਨੇ ਕਦੇ ਗੁੱਝੇ ਨਹੀਂ ਰਹਿੰਦੇ-ਠੱਗੀ, ਚੋਰੀ ਤੇ ਯਾਰੀ।

(8) ਤਿੰਨੇ ਰਾਤ ਭਾਲਦੇ ਹਨ-ਉਲੂ, ਚੋਰ ਤੇ ਆਸ਼ਕ।

(9) ਤਿੰਨੇ ਮੀਂਹ ਨਹੀਂ ਮੰਗਦੇ-ਰਥਵਾਨ, ਯੋਗੀ ਤੇ ਭੱਖੜਾ।

(10) ਤਿੰਨਾਂ ਤੋਂ ਰੱਬ ਬਚਾਵੇ-ਨਿਹੰਗਾਂ ਦੀ ਭੰਗ, ਪੁਲਿਸ ਦਾ ਸੰਗ ਤੇ ਹਿੰਦੂਤਵੀ ਦਾ ਰੰਗ।

(11) ਅੱਜ ਪੰਥ ਨੂੰ ਲੋੜ ਹੈ-ਚੰਗੇ ਲਿਖਾਰੀ, ਚੰਗੇ ਬੁਲਾਰੇ ਅਤੇ ਚੰਗੇ ਜਰਨੈਲ ਦੀ।

(12) ਤਿੰਨ ਕਿਸਮਤ ਵਾਲੇ ਨੂੰ ਮਿਲਦੇ ਹਨ ਪੁਤੱਰ, ਇੱਜ਼ਤ ਤੇ ਸ਼ਾਂਤੀ।

(13) ਗਲਤੀ ਕਰਕੇ ਗਲਤੀ ਨੂੰ ਕਬੂਲ ਕਰ ਲੈਣ ਵਾਲਾ ਇਨਸਾਨ ਦਾ ਰੂਪ ਹੁੰਦਾ ਹੈ।

(14) ਗਲਤੀ ਕਰਕੇ ਗਲਤੀ ਨੂੰ ਨਾ ਮੰਨਣ ਵਾਲਾ ਸ਼ੈਤਾਨ ਦਾ ਰੂਪ ਹੁੰਦਾ ਹੈ।

(15) ਕਮਜ਼ੋਰ ਸੋਚ ਵਾਲੇ ਲੋਕ-ਜੋਤਸ਼ੀਆਂ, ਗ੍ਰਹਿ ਕੁੰਡਲੀਆਂ ਅਤੇ ਆਪਣੇ ਆਪ ਨੂੰ ਰੱਬ ਦਾ ਅਵਤਾਰ ਦੱਸਣ ਵਾਲੇ ਲੋਕਾਂ ਦਾ ਛੇਤੀ ਹੀ ਸ਼ਿਕਾਰ ਬਣ ਜਾਂਦੇ ਹਨ।

(16) ਕਿਸਮਤ ਉਨ੍ਹਾਂ ਦਾ ਹੀ ਸਾਥ ਦਿੰਦੀ ਹੈ ਜੋ ਆਪਣੀ ਮਦਦ ਆਪ ਕਰਦੇ ਹਨ।

(17) ਸਫਲ ਵਿਅਕਤੀ ਚਮਤਕਾਰਾਂ ਤੇ ਸੌਖੇ ਰਸਤਿਆਂ ਦੀ ਤਲਾਸ਼ 'ਚ ਨਹੀਂ ਰਹਿੰਦੇ, ਉਹ ਤਾਂ ਹੌਂਸਲੇ ਤੇ ਸ਼ਕਤੀ ਦੀ ਤਾਕ 'ਚ ਰਹਿੰਦੇ ਹਨ ਤਾਂ ਜੋ ਮੁਸੀਬਤਾਂ 'ਤੇ ਕਾਬੂ ਪਾ ਸਕਣ।

(18) ਜਦੋਂ ਆਪਣਾ ਦਿਮਾਗ ਹਿੰਮਤ ਨਾਲ ਭਰਿਆ ਹੁੰਦਾ ਹੈ ਆਪਾਂ ਆਪਣੇ ਡਰ ਨੂੰ ਭੁੱਲ ਜਾਂਦੇ ਹਾਂ ਅਤੇ ਦਿਕਤਾਂ 'ਤੇ ਕਾਬੂ ਪਾ ਲੈਂਦੇ ਹਾਂ।

(19) ਉਚ ਨੈਤਿਕ ਚਰਿੱਤਰ ਵਾਲੇ ਲੋਕਾਂ ਨਾਲ ਸੰਬਧ ਬਣਾਉ।

(20) ਬਿਨਾਂ ਕੁਝ ਦਿੱਤੇ ਕੁਝ ਵੀ ਪ੍ਰਾਪਤ ਕਰਨ ਦੀ ਕੋਸ਼ਿਸ਼ ਨਾ ਕਰੋ।

(21) ਆਪਣੀ ਤਾਕਤ ਨੂੰ ਪਰਖੋ ਅਤੇ ਉਸ ਉਪਰ ਹੀ ਨਿਰਮਾਣ ਕਰੋ।

(22) ਆਪਣੀ ਇਮਾਨਦਾਰੀ ਨਾਲ ਕਦੇ ਵੀ ਸਮਝੌਤਾ ਨਾ ਕਰੋ।

(23) ਦੋਸਤਾਂ ਦੀਆਂ ਲੋੜਾਂ ਨੂੰ ਮਹੱਤਵ ਦਿਉ।

(24) ਜਦ ਤੱਕ ਖੁਦ ਨੂੰ ਮਹੱਤਵਪੂਰਨ ਨਹੀਂ ਸਮਝੋਗੇ ਤਦ ਤੱਕ ਤੁਹਾਡੇ ਵਿਚ ਇੱਕ ਉਚਾ ਸਵੈਮਾਣ ਨਹੀਂ ਆ ਸਕਦਾ।

(25) ਜ਼ਿੰਦਗੀ 'ਚ ਸਫਲ ਹੋਣ ਲਈ ਅੰਦਰੂਨੀ ਪ੍ਰੇਰਨਾ ਬਹੁਤ ਜ਼ਰੂਰੀ ਹੈ।

(26) ਉਚ ਸਵੈਮਾਣ ਵਾਲੇ ਲੋਕ ਦ੍ਰਿੜਤਾ, ਯੋਗਤਾ ਅਤੇ ਆਪਣੀ ਜ਼ਿੰਮੇਵਾਰੀ ਨੂੰ ਸਵੀਕਾਰ ਕਰਨ ਦੀ ਇੱਛਾ ਵਧਾਉਂਦੇ ਹਨ।

(27) ਸਵੈਮਾਣ ਇੱਕ ਅਜਿਹਾ ਅਹਿਸਾਸ ਹੈ ਜਿਹੜਾ ਕਿ 'ਚੰਗਾ ਕੰਮ ਕਿਵੇਂ ਕਰਨਾ ਹੈ' ਦੀ ਜਾਗਰੂਤਾ ਨਾਲ ਆਉਂਦਾ ਹੈ।

(28) ਆਤਮ ਵਿਸ਼ਵਾਸ ਦੀ ਘਾਟ ਵਾਲੇ ਲੋਕ ਕਿਸੇ ਦਾ ਧਿਆਨ ਖਿੱਚਣ ਲਈ ਹੀ ਅਰਥਹੀਣ ਗੱਲਾਂ ਕਰਦੇ ਹਨ ਤਾਂ ਜੋ ਉਹ ਦੂਸਰਿਆਂ ਦੇ ਨੋਟਿਸ ਵਿਚ ਆ ਸਕਣ।

(29) ਆਪਣਾ ਕੀਤਾ ਹਰ ਕੰਮ ਆਪਣੇ ਅੰਦਰਲੇ ਨੂੰ ਉਘਾੜਦਾ ਹੈ, ਫਿਰ ਵਿਖਾਵਾ ਕਿਉਂ?

(30) ਜਿਹੜਾ ਬੰਦਾ ਦ੍ਰਿੜ ਇਰਾਦੇ, ਸੰਵੇਦਨਸ਼ੀਲਤਾ ਅਤੇ ਸਹਿਯੋਗ ਨਾਲ ਰਹਿੰਦਾ ਹੈ ਉਹ ਆਪਣੀ ਕੋਸ਼ਿਸ਼ ਨਾਲ ਦੂਸਰਿਆਂ ਨੂੰ ਵੀ ਪ੍ਰਭਾਵਤ ਕਰ ਸਕਦਾ ਹੈ।

(31) ਜਦ ਤੱਕ ਇੱਕ ਬੰਦਾ ਆਪਣੇ ਆਪ ਵਿਚ ਸ਼ਾਂਤ ਨਹੀਂ ਹੈ ਉਹ ਦੂਸਰਿਆਂ ਨਾਲ ਵੀ ਸ਼ਾਂਤੀ ਦਾ ਵਰਤਾਵ ਨਹੀਂ ਕਰ ਸਕਦਾ।

(32) ਬੱਚਿਆਂ ਨੂੰ ਜ਼ਿੰਦਗੀ 'ਚ ਚੰਗਾ ਬਣਿਆ ਵੇਖਣ ਲਈ ਮਾਪਿਆਂ ਨੂੰ ਉਨ੍ਹਾਂ ਉੱਪਰ ਸਮਾਂ ਦੁਗਣਾ ਅਤੇ ਪੈਸਾ ਅੱਧਾ ਖਰਚਣਾ ਚਾਹੀਦਾ ਹੈ।

(33) ਇਮਾਨਦਾਰ ਮਾਪਿਆਂ ਦਾ ਹੋਣਾ ਸਮਾਜ ਲਈ ਇੱਕ ਵੱਡੀ ਵਿਰਾਸਤ ਹੈ।

*ਪੇਸ਼ਕਾਰ-ਪਰਮਜੀਤ ਸਿੰਘ ਦਾਖਾ*

# ਯੇਦੀਯੁਰੱਪਾ ਵਲੋਂ ਦੁਬਾਰਾ ਬਹੁਮਤ ਸਿੱਧ



**ਬੰਗਲੌਰ :** ਕਰਨਾਟਕ ਵਿਚਲੀ ਭਾਜਪਾ ਸਰਕਾਰ ਬੀਤੀ 14 ਅਕਤੂਬਰ ਨੂੰ ਔਖੀ-ਸੌਖੀ ਬਹੁਮੱਤ ਦੀ ਪ੍ਰੀਖਿਆ 'ਚੋਂ ਲੰਘ ਗਈ। ਮੁੱਖ ਮੰਤਰੀ ਬੀ. ਐਸ. ਯੇਦੀਯੁਰੱਪਾ ਨੇ ਆਪਣੇ ਹੱਕ 'ਚ ਭੁਗਤੀਆਂ 106 ਵੋਟਾਂ ਦੇ ਮਾਮੂਲੀ ਜਿਹੇ ਫਰਕ ਨਾਲ ਸਦਨ 'ਚ ਬਹੁਮਤ ਸਿੱਧ ਕਰ ਦਿੱਤਾ। ਉਨ੍ਹਾਂ ਦੇ ਵਿਰੁਧ ਕੁੱਲ 100 ਵੋਟਾਂ ਪਈਆਂ। ਸਪੀਕਰ ਕੇ.ਜੀ. ਬੋਪੱਈਆ ਦੇ ਐਲਾਨ ਦੇ ਨਾਲ ਹੀ ਯੇਦੀਯੁਰੱਪਾ ਤੇ ਉਨ੍ਹਾਂ ਦੇ ਸਾਥੀਆਂ ਦੇ ਚਿਹਰਿਆਂ 'ਤੇ ਨੂਰ ਆ ਗਿਆ ਤੇ ਉਹ ਜੇਤੂ ਨਿਸ਼ਾਨ ਬਣਾਉਂਦੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਨ ਲੱਗੇ। ਪਹਿਲਾਂ ਮੂੰਹ ਜ਼ੁਬਾਨੀ ਵੋਟਿੰਗ ਮਗਰੋਂ ਸਪੀਕਰ ਗਿਣਤੀ ਲਈ ਸਹਿਮਤ ਹੋ ਗਏ ਪਰ ਕਾਂਗਰਸੀ ਆਗੂ ਸਿਧਾਰਮੱਈਆ ਤੇ ਜਨਤਾ ਦਲ (ਐਸ) ਦੇ ਵਿਧਾਇਕ ਪਾਰਟੀ ਆਗੂ ਐਚ.ਡੀ. ਰਿਵਾਨਾ ਨੇ ਵੋਟਾਂ ਦੀ ਵੰਡ ਦੀ ਮੰਗ ਕੀਤੀ। 16 ਵਿਧਾਇਕ, ਜਿਨ੍ਹਾਂ 'ਚ 11 ਭਾਜਪਾ ਦੇ ਤੇ ਪੰਜ ਆਜ਼ਾਦ ਹਨ, ਨੂੰ ਸਪੀਕਰ ਵਲੋਂ ਮੁਅੱਤਲ ਕਰਨ ਕਾਰਨ 225 ਮੈਂਬਰੀ ਸਦਨ ਦੀ ਗਿਣਤੀ 208 ਰਹਿ ਗਈ ਸੀ।

ਦੂਜੇ ਪਾਸੇ ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਤੇ ਜਨਤਾ ਦਲ (ਐਸ) ਦੇ ਸੂਬਾ ਆਗੂ ਐਚ.ਕੇ. ਕੁਮਾਰਾਸਵਾਮੀ ਨੇ ਮੁੱਖ ਮੰਤਰੀ ਬੀ. ਐਸ. ਯੇਦੀਯੁਰੱਪਾ ਵਲੋਂ ਦੂਜੀ ਵਾਰ ਹਾਸਲ ਕੀਤੇ ਭਰੋਸੇ ਦੇ ਵੋਟ ਨੂੰ ਆਰਜ਼ੀ ਕਰਾਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਸੱਤਾਧਾਰੀ ਧਿਰ ਨੇ ਸਪੀਕਰ ਦੇ ਅਹੁਦੇ ਦੀ ਦੁਰਵਰਤੋਂ ਕਰਕੇ 16 ਵਿਧਾਇਕਾਂ ਨੂੰ ਅਯੋਗ ਕਰਾਰ ਦਿਵਾਇਆ ਸੀ ਤਾਂ ਕਿ ਸਰਕਾਰ ਬਹੁਮੱਤ ਸਿੱਧ ਕਰ ਸਕੇ।

ਇਸੇ ਦੌਰਾਨ ਕਰਨਾਟਕ ਦੇ ਮੁੱਖ ਮੰਤਰੀ ਬੀ.ਐਸ. ਯੇਦੀਯੁਰੱਪਾ ਨੇ ਪੱਤੇ ਖੋਲ੍ਹਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੂੰ ਅਸਥਿਰ ਕਰਨ ਲਈ 'ਖਣਨ ਲਾਬੀ' ਵਿਰੋਧੀ ਧਿਰ ਨਾਲ ਰਲ ਗਈ ਹੈ। ਭਾਜਪਾ ਸਰਕਾਰ ਨੇ ਇਸ ਸਾਲ ਦੇ ਸ਼ੁਰੂ 'ਚ ਕੱਚੇ ਲੋਹੇ ਨੂੰ ਬਾਹਰ ਭੇਜਣ 'ਤੇ ਰੋਕ ਲਾ ਦਿੱਤੀ ਸੀ।

# ਭਾਜਪਾ ਦਾ ਵਫ਼ਦ ਪ੍ਰਧਾਨ ਮੰਤਰੀ ਨੂੰ ਮਿਲਿਆ

## ਕਰਨਾਟਕ ਦੇ ਰਾਜਪਾਲ ਨੂੰ ਵਾਪਸ ਬੁਲਾਉਣ ਦੀ ਮੰਗ

**ਨਵੀਂ ਦਿੱਲੀ :** ਭਾਜਪਾ ਆਗੂਆਂ ਨੇ ਬੀਤੀ 13 ਅਕਤੂਬਰ ਨੂੰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਮਿਲ ਕੇ ਕਰਨਾਟਕ ਦੇ ਰਾਜਪਾਲ ਐਚ.ਆਰ. ਭਾਰਦਵਾਜ ਜੋ ਪੱਖਪਾਤੀ ਢੰਗ ਨਾਲ ਕੰਮ ਕਰ ਰਿਹਾ ਹੈ, ਨੂੰ ਫੌਰੀ ਵਾਪਸ ਬੁਲਾਏ ਜਾਣ ਦੀ ਮੰਗ ਕੀਤੀ। ਪ੍ਰਧਾਨ ਮੰਤਰੀ ਨੂੰ ਦਿੱਤੇ ਮੈਮੋਰੰਡਮ 'ਚ ਸੀਨੀਅਰ ਭਾਜਪਾ ਆਗੂ ਐਲ.ਕੇ. ਅਡਵਾਨੀ ਦੀ ਅਗਵਾਈ ਵਾਲੇ ਵਫ਼ਦ ਨੇ ਕਿਹਾ ਕਿ ਰਾਜਪਾਲ ਪਹਿਲਾਂ ਹੀ ਮਿੱਥੇ ਢੰਗ ਨਾਲ ਕੰਮ ਕਰ ਰਿਹਾ ਸੀ ਤੇ ਇਸੇ ਆਧਾਰ 'ਤੇ ਉਹ ਕੇਂਦਰ ਨੂੰ ਰਿਪੋਰਟਾਂ ਭੇਜ ਕੇ ਸੋਮਵਾਰ ਨੂੰ ਵਿਧਾਨ ਸਭਾ 'ਚ ਭਰੋਸੇ ਦੇ ਵੋਟ ਤੋਂ ਮਗਰੋਂ ਮਿੰਟਾਂ 'ਚ ਹੀ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸਿਫਾਰਸ਼ ਕਰ ਰਿਹਾ ਸੀ। ਜਦੋਂ ਸ੍ਰੀ ਅਡਵਾਨੀ, ਸੁਸ਼ਮਾ ਸਵਰਾਜ, ਅਰੁਨ ਜੇਤਲੀ ਤੇ ਵੈਂਕੇਈਆ ਨਾਇਡੂ ਆਧਾਰਤ ਵਫ਼ਦ ਨੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ ਤਾਂ ਉਸ ਮੌਕੇ ਗ੍ਰਹਿ ਮੰਤਰੀ ਪੀ. ਚਿਦੰਬਰਮ ਵੀ ਹਾਜ਼ਰ ਸਨ। ਮੀਟਿੰਗ ਮਗਰੋਂ ਪ੍ਰੈਸ ਕਾਨਫਰੰਸ 'ਚ ਸ੍ਰੀ ਜੇਤਲੀ ਨੇ ਦੱਸਿਆ ਕਿ ਭਾਜਪਾ ਨੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਦੋਵਾਂ ਨਾਲ ਮੁਲਾਕਾਤ ਕੀਤੀ ਤੇ ਵਿਸਥਾਰਪੂਰਵਕ ਮੈਮੋਰੰਡਮ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਪਾਰਟੀ ਨੇ ਭਾਰਦਵਾਜ ਨੂੰ ਫੌਰੀ ਵਾਪਸ ਬੁਲਾਏ ਜਾਣ ਦੀ ਮੰਗ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਬੰਗਲੌਰ 'ਚ ਰਾਜ ਭਵਨ, ਸੂਬਾ ਸਰਕਾਰ ਨੂੰ ਅਸਥਿਰ ਕਰਨ ਲਈ ਵਿਧਾਇਕਾਂ ਦੀ ਖਰੀਦੋ-ਫਰੋਖਤ ਕਰਨ ਵਾਲਾ ਮੰਚ ਬਣ ਚੁੱਕਿਆ ਹੈ।

# ਸੁਣਵਾਈ ਦੌਰਾਨ ਕਸਾਬ ਮੁਸਕਰਾਉਂਦਾ ਰਿਹਾ

**ਮੁੰਬਈ :** ਮੁੰਬਈ ਹਮਲਿਆਂ ਵਿਚ ਸ਼ਾਮਿਲ ਦਹਿਸ਼ਤਗਰਦਾਂ 'ਚੋਂ ਇੱਕੋ-ਇਕ ਜ਼ਿੰਦਾ ਬਚੇ ਅਜਮਲ ਕਸਾਬ ਦੀ ਮੌਤ ਦੀ ਸਜ਼ਾ ਦੀ ਪੁਸ਼ਟੀ ਸਬੰਧੀ ਮਾਮਲੇ ਦੀ ਸੁਣਵਾਈ ਬੀਤੀ 18 ਅਕਤੂਬਰ ਨੂੰ ਬੰਬੇ ਹਾਈ ਕੋਰਟ ਵਿਚ ਜਸਟਿਸ ਰੰਜਨਾ ਦੇਸਾਈ ਅਤੇ ਜਸਟਿਸ ਆਰ.ਵੀ. ਮੋਰੇ ਦੀ ਅਦਾਲਤ ਵਿਚ ਸ਼ੁਰੂ ਹੋਈ। ਸਰਕਾਰੀ ਵਕੀਲ ਉਜਵਲ ਨਿੱਕਮ ਨੇ ਕਸਾਬ ਤੇ 9 ਹੋਰਾਂ ਦੀਆਂ ਕਾਰਵਾਈਆਂ ਦਾ ਵਿਸਥਾਰ ਨਾਲ ਖੁਲਾਸਾ ਕਰਦਿਆਂ ਕਿਹਾ ਕਿ 26/11 ਦੀ ਸਾਜ਼ਿਸ਼ ਪਾਕਿਸਤਾਨ ਦੀ ਮਦਦ ਨਾਲ ਲਸ਼ਕਰ-ਏ-ਤੋਇਬਾ ਨੇ ਘੜੀ ਸੀ। ਵੀਡੀਓ ਕਾਨਫਰੰਸਿੰਗ ਰਾਹੀਂ ਕਸਾਬ ਕੇਂਦਰੀ ਜੇਲ੍ਹ ਵਿਚ ਅਦਾਲਤੀ ਕਾਰਵਾਈ ਦੇਖ ਰਿਹਾ ਸੀ। 23 ਸਾਲਾ ਕਸਾਬ ਦੇ ਹਾਵ-ਭਾਵ ਤੋਂ ਲੱਗ ਰਿਹਾ ਸੀ ਕਿ ਉਸ ਨੂੰ ਅਦਾਲਤੀ ਕਾਰਵਾਈ ਵਿਚ ਕੋਈ ਦਿਲਚਸਪੀ ਨਹੀਂ ਹੈ। ਜ਼ਿਆਦਾਤਰ ਉਹ ਮੁਸਕਰਾਉਂਦਾ, ਉਬਾਸੀਆਂ ਲੈਂਦਾ ਨਜ਼ਰ ਆਇਆ। ਉਹ ਆਪਣਾ ਸਿਰ ਖੁਰਕਦਾ, ਜੇਲ੍ਹ ਦੀ ਵਰਦੀ ਦੇ ਬਟਨਾਂ ਨਾਲ ਛੇੜਛਾੜ ਕਰਦਾ ਤੇ ਬਾਹਾਂ ਫੈਲਾ ਕੇ ਅੰਗੜਾਈਆਂ ਲੈਂਦਾ ਰਿਹਾ।

# ਮਸਰਤ ਆਲਮ ਗ੍ਰਿਫਤਾਰ

**ਸ੍ਰੀਨਗਰ :** ਜੰਮੂ-ਕਸ਼ਮੀਰ ਪੁਲਿਸ ਨੇ ਸਈਦ ਅਲੀ ਸ਼ਾਹ ਗਿਲਾਨੀ ਦੀ ਅਗਵਾਈ ਵਾਲੀ ਹੁਰੀਅਤ ਦੇ ਜਨਰਲ ਸਕੱਤਰ ਮਸਰਤ ਆਲਮ ਨੂੰ ਗ੍ਰਿਫਤਾਰ ਕਰ ਲਿਆ। ਪੁਲਿਸ ਨੇ ਦੱਸਿਆ ਕਿ ਹੁਰੀਅਤ ਦੀ ਇਕ ਮਹੱਤਵਪੂਰਨ ਇਕਾਈ ਮੁਸਲਿਮ ਲੀਗ ਦੇ ਮੁਖੀ ਆਲਮ 'ਕਸ਼ਮੀਰ ਛੱਡੋ' (ਪੱਥਰਬਾਜ਼ੀ ਮੁਹਿੰਮ) ਮੁਹਿੰਮ ਦੀ ਚਾਰ ਮਹੀਨੇ ਤੋਂ ਅਗਵਾਈ ਕਰਦਾ ਆ ਰਿਹਾ ਹੈ। ਅਧਿਕਾਰੀ ਨੇ ਦੱਸਿਆ ਕਿ ਉਹ ਪਿਛਲੇ ਚਾਰ ਮਹੀਨਿਆਂ ਤੋਂ ਵਿਰੋਧ ਪ੍ਰਦਰਸ਼ਨ ਦਾ ਕੈਲੰਡਰ ਜਾਰੀ ਕਰਨ ਲਈ ਜ਼ਿੰਮੇਵਾਰ ਹੈ। ਪ੍ਰਦਰਸ਼ਨਾਂ ਦੌਰਾਨ ਉਹ ਨੌਜਵਾਨਾਂ ਨੂੰ ਹਿੰਸਾ ਲਈ ਉਕਸਾਉਣ ਵਾਲੀਆਂ ਭੜਕਾਊ ਸੀ.ਡੀਜ਼ ਵੀ ਜਾਰੀ ਕਰਦਾ ਸੀ। ਜ਼ਿਕਰਯੋਗ ਹੈ ਕਿ ਕਸ਼ਮੀਰ ਘਾਟੀ ਵਿਚ 11 ਜੂਨ ਤੋਂ ਸ਼ੁਰੂ ਹੋਈਆਂ ਹਿੰਸਕ ਘਟਨਾਵਾਂ ਦੌਰਾਨ ਹੁਣ ਤੱਕ 110 ਪ੍ਰਦਰਸ਼ਨਕਾਰੀ ਆਪਣੀ ਜਾਨ ਗਵਾ ਚੁੱਕੇ ਹਨ।

# ਸੰਸਦ ਮੈਂਬਰ ਤੋਂ ਹਵਾਈ ਅੱਡੇ 'ਤੇ ਪੁੱਛਗਿੱਛ

**ਪਟਨਾ :** ਆਮਦਨ ਕਰ ਵਿਭਾਗ ਦੇ ਅਧਿਕਾਰੀਆਂ ਦੇ ਸਾਢੇ 12 ਲੱਖ ਰੁਪਏ ਦੀ ਨਗਦੀ ਲੈ ਕੇ ਜਾ ਰਹੇ ਉੜੀਸਾ ਦੇ ਇਕ ਐਮ.ਪੀ. ਨੂੰ ਜਹਾਜ਼ 'ਤੇ ਸਵਾਰ ਹੋਣ ਤੋਂ ਪਹਿਲਾਂ ਪੁੱਛਗਿੱਛ ਕੀਤੀ ਗਈ। ਕਾਂਗਰਸੀ ਐਮ.ਪੀ. ਆਰ ਸੀ ਖੂਟੀਆ ਤੋਂ ਅਧਿਕਾਰੀਆਂ ਨੇ ਪੁੱਛਗਿੱਛ ਕੀਤੀ, ਪਰ ਬਾਅਦ 'ਚ ਉਸ ਨੂੰ ਜਾਣ ਦੀ ਉਸ ਵੇਲੇ ਆਗਿਆ ਦੇ ਦਿੱਤੀ, ਜਦੋਂ ਖੂਟੀਆ ਨੇ ਦੱਸਿਆ ਕਿ ਇਹ ਰਕਮ ਉਹ ਪਟਨਾ ਤੋਂ ਨਵੀਂ ਦਿੱਲੀ ਲਈ ਪਾਰਟੀ ਫੰਡ ਵਜੋਂ ਲੈ ਕੇ ਜਾ ਰਹੇ ਹਨ। ਚੋਣ ਕਮਿਸ਼ਨ ਨੇ ਬਿਹਾਰ ਚੋਣਾਂ 'ਚ ਗੈਰ-ਕਾਨੂੰਨੀ ਧਨ ਲੱਗਣੋਂ ਰੋਕਣ ਲਈ ਹਾਲ ਹੀ ਵਿਚ ਪਟਨਾ ਅਤੇ ਰਾਂਚੀ ਦੇ ਹਵਾਈ ਅੱਡਿਆਂ 'ਤੇ ਏਅਰ ਇੰਟੈਲੀਜੈਂਸ ਵਿੰਗ ਕਾਇਮ ਕੀਤੇ ਸਨ। ਬਿਹਾਰ 'ਚ 6 ਗੇੜਾਂ 'ਚ ਵਿਧਾਨ ਸਭਾ ਲਈ 21 ਅਕਤੂਬਰ ਤੋਂ ਵੋਟਾਂ ਪਾਈਆਂ ਜਾ ਰਹੀਆਂ ਹਨ। ਸੂਤਰਾਂ ਅਨੁਸਾਰ ਖੂਟੀਆ ਨੂੰ ਬੀਤੀ 14 ਅਕਤੂਬਰ ਨੂੰ ਸਵੇਰੇ 10 ਵਜੇ ਹਵਾਈ ਅੱਡੇ 'ਤੇ ਰੋਕਿਆ ਗਿਆ।

# ਮਾਓ ਦੇ ਕੁਝ ਨਹੀਂ ਲਗਦੇ ਮਾਓਵਾਦੀ-ਬੁੱਧਦੇਵ



**ਕੋਲਕਾਤਾ :** ਮਾਓਵਾਦੀਆਂ ਦੀ ਨਿੰਦਾ ਕਰਦੇ ਹੋਏ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਬੁੱਧਦੇਵ ਭੱਟਾਚਾਰੀਆ ਨੇ ਬੀਤੀ 14 ਅਕਤੂਬਰ ਨੂੰ ਉਨ੍ਹਾਂ ਨੂੰ ਅੱਤਵਾਦੀ ਕਰਾਰ ਦੇ ਦਿੱਤਾ ਅਤੇ ਕਿਹਾ ਕਿ ਉਨ੍ਹਾਂ ਦਾ ਮਾਓ ਜ਼ੇ ਤੁੰਗ ਦੀ ਵਿਚਾਰਧਾਰਾ ਨਾਲ ਕੋਈ ਲੈਣ-ਦੇਣ ਨਹੀਂ। ਮੁੱਖ ਮੰਤਰੀ ਨੇ ਇਥੇ ਮਾਕਪਾ ਹੈਡਕੁਆਰਟਰ ਵਿਚ ਪਾਰਟੀ ਨੇਤਾ ਨੀਲੋਤਪਲ ਬਾਸੂ ਦੀ ਇਕ ਕਿਤਾਬ ਰਿਲੀਜ਼ ਕਰਨ ਦੇ ਸਮਾਰੋਹ ਵਿਚ ਕਿਹਾ ਕਿ ਕਥਿਤ ਮਾਓਵਾਦੀਆਂ ਵਲੋਂ ਜੰਗਲ ਮਹਿਲ ਵਿਚ ਕੀਤੀਆਂ ਜਾ ਰਹੀਆਂ ਹੱਤਿਆਵਾਂ ਦਾ ਮਾਓਵਾਦੀ ਵਿਚਾਰਧਾਰਾ ਨਾਲ ਕੋਈ ਲੈਣਾ-ਦੇਣਾ ਨਹੀਂ। ਉਨ੍ਹਾਂ ਕਿਹਾ ਕਿ ਉਹ ਮਾਓਵਾਦੀ ਪ੍ਰਭਾਵਿਤ ਜੰਗਲ ਮਹਿਲ ਵਿਚ ਅਵਿਵਸਥਾ ਫੈਲਾਉਣ ਅਤੇ ਸ਼ਾਂਤੀ 'ਚ ਰੁਕਾਵਟ ਪਾਉਣ ਲਈ ਤ੍ਰਿਣਮੂਲ ਕਾਂਗਰਸ ਨਾਲ ਮਿਲ ਕੇ ਕੰਮ ਕਰ ਰਹੇ ਸਨ ਜੋ ਸਰਕਾਰ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਤ੍ਰਿਣਮੂਲ ਕਾਂਗਰਸ 'ਤੇ ਮਾਓਵਾਦੀਆਂ ਨਾਲ ਹੱਥ ਮਿਲਾਉਣ ਤੇ ਮਾਕਪਾ ਵਰਕਰਾਂ ਨੂੰ ਮਾਰਨ ਦਾ ਦੋਸ਼ ਲਗਾਇਆ।

# ਜੱਜਾਂ ਨੂੰ ਕੰਪਿਊਟਰ ਦਾ ਗਿਆਨ ਹੋਣਾ ਜ਼ਰੂਰੀ



**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਕਿਹਾ ਹੈ ਕਿ ਜੱਜਾਂ ਨੂੰ ਨਿਯੁਕਤੀ ਵੇਲੇ ਕੰਪਿਊਟਰ ਦਾ ਗਿਆਨ ਹੋਣਾ ਚਾਹੀਦਾ ਹੈ ਅਤੇ ਇਹ ਲੋੜ ਪੂਰੀ ਨਾ ਕਰਨ ਵਾਲਿਆਂ ਨੂੰ ਨੌਕਰੀ ਤੋਂ ਨਾਂਹ ਕੀਤੀ ਜਾ ਸਕਦੀ ਹੈ। ਜਸਟਿਸ ਸ੍ਰੀ ਮੁਕੰਦ ਸ਼ਰਮਾ ਅਤੇ ਜਸਟਿਸ ਏ ਆਰ ਦਵੇ 'ਤੇ ਆਧਾਰਤ ਬੈਂਚ ਨੇ ਇਹ ਰੂਲਿੰਗ ਸਿਵਲ ਜੱਜ ਦੀ ਪ੍ਰੀਖਿਆ ਪਾਸ ਕਰ ਚੁੱਕੇ ਵਿਜੇਂਦਰ ਕੁਮਾਰ ਵਰਮਾ ਦੀ ਪਟੀਸ਼ਨ 'ਤੇ ਬੀਤੀ 14 ਅਕਤੂਬਰ ਨੂੰ ਦਿੱਤੀ ਜਿਸ ਨੇ ਕੰਪਿਊਟਰ ਦਾ ਮੁੱਢਲਾ ਗਿਆਨ ਨਾ ਹੋਣ ਕਾਰਨ ਉਸ ਦੀ ਉਮੀਦਵਾਰੀ ਨੂੰ ਰੱਦ ਕਰ ਦੇਣ ਦੇ ਉਤਰਾਖੰਡ ਸਰਕਾਰ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ। ਬੈਂਚ ਨੇ ਕਿਹਾ ਕਿ ਭਾਰਤੀ ਨਿਆਂ ਪਾਲਿਕਾ ਅਦਾਲਤਾਂ ਦੇ ਸਹੀ ਪ੍ਰਬੰਧ ਲਈ ਈ-ਗਵਰਨੈਂਸ ਸ਼ੁਰੂ ਕਰਨ ਬਾਰੇ ਕਦਮ ਚੁੱਕ ਰਹੀ ਹੈ ਅਤੇ ਨੇੜ ਭਵਿੱਖ 'ਚ ਸਾਰੀਆਂ ਅਦਾਲਤਾਂ ਦਾ ਕੰਪਿਊਟਰੀਕਰਨ ਕਰ ਦਿੱਤਾ ਜਾਵੇਗਾ ਅਤੇ ਇਸ ਲਈ ਨਵੇਂ ਨਿਯੁਕਤ ਕੀਤੇ ਜਾਣ ਵਾਲੇ ਜੱਜਾਂ ਨੂੰ ਕੰਪਿਊਟਰ ਦੀ ਮੁੱਢਲੀ ਜਾਣਕਾਰੀ ਹੋਣਾ ਜ਼ਰੂਰੀ ਹੈ।


Quik Signs

Signs • Graphics • Wraps





ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ

ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪ੍ਰਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi




ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜ਼ਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# M.K. Nijjar DDS
# Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*

*Treatments & Prevention of Gum Diseases New Patients & Children Welcome*

**510-794-7058**

**WWW.DRNIJJAR.COM**

*(Across From Washigton Hospital & Bart)*
*1895 Mowry Ave. Ste 104 Fremont*

District LUDHIANA'S Top Most




**Three Star Hotel with Banquet Hall**

- Marriage Palace
- Honeymoon Suites
- Conference Hall
- Kitty Hall
- Three Banquet Halls
- Well Furnished Rooms
- Multi Cuisine Restaurant
- Well Equipped Bar
- N.R.I. Spl. Rooms

★★★ HOTEL Snehmohan REGENCY

G.T. Road, Ludhiana-Moga Highway, (Jagraon) Ludhiana. Punjab, INDIA.
Phone: +91-1624-258100-200-300
Cell : +91-9988410707, 9988410701
Email: contact@hotelsnehmohanregency.com
Website: www.hotelsnehmohanregency.com



# Rehal's woodwork

*specializes in:*
- Box beds
- Custom cabinets
- Entertainment centers and more

Avtar Rehal :(209) 535 - 4652
Juginder Rehal :(209) 585 - 8982
Gurpreet Rehal :(209) 277 - 1585

WWW.REHALSWOODWORK.COM




**433 Industrial Dr. Ste J Livingston, CA 95334**

# G.M. Lawrence Insurance Brokerage ਅਤੇ Valley Truck Services

## ਟਰੱਕ ਇੰਸ਼ੋਰੈਂਸ ਸੇਵਾਵਾਂ

- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranted!

## ਸਾਡੀਆਂ ਟਰੱਕਿੰਗ ਸੇਵਾਵਾਂ

- California DMV Services
  - » *New License Plates & Renewals*
- Interstate & Intrastate Permits
  - » *DOT #, MC #, CA #*
  - » *IFTA, UCR, MCP*
  - » *NM, KY, NY, OR Permits*
  - » *Highway Use Tax(2290)*
- Truck Financing
- Corporation Setup
- Document Typing



ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
*Daljit Singh Khehra,*
*License No: 0522491*
*Tel: 209-474-2771*
*Fax: 209-474-0215*
*Daljit@gmlawernceins.com*

ਟਰਕਿੰਗ ਸੇਵਾਵਾਂ ਵਾਸਤੇ
*Rajwinder Khehra and Daljit Kaur*
*Tel: 209-390-8800*
*Fax: 209-594-1380*
*Raj@valleytruckservices.com*
*www.valleytruckservices.com*

ਟਰੱਕਿੰਗ ਬਿਜਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ

**Ph:(209) 474-2771, (888) 474-2771**

7746 Lorraine Aenue #214, Stockton, CA 95210




ਟਰੱਕਿੰਗ ਬਿਜ਼ਨਸ ਨਾਲ ਸਬੰਧਤ ਹਰ ਤਰਾਂ ਦੀਆਂ ਸੇਵਾਵਾਂ ਇੱਕੋ ਜਗ੍ਹਾ ਤੇ

# ਰਿਕ ਸਪਰਿੰਗਫੀਲਡ ਨੇ ਹੱਤਿਆ ਦੇ ਦੋਸ਼ ਕਬੂਲ ਕੀਤੇ

ਨਿਊਯਾਰਕ:ਸੰਗੀਤਕਾਰ ਰਿਕ ਸਪਰਿੰਗਫੀਲਡ, ਜਿਹੜਾ 1981 ਵਿਚ ਗੀਤ 'ਜੈਸੀ'ਜ਼ ਗਰਲ' ਨਾਲ ਪੌਪ ਸੰਗੀਤ ਦੇ ਖੇਤਰ ਵਿਚ ਚਮਕਿਆ ਸੀ ਅਤੇ ਜਿਹੜਾ ਟੀ.ਵੀ. ਡਰਾਮੇ 'ਕੈਲੀਫੋਰਨੀਕੇਸ਼ਨ' ਵਿਚ ਨਗਨ ਹਾਲਤ 'ਚ ਦਿਖਾਈ ਦਿੱਤਾ ਸੀ, ਨੇ ਆਪਣੀ ਸਵੈ-ਜੀਵਨੀ ਵਿਚ ਮੰਨਿਆ ਹੈ ਕਿ ਉਸ ਨੇ 1968 ਵਿਚ ਵੀਅਤਨਾਮ ਜੰਗ ਦੌਰਾਨ ਇਕ ਵਿਅਕਤੀ ਦੀ ਹੱਤਿਆ ਕੀਤੀ ਸੀ।



ਆਸਟਰੇਲੀਅਨ ਸੰਗੀਤਕਾਰ ਰਿਕ ਸਪਰਿੰਗਫੀਲਡ ਲਿਖਦੇ ਹਨ, "ਮੈਂ 1968 ਦੌਰਾਨ 17 ਵਰ੍ਹਿਆਂ ਦਾ ਸੀ। ਮੈਂ ਵੀਅਤਨਾਮ ਵਿਚ ਅਮਰੀਕੀ ਫੌਜੀਆਂ ਦੇ ਮਨੋਰੰਜਨ ਲਈ ਪ੍ਰੋਗਰਾਮ ਪੇਸ਼ ਕਰਨ ਗਿਆ ਸੀ। ਇਕ ਦਿਨ ਪ੍ਰੋਗਰਾਮ ਦੌਰਾਨ ਅਚਾਨਕ ਅਮਰੀਕੀ ਫੌਜੀਆਂ ਉਪਰ ਹਮਲਾ ਹੋ ਗਿਆ। ਮੈਂ ਇਕ ਅਮਰੀਕੀ ਫੌਜੀ ਦੀ ਮਾਰਟਰ ਵਿਚ ਗੋਲਾ ਭਰਨ ਲਈ ਮਦਦ ਕੀਤੀ। ਉਸ ਗੋਲੇ ਦੇ ਦਾਗਣ ਕਾਰਨ ਇਕ ਵੀਅਤਨਾਮੀ ਫੌਜੀ ਜਵਾਨ ਮਾਰਿਆ ਗਿਆ। ਇਸ ਗੱਲ ਨੂੰ ਆਪਣਾ ਸਭ ਤੋਂ ਵੱਡਾ ਭੇਤ ਮੰਨਣ ਵਾਲਾ ਸਪਰਿੰਗਫੀਲਡ (61 ਸਾਲ) ਆਪਣੀ ਸਵੈ-ਜੀਵਨੀ 'ਲੇਟ, ਲੇਟ ਐਟ ਨਾਈਟ' ਵਿਚ ਲਿਖਦਾ ਹੈ ਕਿ ਭਾਵੇਂ ਉਸ ਨੇ ਪ੍ਰੋਗਰਾਮਾਂ ਰਾਹੀਂ ਵੱਡੀ ਰਕਮ ਜੁਟਾਈ ਅਤੇ ਉਸ ਦੀਆਂ ਪੌਣੇ ਦੋ ਕਰੋੜ ਐਲਬਮਾਂ ਵਿਕੀਆਂ ਹਨ ਪ੍ਰੰਤੂ ਉਹ ਫਿਰ ਵੀ ਜ਼ਿੰਦਗੀ ਦੌਰਾਨ ਘੋਰ ਉਦਾਸੀਆਂ ਨਾਲ ਜੂਝਿਆ ਹੈ। ਸੋਲ੍ਹਾਂ ਸਾਲ ਦੀ ਉਮਰ ਵਿਚ ਉਸ ਨੇ ਆਪਣੇ ਘਰ ਦੇ ਪਿਛਵਾੜੇ ਫਾਹਾ ਲੈ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਵੀ ਕੀਤੀ ਸੀ ਪ੍ਰੰਤੂ ਵੀਅਤਨਾਮ ਦੀ ਜੰਗ ਦੌਰਾਨ ਵੀਅਤਨਾਮ ਤੇ ਫਿਰ 1972 'ਚ ਅਮਰੀਕਾ ਦੇ ਟੂਰ ਨੇ ਉਸ ਲਈ ਸੰਗੀਤ ਦੇ ਨਵੇਂ ਦਰਵਾਜ਼ੇ ਖੋਲ੍ਹ ਦਿੱਤੇ। ਉਸ ਦੇ ਗੀਤ 'ਜੈਸੀ'ਜ਼ ਗਰਲ' ਨੂੰ ਗਰੈਮੰਟ ਐਵਾਰਡ ਮਿਲਿਆ। ਉਸ ਦੇ ਗੀਤ 'ਡੌਂਟ ਟਾਕ ਟੂ ਸਟਰੇਂਜਰਜ਼' ਅਤੇ 'ਲਵ ਸਮਬੌਡੀ' ਸੁਪਰ ਹਿੱਟ ਹੋਏ। ਉਹ ਇਹ ਵੀ ਮੰਨਦੇ ਹਨ ਕਿ ਉਨ੍ਹਾਂ ਦੇ ਬਿਹਤਰੀਨ ਗੀਤ ਘੋਰ ਉਦਾਸੀ ਦੇ ਦੌਰ ਸਮੇਂ ਰਚੇ ਗਏ ਸਨ। ਉਹ ਇਹ ਵੀ ਲਿਖਦੇ ਹਨ ਕਿ 1989 ਦੌਰਾਨ ਉਨ੍ਹਾਂ ਉਪਰ ਇਕ 'ਕਾਲਾ ਦੌਰ' (ਘੋਰ ਉਦਾਸੀ) ਆਇਆ ਜਿਸ ਕਾਰਨ ਉਹ ਦਸ ਸਾਲ ਸੰਗੀਤ ਰਿਕਾਰਡ ਨਹੀਂ ਕਰਾ ਸਕੇ। ਉਹ 1999 ਵਿਚ ਫਿਰ ਉਭਰੇ ਤੇ ਛੇ ਗੀਤ ਐਲਬਮਾਂ ਤਿਆਰ ਕਰਵਾਈਆਂ। ਉਹ ਆਪਣੇ ਸਾਰੇ ਜੀਵਨ ਨੂੰ ਸੰਗੀਤ ਨਾਲ ਜੋੜ ਕੇ ਵੇਖਦਾ ਹੈ। ਉਹ ਅੱਜਕੱਲ੍ਹ ਨਵੀਂ ਐਲਬਮ (ਦਸਤਾਵੇਜ਼ੀ) ਬਣਾਉਣ ਵਿਚ ਰੁੱਝਿਆ ਹੋਇਆ ਹੈ।

## ਭਾਰਤੀਆਂ 'ਤੇ ਹੁਣ ਬ੍ਰਿਟੇਨ 'ਚ ਵੀ ਨਸਲੀ ਹਮਲੇ

**ਲੰਦਨ:** ਆਸਟਰੇਲੀਆ ਤੋਂ ਬਾਅਦ ਬ੍ਰਿਟੇਨ ਵਿਚ ਵੀ ਭਾਰਤੀ ਮੂਲ ਦੇ ਲੋਕਾਂ 'ਤੇ ਨਸਲੀ ਹਮਲੇ ਦਾ ਮਾਮਲਾ ਸਾਹਮਣੇ ਆਇਆ ਹੈ। ਪੰਕਜ ਰਾਵਤ ਨਾਂ ਦੇ ਇਕ ਵਿਅਕਤੀ ਨੇ ਜਦੋਂ ਇਕ ਔਰਤ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਬਦਮਾਸ਼ਾਂ ਦੇ ਇਕ ਗਿਰੋਹ ਨੇ ਉਸ 'ਤੇ ਜਾਨਲੇਵਾ ਹਮਲਾ ਕਰ ਦਿੱਤਾ।

ਐਡਿਨਬਰਗ ਦੇ ਬੇਵਰਲੀ ਬ੍ਰਿਜ ਕੋਲ ਹੋਏ ਇਸ ਹਮਲੇ ਵਿਚ ਪੰਕਜ ਦਾ ਜਬਾੜਾ ਟੁੱਟ ਗਿਆ। ਇਹ ਹਮਲਾ ਉਸ ਵੇਲੇ ਹੋਇਆ ਜਦੋਂ ਉਹ ਆਪਣੇ ਘਰ ਪਰਤ ਰਿਹਾ ਸੀ।

# ਯੂਬਾ ਸਿਟੀ 'ਚ ਧਾਰਮਿਕ ਕਵੀ ਦਰਬਾਰ

**ਯੂਬਾ ਸਿਟੀ:** ਪੰਜਾਬੀ ਸਾਹਿੱਤ ਸਭਾ ਕੈਲੀਫੋਰਨੀਆ ਵਲੋਂ ਇਥੇ ਗੁਰਦੁਆਰਾ ਟਾਇਰਾ ਬਿਊਨਾ ਵਿਚ ਲੰਘੇ ਐਤਵਾਰ ਦੀਵਾਨ ਹਾਲ ਵਿਚ ਇਕ ਧਾਰਮਿਕ ਕਵੀ ਦਰਬਾਰ ਕੀਤਾ ਗਿਆ ਜਿਸ ਦਾ ਸੰਚਾਲਨ ਸਭਾ ਦੇ ਬਾਨੀ ਪ੍ਰਧਾਨ ਸ. ਮੁਹਿੰਦਰ ਸਿੰਘ ਘੱਗ ਨੇ ਕੀਤਾ। ਇਸ ਵਿਚ ਸਭਾ ਦੇ ਕਵੀਆਂ ਗੁਰਬਚਨ ਸਿੰਘ ਚੋਪੜਾ, ਜੁਗਿੰਦਰ ਸਿੰਘ ਸ਼ੌਂਕੀ, ਸਮਿਤਰ ਉਪਲ, ਨਿਰਮਲ ਸਿੰਘ ਲਾਲੀ, ਰਜਿੰਦਰ ਸਿੰਘ ਸਹੋਤਾ, ਦਲਜੀਤ ਸੂਦ, ਪਰਮਵੀਰ ਸਿੰਘ ਢਿਲੋਂ, ਜਸਪ੍ਰੀਤ ਕੌਰ, ਸੁਖਜੋਤ ਸਿੰਘ, ਹਰਲੀਨ ਕੌਰ, ਲਵਪ੍ਰੀਤ ਕੌਰ, ਇੰਦਰਜੀਤ ਸਿੰਘ ਰੰਧਾਵਾ, ਮੁਹਿੰਦਰ ਸਿੰਘ ਘੱਗ, ਹਰਬੰਸ ਸਿੰਘ ਜਗਿਆਸੂ, ਨਿਰਮਲ ਸਿੰਘ ਕਵੀਸ਼ਰ ਤੋਂ ਇਲਾਵਾ ਛੋਟੇ ਬੱਚਿਆਂ ਨੇ ਗੁਰੂ ਪਿਆਰ ਵਿਚ ਭਿਜੀਆਂ ਕਵਿਤਾਵਾਂ ਪੇਸ਼ ਕੀਤੀਆਂ।

ਗੁਰੂ ਘਰ ਦੇ ਸਟੇਜ ਸਕੱਤਰ ਪਰਮਿੰਦਰ ਸਿੰਘ ਗਰੇਵਾਲ ਨੇ ਕਵੀ ਦਰਬਾਰ ਦੀ ਸ਼ਲਾਘਾ ਕਰਦਿਆਂ ਸਾਰਿਆਂ ਦਾ ਧੰਨਵਾਦ ਕੀਤਾ। ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਸ. ਜਤਿੰਦਰ ਸਿੰਘ ਕਰੀਹਾ ਤੇ ਗੁਰੂ ਘਰ ਦੇ ਵਜ਼ੀਰ ਭਾਈ ਪ੍ਰੀਤਮ ਸਿੰਘ ਮਿਠਾ ਟਿਵਾਣਾ ਨੇ ਸਭਾ ਦੇ ਪ੍ਰਧਾਨ ਹਰਬੰਸ ਸਿੰਘ ਜਗਿਆਸੂ ਤੇ ਮੁਹਿੰਦਰ ਸਿੰਘ ਘੱਗ ਨੂੰ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੀ ਬਖਸ਼ਿਸ਼ ਕੀਤੀ ਅਤੇ ਪੰਜ ਸੌ ਡਾਲਰ ਨਾਲ ਸਭਾ ਦਾ ਸਨਮਾਨ ਕੀਤਾ।









# HINDU TEMPLE & C

(420-450) Persian Dr, Sunnyvale, CA – 94

Come One

# Diwal

**FRI. Oct. 29, 2010 (8pm to**

**SAT. Oct. 30, 2010 (11am**

**SUN. Oct. 31, 2010 (11an**

Program Glimpses

- Rath Yatra
- Artists from Bollywood
- Food Stalls
- Mehandi
- Rang-A-Rang Karyakrum
- Antakshari Contest
- All Day Vocal Artists
- Special Interest Booths
- Raffle Prizes
- Lakshmi Puja
- Talent Contest

Donation: **$7** Per Person Per Day

Booth & Stall:
Sanjay Agarwal................................408-802-3007
Deepak Biala....................................408-515-0166
Surinder Chopra...............................408-623-6266
Mohender Sethi................................650-813-1053

Cultural Participation:
Sheetal Singhal & Sangeeta Mehra
temple.cultural.program@gmail.com

For Antakshari Participation:
Parul Agarwal .................... paulaguo2@yahoo.com

For Talent Competition Participation:
Archana Panda........... panda_archana@yahoo.com



**Special Performance by:**
**Micky Narula**



**K for Kishore: (Singer)**
**Arnav Chakravorty**



**Live Music by:**
**Andaaz Group**



- No Parking Available in Temple
- Free Parking
- Shuttles Available From Temple to Free Parking Areas
- See Our Website for free Parking Areas




OMMUNITY CENTER
089 • (Non Profit Tax Exempt Organization)
i Mela
Come All
Midnight)
to 11pm)
n to 5pm)
RAFFLE PRIZES
DRAWING EVERY
2 HOURS
SHARE OUR DREAM
COME LIGHT A CANDLE
For Information:
Raj Bhanot 408-687-1955
Naranji Patel 408-997-6452
Anil Sood 408-512-0030
Sanjay Agarwal 408-802-3007
Surajit Sengupta 408-509-7203
Thakor Desai 408-997-2864
Hitesh Patel 408-274-5229
Ram Agarwal 408-230-3744
Chandru Bhambhra 510-299-0906
Ashwani Bakhri 650-333-5125
Ramesh Sharma 408-499-1643
Gautam Desai 510-579-4742
Bodh Raj Saini 408-439-6248
Mukesh Mowji 408-268-4747
Sandeep Panwala 408-782-7872
Archana Panda 408-307-6645
Satnam Satti 408-7261053
Amarjit Singh 408-982-5733
Mohinder Sethi 650-833-9949
Vijay Kumar 408-854-4588
Deepak Biala 408-805-4546
Dilip Kondiparti 408-888-0464
Maulik Shukla 408-725-8844
Abhaya Kumar Swain 408-829-6863
Arti Bajaj 408-935-9150
Sadhana Deshpande
Artists:
Alka Bhatnagar
Singer
This ad sponsored by:
India Cash & Carry, Sunnyvale
For further info., visit our website: www.sunnyvaletemple.org

# ਐਨ ਆਰ ਆਈ ਸਭਾ ਦੀ ਮੀਟਿੰਗ 'ਚ ਪਰਵਾਸੀਆਂ ਦੇ ਮਸਲਿਆਂ 'ਤੇ ਵਿਚਾਰ

**ਸੈਕਰਾਮੈਂਟੋ:** ਐਨ ਆਰ ਆਈ ਸਭਾ, ਅਮਰੀਕਾ ਦੀ ਇਥੇ ਲੰਘੇ ਐਤਵਾਰ ਹੋਈ ਪਲੇਠੀ ਮੀਟਿੰਗ ਵਿਚ ਪਰਵਾਸੀ ਪੰਜਾਬੀਆਂ ਨੂੰ ਦਰਪੇਸ਼ ਵੀਜ਼ੇ ਅਤੇ ਪਾਸਪੋਰਟਾਂ ਦੇ ਮਸਲਿਆਂ ਤੋਂ ਇਲਾਵਾ ਪੰਜਾਬ ਵਿਚ ਪਰਵਾਸੀਆਂ ਦੇ ਕਤਲਾਂ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਉਪਰ ਨਾਜਾਇਜ਼ ਕਬਜ਼ਿਆਂ ਦੇ ਮਾਮਲੇ ਛਾਏ ਰਹੇ।

ਚੇਅਰਮੈਨ ਜੋਬਨਜੀਤ ਸਿੰਘ ਬੌਬੀ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿਚ ਮੈਂਬਰਾਂ ਨੇ ਇਹ ਮਾਮਲੇ ਵੱਖ ਵੱਖ ਮੰਚਾਂ ਉਤੇ ਉਠਾਉਣ ਅਤੇ ਪੰਜਾਬ ਸਰਕਾਰ ਪਾਸ ਇਨ੍ਹਾਂ ਦੇ ਹੱਲ ਲਈ ਆਪਣੇ ਰਸੂਖ ਦੀ ਵਰਤੋਂ ਕਰਨ ਦੀ ਗੱਲ ਆਖੀ।

ਇਸ ਮੌਕੇ ਬੋਲਦਿਆਂ ਸ੍ਰੀ ਜੋਬਨਜੀਤ ਸਿੰਘ ਬੌਬੀ ਨੇ ਆਖਿਆ ਕਿ ਪਰਵਾਸੀ ਵੀਰਾਂ ਦੀਆਂ ਇਨ੍ਹਾਂ ਸਮੱਸਿਆਵਾਂ ਪ੍ਰਤੀ ਉਹ ਪਹਿਲਾਂ ਹੀ ਬਹੁਤ ਚਿੰਤਤ ਹਨ ਅਤੇ ਇਨ੍ਹਾਂ ਦੇ ਹੱਲ ਲਈ ਉਹ ਲਗਾਤਾਰ ਯਤਨਸ਼ੀਲ ਹਨ। ਪੰਜਾਬ ਸਰਕਾਰ ਨਾਲ ਵੀ ਉਨ੍ਹਾਂ ਦਾ ਨਿਰੰਤਰ ਰਾਬਤਾ ਹੈ। ਉਨ੍ਹਾਂ ਆਖਿਆ ਕਿ ਜੇ ਕਿਸੇ ਵੀ ਪਰਵਾਸੀ ਵੀਰ ਜਾਂ ਭੈਣ ਨੂੰ ਕੋਈ ਸਮੱਸਿਆ ਹੈ ਤਾਂ ਉਹ ਤੁਰੰਤ ਉਨ੍ਹਾਂ ਨਾਲ ਸੰਪਰਕ ਕਰ ਸਕਦੇ ਹਨ। ਸ੍ਰੀ ਬੌਬੀ ਨੇ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਦੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਅਤੇ ਐਨ ਆਰ ਆਈ ਸਭਾ ਦੇ ਪ੍ਰਧਾਨ ਸ੍ਰੀ ਕਮਲਜੀਤ ਸਿੰਘ ਹੇਅਰ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਜਲਦੀ ਹੀ ਉਹ ਅਮਰੀਕਾ ਦੀਆਂ ਸਾਰੀਆਂ ਸਟੇਟਾਂ ਦੇ ਅਹੁਦੇਦਾਰਾਂ ਦਾ ਐਲਾਨ ਕਰ ਦੇਣਗੇ।










ਇਸ ਮੀਟਿੰਗ ਵਿਚ ਆਈ ਇਕ ਬੀਬੀ ਨੇ ਦੋਸ਼ ਲਾਇਆ ਕਿ ਸੈਨ ਫਰਾਂਸਿਸਕੋ ਕੌਂਸਲਖਾਨੇ ਦੇ ਅਧਿਕਾਰੀਆਂ ਨੇ ਵੀਜ਼ਾ ਜਾਰੀ ਕਰਨ ਦੇ ਉਸ ਤੋਂ 2500 ਡਾਲਰ ਲਏ ਪ੍ਰੰਤੂ ਜਦੋਂ ਇਸ ਪੱਤਰਕਾਰ ਨੇ ਬਾਅਦ ਵਿਚ ਉਸ ਤੋਂ ਸਬੰਧਤ ਵਿਅਕਤੀ ਦਾ ਨਾਂ ਪੁੱਛਿਆ ਤਾਂ ਉਸ ਨੇ ਟਾਲ ਮਟੋਲ ਕਰ ਦਿੱਤੀ ਅਤੇ ਕੋਈ ਵੀ ਸਬੂਤ ਦੇਣ ਤੋਂ ਇਨਕਾਰ ਕਰ ਦਿੱਤਾ।

ਸਭਾ ਦੇ ਚੇਅਰਮੈਨ ਨੇ ਇਸ ਮੌਕੇ ਆਖਿਆ ਕਿ ਜੇ ਕੌਂਸਲਖਾਨੇ ਦਾ ਕੋਈ ਵੀ ਅਧਿਕਾਰੀ ਪਾਸਪੋਰਟ ਜਾਂ ਵੀਜ਼ਾ ਜਾਰੀ ਕਰਨ ਲਈ ਕਿਸੇ ਤੋਂ ਪੈਸੇ ਦੀ ਮੰਗ ਕਰਦਾ ਹੈ ਤਾਂ ਉਹ ਇਹ ਮਾਮਲਾ ਤੁਰੰਤ ਐਨ ਆਰ ਆਈ ਸਭਾ ਦੇ ਧਿਆਨ ਵਿਚ ਲਿਆ ਸਕਦਾ ਹੈ। ਇਸ ਸਬੰਧੀ ਉਨ੍ਹਾਂ ਨਾਲ ਫੋਨ 661-808-7181 ਉਪਰ ਸੰਪਰਕ ਕੀਤਾ ਜਾ ਸਕਦਾ ਹੈ।

ਅਜਿਹੇ ਹੀ ਵਿਚਾਰ ਪੇਸ਼ ਕਰਦਿਆਂ ਐਨ ਆਰ ਆਈ ਸਭਾ ਦੇ ਪ੍ਰਧਾਨ ਸ. ਜਸਪ੍ਰੀਤ ਸਿੰਘ ਅਟਾਰਨੀ ਨੇ ਆਖਿਆ ਕਿ ਇਹ ਸਭਾ ਕਿਸੇ ਪਾਰਟੀ ਰਾਜਨੀਤੀ ਤੋਂ ਨਿਰੋਲ ਅਤੇ ਨਿਰਪੱਖ ਹੈ। ਇਸ ਸਭਾ ਵਿਚ ਕਿਸੇ ਵੀ ਪਾਰਟੀ ਜਾਂ ਧਰਮ ਨਾਲ ਸਬੰਧ ਰੱਖਣ ਵਾਲਾ ਭਾਰਤੀ ਪਰਵਾਸੀ ਸ਼ਾਮਲ ਹੋ ਸਕਦਾ ਹੈ। ਉਨ੍ਹਾਂ ਇਸ ਮੀਟਿੰਗ ਵਿਚ ਸ਼ਾਮਲ ਹੋਣ ਲਈ ਆਏ ਸਮੂਹ ਮੈਂਬਰਾਂ ਦਾ ਧੰਨਵਾਦ ਵੀ ਕੀਤਾ।

ਮੀਟਿੰਗ ਵਾਸਤੇ ਇਕ ਖੂਬਸੂਰਤ ਹਾਲ ਦਾ ਪ੍ਰਬੰਧ ਸ੍ਰੀ ਬੌਬੀ ਗੋਸਲ ਵਲੋਂ ਅਤੇ ਖਾਣੇ ਦਾ ਪ੍ਰਬੰਧ ਭੰਡਾਲ ਭਰਾਵਾਂ ਵਲੋਂ ਕੀਤਾ ਗਿਆ ਸੀ। ਮੰਚ ਸੰਚਾਲਨ ਸਭਾ ਦੇ ਬੁਲਾਰੇ ਨਰਿੰਦਰਪਾਲ ਸਿੰਘ ਹੁੰਦਲ ਨੇ ਕੀਤਾ। ਮੀਟਿੰਗ ਵਿਚ ਜਿਨ੍ਹਾਂ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ ਉਨ੍ਹਾਂ ਵਿਚ ਮੁੱਖ ਤੌਰ 'ਤੇ ਤੇਜਪਾਲ ਨਿਕਸਨ ਸਕੱਤਰ ਜਨਰਲ, ਰੌਣਕ ਸਿੰਘ ਮੀਤ ਪ੍ਰਧਾਨ, ਗੁਰਨਾਮ ਸਿੰਘ ਪੰਮਾ ਸੀਨੀਅਰ ਮੀਤ ਪ੍ਰਧਾਨ, ਮਨਜੀਤ ਸਿੰਘ ਜਨਰਲ ਸਕੱਤਰ, ਪ੍ਰੀਤਮ ਸਿੰਘ ਗਰੇਵਾਲ ਵਾਈਸ ਚੇਅਰਮੈਨ, ਦਿਲ ਨਿੱਜਰ, ਕੈਨੀ ਵਿਰਕ, ਦਵਿੰਦਰਜੀਤ ਸਿੰਘ ਭੰਡਾਲ, ਬੌਬੀ ਗੋਸਲ, ਇਕਬਾਲ ਸਮਰਾ, ਬਲਦੇਵ ਸਿੰਘ ਜੌਹਲ ਅਤੇ ਮੇਜਰ ਸਿੰਘ ਚੌਹਾਨ ਦੇ ਨਾਂ ਸ਼ਾਮਲ ਹਨ।

# ਨਾਦੀਆ ਲੌਕਿਅਰ ਨੂੰ ਸਿੱਖ ਭਾਈਚਾਰੇ ਵਲੋਂ ਭਰਵਾਂ ਹੁੰਗਾਰਾ

**ਸੈਨ ਹੋਜੇ:** ਐਲਾਮੀਡਾ ਕਾਉਂਟੀ ਸੁਪਰਵਾਈਜਰ ਦੀ ਲਈ ਚੋਣ ਲੜ ਰਹੀ ਸ੍ਰੀਮਤੀ ਨਾਦੀਆ ਲੌਕਿਅਰ ਨੂੰ ਪੰਜਾਬੀ ਭਾਈਚਾਰੇ ਤੋਂ ਚੰਗਾ ਹੁੰਗਾਰਾ ਮਿਲ ਰਿਹਾ ਹੈ। ਲੰਘੇ ਐਤਵਾਰ ਨੂੰ ਯੂਨੀਅਨ ਸਿਟੀ ਵਿਚ ਸ. ਲਖਬੀਰ ਸਿੰਘ ਖਹਿਰਾ ਦੇ ਘਰ ਹੋਏ ਇਕ ਸਮਾਗਮ ਵਿਚ ਸਿੱਖ ਭਾਈਚਾਰੇ ਦੇ ਲੋਕਾਂ ਨੇ ਭਾਰੀ ਗਿਣਤੀ ਵਿਚ ਹਿੱਸਾ ਲਿਆ।

ਸ੍ਰੀਮਤੀ ਲੌਕਿਅਰ ਨੇ ਸਿੱਖ ਭਾਈਚਾਰੇ ਨੂੰ ਸਥਾਨਕ ਪ੍ਰਸ਼ਾਸਨ ਦੀਆਂ ਚੋਣਾਂ ਵਿਚ ਆਪਣੀ ਵੋਟ ਦੀ ਸਹੀ ਵਰਤੋਂ ਕਰਨ ਦਾ ਸੱਦਾ ਦਿਤਾ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਲਖਬੀਰ ਸਿੰਘ, ਤੇਜਿੰਦਰ ਖਹਿਰਾ, ਰਾਮ ਸਿੰਘ, ਰਾਜਾ ਕਲੇਰ, ਬਰਿੰਦਰਪਾਲ ਸਿੰਘ, ਗੁਰਮੀਤ ਸਿੰਘ ਖਾਲਸਾ, ਅਵਤਾਰ ਸਿੰਘ ਤਾਰੀ, ਕਸ਼ਮੀਰ ਸਿੰਘ ਧੁੱਗਾ, ਦਵਿੰਦਰ ਸਿੰਘ, ਬਲਜੀਤ ਸਿੰਘ, ਅਨੋਖ ਸਿੰਘ, ਜੋਗਾ ਸਿੰਘ, ਹਰਭਜਨ ਦੁਸਾਂਝ, ਕਸ਼ਮੀਰ ਸਿੰਘ ਸ਼ਾਹੀ, ਮੱਲੀ, ਲ਼ਖਬੀਰ ਸਿੰਘ, ਮਲਕੀਤ ਸਿੰਘ, ਗੁਰਚਰਨ ਸਿੰਘ ਮਾਨ, ਹਰਭਜਨ ਸਿੰਘ ਕਲੇਰ, ਕਮਲਜੀਤ ਸਿੰਘ ਅਟਵਾਲ, ਪ੍ਰੀਤਮ ਸਿੰਘ ਚੀਮਾ, ਰਾਜਿੰਦਰਪਾਲ ਸਿੰਘ, ਸੂਬੇਦਾਰ ਕਰਨੈਲ ਸਿੰਘ, ਬਾਬ ਸਵੈਨਸਨ, ਗੁਰਚਰਨ ਸਿੰਘ, ਭੁਪਿੰਦਰ ਸਿੰਘ ਪਰਮਾਰ ਨੇ ਹਿੱਸਾ ਲਿਆ।

ਸ੍ਰੀਮਤੀ ਲੌਕਿਅਰ ਪੇਸ਼ੇ ਵਜੋਂ ਇਕ ਅਟਾਰਨੀ ਹਨ ਅਤੇ ਐਲਾਮੀਡਾ ਕਾਉਂਟੀ ਦੇ ਡਿਸਟ੍ਰਿਕਟ ਅਟਾਰਨੀ ਦਫਤਰ ਵਿਚ ਉਨ੍ਹਾਂ ਲੋਕਾਂ ਦੀ ਮੁਫਤ ਮਦਦ ਕਰਦੇ ਹਨ ਜਿਨ੍ਹਾਂ ਕੋਲ ਵਕੀਲ ਕਰਨ ਦੀ ਸਮਰਥਾ ਨਹੀਂ। ਨਾਦੀਆ 1998 ਵਿਚ ਸੈਂਟਾ ਆਨਾ ਵਿਚ ਸਕੂਲ ਬੋਰਡ ਦੇ ਟਰਸਟੀ ਰਹਿ ਚੁਕੇ ਹਨ। ਅੱਜ ਕੱਲ੍ਹ ਉਹ ਆਪਣੇ ਪਤੀ ਬਿੱਲ ਲੌਕਿਅਰ ਅਤੇ 7 ਸਾਲਾ ਸਪੁੱਤਰ ਡੀਗੋ ਨਾਲ ਹੇਵਰਡ ਵਿਚ ਰਹਿ ਰਹੇ ਹਨ। ਉਨ੍ਹਾਂ ਨੇ ਜੂਨ ਦੀ ਪ੍ਰਾਇਮਰੀ ਚੋਣ ਵਿਚ ਸਭ ਤੋਂ ਵੱਧ ਵੋਟਾਂ ਪ੍ਰਾਪਤ ਕੀਤੀਆਂ ਸਨ। ਨਾਦੀਆ ਐਲਾਮੀਡਾ ਕਾਉਂਟੀ ਦੇ ਡਿਸਟ੍ਰਿਕਟ 2 ਲਈ ਸੁਪਰਵਾਈਜ਼ਰ ਦੀ ਚੋਣ ਲੜ ਰਹੇ ਹਨ। ਇਸ ਖੇਤਰ ਵਿਚ ਯੂਨੀਅਨ ਸਿਟੀ, ਉਤਰੀ ਫਰੀਮਾਂਟ, ਨਿਊ ਆਰਕ, ਸੁਨੋਲ ਅਤੇ ਹੇਵਰਡ ਸ਼ਹਿਰ ਸ਼ਾਮਲ ਹੈ। ਇਨ੍ਹਾਂ ਸ਼ਹਿਰਾਂ ਵਿਚ ਪੰਜਾਬੀਆਂ ਦੀ ਚੋਖੀ ਵਸੋਂ ਹੈ। ਉਨ੍ਹਾਂ ਨੂੰ ਬਹੁਤ ਸਾਰੀਆਂ ਸਮਾਜ ਸੇਵੀ ਅਤੇ ਲੇਬਰ ਯੂਨੀਅਨਾਂ ਦਾ ਸਮਰਥਨ ਪ੍ਰਾਪਤ ਹੈ।

ਯਾਦ ਰਹੇ ਕਿ ਕੈਲੀਫੋਰਨੀਆ ਦੇ ਮੌਜੂਦਾ ਟਰੈਜ਼ਰਰ ਬਿੱਲ ਲੌਕਿਅਰ ਨੇ 1993-94 ਵਿਚ ਸਿੱਖ ਭਾਈਚਾਰੇ ਦੀ ਉਦੋਂ ਬਾਂਹ ਫੜੀ ਸੀ ਜਦੋਂ ਕਿ ਲਿਵਿੰਗਸਟਨ ਸਕੂਲ ਵਿਚ ਸਿੱਖ ਬੱਚਿਆਂ ਨੂੰ ਕਿਰਪਾਨ ਪਹਿਨ ਕੇ ਸਕੂਲ ਜਾਣ ਤੋ ਮਨਾਂ ਕਰ ਦਿਤਾ ਗਿਆ ਸੀ। ਬਿੱਲ ਲੌਕਿਅਰ ਨੇ ਉਸ ਸਮੇਂ ਕੈਲੀਫੋਰਨੀਆ ਸੈਨੇਟ ਵਿਚ ਕਿਰਪਾਨ ਬਿੱਲ ਸਭ 89 ਲਿਆਂਦਾ ਜੋ ਕਿ ਅਸੰਬਲੀ ਵਿਚ ਬਹੁਮਤ ਅਤੇ ਸੈਨੇਟ ਵਿਚ ਸਰਬ ਸੰਮਤੀ ਨਾਲ ਪਾਸ ਹੋਇਆ। ਇਹ ਬਿਲ ਬਾਅਦ ਵਿਚ ਉਸ ਸਮੇਂ ਦੇ ਗਵਰਨਰ ਪੀਟ ਵਿਲਸਨ ਨੇ ਵੀਟੋ ਕਰ ਦਿਤਾ ਸੀ। ਉਸ ਸਮੇਂ ਵਿਚ ਸਿੱਖਾਂ ਦੇ ਧਾਰਮਿਕ ਚਿੰਨਾਂ ਦੇ ਪਹਿਨਣ ਦੀ ਅਜਾਦੀ ਲਈ ਇਹ ਦੁਨੀਆਂ ਵਿਚ ਕਿਸੇ ਵੀ ਕੌਮੀ ਰਾਜਨੀਤਕ ਅਦਾਰੇ ਵਿਚ ਸਭ ਤੋਂ ਵੱਡੀ ਪ੍ਰਾਪਤੀ ਸੀ।

ਇਸੇ ਦੌਰਾਨ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੇ ਸਾਬਕਾ ਮੈਂਬਰ ਭਾਈ ਰਾਮ ਸਿੰਘ ਨੇ ਕਿਹਾ ਹੈ ਕਿ ਸਾਡਾ ਇਤਿਹਾਸ ਇਸ ਗੱਲ ਦਾ ਗਵਾਹ ਕਿ ਸਿੱਖ ਭਾਈਚਾਰੇ ਨੇ ਉਨ੍ਹਾਂ ਵਿਅਕਤੀਆਂ ਨੂੰ ਕਦੇ ਵੀ ਨਹੀਂ ਭੁਲਾਇਆ ਜਿਨ੍ਹਾਂ ਨੇ ਮੁਸ਼ਕਲ ਦੀ ਘੜੀ ਭਾਈਚਾਰੇ ਲਈ ਹਾਅ ਦਾ ਨਾਹਰਾ ਮਾਰਿਆ। ਸਮੁਚੇ ਸਿੱਖ ਭਾਈਚਾਰੇ ਦਾ ਫਰਜ਼ ਬਣਦਾ ਹੈ ਕਿ 2 ਨਵੰਬਰ ਨੂੰ ਹੋ ਰਹੀਆਂ ਚੋਣਾਂ ਵਿਚ ਨਾਦੀਆ ਲੌਕਿਅਰ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਕਾਮਯਾਬ ਬਣਾਈਏ।

ਜ਼ਿਕਰਯੋਗ ਹੈ ਕਿ ਬਿੱਲ ਲੌਕਿਅਰ ਅਤੇ ਨਾਦੀਆ ਲੌਕਿਅਰ ਅੱਜ ਵੀ ਕਿਰਪਾਨ ਪਹਿਨਣ ਅਤੇ ਦਸਤਾਰ ਸਮੇਤ ਕਾਨੂਨੀ ਏਜੰਸੀਆਂ ਪੁਲਿਸ, ਸ਼ੈਰਫ ਅਤੇ ਹਾਈਵੇ ਪੈਟਰੋਲ ਵਿਚ ਸਿੱਖਾਂ ਦੀ ਭਰਤੀ ਨੂੰ ਕਾਨੂੰਨੀ ਬਣਾਉਣ ਜਿਹੀਆਂ ਸਿੱਖ ਮੰਗਾਂ ਲਈ ਹਰ ਸੰਭਵ ਯਤਨ ਕਰਨ ਲਈ ਵਚਨਬੱਧ ਹਨ।




# ਸਿਟੀ ਕੌਂਸਲ ਚੋਣ ਲੜ ਰਹੇ ਰੂਡੀ ਸਾਲਸ ਲਈ ਫੰਡਰੇਜ਼ਰ

**ਬੇਕਰਸ਼ਫੀਲਡ (ਮਨਦੀਪ ਮਾਨ):** ਸਿਟੀ ਕੌਂਸਲ ਦੀ ਚੋਣ ਲੜ ਰਹੇ ਰੂਡੀ ਸਾਲਸ ਲਈ ਇਥੇ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਦੇ ਚੇਅਰਮੈਨ ਸ੍ਰੀ ਸੁਖੀ ਘੁਮਣ ਵਲੋਂ ਸਿੱਖ ਅਤੇ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਇਕ ਫੰਡਰੇਜ਼ਰ ਸਮਾਗਮ ਕੀਤਾ ਗਿਆ ਜਿਸ ਵਿਚ ਪੰਜਾਬੀ ਭਾਈਚਾਰੇ ਦੇ ਪਤਵੰਤੇ ਸੱਜਣ ਸ਼ਾਮਲ ਹੋਏ।

ਇਸ ਮੌਕੇ ਬੋਲਦਿਆਂ ਰੂਡੀ ਸਾਲਸ ਨੇ ਆਖਿਆ ਕਿ ਉਹ ਹਮੇਸ਼ਾਂ ਪੰਜਾਬੀ ਭਾਈਚਾਰੇ ਦੇ ਨਾਲ ਖੜੇ ਹਨ ਅਤੇ ਭਵਿਖ ਵਿਚ ਵੀ ਉਹ ਇਸ ਭਾਈਚਾਰੇ ਦੀਆਂ ਸਮੱਸਿਆਵਾਂ ਦੇ ਹੱਲ ਵਲ ਉਚੇਚਾ ਧਿਆਨ ਦੇਣਗੇ। ਇਸ ਮੌਕੇ ਇਕੱਤਰ ਹੋਏ ਸੱਜਣਾਂ ਨੂੰ ਉਨ੍ਹਾਂ ਅਪੀਲ ਕੀਤੀ ਕਿ ਉਹ 2 ਨਵੰਬਰ ਵਾਲੇ ਦਿਨ ਆਪ ਤਾਂ ਵੋਟ ਪਾਉਣ ਜਾਣ ਹੀ, ਨਾਲ ਹੀ ਇਹ ਵੀ ਯਕੀਨੀ ਬਣਾਉਣ ਕਿ ਉਨ੍ਹਾਂ ਦੇ ਰਸੂਖ ਹੇਠਲਾ ਹਰ ਵੋਟਰ ਆਪਣੀ ਵੋਟ ਦਾ ਇਸਤੇਮਾਲ ਕਰੇ।

ਫੰਡਰੇਜ਼ਰ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਗੁਰਮੀਤ ਸਿੰਘ ਪ੍ਰਧਾਨ, ਮਹਿੰਦਰ ਧਾਲੀਵਾਲ, ਸੁਰਜੀਤ ਧਾਲੀਵਾਲ, ਇਕਬਾਲ ਸਮਰਾ, ਅਮਰਜੀਤ ਟੁਟ, ਰੁਪਿੰਦਰ ਝੱਜ, ਧਰਮਾ, ਜੋਬਨਜੀਤ ਸਿੰਘ, ਤੇਜਪਾਲ ਨਿਕਸਨ, ਭਰਪੂਰ ਸਿੰਘ ਬਰਾੜ, ਮਨਜੀਤ ਰਾਏ, ਸਿਸਟਰ ਸਿਟੀ ਪ੍ਰਾਜੈਕਟ ਦੇ ਚੇਅਰਮੈਨ ਜਗਦੀਸ਼ ਸਿੰਘ ਢਿਲੋਂ ਅਤੇ ਨੰਬਰਦਾਰ ਜਗਤਾਰ ਸਿੰਘ ਹਾਜਰ ਸਨ।



*ਸਿਟੀ ਕੌਂਸਲ ਦੀ ਚੋਣ ਲੜ ਰਹੇ ਰੂਡੀ ਸਾਲਸ ਨਾਲ ਪੰਜਾਬੀ ਭਾਈਚਾਰੇ ਦੇ ਲੋਕ*








ਵਾਰਡ ਨੰਬਰ 7 ਤੋਂ
ਸਿਟੀ ਕਾਊਂਸਲ ਲਈ ਉਮੀਦਵਾਰ

**ਰਸਲ ਜਾਹਨਸਨ**

ਨੂੰ ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ

ਬੇਕਰਸਫੀਲਡ ਵਿੱਚ ਰਸਲ ਜਾਹਨਸਨ ਦਾ ਏਰੀਆ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਜ਼ਿਪ ਕੋਡ 93313 ਅਤੇ 93307 ਵਿੱਚ ਪੈਂਦਾ ਹੈ ਜੋ ਕਿ ਗੁਰਦੁਆਰਾ ਗੁਰੂ ਅੰਗਦ ਦਰਬਾਰ ਨਾਲ ਲਗਦਾ ਹੈ

**VOTE ☑ NOVEMBER 2nd**

**Russell Johnson**
CITY COUNCIL WARD 7
RussellJohnsonForCouncil.com
LEADERSHIP AND QUAILIFCATIONS

VISION AND PRIORITIES
- Improve Public Safety
- Keep the City Fiscally Sound
- Promote Jobs and Business Growth

LEADERSHIP
- President/Owner, Common Sense Consulting
- Former Chief of Staff to Supervisor Mike Maggard (2007-2009)
- Catalog Sales Manager, Ameripride Uniform Services (2005-2006)
- District Representative, State Senator 18th District (2002-2005)

COMMUNITY COMMITMENTS
- Bakersfield Planning Commission (2005-2009)
- Bakersfield Breakfast Rotary
- Board member Boys and Girls Club of Kern County



Paid for by Russell Johnson for council 2010
ID # 1325514
P.O. Box 2664, Bakersfield CA 93303
Ph : (661) 203-1838
Email : russjohnson77@yahoo.com





**ਇਮੀਗ੍ਰੇਸ਼ਨ ਮਸਲਾ ਹੈ?**

**ਅਸੀਂ ਇਮੀਗ੍ਰੇਸ਼ਨ ਪ੍ਰੈਕਟਿਸ ਹੀ ਕਰਦੇ ਹਾਂ**

**We only practice Immigration Law**

Cases published in the 9th Circuit Court of Appeals

# Law Office of Inna Lipkin

Over 11 years of experience
By appointment only

ਪੰਜਾਬੀ ਜਾਂ ਹਿੰਦੀ ਵਿਚ ਗੱਲ ਕਰਨ ਲਈ ਕਾਲ ਕਰੋ
ਧਰਮ ਪਾਲ ਸ਼ਰਮਾ
ਫੋਨ:510-410-8382

*For appointment call*
Tel:415-672-3261
Fax: 650-364-3988

www.innalipkinimmigrationattorney.com
1690 Woodside Rd., Ste. 103, Redwood City, CA 94061



# OCI Card

Persons of Indian origin holding OCI Card can
Visit India without VISA for Life Long.
No requirement to register with Local Police Authorities in India
Possess Commercial & Residential properties in India
Parity with NRIs in Financial, Economic and Educational Matters

# JINDAL OVERSEAS

Immigration & Legal Consultants

- Immigration • Appeals
- Student • Work • Visitor Visas

74-Baba Makhan Shah Lubhana Nagar,
Mithapur Road, Jalandhar.
Ph.: 0181-2464074, 4634074, 98140-60129, 98142-34385



**Are Worries Keeping You Awake?**

*Watch Your Business AnyTime Any Place.*






**Attention Business Owners!!**

Are You Worried About Your Business When You`re Not There?





Watch your business from anywhere on **iPhone** with our new technology

QuikStop Shell am pm 7 ELEVEN 76 Holiday Inn Denny's Arby's

ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ

Financing & Lease Options For 12, 24, 36 Months Available.

ਵਾਜਬ ਕੀਮਤ ਸਹੀ ਕੰਮ

# DVR UNLIMITED

Call:1-800-780-0032 www.dvrunlimited.com

# ਗਲਾਸਗੋ ’ਚ ਮਿਲਣ ਦੇ ਵਾਅਦੇ ਨਾਲ ਰਾਸ਼ਟਰਮੰਡਲ ਖੇਡਾਂ ਦੀ ਵਿਦਾਇਗੀ

19ਵੀਆਂ ਰਾਸ਼ਟਰਮੰਡਲ ਖੇਡਾਂ ਦਾ ਮੇਲਾ ਬੀਤੀ 14 ਅਕਤੂਬਰ ਨੂੰ ਨਵੀਂ ਦਿੱਲੀ ਦੇ ਜਵਾਹਰ ਲਾਲ ਨਹਿਰੂ ਸਟੇਡੀਅਮ



*ਗਾਇਕ ਸ਼ਾਨ ਅਤੇ ਸ਼ੇਰਾ ਸਮਾਪਤੀ ਸਮਾਗਮ ਸਮੇਂ ਗੀਤ ਪੇਸ਼ ਕਰਦੇ ਹੋਏ*

ਵਿਖੇ ਰੰਗਾਰੰਗ ਸਮਾਪਤੀ ਸਮਾਰੋਹ ਨਾਲ ਵਿਛੜ ਗਿਆ। ਭਾਰਤ ਦੇ ਖੇਡ ਖੇਤਰ ਵਿਚ ਕਈ ਕੌੜੀਆਂ-ਮਿੱਠੀਆਂ ਯਾਦਾਂ ਛੱਡ ਕੇ ਗਈਆਂ ਖੇਡਾਂ ਨੂੰ 60 ਹਜ਼ਾਰ ਦਰਸ਼ਕਾਂ ਨਾਲ ਭਰੇ ਸਟੇਡੀਅਮ ਵਿਚ ਭਰਵੀਂ ਵਿਦਾਇਗੀ ਦਿੱਤੀ ਗਈ। ਗੱਤਕਾ ਪਾਰਟੀਆਂ ਸਮੇਤ ਭਾਰਤ ਦੇ ਮਾਰਸ਼ਲ ਆਰਟ ਦੀ ਪੇਸ਼ਕਾਰੀ ਨਾਲ ਸ਼ੁਰੂ ਹੋਏ ਸਮਾਪਤੀ ਸਮਾਰੋਹ ਦੇ ਆਖਰ ਵਿਚ ਲੇਜ਼ਰ ਸ਼ੋਅ ਦੀ ਪੇਸ਼ਕਾਰੀ ਪ੍ਰੋਗਰਾਮ ਦਾ ਸਿਖਰ ਹੋ ਨਿਬੜੀ। ਸਮਾਪਤੀ ਸਮਾਰੋਹ ਮੌਕੇ ਸਾਰੇ ਰੰਗ ਦੇਖਣ ਨੂੰ ਮਿਲੇ। 2014 ਦੀਆਂ 20ਵੀਆਂ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਸਕਾਟਲੈਂਡ ਦੇ ਸ਼ਹਿਰ ਗਲਾਸਗੋ ਨੂੰ ਮਿਲੀ ਹੈ।

ਮਾਰਸ਼ਲ ਆਰਟ ਦੇ ਕਲਾਕਾਰਾਂ ਅਤੇ ਫੌਜੀ ਬੈਂਡ ਨੇ ਦੇਸ਼ ਦੀ ਤਾਕਤ ਦਾ ਪ੍ਰਦਰਸ਼ਨ ਕੀਤਾ। ਖੇਡਾਂ ਦੌਰਾਨ ਬਣੇ ਦੋ ਨਵੇਂ ਵਿਸ਼ਵ ਰਿਕਾਰਡ ਅਤੇ 100 ਰਾਸ਼ਟਰਮੰਡਲ ਰਿਕਾਰਡ ਅਤੇ ਖੇਡਾਂ ਦੀ ਸਫਲ ਮੇਜ਼ਬਾਨੀ ਨਾਲ ਦਿੱਲੀ ਰਾਸ਼ਟਰਮੰਡਲ ਖੇਡਾਂ ਨੂੰ ਹੁਣ ਤੱਕ ਦੀਆਂ ਸਭ ਤੋਂ ਸਫਲ ਖੇਡਾਂ ਐਲਾਨਿਆ ਗਿਆ। ਰਾਸ਼ਟਰਮੰਡਲ ਖੇਡ ਫੈਡਰੇਸ਼ਨ ਦੇ ਮੁਖੀ ਸ੍ਰੀ ਫੈਨੇਲ ਨੇ ਭਾਰਤੀ ਖਿਡਾਰੀਆਂ ਦੇ ਜ਼ਬਰਦਸਤ ਪ੍ਰਦਰਸ਼ਨ ਅਤੇ ਦਿੱਲੀ ਵਿਖੇ ਤਿਆਰ ਕੀਤੇ ਵਿਸ਼ਵ ਪੱਧਰੀ ਸਟੇਡੀਅਮਾਂ ਨੂੰ ਇਨ੍ਹਾਂ ਖੇਡਾਂ ਦੀ ਵੱਡੀ ਪ੍ਰਾਪਤੀ ਮੰਨਿਆ। ਉਨ੍ਹਾਂ ਦਿੱਲੀ ਖੇਡਾਂ ਨੂੰ ਅਦਭੁੱਤ ਕਹਿੰਦਿਆਂ ਭਾਰਤ ਦੀ ਕੌਮੀ ਰਾਜਧਾਨੀ ਨੂੰ ਵਿਸ਼ਵ ਦੇ ਚੋਟੀ ਦੇ ਖੇਡ ਸ਼ਹਿਰਾਂ ਵਿਚ ਸ਼ੁਮਾਰ ਕੀਤਾ। ਸੁਖਵਿੰਦਰ ਸਿੰਘ, ਕੈਲਾਸ਼ ਖੇਰ, ਸ਼ੰਕਰ ਮਹਾਦੇਵਨ, ਸ਼ੁਭਾ ਮੋਦਗਿਲ, ਸੁਨਿਧੀ ਚੌਹਾਨ, ਸ੍ਰੀਰਾਮ ਤੇ ਹੋਰ ਕਲਾਕਾਰਾਂ ਨੇ ਇਕੱਠਿਆਂ ਪ੍ਰੋਗਰਾਮ ਪੇਸ਼ ਕਰ ਕੇ ਸਾਰੇ ਸਟੇਡੀਅਮ ਨੂੰ ਬਾਲੀਵੁੱਡ ਦੇ ਰੰਗ ਵਿਚ ਰੰਗ ਦਿੱਤਾ। ਬਾਲੀਵੁੱਡ ਦੇ ਸਾਰੇ ਗਾਇਕਾਂ ਨੇ ਆਪੋ-ਆਪਣੀਆਂ ਪੇਸ਼ਕਾਰੀਆਂ ਵਿਚ ਭਾਰਤੀ ਖਿਡਾਰੀਆਂ ਦੇ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ।

ਸਮਾਪਤੀ ਦੇ ਮੁੱਖ ਸਮਾਰੋਹ ਤੋਂ ਪਹਿਲਾਂ ਪੰਜਾਬ ਦੇ ਕਲਾਕਾਰਾਂ ਨੇ ਭੰਗੜਾ ਅਤੇ ਅੰਗਹੀਣ ਬੱਚਿਆਂ ਨੇ ਖਾਸ ਪੇਸ਼ਕਾਰੀ ਦਿੱਤੀ। ਇਸ ਤੋਂ ਬਾਅਦ ਮੁੱਖ ਪ੍ਰੋਗਰਾਮ ਦੀ ਸ਼ੁਰੂਆਤ ਵਿਚ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸੁਰੇਸ਼ ਕਲਮਾਡੀ ਨੇ ਮਹਿਮਾਨਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਵਿਚ ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਉਨ੍ਹਾਂ ਦੀ ਪਤਨੀ ਗੁਰਸ਼ਰਨ ਕੌਰ, ਉਪ ਰਾਸ਼ਟਰਪਤੀ ਹਾਮਿਦ ਅੰਸਾਰੀ, ਸ੍ਰੀਲੰਕਾ ਦੇ ਰਾਸ਼ਟਰਪਤੀ ਮਹਿੰਦਾ ਰਾਜਪਕਸੇ, ਰਾਸ਼ਟਰਮੰਡਲ ਖੇਡ ਫੈਡਰੇਸ਼ਨ ਦੇ ਮੁਖੀ ਮਾਈਕਲ ਫੈਨੇਲ, ਵਾਈਸ ਚੇਅਰਮੈਨ ਪ੍ਰਿੰਸ ਐਡਵਰਡ, ਯੂ.ਪੀ.ਏ. ਦੀ ਚੇਅਰਪਰਸਨ ਸੋਨੀਆ ਗਾਂਧੀ ਸ਼ਾਮਲ ਸਨ। ਰਾਸ਼ਟਰੀ ਗਾਣ ‘ਜਨ ਗਣ ਮਨ’ ਗਾਇਆ ਗਿਆ। ਸਭ ਤੋਂ ਪਹਿਲਾਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਦੇ ਮਾਰਸ਼ਲ ਆਰਟ ਦੀ ਪੇਸ਼ਕਾਰੀ ਹੋਈ ਜਿਸ ‘ਚ ਪੰਜਾਬ ਦੇ ਗਤਕੇ ਨੇ ਖੂਬ ਰੰਗ ਬੰਨ੍ਹਿਆ। ਇਸ ਤੋਂ ਬਾਅਦ ਦੇਸ਼ ਦੇ ਤਿੰਨੇ ਸੈਨਾਵਾਂ (ਥਲ, ਜਲ ਤੇ ਹਵਾਈ) ਦੇ ਫੌਜੀ ਬੈਂਡ ਦੀ ਪੇਸ਼ਕਾਰੀ ਹੋਈ।

ਖੇਡਾਂ ਦੌਰਾਨ ਮਸ਼ਹੂਰ ਹੋਏ ਰੇਲ ਗੱਡੀ ਦੇ ਗੀਤ ਉਪਰ ਖੇਡਾਂ ਦੇ ਸਾਰੇ ਵਲੰਟੀਅਰ ਰੇਲ ਦੇ ਰੂਪ ਵਿਚ ਸਟੇਡੀਅਮ ਅੰਦਰ ਆਏ। ਇਸ ਤੋਂ ਬਾਅਦ ਸਾਰੇ ਦੇਸ਼ਾਂ ਦੇ ਝੰਡਾਬਰਦਾਰ ਆਪੋ-ਆਪਣੇ ਦੇਸ਼ ਦੇ ਝੰਡੇ ਲੈ ਕੇ ਇਕੱਠੇ ਹੀ ਆਏ ਅਤੇ ਆਖਰ ਵਿਚ ਭਾਰਤੀ ਝੰਡਾਬਰਦਾਰ ਗਗਨ ਨਾਰੰਗ ਸੀ। ਸਾਰੇ ਖੇਡ ਦਲਾਂ ਦੇ ਝੰਡਾਬਰਦਾਰਾਂ ਤੋਂ ਬਾਅਦ ਵਾਰੋ-ਵਾਰੀ ਸਾਰੇ ਦੇਸ਼ਾਂ ਦੇ ਖਿਡਾਰੀ ਸਟੇਡੀਅਮ ਵਿਚ ਦਾਖਲ ਹੋਏ। ਇਸ ਦੌਰਾਨ ਮਹਿਮਾਨ ਅਤੇ ਦਰਸ਼ਕ ਸੰਗੀਤ ਉਪਰ ਝੂਮਦੇ ਰਹੇ। ਖੇਡਾਂ ਦਾ ਮਸਕਟ ਸ਼ੇਰਾ ਵੀ ਸ਼ਾਨ ਵਲੋਂ ਗਾਏ ਗੀਤ ‘ਅਲਵਿਦਾ ਸ਼ੇਰਾ’ ਨਾਲ ਵਿਦਾ ਹੋ ਗਿਆ। ਆਖਰ ‘ਚ ਰਾਸ਼ਟਰਮੰਡਲ ਖੇਡਾਂ ਦਾ ਝੰਡਾ ਉਤਾਰ ਕੇ ਸ੍ਰੀ ਕਲਮਾਡੀ ਨੇ ਦਿੱਲੀ ਦੇ ਲੈਫਟੀਨੈਂਟ ਗਵਰਨਰ ਤੇਜਿੰਦਰ ਖੰਨਾ ਦੇ ਹਵਾਲੇ ਕਰ ਦਿੱਤਾ ਜਿਨ੍ਹਾਂ ਇਸ ਨੂੰ 2014 ਵਿਚ 20ਵੀਆਂ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਕਰਨ ਵਾਲੇ ਸ਼ਹਿਰ ਗਲਾਸਗੋ (ਸਕਾਟਲੈਂਡ) ਦੇ ਲਾਰਡ ਪ੍ਰੋਵੋਸਟ ਰੌਬਰਟ ਵਿੰਟਰ ਨੂੰ ਸੌਂਪ ਦਿੱਤਾ। ਗਲਾਸਗੋ ਵਲੋਂ 20ਵੀਆਂ ਖੇਡਾਂ ਦੀ ਮੇਜ਼ਬਾਨੀ ਅਧਿਕਾਰਤ ਤੌਰ ‘ਤੇ ਸਵੀਕਾਰ ਕਰਨ ‘ਤੇ ਸਕਾਟਿਸ਼ ਕਲਾਕਾਰਾਂ ਨੇ ਆਪਣੀ ਪੇਸ਼ਕਾਰੀ ਨਾਲ ਰੰਗ ਬੰਨ੍ਹ ਦਿੱਤਾ।

ਇਸ ਤੋਂ ਪਹਿਲਾਂ ਸ੍ਰੀ ਕਲਮਾਡੀ ਤੇ ਸ੍ਰੀ ਖੰਨਾ ਨੇ ਜਿਥੇ ਖੇਡਾਂ ਦੀ ਸਫਲਤਾ ‘ਤੇ ਤਸੱਲੀ ਅਤੇ ਖੁਸ਼ੀ ਪ੍ਰਗਟਾਈ, ਉਥੇ ਗਲਾਸਗੋ ਦੇ ਲਾਰਡ ਪ੍ਰੋਵੋਸਟ ਸ੍ਰੀ ਵਿੰਟਰ ਨੇ ਦਿੱਲੀ ਖੇਡਾਂ ਨੂੰ ਸਫਲ ਰਾਸ਼ਟਰਮੰਡਲ ਖੇਡਾਂ ਮੰਨਦਿਆਂ ਚਾਰ ਸਾਲਾਂ ਬਾਅਦ ਆਪਣੇ ਸ਼ਹਿਰ ਵਿਚ ਖੇਡਾਂ ਨੂੰ ਹੋਰ ਵੀ ਉਚੇ ਮੁਕਾਮ ਤੱਕ ਪਹੁੰਚਾਉਣ ਦਾ ਵਾਅਦਾ ਕੀਤਾ। ਇਨ੍ਹਾਂ ਖੇਡਾਂ ਦੇ ਸਰਵੋਤਮ ਖਿਡਾਰੀ ਚੁਣੇ ਗਏ ਜਮਾਇਕਾ ਦੇ ਟਰੈਸਰ ਸਮਿੱਥ ਨੂੰ ‘ਡੇਵਿਡ ਡਿਕਸਨ ਐਵਾਰਡ’ ਮਿਲਿਆ ਜਦਕਿ ਭਾਰਤੀ ਪਹਿਲਵਾਨ ਸੁਸ਼ੀਲ ਕੁਮਾਰ 32 ਫੀਸਦੀ ਵੋਟਾਂ ਲੈ ਕੇ ‘ਸਭ ਤੋਂ ਹਰਮਨਪਿਆਰਾ ਖਿਡਾਰੀ’ ਚੁਣਿਆ ਗਿਆ। ਲੇਜ਼ਰ ਸ਼ੋਅ ਦੀ ਪੇਸ਼ਕਾਰੀ ਵਿਚ ਆਧੁਨਿਕ ਤੇ ਪੁਰਾਤਨ ਭਾਰਤ ਦੇ ਦਰਸ਼ਨ ਕਰਵਾਏ ਗਏ। ਇਸ ਦੇ ਨਾਲ ਹੀ 19ਵੀਆਂ ਰਾਸ਼ਟਰਮੰਡਲ ਖੇਡਾਂ ਦੀ ਸਮਾਪਤੀ ਦਾ ਐਲਾਨ ਅਤੇ ਗਲਾਸਗੋ ਵਿਚ ਮੁੜ ਮਿਲਣ ਦਾ ਵਾਅਦਾ ਕੀਤਾ ਗਿਆ।

## ਵੱਖ-ਵੱਖ ਖੇਡਾਂ ’ਚ ਭਾਰਤ ਦੇ ਤਮਗੇ

| ਖੇਡ | ਸੋਨਾ | ਚਾਂਦੀ | ਕਾਂਸੀ | ਕੁੱਲ |
|---|---|---|---|---|
| ਨਿਸ਼ਾਨੇਬਾਜ਼ੀ | 14 | 11 | 5 | 30 |
| ਕੁਸ਼ਤੀ | 10 | 5 | 4 | 19 |
| ਤੀਰਅੰਦਾਜ਼ੀ | 3 | 1 | 4 | 8 |
| ਮੁੱਕੇਬਾਜ਼ੀ | 3 | 0 | 4 | 7 |
| ਅਥਲੈਟਿਕਸ | 2 | 3 | 7 | 12 |
| ਭਾਰ ਤੋਲਣ | 2 | 2 | 4 | 8 |
| ਬੈਡਮਿੰਟਨ | 2 | 1 | 1 | 4 |
| ਟੇਬਲ ਟੈਨਿਸ | 1 | 1 | 3 | 5 |
| ਟੈਨਿਸ | 1 | 1 | 2 | 4 |
| ਜਿਮਨਾਸਟਿਕ | 0 | 1 | 1 | 2 |
| ਹਾਕੀ | 0 | 1 | 0 | 1 |
| ਤੈਰਾਕੀ | 0 | 0 | 1 | 1 |
| **ਕੁੱਲ** | **38** | **27** | **36** | **101** |

## ਇਕ ਤੋਂ ਵੱਧ ਤਮਗੇ ਜਿੱਤਣ ਵਾਲੇ ਭਾਰਤੀ

| ਖਿਡਾਰੀ | ਸੋਨਾ | ਚਾਂਦੀ | ਕਾਂਸੀ | ਕੁੱਲ |
|---|---|---|---|---|
| ਗਗਨ ਨਾਰੰਗ | 4 | 0 | 0 | 4 |
| ਓਂਕਾਰ ਸਿੰਘ | 3 | 1 | 0 | 4 |
| ਵਿਜੈ ਕੁਮਾਰ | 3 | 1 | 0 | 4 |
| ਗੁਰਪ੍ਰੀਤ | 2 | 0 | 1 | 3 |
| ਅਨਿਸਾ | 2 | 0 | 1 | 3 |
| ਦੀਪਿਕਾ | 2 | 0 | 0 | 2 |
| ਹਰਪ੍ਰੀਤ ਸਿੰਘ | 2 | 0 | 0 | 2 |
| ਅਭਿਨਵ ਬਿੰਦਰਾ | 1 | 1 | 0 | 2 |
| ਰਾਹੀ ਸਰਨੋਬਲ | 1 | 1 | 0 | 2 |
| ਹਿਨਾ ਸਿੱਧੂ | 1 | 1 | 0 | 2 |
| ਸਾਇਨਾ ਨੇਹਵਾਲ | 1 | 1 | 0 | 2 |
| ਜਵਾਲਾ ਗੁੱਟਾ | 1 | 1 | 0 | 2 |
| ਅਸ਼ਵਨੀ ਪੋਨੱਪਾ | 1 | 1 | 0 | 2 |
| ਸ਼ਰਥ ਕਮਲ | 1 | 0 | 2 | 3 |
| ਰਾਹੁਲ ਬੈਨਰਜੀ | 1 | 0 | 1 | 2 |
| ਡੋਲਾ ਬੈਨਰਜੀ | 1 | 0 | 1 | 2 |
| ਤੇਜਸਵਨੀ | 0 | 2 | 1 | 3 |
| ਰੰਜਨ ਸੋਢੀ | 0 | 2 | 0 | 2 |
| ਮਾਨਵਜੀਤ ਸਿੰਘ | 0 | 1 | 1 | 2 |
| ਸਾਨੀਆ ਮਿਰਜ਼ਾ | 0 | 1 | 1 | 2 |
| ਆਸ਼ੀਸ਼ ਕੁਮਾਰ | 0 | 1 | 1 | 2 |
| ਪੀ. ਕਸ਼ਯਪ | 0 | 1 | 1 | 2 |
| ਪਲੋਮੀ | 0 | 1 | 1 | 2 |
| ਸੋਮਾਦਾਸ | 0 | 1 | 1 | 2 |
| ਸਮਰੇਸ਼ ਜੰਗ | 0 | 1 | 1 | 2 |
| ਤਾਲੁਕਦਾਰ | 0 | 0 | 2 | 2 |

# ਆਸਟਰੇਲੀਆ ਅੱਗੇ ਭਾਰਤੀ ਹਾਕੀ ਟੀਮ ਭੋਰਾ ਵੀ ਕੁਸਕ ਨਾ ਸਕੀ

ਨਵੀਂ ਦਿੱਲੀ ਦੇ ਮੇਜਰ ਧਿਆਨ ਚੰਦ ਨੈਸ਼ਨਲ ਹਾਕੀ ਸਟੇਡੀਅਮ ਵਿਚ ਇਕ ਵਾਰ ਫੇਰ ਭਾਰਤੀ ਹਾਕੀ ਆਪਣੇ



*ਹਾਕੀ ਦਾ ਫਾਈਨਲ ਮੈਚ ਦੇਖਦੇ ਹੋਏ ਪ੍ਰਧਾਨ ਮੰਤਰੀ*

ਦਰਸ਼ਕਾਂ ਮੂਹਰੇ ਫਾਈਨਲ ਵਿਚ ਵੱਡੀ ਹਾਰ ਨਾਲ ਸੋਨ ਤਮਗੇ ਤੋਂ ਵਾਂਝੀ ਰਹਿ ਗਈ। ਫਰਵਰੀ ਮਹੀਨੇ ਇਸੇ ਸਟੇਡੀਅਮ ਵਿਚ ਹੀ ਆਸਟਰੇਲੀਆਈ ਟੀਮ ਵਿਸ਼ਵ ਕੱਪ ਜਿੱਤ ਕੇ ਗਈ ਸੀ। ਉਨ੍ਹਾਂ ਰਾਸ਼ਟਰਮੰਡਲ ਵਿਚ ਲਗਾਤਾਰ ਚੌਥਾ ਸੋਨ ਤਮਗਾ ਜਿੱਤਿਆ। ਇਸ ਤੋਂ ਪਹਿਲਾਂ ਸਵੇਰੇ ਹਾਕੀ ਸਟੇਡੀਅਮ ਵਿਚ ਖੇਡੇ ਪਲੇਅ ਆਫ ਮੁਕਾਬਲੇ ਵਿਚ ਨਿਊਜ਼ੀਲੈਂਡ ਨੇ ਇੰਗਲੈਂਡ ਨੂੰ ਟਾਈਬ੍ਰੇਕਰ ਵਿਚ 5-3 (8-6) ਨਾਲ ਹਰਾ ਕੇ ਕਾਂਸੀ ਦਾ ਤਮਗਾ ਜਿੱਤਿਆ। ਪੁਰਸ਼ ਹਾਕੀ ਦੇ ਪਿਛਲੇ ਦੋ ਅਹਿਮ ਮੈਚ ਜਿੱਤ ਕੇ ਪਹਿਲੀ ਵਾਰ ਰਾਸ਼ਟਰਮੰਡਲ ਖੇਡਾਂ ਦੇ ਫਾਈਨਲ ਵਿਚ ਪੁੱਜੀ ਭਾਰਤੀ ਟੀਮ ਦੀ ਆਸਟਰੇਲੀਆ ਹੱਥੋਂ 0-8 ਦੀ ਲੱਕ ਤੋੜਵੀਂ ਹਾਰ ਨਾਲ ਹਾਕੀ ਪ੍ਰੇਮੀਆਂ ਦੀਆਂ ਆਸਾਂ ਧਰੀਆਂ-ਧਰਾਈਆਂ ਰਹਿ ਗਈਆਂ। ਫਾਈਨਲ ਵਿਚ ਹਾਰ ਨਾਲ ਭਾਰਤ ਨੂੰ ਚਾਂਦੀ ਦੇ ਤਮਗੇ ‘ਤੇ ਸਬਰ ਕਰਨਾ ਪਿਆ, ਪਰ ਰਾਸ਼ਟਰਮੰਡਲ ਖੇਡਾਂ ਦੇ ਪੁਰਸ਼ ਹਾਕੀ ਮੁਕਾਬਲਿਆਂ ਦੇ ਇਤਿਹਾਸ ਵਿਚ ਇਹ ਭਾਰਤ ਦਾ ਪਹਿਲਾ ਤਮਗਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਫਾਈਨਲ ਨੂੰ ਦੇਖਣ ਲਈ ਉਚੇਚੇ ਤੌਰ ‘ਤੇ ਆਏ ਸਨ। ਭਾਰਤੀ ਟੀਮ ਦੀ ਜਿੱਤ ਦੇ ਆਸਾਰ ਭਾਵੇਂ ਘੱਟ ਸੀ, ਪਰ ਇੰਨੇ ਵੱਡੇ ਫਰਕ ਨਾਲ ਹਾਰ ਦਾ ਅੰਦਾਜ਼ਾ ਕਿਸੇ ਨੇ ਨਹੀਂ ਲਾਇਆ ਸੀ। ਫਾਈਨਲ ਮੈਚ ਦੇ ਪਹਿਲੇ 15 ਮਿੰਟ ਹੀ ਭਾਰਤੀ ਟੀਮ ਕੁਝ ਚੰਗਾ ਖੇਡਦੀ ਨਜ਼ਰ ਆਈ, ਪਰ ਇਸ ਸਮੇਂ ਦੌਰਾਨ ਭਾਰਤ ਨੇ ਗੋਲ ਕਰਨ ਦੇ ਕੁਝ ਸੁਨਹਿਰੀ ਮੌਕੇ ਗਵਾ ਦਿੱਤੇ।

ਪਹਿਲੇ ਅੱਧ ਵਿਚ ਹੀ ਚਾਰ ਗੋਲਾਂ ਨਾਲ ਪਿੱਛੇ ਰਹਿਣ ਤੋਂ ਬਾਅਦ ਭਾਰਤੀ ਖਿਡਾਰੀਆਂ ਦੇ ਹੌਸਲੇ ਪਸਤ ਹੋ ਗਏ ਸਨ ਪਰ ਫਿਰ ਵੀ ਉਨ੍ਹਾਂ ਦੂਜਾ ਅੱਧ ਸ਼ੁਰੂ ਹੁੰਦਿਆਂ ਇਕ ਵਾਰ ਚੰਗੀ ਟੱਕਰ ਦਿੱਤੀ, ਪਰ ਭਾਰਤੀ ਖਿਡਾਰੀ ਗੋਲ ਕਰਨ ਵਿਚ ਅਸਫਲ ਰਹੇ। ਆਖਰੀ 20 ਮਿੰਟਾਂ ਵਿਚ ਭਾਰਤ ਕਿਤੇ ਵੀ ਮੈਚ ਵਿਚ ਵਾਪਸੀ ਕਰਦਾ ਨਜ਼ਰ ਨਹੀਂ ਆਇਆ। ਅਨੁਭਵੀ ਫਾਰਵਰਡ ਜੈਮੀ ਡਵਾਇਰ ਨੇ 66ਵੇਂ ਮਿੰਟ ਵਿਚ ਇਨ੍ਹਾਂ ਖੇਡਾਂ ਦਾ ਆਪਣਾ ਪਹਿਲਾ ਗੋਲ ਕੀਤਾ। ਮੈਚ ਸਮਾਪਤੀ ਤੋਂ ਕੁਝ ਸਕਿੰਟ ਪਹਿਲਾਂ ਗਲੈਨ ਟਰਨਰ ਨੇ ਗੋਲਕੀਪਰ ਭਰਤ ਛੇਤਰੀ ਨੂੰ ਝਕਾਨੀ ਦੇ ਕੇ ਗੋਲ ਕਰ ਕੇ ਆਸਟਰੇਲੀਆ ਦੀ ਭਾਰਤ ‘ਤੇ 8-0 ਨਾਲ ਜਿੱਤ ਪੱਕੀ ਕਰ ਦਿੱਤੀ।

## ਤਮਗਾ ਸੂਚੀ

| ਦੇਸ਼ | ਸੋਨਾ | ਚਾਂਦੀ | ਕਾਂਸੀ | ਕੁੱਲ |
|---|---|---|---|---|
| ਆਸਟਰੇਲੀਆ | 74 | 55 | 48 | 177 |
| ਭਾਰਤ | 38 | 27 | 36 | 101 |
| ਇੰਗਲੈਂਡ | 37 | 59 | 46 | 142 |
| ਕੈਨੇਡਾ | 26 | 17 | 32 | 75 |
| ਦੱਖਣੀ ਫਰੀਕਾ | 12 | 11 | 10 | 33 |
| ਕੀਨੀਆ | 12 | 11 | 9 | 32 |
| ਮਲੇਸ਼ੀਆ | 12 | 10 | 13 | 35 |
| ਸਿੰਗਾਪੁਰ | 11 | 11 | 9 | 31 |
| ਨਾਈਜੀਰੀਆ | 11 | 10 | 14 | 35 |
| ਸਕਾਟਲੈਂਡ | 9 | 10 | 7 | 26 |
| ਨਿਊਜ਼ੀਲੈਂਡ | 6 | 22 | 8 | 36 |
| ਸਾਈਪ੍ਰਸ | 4 | 3 | 5 | 12 |
| ਉਤਰੀ ਆਇਰਲੈਂਡ | 3 | 3 | 4 | 10 |
| ਸਮੋਆ | 3 | 0 | 1 | 4 |
| ਵੇਲਜ | 2 | 7 | 10 | 19 |
| ਜਮਾਇਕਾ | 2 | 4 | 1 | 7 |
| ਪਾਕਿਸਤਾਨ | 2 | 1 | 2 | 5 |
| ਯੂਗਾਂਡਾ | 2 | 0 | 0 | 2 |
| ਬਹਾਮੋਸ | 1 | 1 | 3 | 5 |
| ਸ੍ਰੀਲੰਕਾ | 1 | 1 | 1 | 3 |
| ਨੌਰੂ | 1 | 1 | 0 | 2 |
| ਬੋਤਸਵਾਨਾ | 1 | 0 | 3 | 4 |
| ਸੇਂਟ ਵਿਨਸੇਂਟ | 1 | 0 | 0 | 1 |
| ਸਾਈਮਨ ਆਇਸਲੈਂਡ | 1 | 0 | 0 | 1 |
| ਤ੍ਰਿਨੀਦਾਦ ਐਂਡ ਟੋਬੈਗੋ | 0 | 4 | 2 | 6 |
| ਕੈਮਰੂਨ | 0 | 2 | 4 | 6 |
| ਘਾਨਾ | 0 | 1 | 3 | 4 |
| ਨਾਮੀਬੀਆ | 0 | 1 | 2 | 3 |
| ਸੇਸ਼ੈਲਸ | 0 | 1 | 0 | 1 |
| ਨਿਊ ਪਾਪੂਆ ਗਿਨੀਆ | 0 | 1 | 0 | 1 |
| ਆਈਲ ਆਫ ਮੈਨ | 0 | 0 | 2 | 2 |
| ਮਾਰੀਸ਼ਿਸ਼ | 0 | 0 | 2 | 2 |
| ਟੌਂਗਾ | 0 | 0 | 2 | 2 |
| ਬੰਗਲਾਦੇਸ਼ | 0 | 0 | 1 | 1 |
| ਗੁਆਨਾ | 0 | 0 | 1 | 1 |
| ਸੇਂਟ ਲੂਸੀਆ | 0 | 0 | 1 | 1 |

# ਚਿੜੀ-ਬੱਲੇ ਨੇ ਕਰਾਈ ਭਾਰਤ ਦੀ ਬੱਲੇ-ਬੱਲੇ

ਖੇਡਾਂ ਦੇ ਆਖਰੀ ਦਿਨ ਭਾਰਤ ਨੇ ਤਮਗਾ ਸੂਚੀ ਵਿਚ ਇੰਗਲੈਂਡ ਨੂੰ ਪਛਾੜ ਕੇ ਆਸਟਰੇਲੀਆ ਤੋਂ ਬਾਅਦ ਦੂਜਾ ਸਥਾਨ ਹਾਸਲ ਕਰ ਲਿਆ। ਇਸ ਤੋਂ ਪਹਿਲਾਂ ਭਾਰਤ ਕਦੇ ਵੀ ਚੌਥੇ ਸਥਾਨ ਤੋਂ ਅੱਗੇ ਨਹੀਂ ਗਿਆ ਸੀ। ਆਖਰੀ ਦਿਨ ਭਾਰਤ ਨੂੰ ਬੈਡਮਿੰਟਨ ਵਿਚ ਸਾਇਨਾ ਨੇਹਵਾਲ ਅਤੇ ਜਵਾਲਾ ਗੁੱਟਾ ਤੇ



*ਮਹਿਲਾ ਡਬਲ ਬੈਡਮਿੰਟਨ ਵਿਚ ਸੋਨ ਤਮਗਾ ਜਿੱਤਣ ਪਿਛੋਂ ਜਵਾਲਾ ਗੁੱਟਾ ਅਤੇ ਮਛੀਮੰਦਾ ਅਸ਼ਵਨੀ ਪਨੱਪਾ*

ਅਸ਼ਵਨੀ ਪੋਨੱਪਾ ਦੀ ਜੋੜੀ ਨੇ ਦੋ ਸੋਨੇ ਦੇ ਤਮਗੇ ਦਿਵਾਏ। ਸਾਇਨਾ ਦਾ ਆਖਰੀ ਈਵੈਂਟ ਸੀ ਜਿਸ ਵਿਚ ਸੋਨ ਤਮਗਾ ਜਿੱਤ ਕੇ ਉਸ ਨੇ ਭਾਰਤ ਦੇ ਸੋਨ ਤਮਗੇ 38 ਕਰ ਦਿੱਤੇ। ਇੰਗਲੈਂਡ 37 ਸੋਨ ਤਮਗਿਆਂ ਨਾਲ ਤੀਜੇ ਸਥਾਨ ‘ਤੇ ਰਹਿ ਗਿਆ। ਪੁਰਸ਼ ਹਾਕੀ ਦੇ ਫਾਈਨਲ ਵਿਚ ਭਾਰਤ ਨੂੰ ਵਿਸ਼ਵ ਚੈਂਪੀਅਨ ਆਸਟਰੇਲੀਆ ਹੱਥੋਂ 0-8 ਦੀ ਲੱਕ ਤੋੜਵੀਂ ਹਾਰ ਮਿਲੀ ਜਿਸ ਕਾਰਨ ਭਾਰਤ ਨੂੰ ਚਾਂਦੀ ਦੇ ਤਮਗੇ ਨਾਲ ਸਬਰ ਕਰਨਾ ਪਿਆ। ਟੇਬਲ ਟੈਨਿਸ ਵਿਚ ਭਾਰਤ ਨੇ ਦੋ ਕਾਂਸੀ ਦੇ ਤਮਗੇ ਜਿੱਤੇ। ਭਾਰਤ ਨੇ ਪਹਿਲੀ ਵਾਰ ਇੰਨੀ ਵੱਡੀ ਗਿਣਤੀ ਵਿਚ ਸੋਨ ਅਤੇ ਕੁੱਲ ਤਮਗੇ ਜਿੱਤੇ।

ਬੈਡਮਿੰਟਨ ਵਿਚ ਖੇਡਾਂ ਦਾ ਆਖਰੀ ਦਿਨ ਭਾਰਤ ਲਈ ਸੁਨਹਿਰੀ ਰਿਹਾ। ਮਹਿਲਾਵਾਂ ਦੇ ਦੋਵੇਂ ਸਿੰਗਲਜ਼ ਤੇ ਡਬਲਜ਼ ਵਰਗਾਂ ਵਿਚ ਭਾਰਤ ਨੇ ਸੋਨ ਤਮਗੇ ਜਿੱਤੇ। ਸਾਇਨਾ ਨੇਹਵਾਲ ਨੇ ਸਿੰਗਲਜ਼ ਅਤੇ ਜਵਾਲਾ ਗੁੱਟਾ ਤੇ ਅਸ਼ਵਨੀ ਪੋਨੱਪਾ ਨੇ ਡਬਲਜ਼ ਵਿਚ ਭਾਰਤ ਨੂੰ ਸੋਨ ਤਮਗਾ ਦਿਵਾ ਕੇ ਬੈਡਮਿੰਟਨ ਮੁਕਾਬਲਿਆਂ ਨੂੰ ਭਾਰਤ ਲਈ ਯਾਦਗਾਰ ਬਣਾਇਆ। ਮਹਿਲਾ ਸਿੰਗਲਜ਼ ਦੇ ਫਾਈਨਲ ਵਿਚ ਵਿਸ਼ਵ ਦੀ ਤੀਜੇ ਨੰਬਰ ਦੀ ਖਿਡਾਰਨ ਸਾਇਨਾ ਨੇਹਵਾਲ ਅਤੇ ਸਿੰਗਾਪੁਰ ਦੀ 17ਵੇਂ ਨੰਬਰ ਦੀ ਖਿਡਾਰਨ ਮਿਊ ਚੂ ਵੌਂਗ ਆਹਮੋ-ਸਾਹਮਣੇ ਸਨ। ਸਾਇਨਾ ਨੇ ਇਹ ਮੁਕਾਬਲਾ ਅਤੇ ਸੋਨ ਤਮਗਾ 19-21, 23-21 ਤੇ 21-13 ਨਾਲ ਜਿੱਤਿਆ। ਸਾਇਨਾ ਨੇ ਆਪਣੇ ਅਨੁਭਵ ਅਤੇ ਦਮਖਮ ਦਾ ਮੁਜ਼ਾਹਰਾ ਕਰਦਿਆਂ ਤੀਜੇ ਗੇਮ ਤੱਕ ਥੱਕ ਚੁੱਕੀ ਵਿਰੋਧੀ ਖਿਡਾਰਨ ਤੋਂ ਲਗਾਤਾਰ ਸ਼ਾਟ ਲਗਾ ਕੇ ਅੰਕ ਬਟੋਰੇ ਅਤੇ ਇਹ ਗੇਮ ਤੇ ਮੈਚ 21-13 ਨਾਲ ਜਿੱਤ ਲਿਆ।

ਇਸ ਤੋਂ ਪਹਿਲਾਂ ਸਿਰੀ ਫੋਰਟ ਸਟੇਡੀਅਮ ਵਿਚ ਬੈਡਮਿੰਟਨ ਦੇ ਮਹਿਲਾ ਡਬਲਜ਼ ਦਾ ਫਾਈਨਲ ਜਿੱਤ ਕੇ ਜਵਾਲਾ ਗੁੱਟਾ ਤੇ ਅਸ਼ਵਨੀ ਪੋਨੱਪਾ ਦੀ ਜੋੜੀ ਨੇ ਭਾਰਤ ਨੂੰ ਪਹਿਲਾ ਸੋਨ ਤਮਗਾ ਦਿਵਾਇਆ ਜਿਸ ਨਾਲ ਭਾਰਤ ਨੇ ਤਮਗਾ ਸੂਚੀ ਵਿਚ ਇੰਗਲੈਂਡ ਨਾਲ 37 ਸੋਨ ਤਮਗਿਆਂ ਦੀ ਬਰਾਬਰੀ ਕਰ ਲਈ। ਭਾਰਤੀ ਜੋੜੀ ਜਿਸ ਨੂੰ ਖੇਡਾਂ ਵਿਚ ਦੂਜਾ ਦਰਜਾ ਹਾਸਲ ਸੀ, ਨੇ ਨੰਬਰ ਇਕ ਜੋੜੀ ਸਿੰਗਾਪੁਰ ਦੀ ਸ਼ਿੰਟਾ ਮੂਲੀਆ ਤੇ ਲੇਈ ਯਾਓ ਨੂੰ ਸਿੱਧੀਆਂ ਗੇਮਾਂ ਵਿਚ 21-16 ਤੇ 21-19 ਨਾਲ ਹਰਾਇਆ।

# ਅੰਕੜਿਆਂ ਤੋਂ ਪਾਰ ਰਾਸ਼ਟਰਮੰਡਲ ਖੇਡਾਂ

**ਦਲਜੀਤ ਅਮੀ**

ਖੁਰਾਕ ਮਨੁੱਖ ਦਾ ਪਹਿਲਾ ਤੇ ਖੇਡ ਮਨੁੱਖ ਦਾ ਉਤਮ ਸਕੂਨ ਹੈ। ਖੇਡ ਸਮਾਜੀਕਰਨ ਦੀ ਪਹਿਲੀ ਤੇ ਅਹਿਮ ਪੌੜੀ ਹੈ। ਖੇਡਾਂ ਮਨੁੱਖ ਨੂੰ ਸਰੀਰ ਪੱਖੋਂ ਨਰੋਆ ਬਣਾਉਂਦੀਆਂ ਹਨ। ਬੰਦੇ ਦੀ ਬੰਦੇ ਤੇ ਬੰਦਿਆਈ ਨਾਲ ਸਾਂਝ ਮਜ਼ਬੂਤ ਕਰਦੀਆਂ ਹਨ। ਮਨੁੱਖ ਦੀਆਂ ਗੁੱਝੀਆਂ ਰਮਜ਼ਾਂ ਖੇਡ ਰਾਹੀਂ ਪ੍ਰਗਟ ਹੁੰਦੀਆਂ ਹਨ। ਮੌਜੂਦਾ ਖੇਡ ਮੇਲਿਆਂ ਦਾ ਖਾਸਾ ਬਹੁਤ ਹੱਦ ਤੱਕ ਖੇਡ ਦੇ ਇਸ ਸੁਭਾਅ ਨਾਲ ਟਕਰਾਉਂਦਾ ਹੈ। ਰਾਸ਼ਟਰਮੰਡਲ ਖੇਡਾਂ ਦੌਰਾਨ ਕੁਝ ਅਜਿਹੇ ਪਲ ਆਏ ਜਿਨ੍ਹਾਂ ਦਾ ਅਹਿਸਾਸ ਉਨ੍ਹਾਂ ਪਲਾਂ ਤੋਂ ਵਡੇਰਾ ਹੈ। ਇਨ੍ਹਾਂ ਦੇ ਮਾਅਨੇ ਅਤੇ ਅਹਿਮੀਅਤ ਹਰ ਆਦਮੀ ਲਈ ਵੱਖਰੀ-ਵੱਖਰੀ ਹੋ ਸਕਦੀ ਹੈ।

***

ਖੇਡਾਂ ਤੋਂ ਪਹਿਲਾਂ ਮਿਲਖਾ ਸਿੰਘ ਨੇ ਬਿਆਨ ਦਿੱਤਾ ਸੀ ਕਿ ਅਥਲੈਟਿਕਸ ਵਿਚ ਤਮਗਿਆਂ ਦੀ ਆਸ ਨਹੀਂ ਹੈ। ਇਸ ਬਿਆਨ ਦੀ ਵਿਆਖਿਆ ਕਈ ਤਰ੍ਹਾਂ ਹੋਈ। ਮਿਲਖਾ ਸਿੰਘ ਦੇ ਇਸ ਬਿਆਨ ਨੂੰ ਉਸ ਦੀ ਨਿਰਾਸ਼ਾ ਦਾ ਪ੍ਰਗਟਾਵਾ ਦੱਸਿਆ ਗਿਆ। ਆਖਰ ਪਿਛਲੇ 52 ਸਾਲਾਂ ਵਿਚ ਉਸ ਦੀ ਜੇਤੂ ਰਵਾਇਤ ਨੂੰ ਅੱਗੇ ਤੋਰਨ ਵਾਲਾ ਕੋਈ ਨਹੀਂ ਆਇਆ। ਦੂਜਾ ਪੱਖ ਇਹ ਵੀ ਹੈ ਕਿ ਇਹ ਮਿਲਖਾ ਸਿੰਘ ਦਾ ਹੰਕਾਰ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਇਸ ਪੱਧਰ ਉਤੇ ਤਮਗਾ ਜਿੱਤਣ ਲਈ ਤਾਂ 'ਮਿਲਖਾ ਸਿੰਘ' ਹੋਣਾ ਜ਼ਰੂਰੀ ਹੈ। ਇਸੇ ਤਰ੍ਹਾਂ ਇਸ ਬਿਆਨ ਦੀ ਕੋਈ ਹੋਰ ਵਿਆਖਿਆ ਵੀ ਹੋ ਸਕਦੀ ਹੈ। ਇਹ ਬਿਆਨ ਕਈ ਖਿਡਾਰੀਆਂ ਲਈ ਲਲਕਾਰ ਬਣਿਆ ਹੋਵੇਗਾ ਅਤੇ ਕਈਆਂ ਨੂੰ ਇਸ ਤੋਂ ਖੁੰਦਕ ਚੜ੍ਹੀ ਹੋਵੇਗੀ। ਖੇਡ ਵਿਚ ਤਾਂ ਦੋਵੇਂ ਹੀ ਭਾਵਨਾਵਾਂ ਅਹਿਮ ਮੰਨੀਆਂ ਜਾਂਦੀਆਂ ਹਨ। ਖੇਡ ਭਾਵਨਾ ਅਤੇ ਮਰਨ-ਮਾਰਨ ਦੀ ਭਾਵਨਾ ਦੇ ਵਿਚਕਾਰ ਹੀ ਖੇਡ ਮੈਦਾਨ ਦਾ ਖਾਸਾ ਸਮਾਇਆ ਹੋਇਆ ਹੈ। ਇਨ੍ਹਾਂ ਦੋਵਾਂ ਭਾਵਨਾਵਾਂ ਦੇ ਸਮੇਲ ਨੂੰ ਸਦਾ ਉਚਿਆਇਆ ਜਾਂਦਾ ਹੈ। ਇਸੇ ਪੱਖੋਂ ਜ਼ਰਾ ਸੋਚ ਕੇ ਵੇਖੋ ਕਿ ਜਿਨ੍ਹਾਂ ਅਥਲੀਟਾਂ ਨੇ ਰਾਸ਼ਟਰਮੰਡਲ ਖੇਡਾਂ ਲਈ ਪੂਰੀ ਤਿਆਰੀ ਕੀਤੀ ਹੋਈ ਸੀ, ਉਨ੍ਹਾਂ ਦੇ ਕੰਨਾਂ ਵਿਚ ਮਿਲਖਾ ਸਿੰਘ ਦੇ ਬਿਆਨ ਨੇ ਕੀ-ਕੀ ਅਰਥ ਪਾਏ ਹੋਣਗੇ? ਇੱਕ ਵੰਨਗੀ ਸਾਡੇ ਤੱਕ ਸੀਮਾ ਐਂਟਿਲ ਰਾਹੀਂ ਪੁੱਜੀ ਹੈ। ਜੇ ਡਿਸਕਸ ਸੁੱਟਣ ਦੇ ਮੁਕਾਬਲੇ ਵਿਚ ਭਾਰਤੀ ਕੁੜੀਆਂ ਨੇ ਤਿੰਨੇ ਤਗਮੇ ਜਿੱਤੇ ਤਾਂ ਇਨ੍ਹਾਂ ਨੇ ਮੈਦਾਨ ਦਾ ਜੇਤੂ ਫੇਰਾ ਦਿੱਤਾ। ਕ੍ਰਿਸ਼ਨਾ ਪੂਨੀਆ, ਹਰਵੰਤ ਕੌਰ ਅਤੇ ਸੀਮਾ ਐਂਟਿਲ ਨੇ ਕ੍ਰਮਵਾਰ ਸੋਨੇ, ਚਾਂਦੀ ਅਤੇ ਕਾਂਸੀ ਦੇ ਤਮਗੇ ਜਿੱਤੇ। ਕ੍ਰਿਸ਼ਨਾ ਪੂਨੀਆ ਅਤੇ ਸੀਮਾ ਐਂਟਿਲ ਦੀ ਆਪਸ ਵਿਚ ਬਣਦੀ ਵੀ ਨਹੀਂ ਪਰ ਇਸ ਮੌਕੇ ਮਿਲਖਾ ਸਿੰਘ ਦਾ ਬਿਆਨ ਇਨ੍ਹਾਂ ਦੀ ਸਾਂਝ ਦਾ ਸਬੱਬ ਬਣਿਆ। ਮਿਲਖਾ ਸਿੰਘ ਨੇ ਕ੍ਰਿਸ਼ਨਾ ਪੂਨੀਆ ਨੂੰ ਵਧਾਈ ਦਿੱਤੀ। ਬਾਅਦ ਵਿਚ ਸੀਮਾ ਐਂਟਿਲ ਨੇ ਕ੍ਰਿਸ਼ਨਾ ਨੂੰ ਕਿਹਾ, "ਮਿਲਖਾ ਸਿੰਘ ਨੂੰ ਤਮਗਾ ਦਿਖਾ ਦੇ। ਨਾਲੇ ਦੱਸ ਕਿ ਅਸੀਂ ਅਥਲੈਟਿਕਸ ਵਿਚ ਸੱਤ ਤਮਗੇ ਜਿੱਤ ਲਏ ਹਨ।" ਉਦੋਂ ਤੱਕ ਅਥਲੈਟਿਕਸ ਵਿਚ ਭਾਰਤ ਨੂੰ ਸੱਤ ਤਮਗੇ ਮਿਲ ਚੁੱਕੇ ਸਨ। ਇਹ ਗਿਣਤੀ ਬਾਅਦ ਵਿਚ ਬਾਰਾਂ ਹੋ ਗਈ। ਕ੍ਰਿਸ਼ਨਾ ਪੂਨੀਆ ਉਸ ਵੇਲੇ ਕਿਸੇ ਹੋਰ ਗੱਲੋਂ ਵਧੇਰੇ ਖੁਸ਼ ਸੀ। ਆਖਰ ਉਸ ਦੀ ਆਪਣੇ ਛੇ ਸਾਲਾ ਪੁੱਤ ਤੋਂ ਦੂਰ ਰਹਿ ਕੇ ਕੀਤੀ ਮਿਹਨਤ ਰੰਗ ਲਿਆਈ ਸੀ। ਇਸੇ ਤਮਗੇ ਦੀਆਂ ਬਾਤਾਂ ਉਸ ਨੇ ਆਪਣੇ ਪੁੱਤ ਨੂੰ ਸੁਣਾਉਣੀਆਂ ਹਨ।

***

ਰਾਸ਼ਟਰਮੰਡਲ ਖੇਡਾਂ ਤੋਂ ਪਹਿਲਾਂ ਗਗਨ ਨਾਰੰਗ ਨੂੰ 'ਖੇਲ ਰਤਨ' ਨਾ ਮਿਲਣ ਦਾ ਮਲਾਲ ਸੀ। ਉਸ ਨੇ ਜੋ ਆਪਣੀ ਨਿਰਾਸ਼ਾ ਨੂੰ ਜ਼ੁਬਾਨ ਦਿੱਤੀ ਤਾਂ ਕਈ ਪਾਸਿਓਂ ਆਲੋਚਨਾ ਹੋਈ। ਨਿਸ਼ਾਨੇਬਾਜ਼ੀ ਵਿਚ ਚਾਰ ਸੋਨੇ ਤਮਗੇ ਜਿੱਤਣ ਵਾਲਾ ਗਗਨ ਨਾਰੰਗ ਇਕਾਗਰਤਾ ਤੇ ਦ੍ਰਿੜ੍ਹਤਾ ਨੂੰ ਸਮੂਰਤ ਕਰਦਾ ਨਜ਼ਰ ਆਇਆ। ਉਸ ਦਾ ਹਰ ਹਾਵ-ਭਾਵ ਇੱਕੋ ਗੱਲ ਕਹਿੰਦਾ ਜਾਪਦਾ ਸੀ, "ਸੱਚ, ਜੇ ਆਪਣੇ ਪੱਖ ਵਿਚ ਭੁਗਤਦਾ ਹੋਵੇ ਤਾਂ ਵੀ ਬੋਲਣਾ ਚਾਹੀਦਾ ਹੈ। ਜੇ ਇਹ ਕਿਸੇ ਨੂੰ ਹੰਕਾਰ ਜਾਪੇ ਤਾਂ ਤੁਸੀਂ ਕਸੂਰਵਾਰ ਨਹੀਂ ਹੋ ਜਾਂਦੇ।"

***

ਅਨੀਸਾ ਸਈਦ ਨੇ ਨਿਸ਼ਾਨੇਬਾਜ਼ੀ ਵਿਚ ਦੋ ਸੋਨ ਤਮਗੇ ਜਿੱਤੇ। ਉਸ ਦੀ ਪੱਤਰਕਾਰਾਂ ਨਾਲ ਗੱਲਬਾਤ ਬਹੁਤ ਦਿਲਚਸਪ ਸੀ। ਇਨ੍ਹਾਂ ਗੱਲਾਂ ਤੋਂ ਕੁਝ ਅੰਦਾਜ਼ਾ ਲੱਗਦਾ ਹੈ ਕਿ ਨਿਸ਼ਾਨੇਬਾਜ਼ੀ ਦੇ ਮੁਕਾਬਲੇ ਵਿਚ ਹਿੱਸਾ ਲੈਂਦੇ ਸਮੇਂ ਉਹ ਕਿਨ੍ਹਾਂ-ਕਿਨ੍ਹਾਂ ਨਿਸ਼ਾਨਿਆਂ ਨੂੰ ਹੋਂਦ ਦਾ ਸਵਾਲ ਬਣਾਈ ਖੜ੍ਹੀ ਸੀ। ਉਹ ਪੱਤਰਕਾਰਾਂ ਨੂੰ ਸਿੱਧਾ ਸੰਬੋਧਿਤ ਹੋ ਕੇ ਕਹਿੰਦੀ ਹੈ, "ਮੈਂ ਤਾਂ ਕੱਲ੍ਹ ਵੀ ਇਸੇ ਰੇਂਜ ਉਤੇ ਹੋਵਾਂਗੀ। ਦੇਖਾਂਗੀ ਕਿ ਤੁਹਾਡੇ ਵਿਚੋਂ ਕਿੰਨਿਆਂ ਦੀ ਮੇਰੇ ਨਾਲ ਗੱਲ ਕਰਨ ਵਿਚ ਦਿਲਚਸਪੀ ਹੈ। ਸੋਨੇ ਦਾ ਤਮਗਾ ਕਿਸੇ ਚਮਤਕਾਰ ਤੋਂ ਘੱਟ ਨਹੀਂ ਹੈ। ਹਰ ਕੋਈ ਮੇਰੇ ਬਾਰੇ ਗੱਲ ਕਰ ਰਿਹਾ ਹੈ। ਮੈਂ ਹੁਣ ਤੱਕ ਜੋ ਵੀ ਕੀਤਾ ਹੈ, ਆਪਣੇ ਦਮ ਉਤੇ ਕੀਤਾ ਹੈ।" ਉਹ ਆਪਣੇ ਪਿਤਾ ਅਬਦੁਲ ਹਮੀਦ ਸਈਦ ਅਤੇ ਜੀਵਨ ਸਾਥੀ ਮੁਬਾਰਕ ਹੁਸੈਨ ਦੇ ਸਹਿਯੋਗ ਦਾ ਧੰਨਵਾਦ ਕਰਦੀ ਹੈ। ਮੁਬਾਰਕ ਹੁਸੈਨ ਦੱਸਦਾ ਹੈ ਕਿ ਉਸ ਨੇ ਆਪਣੀ ਜੀਵਨ ਸਾਥਣ ਨਾਲ ਸਹਾਇਕਾਂ ਵਾਂਗ ਜ਼ਿੰਮੇਵਾਰੀ ਨਿਭਾਈ ਹੈ ਤਾਂ ਅੱਜ ਇਹ ਮੁਕਾਮ ਹਾਸਿਲ ਹੋਇਆ ਹੈ। ਅਨੀਸਾ ਆਪਣੇ ਕੋਚ ਸੰਨੀ ਥੋਮਸ ਨੂੰ ਕਿਸੇ ਪੁਰਾਣੀ ਗੱਲ ਦਾ ਜਵਾਬ ਦੇ ਰਹੀ ਹੈ, "ਤੁਸੀਂ ਤਾਂ ਮੈਨੂੰ ਦੂਣੀ (ਡਬਲ) ਕਹਿੰਦੇ ਸੀ ਤੇ ਅੱਜ ਮੈਂ ਤਮਗਿਆਂ ਦੀ ਦੂਣ (ਡਬਲ) ਪਾ ਦਿੱਤੀ।" ਇਸ ਦੇ ਨਾਲ ਹੀ ਉਹ ਸਭ ਤੋਂ ਅਹਿਮ ਫਿਕਰੇ ਬੋਲਦੀ ਹੈ, "ਤੁਸੀਂ ਇਸ ਗੱਲ ਦਾ ਅਹਿਸਾਸ ਨਹੀਂ ਕਰ ਸਕਦੇ ਕਿ ਮੇਰੇ ਵਰਗੇ ਮੁਸਲਮਾਨ ਪਰਿਵਾਰਾਂ ਦੀਆਂ ਕੁੜੀਆਂ ਲਈ ਇਸ ਤਮਗੇ ਦੀ ਕੀ ਅਹਿਮੀਅਤ ਹੈ। ਮੈਨੂੰ ਕਦੇ ਰੋਕਿਆ ਨਹੀਂ ਗਿਆ। ਮੈਂ ਇਜਾਜ਼ਤ ਲੈ ਕੇ ਨਹੀਂ ਸਗੋਂ ਸਿਰਫ਼ ਦੱਸ ਕੇ ਆਈ ਹਾਂ। ਸ਼ਾਇਦ ਲੋਕਾਂ ਨੂੰ ਇਸ ਤੱਥ ਪਿਛੇ ਲੁਕਿਆ ਸੁਨੇਹਾ ਪੁੱਜੇਗਾ।" ਅਨੀਸਾ ਦਾ ਇਹੋ ਅਹਿਸਾਸ ਖੇਡ ਮੈਦਾਨ ਨੂੰ ਦਰਦਮੰਦੀ ਨਾਲ ਲਬਰੇਜ਼ ਕਰਦਾ ਹੈ। ਇਹੋ ਸੁਨੇਹਾ ਤਾਂ ਚੁੱਪ-ਚੁਪੀਤੇ ਤਾਜ਼ੀਮ ਅਖ਼ਤਰ ਅੱਬਾਸੀ ਦੇ ਰਹੀ ਸੀ। ਉਹ ਖੇਡਾਂ ਵਿਚ ਭਾਗ ਲੈਣ ਆਏ ਪਾਕਿਸਤਾਨੀਆਂ ਵਿਚ ਇਕੱਲੀ ਕੁੜੀ ਸੀ ਜਿਸ ਨੇ ਸਲਵਾਰ-ਕਮੀਜ਼ ਪਾ ਕੇ ਸਿਰ ਦੁਪੱਟੇ ਨਾਲ ਲਪੇਟ ਕੇ ਨਿਸ਼ਾਨੇਬਾਜ਼ੀ ਕੀਤੀ। ਉਸ ਦੇ ਕਿੰਨੇ ਨਿਸ਼ਾਨੇ ਸਹੀ ਲੱਗੇ ਅਤੇ ਕਿੰਨੇ ਖੁੰਝ ਗਏ ਇਸ ਦਾ ਅੰਦਾਜ਼ਾ ਤਮਗਿਆਂ ਦੀ ਗਿਣਤੀ ਤੋਂ ਨਹੀਂ ਲੱਗਣਾ।

***

ਰਾਸ਼ਟਰਮੰਡਲ ਖੇਡਾਂ ਵਿਚ ਚਾਂਦੀ ਦਾ ਤਮਗਾ ਕੋਈ ਛੋਟੀ ਗੱਲ ਤਾਂ ਨਹੀਂ। ਇਸੇ ਰੰਗ ਦਾ ਤਮਗਾ ਜਿੱਤਣ ਵਾਲੀ ਬਬੀਤਾ ਲਈ ਇਹ ਮਸਲਾ ਗੰਭੀਰ ਹੈ। ਉਸ ਦੇ ਅੱਥਰੂਆਂ ਦੀ ਲੜੀ ਟੁੱਟਦੀ ਹੀ ਨਹੀਂ। ਉਸ ਨੂੰ ਚਾਂਦੀ ਦੇ ਤਮਗੇ ਨਾਲ ਸਬਰ ਨਹੀਂ ਆ ਰਿਹਾ। ਦਰਸ਼ਕਾਂ ਵਿਚ ਉਸ ਨੂੰ ਹੱਲਾਸ਼ੇਰੀ ਦੇਣ ਉਸ ਦੀ ਭੈਣ ਆਈ ਹੈ। ਇਸੇ ਭੈਣ, ਗੀਤਾ ਨੂੰ ਹੱਲਾਸ਼ੇਰੀ ਦੇਣ ਬੀਤੇ ਕੱਲ੍ਹ ਬਬੀਤਾ ਆਈ ਸੀ। ਗੀਤਾ ਨੇ ਕੁੜੀਆਂ ਦੀ ਕੁਸ਼ਤੀ ਵਿਚ ਰਾਸ਼ਟਰਮੰਡਲ ਖੇਡਾਂ ਦੇ ਇਤਿਹਾਸ ਵਿਚ ਭਾਰਤ ਲਈ ਪਹਿਲਾਂ ਸੋਨ ਤਮਗਾ ਜਿੱਤਿਆ ਸੀ। ਜੇ ਭੈਣ ਨੇ ਸੋਨੇ ਦਾ ਤਮਗਾ ਜਿੱਤਿਆ ਹੈ ਤਾਂ ਬਬੀਤਾ ਨੂੰ ਚਾਂਦੀ ਦੇ ਤਮਗੇ ਨਾਲ ਸਬਰ ਕਿਵੇਂ ਆਵੇ? ਦੋਵੇਂ ਆਪਣੇ ਬਾਪ ਦਾ ਸੁਪਨਾ ਪੂਰਾ ਕਰਨ ਦਿੱਲੀ ਆਈਆਂ ਸਨ। ਮਹਾਬੀਰ ਸਿੰਘ ਨੇ ਆਪਣੀਆਂ ਪੰਜਾਂ ਧੀਆਂ ਨੂੰ ਕੁਸ਼ਤੀ ਵਿਚ ਪਾਇਆ ਸੀ। ਅਖਾੜਾ ਆਪਣੇ ਹੀ ਜੱਦੀ ਪਿੰਡ ਬਹਿਲੋਲੀ (ਹਰਿਆਣਾ) ਬਣਾਇਆ ਸੀ। ਉਹ ਵੀ ਘਰ ਦੇ ਪਿਛਵਾੜੇ। ਆਖਰ ਬਾਪ ਹੀ ਧੀ ਨੂੰ ਫੋਨ ਉਤੇ ਕਹਿੰਦਾ ਹੈ, "ਤਮਗੇ ਦੇ ਰੰਗ ਨਾਲ ਫ਼ਰਕ ਨਹੀਂ ਪੈਂਦਾ। ਤੂੰ ਆਪਣੀ ਵੱਲੋਂ ਤਾਂ ਸੌ ਫ਼ੀਸਦੀ ਜ਼ੋਰ ਲਾਇਆ ਏ।" ਗੀਤਾ ਸ਼ਾਇਦ ਆਪਣੀ ਛੋਟੀ ਭੈਣ ਨੂੰ ਇਹ ਸਮਝਾ ਕੇ ਵਰਾਉਣ ਵਿਚ ਕਾਮਯਾਬ ਹੋਈ ਹੈ, "ਮਹਾਬੀਰ ਦੀਆਂ ਦੋ ਧੀਆਂ ਨੇ ਰਾਸ਼ਟਰਮੰਡਲ ਖੇਡਾਂ ਵਿਚ ਤਮਗੇ ਜਿੱਤੇ ਹਨ। ਹੁਣ ਕੋਈ ਨਹੀਂ ਕਹਿ ਸਕਦਾ ਕਿ ਮਹਾਬੀਰ ਕੁੜੀਆਂ ਨੂੰ ਕੁਸ਼ਤੀ ਵਿਚ ਪਾ ਕੇ ਕਮਲ ਕੁੱਟ ਰਿਹਾ ਹੈ।"

***

ਨਾਸਿਕ ਦੀ 25 ਸਾਲਾ ਕਵਿਤਾ ਰਾਉਤ ਨੇ ਦਸ ਹਜ਼ਾਰ ਮੀਟਰ ਦੀ ਦੌੜ ਵਿਚ ਕਾਂਸੀ ਦਾ ਤਮਗਾ ਜਿੱਤਿਆ। ਉਹ ਮਿਲਖਾ ਸਿੰਘ ਤੋਂ ਬਾਅਦ ਰਾਸ਼ਟਰਮੰਡਲ ਖੇਡਾਂ ਵਿਚ ਤਮਗਾ ਜਿੱਤਣ ਵਾਲੀ ਪਹਿਲੀ ਦੌੜਾਕ ਹੈ। ਉਸ ਤੋਂ ਅੱਗੇ ਸੋਨੇ ਅਤੇ ਚਾਂਦੀ ਦਾ ਤਮਗਾ ਜਿੱਤਣ ਵਾਲੀਆਂ ਬੀਬੀਆਂ ਕੀਨੀਆ ਤੋਂ ਹਨ। ਅਫ਼ਰੀਕੀ ਮੁਲਕ ਕੀਨੀਆ ਦੀਆਂ ਕੁੜੀਆਂ ਤੇ ਮੁੰਡਿਆਂ ਨੇ ਲੰਮੀਆਂ ਦੌੜਾਂ ਵਿਚ ਆਲਮੀ ਪੱਧਰ ਉਤੇ ਗਲਬਾ ਕਾਇਮ ਕਰ ਰੱਖਿਆ ਹੈ। ਇਸ ਗਲਬੇ ਦਾ ਇੱਕ ਸਿਰਾ ਕੀਨੀਆ ਦੀ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨਾਲ ਜੁੜਦਾ ਹੈ। ਭੁੱਖ-ਨੰਗ ਨਾਲ ਲੜਦੇ ਸਮੇਂ ਕੀਤੀ ਭੱਜ-ਨੱਠ ਦਾ ਮੁਕਾਬਲਾ ਆਧੁਨਿਕ ਖੇਡ ਸਹੂਲਤਾਂ ਨਹੀਂ ਕਰ ਸਕੀਆਂ। ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨਾਲ ਕਸ਼ੀਦੇ ਸਰੀਰਾਂ ਨੂੰ ਜੋ ਭੋਰਾ ਕੁ ਦਿਸ਼ਾ ਮਿਲਦੀ ਹਾਂ ਤਾਂ ਕੌਮਾਂਤਰੀ ਪੱਧਰ ਦੇ ਖੇਡ ਮੁਕਾਬਲਿਆਂ ਵਿਚ ਕਾਲਾ ਰੰਗ ਲਿਸ਼ਕਾਂ ਮਾਰਦਾ ਹੈ। ਅਫ਼ਰੀਕੀ ਦੌੜਾਕਾਂ ਨੂੰ ਕਦੇ ਦੌੜ ਦੇ ਅੰਤਲੇ ਪਲਾਂ ਵਿਚ ਦੇਖੋ। ਇੰਝ ਜਾਪਦਾ ਹੈ ਜਿਵੇਂ ਉਹ ਜ਼ਿੰਦਗੀ ਦੀ ਆਖਰੀ ਦੌੜ ਭੱਜ ਰਹੇ ਹੋਣ। ਨਾਸਿਕ ਦੀ ਕਵਿਤਾ ਰਾਉਤ ਰਿਸ਼ਤੇ ਵਿਚੋਂ ਕੀਨੀਆ ਵਾਲੀਆਂ ਦੀ ਹੀ ਭੈਣ ਨਿਕਲੀ। ਉਸ ਨੂੰ ਪਾਣੀ ਲਿਆਉਣ ਲਈ ਰੋਜ਼ 20 ਕਿਲੋਮੀਟਰ ਦੌੜਨਾ ਪੈਂਦਾ ਹੈ। ਜਿਸ ਦੌੜ ਵਿਚ ਉਸ ਨੇ ਤਮਗਾ ਜਿੱਤਿਆ ਉਸ ਤੋਂ ਦੁੱਗਣਾ ਪੈਂਡਾ ਉਸ ਨੂੰ ਹਰ ਰੋਜ਼ ਭੱਜਣਾ ਪੈਂਦਾ ਹੈ। ਇਸ ਦੌੜ ਨੇ ਸਾਡੇ ਮੁਲਕ ਅੰਦਰ ਵਸਦੇ ਅਫ਼ਰੀਕਾ ਨੂੰ ਕੌਮਾਂਤਰੀ ਮੰਚ ਉਤੇ ਪੇਸ਼ ਕੀਤਾ ਹੈ। ਇਹ ਚੋਣ ਤਾਂ ਅਸੀਂ ਕਰਨੀ ਹੈ ਕਿ ਅਸੀਂ ਤਮਗੇ ਦਾ ਜਸ਼ਨ ਹੀ ਮਨਾਉਣਾ ਹੈ ਜਾਂ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨੂੰ ਕੋਈ ਸੁਹਿਰਦ ਹੁੰਗਾਰਾ ਵੀ ਭਰਨਾ ਹੈ। ਇਸੇ ਨਾਲ ਜੁੜਦਾ ਦੂਜਾ ਮਸਲਾ ਤੀਰਅੰਦਾਜ਼ੀ ਵਾਲੀ ਦੀਪਿਕਾ ਦਾ ਹੈ। ਝਾਰਖੰਡ ਦੀ ਇਸ ਕਬਾਇਲੀ ਕੁੜੀ ਨੇ ਤੀਰਅੰਦਾਜ਼ੀ ਵਿਚ ਕਾਂਸੀ ਦਾ ਤਮਗਾ ਜਿੱਤਿਆ ਹੈ। ਦੀਪਿਕਾ ਦਾ ਪਿਓ, ਸ਼ਿਵ ਚਰਨ ਰਾਂਚੀ ਵਿਚ ਆਟੋ ਚਲਾਉਂਦਾ ਹੈ। ਮਾਂ ਗੀਤਾ ਨਰਸ ਵਜੋਂ ਕੰਮ ਕਰਦੀ ਹੈ। ਉਸ ਨੇ ਆਪਣੀ ਕਬਾਇਲੀ ਰਵਾਇਤ ਨੂੰ ਅੱਗੇ ਤੋਰ ਕੇ ਦੱਸ ਦਿੱਤਾ ਹੈ ਕਿ ਕਬਾਇਲੀਆਂ ਨੂੰ ਰੰਗਾਰੰਗ ਸਮਾਗਮਾਂ ਵਿਚਲੀ ਨੁਮਾਇਸ਼ ਤੱਕ ਮਹਿਦੂਦ ਨਹੀਂ ਕੀਤਾ ਜਾ ਸਕਦਾ।



*ਤੀਰਅੰਦਾਜ਼ੀ ਵਿਚ ਕਾਂਸੇ ਦਾ ਤਮਗਾ ਜੇਤੂ ਗਗਨਦੀਪ ਕੌਰ ਡਾ. ਮਨਮੋਹਨ ਸਿੰਘ ਨਾਲ*

***

ਰਾਸ਼ਟਰਮੰਡਲ ਖੇਡਾਂ ਵਿਚ ਸਭ ਤੋਂ ਮਕਬੂਲ ਖਿਡਾਰੀ ਪਹਿਲਵਾਨ ਸੁਸ਼ੀਲ ਕੁਮਾਰ ਰਿਹਾ। ਕੁਝ ਦਿਨ ਪਹਿਲਾਂ ਹੀ ਉਹ ਆਲਮੀ ਜੇਤੂ ਬਣ ਕੇ ਆਇਆ ਸੀ। ਇਨ੍ਹਾਂ ਖੇਡਾਂ ਵਿਚ ਉਸ ਨੇ ਭਲਵਾਨੀ ਦੇ ਕਮਾਲ ਦੇ ਜੌਹਰ ਦਿਖਾਏ। ਇਕ ਕੁਸ਼ਤੀ ਤਾਂ ਉਸ ਨੇ ਨੌਂ ਸਕਿੰਟਾਂ ਵਿਚ ਹੀ ਜਿੱਤ ਲਈ। ਦਰਸ਼ਕ ਤਾਂ ਉਦੋਂ ਤੱਕ ਜਚ ਕੇ ਬੈਠੇ ਵੀ ਨਹੀਂ ਸਨ। ਇਸ ਮੁਕਾਮ ਉਤੇ ਪਹੁੰਚਣ ਲਈ ਉਸ ਨੂੰ ਬਿਖੜਾ ਪੈਂਡਾ ਤੈਅ ਕਰਨਾ ਪਿਆ ਹੈ। ਇਹੋ ਸੁਸ਼ੀਲ ਏਥਨਜ਼ ਓਲੰਪਿਕ ਵਿਚ ਚੌਦਵੇਂ ਥਾਂ ਉਤੇ ਆਇਆ ਸੀ। ਉਸ ਦਾ ਖੇਡ ਜੀਵਨ ਕਈ ਤਰ੍ਹਾਂ ਦੇ ਸੰਸਿਆਂ ਦੀ ਘੁੰਮਣਘੇਰੀ ਵਿਚ ਉਲਝਿਆ ਹੋਇਆ ਸੀ। ਉਸ ਨੂੰ ਆਪਣੀ ਹਰ ਚੀਜ਼ ਦਾ ਧਿਆਨ ਕਰਨਾ ਪੈਂਦਾ ਸੀ। ਛੋਟੇ ਭਰਾ ਅਮਰਜੀਤ ਨੇ ਫ਼ੈਸਲਾ ਸੁਣਾ ਦਿੱਤਾ ਕਿ ਸੁਸ਼ੀਲ ਸਿਰਫ਼ ਜ਼ੋਰ ਅਤੇ ਕੁਸ਼ਤੀ ਕਰੇਗਾ। ਬਾਕੀ ਮਸਲਿਆਂ ਦਾ ਧਿਆਨ ਅਮਰਜੀਤ ਰੱਖੇਗਾ। ਸੁਸ਼ੀਲ ਆਪਣੇ ਗੁਰੂ ਸਤਪਾਲ ਦੀ ਅਗਵਾਈ ਵਿਚ ਜ਼ੋਰ ਕਰਨ ਲੱਗਿਆ। ਉਸ ਦੀ ਭੁੱਖ, ਪਿਆਸ ਤੋਂ ਲੈ ਕੇ ਹਰ ਚੀਜ਼ ਦਾ ਧਿਆਨ ਅਮਰਜੀਤ ਨੇ ਆਪਣੇ ਜ਼ਿੰਮੇ ਲੈ ਲਿਆ। ਸੁਸ਼ੀਲ ਨੂੰ ਭੁੱਖ ਲੱਗੇ; ਸੁਸ਼ੀਲ ਨੂੰ ਪਿਆਸ ਲੱਗੇ; ਸੁਸ਼ੀਲ ਦੇ ਸਰੀਰ ਵਿਚ ਅਕੜਾਅ ਹੋਵੇ; ਸੁਸ਼ੀਲ ਨੂੰ ਨੀਂਦ ਆਵੇ; ਸੁਸ਼ੀਲ ਨੂੰ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਉਸ ਨੂੰ ਬੋਲਣਾ ਨਹੀਂ ਪੈਂਦਾ। ਇਨ੍ਹਾਂ ਦਾ ਅਹਿਸਾਸ ਅਮਰਜੀਤ ਨੂੰ ਪਹਿਲਾਂ ਹੁੰਦਾ ਹੈ। ਅਮਰਜੀਤ ਦੀ ਇਜਾਜ਼ਤ ਤੋਂ ਬਿਨਾਂ ਕੋਈ ਸੁਸ਼ੀਲ ਦੇ ਆਰਾਮ ਵਿਚ ਖ਼ਲਲ ਨਹੀਂ ਪਾ ਸਕਦਾ। ਇਹ ਇਜਾਜ਼ਤ ਉਹ ਸਿਰਫ਼ ਉਸਤਾਦ ਸਤਪਾਲ ਨੂੰ ਹੀ ਦਿੰਦਾ ਹੈ। ਇਸੇ ਲਈ ਤਾਂ ਸੁਸ਼ੀਲ ਨੇ ਰਾਸ਼ਟਰਮੰਡਲ ਖੇਡਾਂ ਦੌਰਾਨ ਖੇਡ-ਪਿੰਡ ਦੀ ਥਾਂ ਸੋਨੀਪਤ ਵਿਚ ਰਹਿਣ ਨੂੰ ਤਰਜੀਹ ਦਿੱਤੀ। ਅਮਰਜੀਤ ਦੀ ਮਿਹਨਤ ਕਾਰਨ ਹੀ ਸੁਸ਼ੀਲ ਬੇਫ਼ਿਕਰ ਹੈ ਅਤੇ ਸਾਹਮਣੇ ਭਲਵਾਨਾਂ ਨੂੰ ਫ਼ਿਕਰ ਪਾਉਂਦਾ ਹੈ। ਛੋਟਾ ਭਰਾ ਜਾਂਦੇ ਹੋਏ ਭਲਵਾਨ ਦੇ ਪੱਟਾਂ ਤੇ ਡੌਲਿਆਂ ਦੀ ਮਾਲਿਸ਼ ਕਰਦਾ ਹੈ ਤਾਂ ਦੋਵਾਂ ਦੀਆਂ ਅੱਖਾਂ ਹੀ ਅੱਖਾਂ ਵਿਚ ਗੱਲ ਹੁੰਦੀ ਹੈ। ਅਮਰਜੀਤ ਨੇ ਆਪਣੇ ਕਹੇ ਦੀ ਲਾਜ ਪਾਲੀ ਹੈ, ਹੁਣ ਸੁਸ਼ੀਲ ਦੀ ਵਾਰੀ ਹੈ। ਸੁਸ਼ੀਲ ਜਿੱਤ ਕੇ ਉਸਤਾਦ ਸਤਪਾਲ ਨੂੰ ਮਿਲਦਾ ਹੈ। ਇਸ ਮੌਕੇ ਨੂੰ ਆਪਣੇ ਕੈਮਰੇ ਵਿਚ ਬੰਦ ਕਰਨ ਵਾਲਾ ਹਰ ਜਣਾ-ਜਣੀ ਯਾਦ ਰੱਖੇਗਾ ਕਿ ਉਹ ਵੀ ਉਸ ਮੌਕੇ ਹਾਜ਼ਰ ਸੀ। ਇਹ ਫੋਟੋ ਖਿਚਵਾਉਣ ਦਾ ਮੌਕਾ ਨਹੀਂ ਹੈ ਸਗੋਂ ਖਿੱਚ ਲੈਣ ਦਾ ਮੌਕਾ ਹੈ। ਜਿਹੜਾ ਅੱਜ ਫੋਟੋ ਖਿੱਚਣੋਂ ਖੁੰਝ ਗਿਆ ਸੋ ਖੁੰਝ ਗਿਆ।

***

ਜਵਾਲਾ ਗੁੱਟਾ ਅਤੇ ਅਸ਼ਵਨੀ ਪੁਨੱਪਾ ਬੈਡਮਿੰਟਨ ਵਿਚ ਕੁੜੀਆਂ ਦੇ ਫਾਈਨਲ ਵਿਚ ਪਹੁੰਚ ਗਈਆਂ ਹਨ। ਅਸ਼ਵਨੀ ਪੁਨੱਪਾ ਪਹਿਲੀ ਵਾਰ ਵੱਡੇ ਕੌਮਾਂਤਰੀ ਮੁਕਾਬਲੇ ਦੇ ਫਾਈਨਲ ਵਿਚ ਖੇਡ ਰਹੀ ਹੈ। ਉਮਰ ਵੀ ਮਸਾਂ ਵੀਹਾਂ ਦੀ ਹੈ। ਉਸ ਦੇ ਸੁਭਾਅ ਦਾ ਹਿੱਸਾ ਹੈ ਕਿ ਗ਼ਲਤੀ ਕਰ ਕੇ ਪਛਤਾਉਂਦੀ ਰਹਿੰਦੀ ਹੈ। ਇਹੋ ਪਛਤਾਵਾ ਹੋਰ ਗ਼ਲਤੀਆਂ ਦਾ ਸਬੱਬ ਬਣਦਾ ਹੈ। ਕੋਚ ਗੋਪੀਚੰਦ ਪਲੇਲਾ ਕਹਿ ਰਿਹਾ ਹੈ ਕਿ ਚਿੰਤਾ ਦਾ ਕੋਈ ਮਸਲਾ ਨਹੀਂ, ਉਸ ਨਾਲ ਜਵਾਲਾ ਗੁੱਟਾ ਖੇਡ ਰਹੀ ਹੈ। ਜਵਾਲਾ ਹੰਢੀ ਹੋਈ ਖਿਡਾਰੀ ਹੈ। ਬਹੁਤ ਜੋਸ਼ ਨਾਲ ਖੇਡਦੀ ਹੈ। ਨਾਲ ਵਾਲੇ ਨੂੰ ਵੀ ਹੱਲਾਸ਼ੇਰੀ ਦੇ ਕੇ ਰੱਖਦੀ ਹੈ। ਜੇ ਉਹ ਵੀ. ਡੀਜੂ ਨਾਲ ਕੁੜੀਆਂ-ਮੁੰਡਿਆਂ ਦੇ ਸਾਂਝੇ ਮੁਕਾਬਲੇ ਵਿਚ ਖੇਡ ਰਹੀ ਸੀ ਤਾਂ ਉਸ ਦਾ ਇਹ ਗੁਣ ਸਭ ਨੇ ਦੇਖਿਆ ਸੀ। ਜਵਾਲਾ ਨੇ ਹਰ ਅੰਕ ਤੋਂ ਬਾਅਦ ਆਪਣੇ ਸਾਥੀ ਨੂੰ ਹੱਲਾਸ਼ੇਰੀ ਦਿੱਤੀ ਸੀ। ਕਿਸੇ ਖੇਡ ਮਾਹਰ ਨੇ ਟਿੱਪਣੀ ਕੀਤੀ ਕਿ ਜਵਾਲਾ ਅਤੇ ਅਸ਼ਵਨੀ ਦੀ ਜੋੜੀ ਮਜਬੂਰੀ ਦੀ ਸਾਂਝ ਹੈ। ਇਨ੍ਹਾਂ ਵਿਚੋਂ ਸਿਰਫ਼ ਇੱਕ ਜਣੀ ਬੋਲਦੀ ਹੈ ਅਤੇ ਦੂਜੀ ਸਿਰਫ਼ ਸੁਣਦੀ ਹੈ। ਜਵਾਲਾ ਹਰ ਵਾਰ ਇੱਕੋ ਵਾਕ ਦੁਹਰਾਉਂਦੀ ਹੈ ਕਿ ਅਗਲੇ ਅੰਕ ਬਾਬਤ ਸੋਚ। ਜਾਲ ਦੇ ਨੇੜੇ ਜਵਾਲਾ ਨੇ ਮੋਰਚਾ ਮੱਲਿਆ ਹੋਇਆ ਹੈ। ਪਿੱਛੇ ਅਸ਼ਵਨੀ ਹੈ। ਜਵਾਲਾ ਫੁਰਤੀ ਨਾਲ ਚਿੜੀ ਮੋੜਦੀ ਹੈ ਅਤੇ ਦੂਜੀ ਧਿਰ ਨੂੰ ਚਿੜੀ ਉਚੀ ਸੁੱਟਣ ਲਈ ਮਜਬੂਰ ਕਰਦੀ ਹੈ। ਉਚੀ ਆਈ ਚਿੜੀ ਨੂੰ ਹਵਾ ਵਿਚ ਛਿਟੀ ਵਾਂਗ ਲਹਿਰਾ ਕੇ ਪੂਰੇ ਜ਼ੋਰ ਨਾਲ ਅਸ਼ਵਨੀ ਮੋੜਦੀ ਹੈ। ਫੁਰਤੀ ਅਤੇ ਤਾਕਤ ਦੀ ਕਮਾਲ ਜੁਗਲਬੰਦੀ ਜੇਤੂ ਹੁੰਦੀ ਹੈ। ਸੰਵਾਦ ਸ਼ਬਦਾਂ ਦਾ ਮੁਹਤਾਜ ਨਹੀਂ ਹੁੰਦਾ।

***

ਫਾਈਨਲ ਵੇਲੇ ਸ਼ਾਇਨਾ ਨੇਹਵਾਲ ਸਿਰ ਸਿਰਫ਼ ਸੋਨੇ ਦਾ ਤਮਗਾ ਜਿੱਤਣ ਦੀ ਜ਼ਿੰਮੇਵਾਰੀ ਨਹੀਂ ਸੀ। ਉਸ ਵੇਲੇ ਦੀ ਗਿਣਤੀ ਮੁਤਾਬਕ ਤੈਅ ਹੋ ਗਿਆ ਸੀ ਕਿ ਜੇ ਸ਼ਾਇਨਾ ਸੋਨੇ ਦਾ ਤਮਗਾ ਜਿੱਤਦੀ ਹੈ ਤਾਂ ਭਾਰਤ ਰਾਸ਼ਟਰਮੰਡਲ ਖੇਡਾਂ ਵਿਚ ਦੂਜੇ ਨੰਬਰ ਉਤੇ ਆਵੇਗਾ। ਉਦੋਂ ਇੰਗਲੈਂਡ ਅਤੇ ਭਾਰਤ ਦੇ ਸੋਨ ਤਮਗਿਆਂ ਦੀ ਗਿਣਤੀ ਬਰਾਬਰ ਸੀ। ਇਸ ਗਿਣਤੀ ਵਿਚ ਵਾਧਾ ਕਰਨ ਦਾ ਭਾਰਤ ਕੋਲ ਇੱਕੋ-ਇੱਕ ਮੌਕਾ ਸੀ ਜੋ ਸ਼ਾਇਨਾ ਦੇ ਹੱਥ ਸੀ। ਪਹਿਲੀ ਗੇਮ ਮਲੇਸ਼ੀਅਨ ਬੀਬੀ ਜਿੱਤ ਗਈ। ਦੂਜੀ ਗੇਮ ਵਿਚ ਫਸਵਾਂ ਮੁਕਾਬਲਾ ਹੋਇਆ। ਮਲੇਸ਼ੀਅਨ ਬੀਬੀ ਅਤੇ ਸੋਨੇ ਤਮਗੇ ਵਿਚਕਾਰ ਇੱਕ ਅੰਕ ਦਾ ਫ਼ਰਕ ਰਹਿ ਗਿਆ। ਜੇ ਸ਼ਾਇਨਾ ਲਗਾਤਾਰ ਤਿੰਨ ਅੰਕ ਜਿੱਤੇ ਤਾਂ ਮੁਕਾਬਲਾ ਤੀਜੀ ਤੇ ਫ਼ੈਸਲਾਕੁਨ ਗੇਮ ਵਿਚ ਪਹੁੰਚ ਸਕਦਾ ਹੈ। ਸ਼ਾਇਨਾ ਨੇ ਬਾਹਰ ਖੜੇ ਕੋਚ ਗੋਪੀਚੰਦ ਪਲੇਲਾ ਵੱਲ ਦੇਖਿਆ। ਉਹ ਕੁਝ ਬੋਲ ਰਿਹਾ ਹੈ। ਖੁੱਲ੍ਹੀਆਂ ਉਂਗਲਾਂ ਵਾਲੇ ਉਸ ਦੇ ਹੱਥ ਕੰਨਾਂ ਦੇ ਬਰਾਬਰ ਹਨ। ਇਹ ਹੱਥ ਦੋਵੇਂ ਅੱਖਾਂ ਸਾਹਮਣੇ ਆਉਂਦੇ ਹਨ। ਹਥੇਲੀਆਂ ਅੰਦਰ ਨੂੰ ਘੁੰਮਦੀਆਂ ਹਨ। ਪਹਿਲੀਆਂ ਉਂਗਲੀਆਂ ਨੂੰ ਛੱਡ ਕੇ ਬਾਕੀਆਂ ਦੀਆਂ ਅੱਧੀਆਂ ਬੰਦ ਹੋ ਜਾਂਦੀਆਂ ਹਨ। ਖੁੱਲ੍ਹੀਆਂ ਉਂਗਲੀਆਂ ਸ਼ਾਇਨਾ ਵੱਲ ਘੁੰਮਦੀਆਂ ਹਨ। ਸ਼ਾਇਨਾ ਦਾ ਸਿਰ ਹਾਂ ਵਿਚ ਹਿਲਦਾ ਹੈ। ਸਿਰ ਉਪਰ ਆਈ ਚਿੜੀ ਵੱਲ ਉਹ ਛਲਾਂਗ ਮਾਰਦੀ ਹੈ। ਸਰੀਰ ਧਨੁਸ਼ ਵਾਂਗ ਮੁੜਦਾ ਹੈ। ਉਸ ਦੇ ਹੱਥ ਵਿਚੋਂ ਬੱਲਾ ਸ਼ੂਕਦਾ ਹੋਇਆ ਚਿੜੀ ਉਤੇ ਵੱਜਦਾ ਹੈ। ਅਗਲੇ ਤਿੰਨ ਅੰਕ ਸ਼ਾਇਨਾ ਜਿੱਤਦੀ ਹੈ। ਓਹ ਹੋ! ਸ਼ਾਇਨਾ ਨੇ ਜਿਹੜੀ ਇਹ ਚਾਂਦਮਾਰੀ ਕੀਤੀ ਹੈ, ਇਸੇ ਦੀ ਸਿਸ਼ਤ ਗੋਪੀਚੰਦ ਬੰਨ੍ਹ ਰਿਹਾ ਸੀ।

ਤੀਜੀ ਗੇਮ ਵਿਚ ਸ਼ਾਇਨਾ ਮਲੇਸ਼ੀਅਨ ਕੁੜੀ ਉਤੇ ਭਾਰੀ ਪਈ। ਬਾਹਰ ਗੋਪੀਚੰਦ ਆਪਣੀ ਧੌਣ ਫੜ ਕੇ ਖੜਾ ਹੈ। ਉਂਗਲੀਆਂ ਗਿੱਚੀ ਨਾਲ ਚਿਪਕੀਆਂ ਹੋਈਆਂ ਹਨ। ਅੰਗੂਠੇ ਨਸਾਂ ਮਲ ਰਹੇ ਹਨ। ਜੇ ਕਿਸੇ ਦੀ ਗਰਦਨ ਦੁਖਦੀ ਹੋਵੇ ਤਾਂ ਹੱਥ ਵਾਰ-ਵਾਰ ਇਸੇ ਥਾਂ ਆਉਂਦੇ ਹਨ। ਤੀਜੀ ਗੇਮ ਦਾ ਅੱਧ ਸ਼ਾਇਨਾ ਦੇ ਪੱਖ ਵਿਚ ਹੋਇਆ। ਸ਼ਾਇਨਾ ਦੇ ਲਕੀਰ ਕੋਲ ਆਉਣ ਤੋਂ ਪਹਿਲਾਂ ਗੋਪੀਚੰਦ ਆਪਣੇ ਸਹਾਇਕ ਕੋਚ ਵਿਜੇਦੀਪ ਸਿੰਘ ਨੂੰ ਕੁਝ ਕਹਿ ਰਿਹਾ ਹੈ। ਸ਼ਾਇਨਾ ਆਈ ਤਾਂ ਵਿਜੇਦੀਪ ਨੇ ਉਸ ਦੀ ਗਰਦਨ ਦੀਆਂ ਨਸਾਂ ਮਲੂਣੀਆਂ ਸ਼ੁਰੂ ਕਰ ਦਿੱਤੀਆਂ। ਸ਼ਾਇਨਾ ਗੋਪੀਚੰਦ ਦੀ ਗੱਲ ਸੁਣ ਰਹੀ ਹੈ। ਗੋਪੀਚੰਦ ਦੇ ਹੱਥ ਮੁੜ ਕੇ ਪਹਿਲਾਂ ਵਾਂਗ ਚਲ ਰਹੇ ਹਨ। ਸ਼ਾਇਨਾ ਹੁੰਗਾਰਾ ਭਰ ਰਹੀ ਹੈ। ਸ਼ਾਇਨਾ ਨੇ ਜਿਵੇਂ ਆਪਣੀ ਆਕੜੀ ਹੋਈ ਗਰਦਨ ਵਿਜੇਦੀਪ ਦੇ ਹਵਾਲੇ ਕਰ ਦਿੱਤੀ ਹੋਵੇ। ਗੋਪੀਚੰਦ ਨੇ ਸ਼ਾਇਨਾ ਦਾ ਮੋਢਾ ਥਾਪੜਿਆ ਅਤੇ ਵਿਜੇਦੀਪ ਨੇ ਉਸ ਨੂੰ ਮਜ਼ਬੂਤ ਗਰਦਨ ਵਾਪਸ ਕਰ ਦਿੱਤੀ। ਇਸ ਤੋਂ ਬਾਅਦ ਦਾ ਮੁਕਾਬਲਾ ਇੱਕਪਾਸੜ ਹੋ ਜਾਂਦਾ ਹੈ। ਗੋਪੀਚੰਦ ਲੱਕ ਉਤੇ ਹੱਥ ਧਰ ਕੇ ਬਾਗ਼ੋ-ਬਾਗ਼ ਹੋਇਆ ਖੜਾ ਹੈ। ਕੁਝ ਪਲਾਂ ਬਾਅਦ ਹੀ ਛਿੱਕਾ ਸੁੱਟ ਕੇ ਸ਼ਾਇਨਾ ਉਸ ਦੀਆਂ ਬਾਂਹਾਂ ਵਿਚ ਲਿਪਟੀ ਹੁਬਕੀ ਰੋ ਰਹੀ ਹੈ। ਵਿਜੇਦੀਪ ਹੁਣ ਉਡੀਕ ਨਹੀਂ ਕਰ ਸਕਦਾ। ਉਹ ਦੋਵਾਂ ਨੂੰ ਜੱਫੀ ਪਾਉਂਦਾ ਹੈ। ਤਿੰਨੇ ਭਾਵੁਕ ਹਨ ਅਤੇ ਇਹੋ ਭਾਵਨਾ ਪੂਰੇ ਮਾਹੌਲ ਵਿਚ ਤਾਰੀ ਹੈ। ਉਹ ਸ਼ਾਇਨਾ ਨੂੰ ਥਾਪੀ ਦੇ ਕੇ ਭੇਜਦੇ ਹਨ। ਸ਼ਾਇਨਾ ਜਿੱਤਦੀ-ਜਿੱਤਦੀ ਹਾਰ ਗਈ ਮਲੇਸ਼ੀਅਨ ਬੀਬੀ ਨਾਲ ਹੱਥ ਮਿਲਾ ਕੇ ਦਿਲਾਸਾ ਦਿੰਦੀ ਹੈ। ਬਾਕੀ ਅਮਲੇ ਨਾਲ ਹੱਥ ਮਿਲਾ ਕੇ ਛਿੱਕਾ ਦਰਸ਼ਕਾਂ ਵੱਲ ਵਗਾ ਮਾਰਦੀ ਹੈ। ਗੋਪੀਚੰਦ ਦੀਆਂ ਅੱਖਾਂ ਵਿਚੋਂ ਇਹ ਦ੍ਰਿਸ਼ ਕਿਵੇਂ ਦਾ ਦਿਸਦਾ ਹੋਵੇਗਾ? ਇਹ ਸ਼ਾਇਦ ਸਤਪਾਲ ਦੱਸ ਸਕੇਗਾ। ਖੇਡ ਬਾਬਤ ਕਿਹਾ ਜਾਂਦਾ ਹੈ ਕਿ ਚੰਗੇ ਗੁਰੂਆਂ ਦੇ ਚੇਲੇ ਉਥੋਂ ਸ਼ੁਰੂ ਕਰਦੇ ਹਨ ਜਿੱਥੇ ਗੁਰੂ ਛੱਡਦੇ ਹਨ। ਗੋਪੀਚੰਦ ਅਤੇ ਸਤਪਾਲ ਨੂੰ ਭਾਵੇਂ ਕੇਂਦਰੀ ਖੇਡ ਮੰਤਰੀ ਨਾ ਵੀ ਪਛਾਣੇ ਪਰ ਇਹ ਚੰਗੇ ਖਿਡਾਰੀ ਹੋਣ ਤੋਂ ਬਾਅਦ ਚੰਗੇ ਕੋਚ ਸਾਬਤ ਹੋਏ ਹਨ। ਸ਼ਾਇਨਾ ਅਤੇ ਸੁਸ਼ੀਲ ਇਸੇ ਤੱਥ ਦੀ ਪੁਸ਼ਟੀ ਕਰਦੇ ਹਨ।

***

ਇਨ੍ਹਾਂ ਖੇਡਾਂ ਦੌਰਾਨ ਦੋ ਖ਼ੂਬਸੂਰਤ ਕਾਰਟੂਨ ਦੇਖਣ ਨੂੰ ਮਿਲੇ। ਪਹਿਲਾਂ ਸੰਦੀਪ ਜੋਸ਼ੀ ਨੇ ਬਣਾਇਆ। ਸਿਆਸਤਦਾਨ ਜਾਪਦੇ ਬੰਦੇ ਬਾਬਤ ਕੋਈ ਤੀਜਾ ਜਣਾ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਕਹਿ ਰਿਹਾ ਹੈ, "ਇਸ ਨੇ ਤਮਗਾ ਤਾਂ ਨਹੀਂ ਜਿੱਤਿਆ ਪਰ ਖਿਡਾਰੀ ਇਹ

(ਬਾਕੀ ਸਫਾ 27 'ਤੇ)

# ਕੁਝ ਸ਼ਹਿਰ ਦੇ ਲੋਕ ਵੀ ਜ਼ਾਲਮ ਸਨ, ਕੁਝ ਸਾਨੂੰ ਮਰਨ ਦਾ ਸ਼ੌਂਕ ਵੀ ਸੀ

**ਪ੍ਰੋ. ਕੁਲਵੰਤ ਸਿੰਘ ਰੋਮਾਣਾ**

ਅੱਜ ਕੱਲ੍ਹ ਬਹੁਚਰਚਿਤ ਪੰਜਾਬ ਦਾ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਤੋਂ 48 ਘੰਟੇ ਬਾਅਦ ਐਨ ਡੀ ਟੀ ਵੀ ਚੈਨਲ ਦੇ ਪੱਤਰਕਾਰ ਸ਼ੇਖਰ ਗੁਪਤਾ ਦੇ ਸ਼ੋਅ 'ਵਾਕ ਐਂਡ ਟਾਕ' ਵਿਚ ਹਾਜ਼ਰ ਸੀ। ਸੋਨੀਆ ਗਾਂਧੀ, ਅਡਵਾਨੀ, ਪ੍ਰਣਬ ਮੁਖਰਜੀ ਤੇ ਹੋਰ ਤਕਰੀਬਨ ਸਾਰੇ ਮਸ਼ਹੂਰ ਨੇਤਾ ਇਸ ਸ਼ੋਅ 'ਚ ਸ਼ਿਰਕਤ ਕਰ ਚੁੱਕੇ ਹਨ। ਆਪਣੀ ਇਸ ਗੱਲਬਾਤ 'ਚ ਮਨਪ੍ਰੀਤ ਬਾਦਲ ਨੇ ਇਕ ਵਿਦਰੋਹੀ ਨੌਜਵਾਨ ਸਿਆਸੀ ਨੇਤਾ ਹੋਣ ਨਾਲੋਂ ਇਕ ਸੰਵੇਦਨਸ਼ੀਲ ਪੰਜਾਬ ਹਿਤੈਸ਼ੀ ਤੇ ਪ੍ਰੌੜ ਸੋਚਵਾਨ ਹੋਣ ਦਾ ਜ਼ਿਆਦਾ ਮੁਜ਼ਾਹਰਾ ਕੀਤਾ। ਉਸ ਨੇ ਦੱਸਿਆ ਕਿ ਪੰਜਾਬ ਸਿਰ ਹੁਣ 70,000 ਕਰੋੜ ਰੁਪਏ ਦਾ ਕਰਜ਼ਾ ਹੈ ਜੋ ਪੰਜਾਬ ਦੀ ਆਰਥਿਕਤਾ ਨੂੰ ਘੁਣ ਵਾਂਗ ਖਾਈ ਜਾ ਰਿਹਾ ਹੈ। ਪੰਜਾਬ ਨੂੰ ਬਚਾਉਣ ਲਈ ਇਸ ਕਰਜ਼ੇ ਤੋਂ ਨਿਜਾਤ ਪਾਉਣਾ ਜ਼ਰੂਰੀ ਹੈ ਜਿਸ ਲਈ ਪੰਜਾਬ ਸਰਕਾਰ ਨੂੰ ਫਾਲਤੂ ਤੇ ਲੋਕਾਂ ਨੂੰ ਆਪਣੇ ਵੱਲ ਖਿਚਣ ਲਈ ਕੀਤੇ ਜਾ ਰਹੇ ਖਰਚੇ ਬੰਦ ਕਰਨੇ ਚਾਹੀਦੇ ਹਨ ਤੇ ਨਵੇਂ ਆਮਦਨ ਦੇ ਸਾਧਨ ਜੁਟਾਉਣੇ ਚਾਹੀਦੇ ਹਨ। ਉਸਨੇ ਅੱਗੇ ਦੱਸਿਆ ਕਿ ਸਿਰਫ ਵੋਟ ਦੀ ਰਾਜਨੀਤੀ ਕਾਰਨ ਜ਼ਰੂਰੀ ਥਾਂਵਾਂ 'ਤੇ ਖਰਚ ਕਰਨ ਲਈ ਪੈਸਾ ਬਚਦਾ ਹੀ ਨਹੀਂ। ਉਦਾਹਰਣ ਦਿੰਦਿਆਂ ਉਸ ਦੱਸਿਆ ਕਿ ਸਿਰਫ ਸਬਸਿਡੀਆਂ ਤੇ ਪੰਜਾਬ ਸਰਕਾਰ 5000 ਕਰੋੜ ਸਾਲਾਨਾ ਖਰਚ ਕਰ ਰਹੀ ਹੈ ਜਦੋਂਕਿ ਸਾਡੇ ਕੋਲ 32000 ਸਕੂਲ ਅਧਿਆਪਕਾਂ ਦੀ ਘਾਟ ਹੈ ਤੇ ਸਿਰਫ 306 ਕਰੋੜ ਨਾਲ ਸਾਰੀਆਂ ਅਸਾਮੀਆਂ ਪੂਰ ਹੋ ਸਕਦੀਆਂ ਹਨ। ਉਸ ਨੇ ਇਸ ਸਬੰਧ 'ਚ ਪੰਜਾਬੀ ਸਭਿਆਚਾਰ ਦੇ ਹਵਾਲੇ ਨਾਲ ਕਿਹਾ ਕਿ ਕਰਜ਼ਈ ਹੋਣਾ ਇਕ ਨਮੋਸ਼ੀ ਵਾਲੀ ਗੱਲ ਹੈ। ਦੇਣਦਾਰ, ਲੈਣੇਦਾਰ ਦੀਆਂ ਅੱਖਾਂ 'ਚ ਪਾ ਕੇ ਨਹੀਂ ਦੇਖ ਸਕਦਾ। ਕਰਜ਼ਾ ਮੁਕਾਉਣ ਦੇ ਇਸ ਮਾਮਲੇ ਨਾਲ ਪੰਜਾਬ ਦਾ ਮਾਣ ਸਤਿਕਾਰ ਵੀ ਜੁੜਿਆ ਹੋਇਆ ਹੈ ਤਾਂ ਕਿ ਅਸੀਂ ਸੈਂਟਰ ਨਾਲ ਬਰਾਬਰ ਦੇ ਪੱਧਰ 'ਤੇ ਗੱਲ ਕਰ ਸਕੀਏ ਪਰ ਅੱਜ ਹਾਲਤ ਇਹ ਹੈ ਕਿ ਪ੍ਰਤੀ ਜੀਅ ਦੇ ਹਿਸਾਬ ਨਾਲ ਪੰਜਾਬ ਭਾਰਤ ਦਾ ਸਭ ਤੋਂ ਵੱਧ ਕਰਜ਼ਈ ਸੂਬਾ ਹੈ।

ਸ਼ੇਖਰ ਗੁਪਤਾ ਦੇ ਇਹ ਪੁੱਛਣ 'ਤੇ ਕਿ ਵਿਚਾਰਾਂ ਦਾ ਇਹ ਟਕਰਾਅ ਕਦੋਂ ਤੇ ਕਿਵੇਂ ਸ਼ੁਰੂ ਹੋਇਆ ਤੇ ਅੱਜ ਵਾਲੀ ਹਾਲਤ 'ਚ ਕਿਵੇਂ ਪੁੱਜਾ? ਤਾਂ ਮਨਪ੍ਰੀਤ ਦਾ ਸਿੱਧਾ ਜਿਹਾ ਜਵਾਬ ਸੀ ਕਿ ਜਦੋਂ ਉਹ ਵਿਰੋਧੀ ਬੈਂਚਾਂ ਤੇ ਸੀ, ਉਸ ਨੇ ਉਦੋਂ ਵੀ ਇਸ ਕਰਜ਼ੇ ਦਾ ਮੁੱਦਾ ਬੜੇ ਜੋਰ ਨਾਲ ਉਠਾਇਆ ਸੀ। ਇਸ ਹਵਾਲੇ ਨਾਲ ਉਸਨੇ 'ਪੋਲਟੀਕਲ ਇਕਨਾਮਿਕ ਵੀਕਲੀ' ਵਰਗੇ ਕੌਮੀ ਪੱਧਰ ਦੇ ਮੈਗਜ਼ੀਨ 'ਚ ਲੇਖ ਵੀ ਲਿਖੇ। ਖਜ਼ਾਨਾ ਮੰਤਰੀ ਬਣਨ ਤੋਂ ਹੀ ਉਹ ਇਸ ਸਬੰਧ 'ਚ ਆਪਣੀ ਸਰਕਾਰ ਨੂੰ ਕੁਝ ਕਰਨ ਲਈ ਕਹਿ ਰਿਹਾ ਸੀ। ਉਸ ਕਿਹਾ ਕਿ ਇਹ ਤਾਂ ਪੰਜਵੀਂ ਜਮਾਤ ਦੇ ਬੱਚੇ ਨੂੰ ਵੀ ਪਤਾ ਹੈ ਕਿ ਕਰਜ਼ਾ ਉਤਾਰਨ ਲਈ ਖਰਚੇ ਘੱਟ ਕਰਨਾ ਤੇ ਆਮਦਨ ਵਧਾਉਣਾ ਜ਼ਰੂਰੀ ਹੈ ਇਹੋ ਗੱਲ ਉਹ ਕਹਿ ਰਿਹਾ ਹੈ। ਇਸ ਸਬੰਧ 'ਚ ਉਸ ਨੇ ਲਾਲ ਬਹਾਦਰ ਸ਼ਾਸਤਰੀ ਵਲੋਂ ਇਕ ਵੇਲੇ ਦਾ ਖਾਣਾ ਨਾ ਖਾਣ ਵਰਗੇ ਨਾਹਰੇ ਦੀ ਉਦਾਹਰਣ ਵੀ ਦਿੱਤੀ। ਸ਼ੇਖਰ ਦੇ ਇਹ ਪੁੱਛਣ 'ਤੇ ਕਿ ਇਹ ਮੁਅਤਲੀ ਤੇ ਅਸਤੀਫੇ ਵਾਲੀ ਆਖਰੀ ਹਾਲਤ ਕਿਵੇਂ ਪਹੁੰਚੀ? ਮਨਪ੍ਰੀਤ ਨੇ ਦੱਸਿਆ ਕਿ ਮੈਂ ਲਗਾਤਾਰ ਕੇਂਦਰ ਨੂੰ ਕੁਝ ਕਰਜ਼ਾ ਮੁਆਫ ਕਰਨ ਲਈ ਕਹਿ ਰਿਹਾ ਸੀ। ਆਖਰ ਤੇ ਕੇਂਦਰ ਨੇ ਕਿਹਾ ਕਿ ਉਹ ਕੁਝ ਕਰਜ਼ਾ ਮੁਆਫ ਕਰਨ ਲਈ ਤਿਆਰ ਹੈ ਬਸ਼ਰਤੇ ਕਿ ਪੰਜਾਬ ਸਰਕਾਰ ਸਬਸਿਡੀਆਂ ਬੰਦ ਕਰੇ ਤੇ ਹੋਰ ਖਰਚੇ ਘਟਾਵੇ ਤੇ ਨਾਲ ਨਵੇਂ ਆਮਦਨ ਦੇ ਸਾਧਨ ਪੈਦਾ ਕਰਨ ਦੀ ਕੋਸ਼ਿਸ਼ ਕਰੇ। ਉਸ ਨੇ ਜਦੋਂ ਇਸ ਯੋਜਨਾ ਦਾ ਵਿਧਾਨ ਸਭਾ 'ਚ ਐਲਾਨ ਕੀਤਾ ਤੇ ਕਿਹਾ ਕਿ ਇਸ ਹਵਾਲੇ ਨਾਲ ਪੰਜਾਬ ਦੀ ਵਿਰੋਧੀ ਧਿਰ ਨੂੰ ਵੀ ਨਾਲ ਲਿਆ ਜਾਵੇ, ਬੱਸ ਇਸ ਗੱਲ ਨੂੰ ਸਰਕਾਰ ਨੇ ਸਿਆਸੀ ਅਨੁਸ਼ਾਸਨਹੀਣਤਾ ਗਰਦਾਨ ਦਿੱਤਾ ਜਿਸ ਦੇ ਨਤੀਜੇ ਵਜੋਂ ਬਰਤਰਫੀ ਤੇ ਅਸਤੀਫੇ ਤੱਕ ਗੱਲ ਆ ਗਈ ਕਿਉਂਕਿ ਚੋਣਾਂ ਸਿਰ 'ਤੇ ਹਨ ਤੇ ਸਰਕਾਰ ਲੋਕਾਂ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੀ।

ਸ਼ੇਖਰ ਦਾ ਅਗਲਾ ਸਵਾਲ ਸੀ ਕਿ ਸੁਖਬੀਰ ਤੇ ਮਨਪ੍ਰੀਤ ਇੱਕੋ ਖਿਡੌਣਿਆਂ ਨਾਲ ਖੇਡਦੇ ਰਹੇ ਹਨ, ਇੱਕੋ ਜਿਹਾ ਪਾਲਣ-ਪੋਸ਼ਣ ਤੇ ਪੜ੍ਹਾਈ ਹੋਈ ਹੈ, ਫਿਰ ਵਿਚਾਰਾਂ ਦੇ ਇੰਨੇ ਵੱਡੇ ਵਖਰੇਵੇਂ ਕਿਵੇਂ ਪੈਦਾ ਹੋ ਗਏ? ਮਨਪ੍ਰੀਤ ਦਾ ਜਵਾਬ ਸੀ ਕਿ ਉਨ੍ਹਾਂ ਦਾ ਬਚਪਨ ਬੇਸ਼ਕ ਨਾਲ-ਨਾਲ ਬੀਤਿਆ ਅਤੇ ਉਹ ਖੇਡੇ ਵੀ ਇਕੋ ਖਿਡੌਣਿਆਂ ਨਾਲ ਪਰ ਉਨ੍ਹਾਂ ਦੀ ਪੜ੍ਹਾਈ ਬਿਲਕੁਲ ਵੱਖੋ-ਵੱਖ ਥਾਂਵਾਂ 'ਤੇ ਹੋਈ ਜਿਸ ਕਰਕੇ ਉਨ੍ਹਾਂ ਦੇ ਵਿਚਾਰਾਂ 'ਚ ਵਖਰੇਵੇਂ ਹਨ। ਸੁਖਬੀਰ ਨੇ ਸਕੂਲ ਦੀ ਪੜ੍ਹਾਈ ਲਾਉਰਲ ਸਕੂਲ ਤੋਂ ਕੀਤੀ ਤੇ ਉਸ ਨੇ ਦੂਨ ਸਕੂਲ ਤੋਂ। ਸੁਖਬੀਰ ਨੇ ਕਾਲਜ ਦੀ ਪੜ੍ਹਾਈ ਪੰਜਾਬ ਯੂਨੀਵਰਸਿਟੀ ਤੋਂ ਕੀਤੀ ਤੇ ਉਸ ਨੇ ਸੇਂਟ ਸਟੀਫਨ ਕਾਲਜ ਤੋਂ। ਸੁਖਬੀਰ ਨੇ ਐਮ.ਬੀ.ਏ. ਅਮਰੀਕਾ ਤੋਂ ਕੀਤੀ ਤੇ ਉਸ ਨੇ ਕਾਨੂੰਨ ਦੀ ਪੜ੍ਹਾਈ ਇੰਗਲੈਂਡ ਤੋਂ। ਸੋ, ਮਾਹੌਲ 'ਚ ਬੜਾ ਫਰਕ ਸੀ। ਮਨਪ੍ਰੀਤ ਅਨੁਸਾਰ ਉਸਨੇ ਮਾਰਕਸਵਾਦ ਵੀ ਪੜ੍ਹਿਆ ਜਿਸ ਕਰਕੇ ਉਹ ਲੋਕ ਮਸਲਿਆਂ ਪ੍ਰਤੀ ਵੱਧ ਸੰਵੇਦਨਸ਼ੀਲ ਹੈ ਤੇ ਸੁਖਬੀਰ ਪ੍ਰੈਕਟੀਕਲ ਤੇ ਦੁਨੀਆਂਦਾਰੀ ਪੱਖੋਂ ਸਿਆਣਾ ਹੈ। ਇਸ ਸਵਾਲ ਕਿ ਇਸ ਟਕਰਾਅ ਪਿੱਛੇ ਬਾਦਲ ਸਾਹਿਬ ਦੇ ਜਾਨਸ਼ੀਨ ਦੀ ਗੱਦੀ ਦੀ ਪ੍ਰਾਪਤੀ ਦੀ ਹੋੜ ਤਾਂ ਨਹੀਂ ਕੰਮ ਕਰ ਰਹੀ, ਜਿਵੇਂ ਕਿ ਐਨ.ਟੀ. ਰਾਮਾਰਾਓ, ਦੇਵੀ ਲਾਲ ਤੇ ਕਰੁਨਨਿਧੀ ਦੇ ਪਰਿਵਾਰਾਂ 'ਚ ਇਹ ਹੋੜ ਅਸੀਂ ਵੇਖ ਚੁੱਕੇ ਹਾਂ, ਦੇ ਜਵਾਬ ਵਿਚ ਮਨਪ੍ਰੀਤ ਨੇ ਸਾਫ ਕਿਹਾ ਬਾਦਲ ਸਾਹਿਬ ਦਾ ਜਾਨਸ਼ੀਨ ਬਣਨ ਦਾ ਸੁਖਬੀਰ ਦਾ ਹੀ ਪੂਰਾ ਪੂਰਾ ਹੱਕ ਹੈ, ਉਹ ਉਨ੍ਹਾਂ ਦਾ ਪੁੱਤਰ ਹੈ। ਇਸ ਸਵਾਲ ਕਿ ਇਸ ਝਗੜੇ ਦੌਰਾਨ ਕੀ ਵੱਡੇ ਬਾਦਲ ਨੇ ਮਨਪ੍ਰੀਤ ਨੂੰ ਬਿਠਾ ਕੇ ਸਮਝਾਉਣ ਦੀ ਕੋਸ਼ਿਸ਼ ਕੀਤੀ ਤਾਂ ਜਵਾਬ ਸੀ, "ਨਹੀਂ, ਬਾਦਲ ਸਾਹਿਬ ਵੀ ਸੁਖਬੀਰ ਵਾਂਗ ਇਕ ਪ੍ਰੈਕਟੀਕਲ ਨੇਤਾ ਹਨ ਪਰ ਮੈਂ ਉਨ੍ਹਾਂ ਦੀ ਬਹੁਤ ਇੱਜ਼ਤ ਕਰਦਾ ਹਾਂ।"

"ਕੀ ਬਾਦਲ ਸਾਹਿਬ ਉਸ ਨੂੰ ਅਨਾੜੀ ਸਮਝਦੇ ਹਨ ਜਾਂ ਸਾਜ਼ਿਸ਼ੀ?" ਮਨਪ੍ਰੀਤ ਦਾ ਝੱਟ ਜਵਾਬ ਸੀ ਕਿ ਦੋਹਾਂ 'ਚੋਂ ਕੁਝ ਵੀ ਨਹੀਂ, ਬਸ ਉਸ ਦੇ ਵਿਚਾਰਾਂ ਨੂੰ ਪਾਰਟੀ ਲਈ ਨੁਕਸਾਨਦੇਹ ਸਮਝਦੇ ਹਨ। ਸੁਖਬੀਰ ਤੇ ਮਨਪ੍ਰੀਤ ਨੂੰ ਆਪਸ 'ਚ ਮਿਲ ਬੈਠਿਆਂ ਨੂੰ ਕਿੰਨਾ ਕੁ ਸਮਾਂ ਹੋ ਗਿਆ ਹੈ? ਮਨਪ੍ਰੀਤ ਦਾ ਜਵਾਬ ਸੀ ਕਿ ਭਾਵੇਂ ਉਹ ਕੈਬਨਿਟ ਜਾਂ ਵਿਧਾਨ ਸਭਾ 'ਚ ਰਸਮੀ ਮਿਲਦੇ ਰਹਿੰਦੇ ਹਨ ਪਰ ਆਪਸ ਵਿਚ ਨਿੱਜੀ ਤੌਰ 'ਤੇ ਮਿਲਿਆਂ ਨੂੰ ਸਾਢੇ ਤਿੰਨ ਸਾਲ ਹੋ ਗਏ ਹਨ। ਸ਼ੇਖਰ ਗੁਪਤਾ ਵਲੋਂ ਇਹ ਪੁੱਛੇ ਜਾਣ 'ਤੇ ਕਿ ਅੱਗੇ ਕੀ ਇਰਾਦਾ ਹੈ? ਮਨਪ੍ਰੀਤ ਨੇ ਕਿਹਾ ਕਿ ਚੁੱਪ ਕਰਕੇ ਹਨ੍ਹੇਰਾ ਤਾਂ ਨਹੀਂ ਕਬੂਲ ਕਰਾਂਗਾ, ਆਪਣੀ ਗੱਲ ਨੂੰ ਪੰਜਾਬੀਆਂ 'ਚ ਲਿਜਾਵਾਂਗਾ।



*ਸ. ਮਨਪ੍ਰੀਤ ਸਿੰਘ ਬਾਦਲ*

ਕੁਝ ਪ੍ਰੈਕਟੀਕਲ ਕਰਨ ਦੀ ਕੋਸ਼ਿਸ਼ ਕਰਾਂਗਾ।

ਇਸ ਮੁਲਾਕਾਤ 'ਚੋਂ ਮਨਪ੍ਰੀਤ ਦੀ ਸੰਵੇਦਨਸ਼ੀਲ ਸ਼ਖਸੀਅਤ ਦੇ ਨਾਲ-ਨਾਲ ਉਸਦੀ ਸਾਹਿਤਕ ਮੱਸ ਵੀ ਉਘੜ ਕੇ ਸਾਹਮਣੇ ਆਈ। ਮੁਲਾਕਾਤ 'ਚ ਉਸ ਨੇ ਕਿਹਾ ਕਿ ਫੋਕੀਆਂ ਤੇ ਭਰਮਾਊ ਗੱਲਾਂ ਨਾਲ ਪੰਜਾਬੀਆਂ ਦੀ ਤਕਦੀਰ ਨਹੀਂ ਬਦਲਣੀ। ਇਸ ਲਈ ਸਰਕਾਰ ਨੂੰ ਵਧੀਆ ਤੇ ਫਾਇਦੇਮੰਦ ਸਕੀਮਾਂ ਬਣਾਉਣੀਆਂ ਚਾਹੀਦੀਆਂ ਹਨ। ਆਪਣੀ ਇਸ ਗੱਲ ਦੀ ਵਜ਼ਾਹਤ ਕਰਨ ਲਈ ਉਸਨੇ ਅਲਾਮਾ ਇਕਬਾਲ ਦਾ ਇਹ ਸ਼ਿਅਰ ਪੜ੍ਹਿਆ:

'ਹੁਸਨ-ਏ-ਤਦਬੀਰ ਸੇ ਜਾਗ ਉਠਤਾ ਹੈ ਕੌਮੋਂ ਕਾ ਨਸੀਬ, ਕਭੀ ਬਦਲਤੀ ਨਹੀਂ ਤਕਦੀਰ ਅਰਮਾਨੋਂ ਸੇ।'

ਅਖੀਰ 'ਤੇ ਜਦੋਂ ਸ਼ੇਖਰ ਨੇ ਮਨਪ੍ਰੀਤ ਨੂੰ ਪੁੱਛਿਆ ਕਿ ਉਹ ਆਪਣੀ ਹੁਣ ਵਾਲੀ ਪੁਜ਼ੀਸ਼ਨ ਬਾਰੇ ਕਿਵੇਂ ਸੋਚਦੇ ਹਨ ਤਾਂ ਮਨਪ੍ਰੀਤ ਨੇ ਜਰਾ ਭਾਵੁਕ ਹੋ ਕੇ ਕਿਹਾ ਕਿ ਇਸ ਸਬੰਧ 'ਚ ਉਹ ਉਸ ਸ਼ਾਇਰ ਮੁਨੀਰ ਨਿਆਜ਼ੀ ਦੀਆਂ ਚਾਰ ਸਤਰਾਂ ਕਹੇਗਾ ਜੋ ਵੰਡ ਵੇਲੇ ਹੁਸ਼ਿਆਰਪੁਰ ਤੋਂ ਪਾਕਿਸਤਾਨ ਚਲਾ ਗਿਆ ਸੀ:

ਕੁਝ ਤੇ ਰਾਹਵਾਂ ਉਂਜ ਵੀ ਔਖੀਆਂ ਸਨ,<br>
ਕੁਝ ਗਲ 'ਚ ਗਮਾਂ ਦਾ ਤੌਕ ਵੀ ਸੀ।<br>
ਕੁਝ ਸ਼ਹਿਰ ਦੇ ਲੋਕ ਵੀ ਜ਼ਾਲਮ ਸਨ<br>
ਕੁਝ ਸਾਨੂੰ ਮਰਨ ਦਾ ਸ਼ੌਕ ਵੀ ਸੀ।

## ਹੁਸਨ ਏ ਤਦਬੀਰ ਸੇ ਜਾਗ ਉਠਤਾ ਹੈ ਕੌਮ ਕਾ ਨਸੀਬ- ਮਨਪ੍ਰੀਤ

ਆਪਣਿਆਂ ਹੱਥੋਂ ਮਿਲੇ ਜ਼ਖਮ ਮਨਪ੍ਰੀਤ ਸਿੰਘ ਬਾਦਲ ਲਈ ਹਾਲ ਦੀ ਘੜੀ ਨਾਸੂਰ ਬਣੇ ਹੋਏ ਹਨ। ਮੰਤਰੀ ਮੰਡਲ ਤੋਂ ਬਰਖਾਸਤਗੀ ਬਾਅਦ ਬੀਤੀ 14 ਅਕਤੂਬਰ ਨੂੰ ਲੁਧਿਆਣਾ ਵਿਚ ਆਪਣੀ ਪਹਿਲੀ ਜਨਤਕ ਮਿਲਣੀ ਵਿਚ ਮਨਪ੍ਰੀਤ ਦੇ ਸੰਬੋਧਨ 'ਚੋਂ ਆਪਣੇ ਨਾਲ ਹੋਏ ਅਨਿਆਂ ਖਿਲਾਫ ਡਟਣ ਦੀ ਦ੍ਰਿੜਤਾ ਤਾਂ ਸੀ ਪਰ ਵਾਰ-ਵਾਰ ਭਰ ਆਉਂਦੇ ਗੱਚ ਤੋਂ ਸਪੱਸ਼ਟ ਸੀ ਕਿ ਉਹ ਆਪਣੇ ਨਾਲ ਵਿਹਾਰ ਤੋਂ ਘੋਰ ਸਦਮੇ ਵਿਚ ਹੈ। ਲੁਧਿਆਣਾ-ਚੰਡੀਗੜ੍ਹ ਰੋਡ 'ਤੇ ਪੈਂਦੇ ਪਿੰਡ ਸਾਹਬਾਣਾ ਵਿਚ ਇਕ ਵਿਸ਼ੇਸ਼ ਮੁਲਾਕਾਤ ਦੌਰਾਨ ਮਨਪ੍ਰੀਤ ਦਾ ਅੰਦਰ ਫਰੋਲਣ ਦੀ ਕੀਤੀ ਕੋਸ਼ਿਸ਼ ਦੌਰਾਨ ਇਕ ਪੰਜਾਬੀ ਅਖਬਾਰ ਨਾਲ ਹੋਈ ਗੱਲਬਾਤ ਦਾ ਸਾਰ ਅੰਸ਼ 'ਪੰਜਾਬ ਟਾਈਮਜ' ਦੇ ਪਾਠਕਾਂ ਲਈ ਪੇਸ਼ ਹੈ:

**ਕੱਲ੍ਹ ਦੇ ਘਟਨਾਕ੍ਰਮ ਤੋਂ ਬਾਅਦ ਅੱਜ ਪਹਿਲੇ ਆਮ ਜਲਸੇ ਨੂੰ ਸੰਬੋਧਨ ਕਰਨਾ ਕਿਵੇਂ ਲੱਗਾ?**

-ਬਸ ਬੌਹਣੀ ਸਮਝੋ। ਇਥੇ ਆਉਣ ਦਾ ਪ੍ਰੋਗਰਾਮ ਪਹਿਲਾਂ ਤੋਂ ਤੈਅ ਸੀ। ਮੈਂ ਕੈਂਸਲ ਨਹੀਂ ਸੀ ਕਰਨਾ ਚਾਹੁੰਦਾ। ਪਤਾ ਨਹੀਂ ਸੀ ਕਿ ਅਗਲੇ 24 ਘੰਟੇ ਵਿਚ ਵਿੱਤ ਮੰਤਰੀ ਨਹੀਂ ਰਹਾਂਗਾ। ਮੈਂ ਆਪਣੇ ਨਾਲ ਵਾਪਰੇ ਘਟਨਾਕ੍ਰਮ ਤੋਂ ਬਾਅਦ ਪੰਜਾਬ ਦੇ ਲੋਕਾਂ ਦਾ ਸਹਿਯੋਗ ਮੰਗ ਰਿਹਾ ਹਾਂ। ਸ਼ੁਰੂਆਤ ਅੱਜ ਲੁਧਿਆਣਾ ਜ਼ਿਲ੍ਹੇ ਦੇ ਇਸ ਪਿੰਡ ਤੋਂ ਹੋ ਗਈ ਹੈ।

**ਬਰਖਾਸਤਗੀ ਤੋਂ ਤਾਇਆ ਜੀ 'ਤੇ ਕਿੰਨਾ ਕੁ ਗੁੱਸਾ ਹੈ?**

-ਭੋਰਾ ਵੀ ਨਹੀਂ। ਬਾਦਲ ਸਾਹਿਬ ਤੋਂ ਹਮੇਸ਼ਾ ਲਿਆ ਹੀ ਹੈ, ਸਿੱਖਿਆ ਵੀ ਹੈ। ਚਲੋ ਜੋ ਹਾਲਾਤ ਬਣ ਗਏ, ਨਾ ਉਹ ਚਾਹੁੰਦੇ ਸੀ ਤੇ ਨਾ ਮੈਂ ਚਾਹੁੰਦਾ ਸੀ ਕਿ ਇਹ ਸਾਰਾ ਕੁਝ ਵਾਪਰੇ। ਉਨ੍ਹਾਂ ਦੇ ਖੈਰ-ਖੁਆਹ ਹਾਂ। ਅਸੀਂ ਦੁੱਖ-ਸੁੱਖ ਦੇ ਸਾਥੀ ਹਾਂ। ਖਿਆਲਾਤ ਵਿਚ ਪੀੜ੍ਹੀਆਂ ਦਾ ਫਰਕ ਪੈ ਜਾਂਦਾ ਹੈ। ਮੇਰੀ ਅਜੇ ਵੀ ਬਹੁਤ ਸ਼ਰਧਾ ਹੈ ਉਨ੍ਹਾਂ ਪ੍ਰਤੀ। ਚੰਗੇ ਬੰਦੇ ਹਨ, ਨੇਕ ਹਨ।

**ਅਕਾਲੀ ਦਲ ਵਿਚ ਵਰਕਰਾਂ ਦੀ ਸਥਿਤੀ ਕੀ ਹੈ?**

-ਅਕਾਲੀ ਦਲ ਹਿੰਦੋਸਤਾਨ ਦੀ ਦੂਜੀ ਸਭ ਤੋਂ ਪੁਰਾਣੀ ਪਾਰਟੀ ਹੈ। ਜਿਵੇਂ ਇਕ ਬਾਗ ਵਿਚ ਇਕੱਲਾ ਗੁਲਾਬ ਦਾ ਫੁੱਲ ਹੀ ਚੰਗਾ ਨਹੀਂ ਲਗਦਾ, ਇੰਜ ਹੀ ਪਾਰਟੀ ਵਿਚ ਵੀ ਵੱਖੋ-ਵੱਖਰੇ 'ਸ਼ੇਡ ਜਾਂ ਉਪੀਨੀਅਨ' ਹੁੰਦੇ ਹਨ। ਇਸੇ ਨੂੰ 'ਇਨਰ-ਪਾਰਟੀ ਡੈਮੋਕ੍ਰੇਸੀ' ਆਖਦੇ ਹਨ। ਜੇ ਇਹ ਹੀ ਨਹੀਂ ਹੋਵੇਗਾ ਤਾਂ ਪਾਰਟੀ ਕਿਵੇਂ ਵਧੇ ਫੁਲੇਗੀ। ਪਾਰਟੀ ਵਿਚ ਵਰਕਰ ਨੂੰ ਗੱਲਬਾਤ ਦਾ ਮੁੱਦਾ ਨਾ ਚੁੱਕਣ ਦੇਣਾ ਮੰਦਭਾਗਾ ਹੈ। ਹਮੇਸ਼ਾ ਵਰਕਰ ਨੂੰ ਆਪਣੀ ਗੱਲ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ ਅਤੇ ਲੀਡਰਸ਼ਿਪ ਨੂੰ ਇਸ ਨੂੰ ਸੁਣਨ ਦਾ ਮਾਦਾ ਰੱਖਣਾ ਚਾਹੀਦਾ ਹੈ।

**ਫਿਰ ਤੁਹਾਨੂੰ ਪਾਰਟੀ 'ਚੋਂ ਕਿਉਂ ਕੱਢਿਆ ਗਿਆ?**

-ਮੈਨੂੰ ਨਹੀਂ ਪਤਾ। ਨਾ ਮੈਂ ਰਾਜਨੀਤਕ ਜ਼ਾਬਤਾ ਤੋੜਿਆ। ਨਾ ਕਾਂਗਰਸ ਦੀ ਕਿਸੇ ਮੀਟਿੰਗ ਜਾਂ ਰੈਲੀ ਵਿਚ ਗਿਆ, ਨਾ ਪਾਰਟੀ ਦਾ ਵ੍ਹਿਪ ਤੋੜਿਆ, ਨਾ ਸਰਕਾਰ ਡੇਗਣ ਦਾ ਕੋਈ ਯਤਨ ਕੀਤਾ। ਹੁਣ ਜੇ ਇਕ ਮੰਤਰੀ ਆਪਣੇ ਵਿਭਾਗ ਦੀ ਗੱਲ ਕਰਕੇ ਹੀ ਅਨੁਸ਼ਾਸਨਹੀਣਤਾ ਦਾ ਭਾਗੀ ਬਣ ਜਾਂਦਾ ਹੈ ਤਾਂ ਫਿਰ ਕੀ ਹੋ ਸਕਦਾ ਹੈ।

**ਮਨਪ੍ਰੀਤ ਬਾਦਲ ਦੀ ਅਗਲੀ ਸਿਆਸੀ ਸਰਗਰਮੀ ਜਾਂ ਪਾਰਟੀ ਕੀ ਹੋਵੇਗੀ?**

-ਮੇਰਾ ਮੰਨਣਾ ਹੈ ਕਿ ਜੇ 100 ਦਿਨ ਪਲਾਨਿੰਗ ਕਰੀਏ ਤਾਂ ਇਕ ਦਿਨ 'ਚ ਨਿਸ਼ਾਨੇ 'ਤੇ ਪੁੱਜ ਜਾਈਦਾ ਹੈ ਅਤੇ ਜੇ ਇਕ ਦਿਨ ਪਲਾਨਿੰਗ ਕਰੀਏ ਤਾਂ 100 ਦਿਨ ਨਿਸ਼ਾਨੇ 'ਤੇ ਪੁੱਜਣ ਨੂੰ ਲੱਗ ਜਾਂਦੇ ਹਨ। ਅਲਾਮਾ ਇਕਬਾਲ ਦਾ ਸ਼ਿਅਰ ਕਹੇ ਬਿਨਾਂ ਨਹੀਂ ਰਹਿ ਸਕਦਾ :

ਹੁਸਨੇ ਤਦਬੀਰ ਸੇ ਜਾਗ ਉਠਤਾ ਹੈ ਕੌਮ ਕਾ ਨਸੀਬ,<br>
ਕਭੀ ਬਨਤੀ ਨਹੀਂ ਤਕਦੀਰ ਅਰਮਾਨੋਂ ਸੇ।

ਹਾਲਾਂ ਪਾਰਟੀ ਬਾਰੇ ਕਹਿਣਾ 'ਪ੍ਰੀਮੈਚਿਓਰ' ਹੈ, ਘੋੜਾ ਉਦੋਂ ਹੀ ਨੱਪਣਾ ਚਾਹੀਦਾ ਜਦੋਂ ਨਿਸ਼ਾਨਾ ਸਹੀ ਬੈਠ ਜਾਵੇ। ਸਭ ਤੋਂ ਪਹਿਲਾਂ ਆਮ ਰਾਇ ਤੇ ਲਹਿਰ ਜੋ ਬੜੀ ਜ਼ਰੂਰੀ ਹੈ, ਬਣਾਵਾਂਗੇ। ਪਲਾਨਿੰਗ ਪੰਡਤਾਂ ਵਾਲੀ ਜਾਂ ਟੇਵੇ 'ਤੇ ਆਧਾਰਿਤ ਨਹੀਂ ਹੋਵੇਗੀ ਬਲਕਿ ਮਿਹਨਤ ਵਾਲੀ ਹੋਵੇਗੀ।

**ਤੁਹਾਡਾ ਕਾਫਲਾ ਹਾਲਾਂ ਬਹੁਤ ਛੋਟਾ ਹੈ?**

-ਹਾਂ, ਕਾਫਲਾ ਬਹੁਤ ਜ਼ਿਆਦਾ ਛੋਟਾ ਹੈ। ਹੌਲੀ-ਹੌਲੀ ਵੱਡਾ ਹੋਵੇਗਾ। ਮੈਂ ਆਪਣੇ ਨਿੱਜ ਲਈ ਨਹੀਂ, ਸੂਬੇ ਦੇ ਹਿੱਤ ਲਈ ਲੜ ਰਿਹਾ ਹਾਂ। ਮੈਂ ਪੰਜਾਬ ਦੇ ਲੋਕਾਂ ਨੂੰ ਇਹ ਸੁਨੇਹਾ ਦੇਣ ਨਿਕਲਿਆ ਹਾਂ ਕਿ ਪੰਜਾਬ ਪਛੜ ਰਿਹਾ ਹੈ। ਕਰਜ਼ੇ ਵਿਚ ਡੁੱਬ ਰਿਹਾ ਹੈ। ਜੇ ਹੁਣ ਨਾ ਸੰਭਲੇ ਤਾਂ ਕਦੇ ਵੀ ਨਹੀਂ ਸੰਭਲ ਸਕਾਂਗੇ। ਉਂਜ ਵੀ ਸਮਾਜ ਵਿਚ ਗਰੀਬ ਬੰਦੇ ਦੀ ਕੋਈ ਇੱਜ਼ਤ ਨਹੀਂ ਹੁੰਦੀ। ਇਹੀ ਗੱਲ ਸੂਬੇ 'ਤੇ ਵੀ ਢੁਕਦੀ ਹੈ, ਕਰਜ਼ੇ ਵਿਚ ਡੁੱਬੇ ਤੇ ਖਾਲੀ ਖਜ਼ਾਨੇ ਵਾਲੇ ਸੂਬੇ ਦੀ ਅਗਲੀ ਪੀੜ੍ਹੀ ਸਾਨੂੰ ਮਾਫ ਨਹੀਂ ਕਰੇਗੀ। ਸਾਲ 1988 ਦੀਆਂ ਸਿਓਲ (ਕੋਰੀਆ) ਉਲੰਪਿਕ ਵਿਚ ਅਮਰੀਕਾ ਦੀ ਅਥਲੀਟ ਹੱਥੋਂ ਬੈਟਨ ਡਿੱਗ ਪਈ ਸੀ ਤੇ ਉਸ ਦੀ ਹਾਰ ਦਾ ਕਾਰਨ ਬਣੀ ਸੀ। ਮੈਨੂੰ ਡਰ ਹੈ ਕਿ ਕਿਧਰੇ ਪੰਜਾਬ ਹੱਥੋਂ ਵੀ ਬੈਟਨ ਨਾ ਡਿੱਗ ਪਵੇ।

**ਅਕਾਲੀ ਦਲ ਵਿਚੋਂ ਬਾਹਰ ਹੋਣ 'ਤੇ ਕੀ ਬੀਤ ਰਹੀ ਹੈ?**

-ਜਦੋਂ ਬੰਦਾ ਜੰਮਦਾ ਹੈ, ਉਸ ਤੋਂ ਪੁੱਛਿਆ ਨਹੀਂ ਜਾਂਦਾ ਕਿ ਉਸ ਨੇ ਮੁਸਲਮਾਨ ਬਣਨਾ ਹੈ ਜਾਂ ਸਿੱਖ ਜਾਂ ਫਿਰ ਹਿੰਦੂ। ਇਸੇ ਤਰ੍ਹਾਂ ਪਾਰਟੀ ਦੀ ਚੋਣ ਹੁੰਦੀ ਹੈ। ਸ਼੍ਰੋਮਣੀ ਅਕਾਲੀ ਦਲ ਮੇਰੇ ਵਾਸਤੇ ਮੇਰੀ ਆਤਮਾ ਦੀ ਆਵਾਜ਼ ਹੈ। ਮੇਰੀ ਰੂਹ ਤੱਕ ਅਕਾਲੀ ਹੈ। ਇਹ ਕਹਿ ਦੇਣਾ ਕਿ ਕਿਸੇ ਦੇ ਕੱਢਣ ਨਾਲ ਮੈਂ ਅਕਾਲੀ ਦਲ ਤੋਂ ਬਾਹਰ ਹੋ ਗਿਆ ਹਾਂ, ਇਨਸਾਨ ਦਾ ਕਤਲ ਕਰ ਦੇਣ ਦੇ ਤੁੱਲ ਹੈ।

# ਮਨਪ੍ਰੀਤ ਬਾਦਲ ਦੀ ਬਰਤਰਫੀ-ਤਰਕ ਅਤੇ ਦਲੀਲ ਦਾ ਕਤਲ

**ਬੀਰ ਦਵਿੰਦਰ ਸਿੰਘ***

ਪੰਜਾਬ ਦੇ ਖਜ਼ਾਨਾ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ ਦਾ ਵਜ਼ਾਰਤ ਵਿਚੋਂ ਕੱਢੇ ਜਾਣਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਦਾਨਿਸ਼ਮੰਦੀ ਅਤੇ ਦਿਭ-ਦ੍ਰਿਸ਼ਟੀ ਤੇ ਇਕ ਉਦਾਸ ਪਰਛਾਵਾਂ ਹੈ। ਇਸ ਸਾਰੇ ਮੰਜ਼ਰ ਵਿਚ ਤਰਕ ਅਤੇ ਦਲੀਲ ਦੀ ਆਵਾਜ਼ ਨੂੰ ਬੇ-ਰਹਿਮ ਅਤੇ ਵਿਵੇਕਹੀਣ ਬਹੁਸੰਮਤੀ ਵੱਲੋਂ ਕੁੱਚਲ ਦਿੱਤਾ ਗਿਆ ਹੈ। ਜੇ ਪਾਰਲੀਮਾਨੀ ਗਣਤੰਤਰ ਵਿਚ ਵਿਚਾਰਾਂ ਦਾ ਅਦਾਨ-ਪ੍ਰਦਾਨ ਸੰਭਵ ਨਹੀਂ ਤਾਂ ਹੋਰ ਕਿਸ ਕਿਸਮ ਦੀ ਰਾਜਨੀਤਕ ਵਿਵਸਥਾ ਵਿਚ ਸੰਭਵ ਹੋ ਸਕਦਾ ਹੈ? ਜਮਹੂਰੀਅਤ ਦੀ ਰਾਜਨੀਤੀ ਵਿਚ ਵਿਚਾਰਾਂ ਦਾ ਪ੍ਰਵਾਹ ਅਤੇ ਉਸ ਦੀ ਰਵਾਨੀ ਚਲਦੀ ਰਹਿਣੀ ਚਾਹੀਦੀ ਹੈ ਤੇ ਉਸ ਤੇ ਉਸਾਰੂ ਵਿਚਾਰ-ਚਰਚਾ, ਪਾਰਲੀਮਾਨੀ ਜਮਹੂਰੀਅਤ ਦਾ ਨਿੱਗਰ ਸਰੂਪ ਹੈ।

ਪਲੈਟੋ ਨੇ ਇੱਕ ਜਗ੍ਹਾ ਕਿਹਾ ਸੀ, "ਰਾਜਨੀਤੀ ਵਿਚ ਵਿਚਰ ਰਹੇ ਵਧੇਰੇ ਸਜੱਗ ਅਤੇ ਸੂਝਵਾਨ ਲੋਕਾਂ ਲਈ ਇਹ ਕਿਹੋ ਜਿਹੀ ਸਜ਼ਾ ਹੈ ਕਿ ਕਈ ਵਾਰੀ ਉਨ੍ਹਾਂ ਦੀ ਸੋਚ ਅਤੇ ਉਡਾਰੀ ਨੂੰ ਰਾਜਨੀਤਕ ਤੌਰ 'ਤੇ ਬੌਣੇ ਕੱਦ ਦੇ ਅਨਪੜ੍ਹ, ਉਜੱਡ, ਬੋਲੇ ਅਤੇ ਬੇਜ਼ੁਬਾਨ ਬੰਦੇ ਹੀ ਉਨ੍ਹਾਂ ਦੇ ਤਰਕ ਨੂੰ ਗ੍ਰਹਿਣ ਲਾ ਦਿੰਦੇ ਹਨ, ਕਿਉਂਕਿ ਉਹ ਬਹੁਸੰਮਤੀ ਵਿਚ ਹੁੰਦੇ ਹਨ।" ਪਾਰਲੀਮਾਨੀ ਜਮਹੂਰੀਅਤ ਦਾ ਇਹ ਇੱਕ ਨਕਾਰਾਤਮਕ ਸਰੂਪ ਹੈ।

ਇਹ ਗੱਲ ਵੀ ਬੜੀ ਅਚੰਭੇ ਵਾਲੀ ਹੈ ਕਿ ਕਾਂਗਰਸ ਅਤੇ ਕੁੱਝ ਹੋਰ ਸਿਆਸੀ ਪਾਰਟੀਆਂ ਦੇ ਕੁੱਝ ਆਗੂਆਂ ਦੇ ਮਨਪ੍ਰੀਤ ਸਿੰਘ ਬਾਦਲ ਸਬੰਧੀ ਬਿਆਨ ਬੜੇ ਨਿਰਦਈ ਅਤੇ ਈਰਖਾ ਭਰੇ ਹਨ। ਜਦੋਂ ਮਨਪ੍ਰੀਤ ਸਿੰਘ ਬਾਦਲ ਨੇ ਹਾਲੇ ਕਿਸੇ ਪਾਰਟੀ ਵਿਚ ਜਾਣ ਦਾ ਕੋਈ ਸੰਕੇਤ ਹੀ ਨਹੀਂ ਦਿੱਤਾ ਤਾਂ ਫਿਰ ਉਨ੍ਹਾਂ ਪਾਰਟੀਆਂ ਦੇ ਆਗੂਆਂ ਦਾ ਖਾਹਮ-ਖਾਹ ਤਰਲੋਮੱਛੀ ਹੋਣਾ ਅਤੇ ਬੇਲੋੜੇ ਆਪਾ-ਵਿਰੋਧੀ ਬਿਆਨ ਜਾਰੀ ਕਰਨੇ ਉਨ੍ਹਾਂ ਦੀ ਸਿਆਸੀ ਮਾਨਸਿਕਤਾ ਦੀ ਕਮਜ਼ੋਰੀ ਅਤੇ ਉਨ੍ਹਾਂ ਦੇ ਵਿਅਕਤਿਤਵ ਦੇ ਹੌਲੇਪਣ ਦਾ ਪ੍ਰਗਟਾਵਾ ਹੈ। ਕਿਸੇ ਵੀ ਸੂਬੇ ਜਾਂ ਦੇਸ਼ ਦੀ ਸਜੱਗ ਅਤੇ ਨਿਪੁੰਨ ਰਾਜ ਪ੍ਰਬੰਧ ਦੀ ਬੁਨਿਆਦ, ਉਸ ਸਰਕਾਰ ਵੱਲੋਂ ਕੀਤੇ ਜਾ ਰਹੇ ਆਰਥਿਕ ਪ੍ਰਬੰਧ 'ਤੇ ਨਿਰਭਰ ਹੈ, ਜੇ ਸੂਬਾ ਜਾਂ ਦੇਸ਼ ਦੀ ਆਰਥਿਕਤਾ ਲਗਾਤਾਰ ਨਿਘਾਰ ਵੱਲ ਸੰਕੇਤ ਕਰ ਰਹੀ ਹੋਵੇ ਅਤੇ ਇਸ ਦੇ ਬਾਵਜੂਦ ਆਰਥਿਕ ਪ੍ਰਬੰਧਾਂ ਵੱਲ ਕੋਈ ਧਿਆਨ ਨਾ ਦਿੱਤਾ ਜਾਵੇ ਤਾਂ ਅਜਿਹੀ ਵਿਵਸਥਾ ਵਿਚ ਸੂਬੇ ਦਾ ਬਹੁਪੱਖੀ ਵਿਕਾਸ ਖਾਸ ਕਰਕੇ ਸਮਾਜ ਦੇ ਪੱਛੜੇ ਅਤੇ ਕਮਜ਼ੋਰ ਵਰਗਾਂ ਲਈ ਕੋਈ ਸ਼ੁਭ ਸੰਕੇਤ ਨਹੀਂ ਦਿੰਦਾ। ਲਗਾਤਾਰ ਘਾਟੇ ਦੇ ਬਜਟ ਪੇਸ਼ ਕਰਨਾ ਅਤੇ ਸੂਬੇ ਲਈ ਕੋਈ ਹੋਰ ਵਾਧੂ ਵਿੱਤੀ ਸਾਧਨ ਜੁਟਾਉਣ ਦੀ ਵਿਉਂਤਬੰਦੀ ਹੀ ਨਾ ਕਰਨਾ ਕਿਸੇ ਵੀ ਤਰ੍ਹਾਂ ਦੇਸ਼ ਧਰੋਹ ਤੋਂ ਘੱਟ ਨਹੀਂ ਹੈ।

ਸ. ਮਨਪ੍ਰੀਤ ਸਿੰਘ ਬਾਦਲ ਨੇ ਪੰਜਾਬ ਦੀ ਨਿੱਘਰ ਰਹੀ ਆਰਥਿਕ ਵਿਵਸਥਾ ਤੇ ਬਹਿਸ ਛੇੜ ਕੇ ਕੋਈ ਬਹੁਤ ਵੱਡਾ ਪਾਪ ਨਹੀਂ ਕੀਤਾ ਤੇ ਉਸ ਦੇ ਖਿਲਾਫ ਇੰਨੀ ਵੱਡੀ ਅਨੁਸ਼ਾਸਨੀ ਕਾਰਵਾਈ ਉਚਿੱਤ ਨਹੀਂ। ਆਖਰ ਪੰਜਾਬ ਨੂੰ ਇੱਕ ਦਿਨ ਤਾਂ ਕੋਈ ਵਿੱਤੀ ਅਨੁਸ਼ਾਸਨ ਅਪਨਾ ਕੇ ਆਉਣ ਵਾਲੇ ਸਮਿਆਂ ਲਈ ਸਮੁੱਚੇ ਵਿੱਤੀ ਪ੍ਰਬੰਧ ਦੀ ਸਮੀਖਿਆ ਕਰਨੀ ਹੀ ਹੋਵੇਗੀ। ਮਹਿਕਮਿਆਂ ਦੀ ਪੁਨਰ ਵਿਉਂਤਬੰਦੀ ਕਰਨ ਸਮੇਂ ਇਹ ਵੀ ਲਾਜ਼ਿਮ ਹੋਵੇਗਾ ਕਿ ਖਜ਼ਾਨਾ ਮਹਿਕਮੇ ਦੇ ਨਾਲ ਕਰ ਤੇ ਆਬਕਾਰੀ ਵਿਭਾਗ ਵੀ ਜੋੜਿਆ ਜਾਵੇ ਤਾਂ ਕਿ ਆਰਥਕ ਸੁਧਾਰਾਂ ਰਾਹੀਂ ਵਾਧੂ ਵਿੱਤੀ ਵਸੀਲੇ ਜੁਟਾਉਣ ਦਾ ਕੰਮ ਵੀ ਖਜ਼ਾਨਾ ਮੰਤਰੀ ਦੀ ਦੇਖ-ਰੇਖ ਵਿਚ ਹੀ ਹੋਵੇ। ਇਸ ਤੋਂ ਬਿਨਾਂ ਤਾਂ ਖਜ਼ਾਨਾ ਮੰਤਰੀ ਸਿਰਫ ਖਰਚਾ ਮੰਤਰੀ ਹੀ ਬਣ ਕੇ ਰਹਿ ਜਾਂਦਾ ਹੈ ਉਸ ਪਾਸ ਵਿੱਤੀ ਵਿਕਾਸ ਅਤੇ ਵਿਉਂਤਬੰਦੀ ਦਾ ਕੋਈ ਪ੍ਰਬੰਧ ਨਹੀਂ ਹੁੰਦਾ। ਇਸ ਵਿਵਸਥਾ ਨੂੰ ਵੀ ਪੰਜਾਬ ਦੇ ਪ੍ਰਬੰਧਕੀ ਸੁਧਾਰਾਂ ਸਮੇਂ ਪਰਮ ਅਗੇਤ ਅਤੇ ਉਚੇਚ ਨਾਲ ਵਿਚਾਰਨ ਦੀ ਜ਼ਰੂਰਤ ਹੈ।

*ਸਾਬਕਾ ਡਿਪਟੀ ਸਪੀਕਰ, ਪੰਜਾਬ।
ਫੋਨ:91-98140-33362

# ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਨਾਂ ਖੁੱਲ੍ਹੀ ਚਿੱਠੀ

**ਮੇਰੇ ਪਿਆਰੇ ਮਨਪ੍ਰੀਤ ਜੀਓ**

ਮੈਂ ਆਪ ਜੀ ਨੂੰ ਇਹ ਪੱਤਰ ਆਪ ਜੀ ਦੇ ਉਸ ਦੋਸਤ ਦੀ ਹੈਸੀਅਤ ਵਿਚ ਨਹੀਂ ਲਿਖ ਰਿਹਾ ਹਾਂ ਜਿਸ ਨਾਲ ਕਿ ਤੁਸੀਂ ਅੱਧੀ-ਅੱਧੀ ਰਾਤੀਂ ਸ਼ਾਇਰੀ ਦੀਆਂ ਗੱਲਾਂ ਕਰਿਆ ਕਰਦੇ ਸੋ। ਬਲਕਿ ਇਹ ਚਿੱਠੀ ਇੱਕ ਅਜਿਹੀ ਆਤਮਾ ਦੀ ਆਵਾਜ਼ ਹੈ ਜਿਸ ਨੂੰ ਕਿ ਪਿਛਲੇ ਕੁਝ ਦਿਨਾਂ ਦੀਆਂ ਘਟਨਾਵਾਂ ਨੇ ਲਹੂ-ਲੁਹਾਨ ਕਰ ਛੱਡਿਆ ਹੈ। ਇਹ ਮੇਰੀ ਦਰਦਨਾਕ ਬਦਨਸੀਬੀ ਹੈ ਕਿ ਮੈਨੂੰ ਆਪਣੀਆਂ ਇਨ੍ਹਾਂ ਅੱਖਾਂ ਨਾਲ ਅਜਿਹਾ ਅਜੀਬੋ-ਗਰੀਬ ਦ੍ਰਿਸ਼ ਦੇਖਣਾ ਪਿਆ ਹੈ ਜਿਸ ਵਿਚ ਇੱਕ ਪਾਸੇ ਤਾਂ ਅੰਨ੍ਹਾ ਅਤੇ ਅਥਾਹ ਪਿਆਰ ਅਤੇ ਵਿਸ਼ਵਾਸ ਦਾ ਸਮੁੰਦਰ ਛੱਲਾਂ ਮਾਰਦਾ ਹੈ ਅਤੇ ਦੂਜੇ ਪਾਸੇ ਸਿਰਫ਼ ਇੱਕ ਅਜਿਹੀ ਸੰਤ ਆਤਮਾ ਦੀ ਪਿੱਠ ਵਿਚ ਛੁਰੇ ਖੋਭੇ ਗਏ ਜਿਸ ਦੀ ਮੈਂ ਦਿਲੋਂ ਪੂਜਾ ਕਰਦਾ ਹਾਂ।

ਮਨਪ੍ਰੀਤ ਜੀ, ਮੈਂ ਤੁਹਾਡੇ ਅਤੇ ਪ੍ਰਕਾਸ਼ ਸਿੰਘ ਬਾਦਲ ਦੇ ਰਿਸ਼ਤਿਆਂ ਦੀ ਗੱਲ ਕਰ ਰਿਹਾ ਹਾਂ। ਇਹ ਉਹੀ ਪ੍ਰਕਾਸ਼ ਸਿੰਘ ਬਾਦਲ ਹਨ ਜਿਨ੍ਹਾਂ ਨੂੰ ਕਦੇ ਤੁਸੀਂ "ਪੂਜਨੀਕ ਤਾਇਆ ਜੀ" ਕਹਿ ਕੇ ਬੁਲਾਇਆ ਕਰਦੇ ਸੀ ਪਰ ਜਿਨ੍ਹਾਂ ਨੂੰ ਤੁਹਾਡੇ ਵੱਲੋਂ ਮੀਡੀਆ ਰਾਹੀਂ ਹੁਣ ਭੇਜੀ ਗਈ ਚਿੱਠੀ ਵਿਚ ਤੁਸੀਂ ਕੇਵਲ "ਪਿਆਰੇ ਮੁੱਖ ਮੰਤਰੀ" ਕਹਿ ਕੇ ਬੁਲਾਇਆ ਹੈ। ਵਿਚਾਰੇ ਬਾਦਲ ਸਾਹਿਬ ਤੁਹਾਡੀਆਂ ਅੱਖਾਂ ਵਿਚ ਹੁਣ "ਸਤਿਕਾਰਯੋਗ ਮੁੱਖ ਮੰਤਰੀ" ਵੀ ਨਹੀਂ ਰਹੇ।

ਮੇਰੇ ਦਿਲ ਅੰਦਰ ਉਠ ਰਹੀ ਚੀਸ ਦੇ ਬਾਵਜੂਦ ਮੈਂ ਤੁਹਾਡੇ ਵੱਲੋਂ ਇੱਕ ਪ੍ਰੈਸ ਕਾਨਫਰੰਸ ਵਿਚ ਆਪਣੀ ਮਾਸੂਮੀਅਤ ਬਾਰੇ ਅਲਾਪੇ ਗਏ ਦੁੱਖ ਭਰੇ ਗੀਤਾਂ ਦੀ ਸੁਰ ਦਾ ਅਨੰਦ ਵੀ ਮਾਣਿਆ ਹੈ। ਇਨ੍ਹਾਂ ਗੀਤਾਂ ਵਿਚ ਤੁਸੀਂ "ਮੇਰਾ ਮੂੰਹ ਬੰਦ ਕਰ ਦਿੱਤਾ ਗਿਆ ਸੀ" ਜਿਹੇ ਸ਼ਬਦ ਜੋੜੇ ਹਨ।

ਕੀ ਸੱਚਮੁੱਚ ਤੁਹਾਡਾ ਮੂੰਹ ਬੰਦ ਕਰ ਦਿੱਤਾ ਗਿਆ ਸੀ? ਪਰ ਪੰਜਾਬ ਦੇ ਲੋਕਾਂ ਨੇ ਤਾਂ ਪਿਛਲੇ ਸਾਢੇ ਤਿੰਨ ਸਾਲ ਦੌਰਾਨ ਤੁਹਾਡੇ ਮੂੰਹੋਂ ਆਪਣੀ ਹੀ ਸਰਕਾਰ ਨੂੰ ਬਰਬਾਦ ਕਰ ਦੇਣ ਵਾਲੀ ਕੜਕਦੀ ਅਸਮਾਨੀ ਬਿਜਲੀ ਦੀ ਆਵਾਜ਼ ਸੁਣੀ ਹੈ। ਇਸ ਸਰਕਾਰ ਨੂੰ ਜੋ ਕਿ ਤੁਹਾਡੇ "ਪੂਜਨੀਕ ਤਾਇਆ ਜੀ" ਦੀ ਸਰਕਾਰ ਕਹਿਲਾਂਦੀ ਹੈ, ਨੂੰ ਤੁਸੀਂ ਜਨਤਕ ਚੁਰਾਹਿਆਂ ਵਿਚ ਹਰ ਰੋਜ਼ ਲੀਰੋ-ਲੀਰ ਕੀਤਾ ਹੈ। ਆਪਣੇ "ਪੂਜਨੀਕ ਤਾਇਆ ਜੀ" ਦੀਆਂ ਨੀਤੀਆਂ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਨੂੰ ਭੰਡਣ ਵਿਚ ਤੁਸੀਂ ਕੋਈ ਕਸਰ ਬਾਕੀ ਨਹੀਂ ਛੱਡੀ।

ਉਤੋਂ ਸਿਤਮ ਜ਼ਰੀਫ਼ੀ ਇਹ ਹੈ ਕਿ ਤੁਸੀਂ ਤਾਂ ਆਖਦੇ ਹੋ ਕਿ ਤੁਹਾਡੇ ਮੂੰਹ ਨੂੰ ਨਕੇਲ ਪਾ ਕੇ ਰੱਖੀ ਗਈ ਜਦਕਿ ਇਸ ਦੇ ਉਲਟ ਸੱਚਾਈ ਇਹ ਹੈ ਕਿ ਸਮੁੱਚੇ ਸ਼੍ਰੋਮਣੀ ਅਕਾਲੀ ਦਲ ਦਾ ਮੂੰਹ ਪੂਰੀ ਤਰ੍ਹਾਂ ਬੰਦ ਰੱਖਿਆ ਗਿਆ ਅਤੇ ਕਿਸੇ ਨੂੰ ਵੀ ਤੁਹਾਡੇ ਵਿਰੁੱਧ ਇੱਕ ਲਫ਼ਜ਼ ਤੱਕ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਵਿਸ਼ੇਸ਼ ਤੌਰ 'ਤੇ ਪਾਰਟੀ ਦੇ ਪ੍ਰਧਾਨ ਸੁਖਬੀਰ ਹੋਰਾਂ ਨੂੰ ਤਾਂ ਤੁਹਾਡੇ ਵਿਰੁੱਧ ਚੂੰ ਤੱਕ ਕਰਨ ਦੀ ਹਿੰਮਤ ਨਹੀਂ ਹੋਈ ਹਾਲਾਂਕਿ ਤੁਸੀਂ ਪਾਰਟੀ ਅਤੇ ਸਰਕਾਰ ਦੀਆਂ ਨੀਤੀਆਂ ਦਾ ਖੁੱਲ੍ਹੇਆਮ ਵਿਰੋਧ ਕਰਦੇ ਰਹੇ।

ਬੇਚਾਰਾ ਸੁਖਬੀਰ? ਮੇਰੇ ਖਿਆਲ ਵਿਚ ਇਸ ਦੁਨੀਆਂ ਵਿਚ ਕਿਸੇ ਵੀ ਪਾਰਟੀ ਦਾ ਉਹ ਇਕੱਲਾ ਅਜਿਹਾ ਪ੍ਰਧਾਨ ਹੋਵੇਗਾ ਜਿਸ ਨੂੰ ਕਿ ਆਪਣੇ ਪਾਰਟੀ ਦੇ ਵਰਕਰਾਂ ਨੂੰ ਇਹ ਦੱਸਣ ਤੱਕ ਦੀ ਵੀ ਇਜਾਜ਼ਤ ਨਹੀਂ ਸੀ ਕਿ ਉਹ ਪਾਰਟੀ ਅਤੇ ਸਰਕਾਰ ਦੀਆਂ ਨੀਤੀਆਂ ਦਾ ਮੀਡੀਆ ਵਿਚ ਵਿਰੋਧ ਨਾ ਕਰਨ। ਜਿਸ ਨੂੰ ਤੁਸੀਂ "ਸੁਖਬੀਰ ਅਕਾਲੀ ਦਲ" ਕਹਿੰਦੇ ਹੋ, ਉਸ ਅਕਾਲੀ ਦਲ ਵਿਚ ਕੇਵਲ ਇਕੋ ਇੱਕ ਮੂੰਹ ਅਜਿਹਾ ਸੀ ਜਿਸ ਨੂੰ ਪੂਰੀ ਤਰ੍ਹਾਂ ਨਕੇਲ ਪਾ ਦਿੱਤੀ ਗਈ ਸੀ ਅਤੇ ਉਹ ਮੂੰਹ ਸੁਖਬੀਰ ਦਾ ਸੀ। ਇਹ ਸਾਰਾ ਕੁਝ ਇਸ ਲਈ ਕੀਤਾ ਗਿਆ ਕਿਉਂ ਕਿ ਜਿਸ ਵਿਅਕਤੀ ਨੂੰ ਤੁਸੀਂ ਹੁਣ ਸਿਰਫ਼ "ਮੇਰੇ ਪਿਆਰੇ ਮੁੱਖ ਮੰਤਰੀ" ਕਹਿ ਕੇ ਮੁਖਾਤਿਬ ਹੋਏ ਹੋ, ਉਹ ਤੁਹਾਨੂੰ ਸੁਖਬੀਰ ਨਾਲੋਂ ਵੱਧ ਪਿਆਰ ਦਿੰਦੇ ਆ ਰਹੇ ਸੀ।

ਜਿਥੋਂ ਤੱਕ ਤੁਹਾਡੇ ਵੱਲੋਂ ਉਠਾਏ ਗਏ ਮੁੱਦਿਆਂ ਦਾ ਸਬੰਧ ਹੈ, ਪਿਆਰੇ ਮਨਪ੍ਰੀਤ ਜੀ, ਕੀ ਇਹ ਸੱਚ ਨਹੀਂ ਹੈ ਕਿ ਬਾਦਲ ਸਾਹਿਬ ਨੇ ਤੁਹਾਨੂੰ ਵਾਰ ਵਾਰ ਜ਼ੋਰ ਦੇ ਕੇ ਕਿਹਾ ਕਿ ਤੁਸੀਂ ਸਬਸਿਡੀਆਂ ਅਤੇ ਹੋਰ ਮੁੱਦਿਆਂ ਉਤੇ ਆਪਣੇ ਵਿਚਾਰ ਕੈਬਨਿਟ ਅਤੇ ਪਾਰਟੀ ਸਾਹਮਣੇ ਖੁੱਲ੍ਹ ਕੇ ਰੱਖੋ। ਕੀ ਇਹ ਵੀ ਸੱਚ ਨਹੀਂ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਸ਼ਿਮਲੇ ਵਿਚ ਹੋਈ ਕਨਵੈਨਸ਼ਨ ਤੋਂ ਪਹਿਲਾਂ ਬਾਦਲ ਸਾਹਿਬ ਨੇ ਤੁਹਾਨੂੰ ਬੇਨਤੀ ਕੀਤੀ ਸੀ ਕਿ "ਬੇਟਾ ਮੀਟਿੰਗ ਵਿਚ ਤੁਸੀਂ ਆਪਣਾ ਕੇਸ ਪੂਰੇ ਜ਼ੋਰ ਨਾਲ ਰੱਖਿਓ। ਬੱਸ, ਮੀਡੀਆ ਤੋਂ ਬਚਿਓ"? ਕੀ ਇਹ ਵੀ ਸੱਚ ਨਹੀਂ ਹੈ ਕਿ ਉਸ ਤੋਂ ਤੁਰੰਤ ਬਾਅਦ ਉਹਨਾਂ ਨੇ ਮੈਨੂੰ ਆਪਣੇ ਕਮਰੇ ਵਿਚ ਬੁਲਾ ਕੇ ਆਦੇਸ਼ ਦਿੱਤੇ ਸਨ ਕਿ "ਬੈਂਸ ਸਾਹਿਬ, ਦੇਖੋ ਇਹ ਤੁਹਾਡੀ ਡਿਊਟੀ ਹੈ ਕਿ ਜੋ ਪਾਰਟੀ ਦੇ ਫੈਸਲੇ ਹੋਣ, ਸਿਰਫ਼ ਉਹ ਹੀ ਅਖ਼ਬਾਰਾਂ ਵਿਚ ਛਪਣ। ਹੋਰ ਕੰਟਰੋਵਰਸੀਆਂ ਜਿਹੀਆਂ ਨਾ ਛੇੜ ਦਿਓ"?

ਪਰ ਇੱਕ ਨਿਹੱਥਾ ਮੀਡੀਆ ਸਲਾਹਕਾਰ ਉਦੋਂ ਕੀ ਕਰ ਸਕਦਾ ਹੈ ਜਦੋਂ ਕੁਝ ਲੋਕ "ਕੰਟਰੋਵਰਸੀਆਂ ਜਿਹੀਆਂ" ਛੇੜਨ ਵਿਚ ਹੀ ਆਨੰਦ ਮਹਿਸੂਸ ਕਰਦੇ ਹੋਣ?

ਮੈਂ ਤੁਹਾਨੂੰ ਮੁਬਾਰਕ ਦੇਣੀ ਚਾਹੁੰਦਾ ਹਾਂ ਕਿ ਆਪਣੀ ਪ੍ਰੈਸ ਕਾਨਫਰੰਸ ਦੌਰਾਨ ਜਦੋਂ ਤੁਸੀਂ ਆਪਣੇ ਵਿਰੁੱਧ ਪਾਬੰਦੀਆਂ ਦੀ ਗੱਲ ਕੀਤੀ ਤਾਂ ਤੁਹਾਡੇ ਚਿਹਰੇ ਦੇ ਪ੍ਰਭਾਵ ਕਿਸੇ ਮਹਾਨ ਕਲਾਕਾਰ ਦੇ ਅਭਿਨੈ ਤੋਂ ਘੱਟ ਨਹੀਂ ਸਨ। ਤੁਸੀਂ ਆਖ ਰਹੇ ਸੋ ਕਿ ਕੈਬਨਿਟ ਵਿਚ ਤੁਹਾਨੂੰ ਆਪਣੀ ਗੱਲ ਕਹਿਣ ਦਾ ਮੌਕਾ ਤੱਕ ਨਹੀਂ ਦਿੱਤਾ ਜਾਂਦਾ। ਪਿਆਰੇ ਮਨਪ੍ਰੀਤ ਜੀ, ਕੀ ਤੁਸੀਂ ਓਸ ਕੈਬਨਿਟ ਦੀ ਹੀ ਗੱਲ ਕਰ ਰਹੇ ਹੋ, ਜਿਸ ਵਿਚ ਤੁਹਾਡੇ ਕਹੇ ਅਨੁਸਾਰ ਹੀ ਤੁਸੀਂ ਵਾਰ ਵਾਰ ਸਬਸਿਡੀਆਂ ਦਾ ਵਿਰੋਧ ਕੀਤਾ ਅਤੇ ਜਿਸ ਕੈਬਨਿਟ ਸਾਹਮਣੇ ਤੁਸੀਂ ਕੰਪਿਊਟਰ ਰਾਹੀਂ ਅੰਕੜੇ ਪੇਸ਼ ਕੀਤੇ? ਫ਼ਿਰ ਵਿਚਾਰੀ ਕੈਬਨਿਟ ਇਸ ਤੋਂ ਇਲਾਵਾ ਤੁਹਾਨੂੰ ਆਪਣੀ ਗੱਲ ਕਹਿਣ ਦੀ ਇਜਾਜ਼ਤ ਹੋਰ ਕਿਸ ਤਰ੍ਹਾਂ ਦਿੰਦੀ? ਕਿਤੇ ਤੁਸੀਂ ਇਹ ਤਾਂ ਨਹੀਂ ਆਖ ਰਹੇ ਕਿ, "ਮੇਰੀ ਗੱਲ ਸੁਣੀ ਜਾਵੇ" ਦਾ ਅਰਥ "ਮੇਰੀ ਗੱਲ ਮੰਨੀ ਜਾਏ"? ਕੀ ਵਿਚਾਰੀ ਕੈਬਨਿਟ ਨੂੰ ਤੁਹਾਡੇ ਵਿਚਾਰਾਂ ਨਾਲ ਅਸਹਿਮਤ ਹੋਣ ਦਾ ਹੱਕ ਵੀ ਨਹੀਂ ਹੈ?

ਤੁਸੀਂ ਪੁੱਛਦੇ ਹੋ ਕਿ ਮੈਨੂੰ ਸਵਾਲ ਕਰਨ ਵਾਲੇ ਕੋਰ ਕਮੇਟੀ ਦੇ ਮੈਂਬਰ ਕੌਣ ਹੁੰਦੇ ਹਨ? ਹਾਂ, ਇਹ ਤਾਂ ਠੀਕ ਹੈ ਕਿ ਉਹ ਪੰਜਾਬ ਦੇ ਮਹਾਂਨਾਇਕ ਪ੍ਰਕਾਸ਼ ਸਿੰਘ ਬਾਦਲ ਦੇ ਭਤੀਜੇ ਤਾਂ ਨਹੀਂ ਹਨ ਪਰ ਇਹ ਉਹ ਵਿਅਕਤੀ ਹਨ ਜਿਨ੍ਹਾਂ ਨੇ ਬਾਦਲ ਸਾਹਿਬ ਅਤੇ ਪੰਜਾਬ ਲਈ ਵੱਡੀ ਤੋਂ ਵੱਡੀ ਕੁਰਬਾਨੀ ਦਿੱਤੀ। ਐਮਰਜੰਸੀ, ਅਪਰੇਸ਼ਨ ਬਲਿਊ ਸਟਾਰ, ਖਾੜਕੂਵਾਦ ਦਾ ਭੇਦ ਦਹਾਕਾ ਅਤੇ ਭੂਤਰੇ ਹੋਏ ਬਾਦਸ਼ਾਹ ਵਾਂਗ ਵਿਚਰ ਰਹੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਤੁਹਾਡੇ ਪਿਆਰੇ ਮੁੱਖ ਮੰਤਰੀ ਨੂੰ ਤਬਾਹ ਕਰ ਦੇਣ ਲਈ ਕੀਤੇ ਗਏ ਹਮਲਿਆਂ ਦੌਰਾਨ ਕੋਰ ਕਮੇਟੀ ਦੇ ਇਹ ਮੈਂਬਰ, ਜਿਨ੍ਹਾਂ ਬਾਰੇ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਇਹ ਕੌਣ ਹੁੰਦੇ ਹਨ, ਇਹ ਮੈਂਬਰ ਸ. ਬਾਦਲ ਦੇ ਮੋਢੇ ਨਾਲ ਮੋਢਾ ਜੋੜ ਕੇ ਖੜੇ ਰਹੇ। ਇਹ ਉਹੀ ਲੋਕ ਹਨ ਜਿਨ੍ਹਾਂ ਨੇ ਸਰਕਾਰਾਂ ਵਿਚ ਵੱਡੇ ਤੋਂ ਵੱਡੇ ਅਹੁਦੇ ਠੁਕਰਾ ਕੇ ਸ. ਬਾਦਲ ਦਾ ਸਾਥ ਦਿੱਤਾ ਹੈ ਅਤੇ ਉਨ੍ਹਾਂ ਨਾਲ ਲੰਬੀਆਂ ਜੇਲ੍ਹਾਂ ਕੱਟੀਆਂ ਹਨ। ਇਹ ਉਹ ਲੋਕ ਹਨ, ਜਿਨ੍ਹਾਂ ਦੀ ਸ਼ਾਨ ਦੇ ਖਿਲਾਫ਼ ਇੱਕ ਲਫ਼ਜ਼ ਵੀ ਸੁਣਨ ਦੀ ਥਾਂ ਸ. ਬਾਦਲ ਆਪਣੀ ਸੱਜੀ ਬਾਂਹ ਤੱਕ ਕਟਵਾ ਸਕਦੇ ਹਨ ਤੇ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਇਹ ਲੋਕ ਕੌਣ ਹੁੰਦੇ ਹਨ? ਅਤੇ ਇਹਨਾਂ ਨੇ ਆਪਣੇ ਮਹਿਬੂਬ ਨੇਤਾ ਤੋਂ ਐਨੀ ਹਲੀਮੀ ਅਤੇ ਤਹਿਜ਼ੀਬ ਗ੍ਰਹਿਣ ਕੀਤੀ ਹੈ ਕਿ ਇਨ੍ਹਾਂ ਨੇ ਤੁਹਾਨੂੰ ਇਹ ਮੋੜਵਾਂ ਸਵਾਲ ਨਹੀਂ ਕੀਤਾ ਕਿ ਤੁਸੀਂ ਸ. ਬਾਦਲ ਦੇ ਭਤੀਜੇ ਹੋਣ ਤੋਂ ਇਲਾਵਾ ਹੋਰ ਕੀ ਹੁੰਦੇ ਹੋ?

ਇਹ ਲੋਕ ਆਪਣੇ ਨੇਤਾ ਦੀ ਦਿਲੋਂ ਇੱਜ਼ਤ ਕਰਦੇ ਹਨ, ਅਤੇ ਇਹ ਇੱਜ਼ਤ ਸਿਰਫ ਦਮੂੰਹੀ ਨੀਤੀ ਨਹੀਂ ਹੈ ਜਿਸ ਵਿਚ ਉਹ ਇੱਕ ਪਾਸੇ ਤਾਂ ਸ. ਬਾਦਲ ਦੀਆਂ ਤਾਰੀਫ਼ਾਂ ਦੇ ਪੁੱਲ ਬੰਨ੍ਹੀ ਜਾਂਦੇ ਹੋਣ ਅਤੇ ਦੂਜੇ ਪਾਸੇ ਉਨ੍ਹਾਂ ਦੀ ਲੀਡਰਸ਼ਿਪ ਅਤੇ ਉਨ੍ਹਾਂ ਦੀ ਪ੍ਰਸ਼ਾਸਨਿਕ ਕੁਸ਼ਲਤਾ ਦੀ ਖੁੱਲ੍ਹੇਆਮ ਭੰਡੀ ਕਰਦੇ ਹੋਣ, ਜਿਵੇਂ ਕਿ ਕੁਝ ਹੋਰ ਲੋਕ ਕਰਦੇ ਆ ਰਹੇ ਹਨ।

ਤੁਸੀਂ ਕਹਿੰਦੇ ਹੋ ਕਿ ਪਾਰਟੀ ਦੀ ਅਨੁਸ਼ਾਸ਼ਨ ਕਮੇਟੀ ਨੂੰ ਇਹ ਹੱਕ ਨਹੀਂ ਹੈ ਕਿ ਉਹ ਤੁਹਾਨੂੰ ਬੁਲਾ ਕੇ ਕੁਝ ਪੁੱਛ ਸਕੇ ਕਿਉਂ ਕਿ ਤੁਸੀਂ ਇੱਕ ਵਜ਼ੀਰ ਹੋ (ਸਉ)। ਅੱਛਾ ਜੀ? ਕੀ ਅਨੁਸਾਸ਼ਨਹੀਨਤਾ ਲਈ ਇਨ੍ਹਾਂ ਵਿਰੁੱਧ ਕਾਰਵਾਈ ਕੀਤੇ ਜਾਣ ਵਿਰੁੱਧ ਵਜ਼ੀਰਾਂ ਕੋਲ ਕੋਈ ਸੰਵਿਧਾਨਕ ਜਾਂ ਰੱਬੀ ਢਾਲ ਹੈ?



ਮਨਪ੍ਰੀਤ ਜੀ, ਅਨੁਸ਼ਾਸਨ ਕਮੇਟੀ ਨੂੰ ਇਹ ਅਧਿਕਾਰ ਨਹੀਂ ਕਿ ਤੁਹਾਨੂੰ ਕੋਈ ਸਵਾਲ ਕਰ ਸਕੇ। ਕੋਰ ਕਮੇਟੀ ਕੋਲ ਵੀ ਇਹ ਅਧਿਕਾਰ ਨਹੀਂ ਕਿ ਤੁਹਾਨੂੰ ਕੁਝ ਪੁੱਛ ਸਕੇ। ਪਾਰਟੀ ਦੇ ਪ੍ਰਧਾਨ ਕੋਲ ਵੀ ਅਜਿਹਾ ਕੋਈ ਅਧਿਕਾਰ ਨਹੀਂ ਕਿ ਤੁਹਾਨੂੰ ਕੋਈ ਸਵਾਲ ਕਰ ਸਕੇ। ਮੁੱਖ ਮੰਤਰੀ ਕੋਲ ਵੀ ਕੋਈ ਅਜਿਹਾ ਅਧਿਕਾਰ ਨਹੀਂ ਕਿ ਉਹ ਤੁਹਾਨੂੰ ਇਹ ਕਹਿ ਸਕੇ ਕਿ ਤੁਸੀਂ ਸਰਕਾਰ ਦੀ ਨਿੰਦਾ ਨਾ ਕਰੋ। ਫ਼ਿਰ ਤਾਂ ਮਨਪ੍ਰੀਤ ਜੀ ਕੇਵਲ ਰੱਬ ਹੀ ਬਚਦਾ ਹੈ ਜਿਸ ਕੋਲ ਸ਼ਾਇਦ ਤੁਹਾਨੂੰ ਕੁਝ ਪੁੱਛਣ ਦਾ ਥੋੜ੍ਹਾ ਬਹੁਤਾ ਅਧਿਕਾਰ ਹੋਵੇ। ਪਰ ਇਸ ਬਾਰੇ ਵੀ ਮੈਨੂੰ ਸ਼ੱਕ ਹੈ, ਕਿਉਂਕਿ ਸ੍ਰੀ ਅਕਾਲ ਤਖਤ ਸਾਹਿਬ ਸਾਹਮਣੇ ਖਲ੍ਹੋ ਕੇ ਜੋ ਪ੍ਰਣ ਤੁਸੀਂ ਕੀਤੇ ਸਨ, ਉਨ੍ਹਾਂ ਦਾ ਵੀ ਕੀ ਹਸ਼ਰ ਹੋਇਆ, ਇਹ ਸਭ ਜਾਣਦੇ ਹਨ। ਇਹ ਪ੍ਰਣ ਤੁਸੀਂ ਅਮਿਤਾਭ ਬਚਨ ਵਰਗੀ ਮਹਾਂ ਅਭਿਨੈ ਕਲਾ ਦਾ ਮੁਜ਼ਾਹਰਾ ਕਰਕੇ ਲਏ ਸਨ। ਅਮਿਤਾਭ ਬਚਨ ਦੀ ਖੁਸ਼ਕਿਸਮਤੀ ਹੈ ਕਿ ਤੁਸੀਂ ਫ਼ਿਲਮ ਇੰਡਸਟਰੀ ਦੀ ਦੌਲਤ ਵਿਚ ਸ਼ਾਮਿਲ ਨਹੀਂ ਹੋ।

ਤੁਸੀਂ ਕਹਿੰਦੇ ਹੋ ਕਿ ਪੰਜਾਬ ਪ੍ਰਤੀ ਮੇਰੀ ਵਫ਼ਾਦਾਰੀ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਵਫ਼ਾਦਾਰੀ ਨਾਲੋਂ ਪਹਿਲਾਂ ਆਉਂਦੀ ਹੈ। ਚਲੋ ਮੈਂ ਮੰਨ ਲੈਂਦਾ ਹਾਂ ਕਿ ਤੁਸੀਂ ਸੱਚ ਬੋਲ ਰਹੇ ਹੋ। ਪਰ ਮੈਂ ਤਾਂ ਇਹ ਗੱਲ ਮੰਨਣ ਵਿਚ ਕੋਈ ਸ਼ਰਮ ਮਹਿਸੂਸ ਨਹੀਂ ਕਰਦਾ ਕਿ ਬਾਦਲ ਪ੍ਰਤੀ ਮੇਰੀ ਵਫ਼ਾਦਾਰੀ ਪੰਜਾਬ ਪ੍ਰਤੀ ਵਫ਼ਾਦਾਰੀ ਨਾਲੋਂ ਉਪਰ ਹੈ। ਇਹ ਅਜਿਹਾ ਇਸ ਲਈ ਹੈ ਕਿਉਂਕਿ ਬਾਦਲ ਦੀ ਪੰਜਾਬ ਪ੍ਰਤੀ ਵਫ਼ਾਦਾਰੀ ਉਤੇ 16 ਸਾਲ ਦੀ ਜੇਲ੍ਹ ਦੀ ਛਾਪ ਲੱਗੀ ਹੋਈ ਹੈ। ਸ. ਬਾਦਲ ਦੇ ਹੁੰਦੇ ਪੰਜਾਬ ਤੁਹਾਡੇ ਤੋਂ ਜਾਂ ਮੇਰੇ ਤੋਂ ਵਫ਼ਾਦਾਰੀ ਦਾ ਇਮਤਿਹਾਨ ਲੈਣਾ ਜ਼ਰੂਰੀ ਨਹੀਂ ਸਮਝਦਾ। ਬਾਦਲ ਦੇ ਹੁੰਦਿਆਂ ਪੰਜਾਬ ਨੂੰ ਆਂਚ ਨਹੀਂ ਆ ਸਕਦੀ ਅਤੇ ਇਸ ਲਈ ਪੰਜਾਬ ਨੂੰ ਇਹ ਪਤਾ ਹੈ ਕਿ ਤੁਹਾਡੇ ਅਤੇ ਮੇਰੇ ਵਰਗੇ ਲੋਕਾਂ ਦੀ ਵਫ਼ਾਦਾਰੀ ਦੀ ਪੰਜਾਬ ਨੂੰ ਕੋਈ ਬਹੁਤੀ ਲੋੜ ਨਹੀਂ ਪੈਣ ਲੱਗੀ।

ਰਹੀ ਗੱਲ ਸਬਸਿਡੀਆਂ ਦੀ। ਤੁਸੀਂ ਅੱਜ ਇਨ੍ਹਾਂ ਦੇ ਵਿਰੋਧ ਵਿਚ ਖੜੇ ਹੋ ਪਰ 2007 ਦੀਆਂ ਚੋਣਾਂ ਤੋਂ ਪਹਿਲਾਂ ਮੈਨੀਫੈਸਟੋ ਤਿਆਰ ਕੀਤੇ ਜਾਣ ਸਮੇਂ ਤੁਹਾਡੇ ਵੱਲੋਂ ਮੈਨੂੰ ਕਹੇ ਇਹ ਸ਼ਬਦ ਜ਼ਰਾ ਯਾਦ ਕਰੋ, "ਬੈਂਸ ਸਾਹਿਬ, ਪ੍ਰਵਾਹ ਨਾ ਕਰਿਓ। ਚੱਕ ਦਿਓ ਫੱਟੇ। ਲੋਕਾਂ ਨੂੰ ਜੋ ਮਰਜ਼ੀ ਵਾਅਦੇ ਕਰ ਦਿਓ। ਇੱਕ ਵਾਰੀ ਬਲਦ ਦੇ ਸਿੰਗਾਂ ਨੂੰ ਹੱਥ ਪੈਣ ਦਿਓ, ਬਾਅਦ ਦੀ ਬਾਅਦ ਵਿਚ ਦੇਖੀ ਜਾਊ।" ਪਰ ਇਸ ਸੂਬੇ ਵਿਚ ਬਾਦਲ ਨਾਮ ਦਾ ਇੱਕ ਅਜਿਹਾ ਵਿਅਕਤੀ ਮੌਜੂਦ ਹੈ ਜਿਸ ਦੀ ਗਰੀਬਾਂ ਨਾਲ ਕੀਤੇ ਗਏ ਵਾਅਦਿਆਂ ਪ੍ਰਤੀ ਤੁਹਾਡੇ ਨਾਲੋਂ ਇੱਕ ਅਲੱਗ ਪਹੁੰਚ ਹੈ। "ਮੈਂ ਅਜਿਹੀ ਸਿਆਸਤ ਦੇ ਸਖ਼ਤ ਵਿਰੁੱਧ ਹਾਂ ਜਿਸ ਵਿਚ ਚੋਣਾਂ ਤੋਂ ਪਹਿਲਾਂ ਲੋਕਾਂ ਨੂੰ ਇੱਕ ਗੱਲ ਕਹੀ ਜਾਵੇ ਅਤੇ ਸੱਤਾ ਵਿਚ ਆਉਣ ਤੋਂ ਬਾਅਦ ਕੁਝ ਹੋਰ ਕਿਹਾ ਜਾਵੇ। ਇਸ ਮੁੱਦੇ ਉਤੇ ਕਾਂਗਰਸ ਅਤੇ ਸਾਡੇ ਵਿਚ ਇਹ ਹੀ ਅੰਤਰ ਹੈ," ਸ. ਬਾਦਲ ਨੂੰ ਮਜਬੂਰ ਹੋ ਕੇ ਪਹਿਲੀ ਅਕਤੂਬਰ 2008 ਨੂੰ ਤੁਹਾਨੂੰ ਜਨਤਕ ਤੌਰ ਉਤੇ ਯਾਦ ਦਿਲਾਉਣਾ ਪਿਆ ਸੀ।

ਮਨਪ੍ਰੀਤ ਜੀ, ਮੇਰੇ ਲਈ ਇਹ ਅਤਿਅੰਤ ਮਾਨਸਿਕ ਪੀੜਾ ਦੇ ਪਲ ਹਨ। ਮੈਨੂੰ ਆਸ ਹੈ ਕਿ ਤੁਸੀਂ ਇਹ ਤਾਂ ਜਾਣਦੇ ਹੀ ਹੋ ਕਿ ਮੇਰਾ ਤੁਹਾਡੇ ਨਾਲ ਕਿੰਨਾ ਪਿਆਰ ਹੈ। ਪਰ ਮੈਂ ਆਪਣੀਆਂ ਅੱਖਾਂ ਸਾਹਮਣੇ ਆਪਣੇ ਦੇਵਤਾ ਸਮਾਨ ਆਗੂ ਨੂੰ ਨਾ-ਕਾਬਲੇ ਬਰਦਾਸ਼ਤ ਤਕਲੀਫ਼ ਵਿਚੋਂ ਗੁਜ਼ਰਦਾ ਵੇਖ ਰਿਹਾ ਹਾਂ। ਉਨ੍ਹਾਂ ਦੀ ਛਾਤੀ ਦੀਆਂ ਪਸਲੀਆਂ ਵਿਚ ਉਠ ਰਹੀ ਪੀੜਾ ਤੋਂ ਇਲਾਵਾ ਉਨ੍ਹਾਂ ਦੇ ਮਨ ਉਤੇ ਲੱਗੀ ਗਹਿਰੀ ਠੇਸ ਦੀ ਚੀਸ ਦਾ ਮੈਨੂੰ ਗਹਿਰਾ ਅਹਿਸਾਸ ਹੈ ਹਾਲਾਂਕਿ ਉਹ ਆਪਣੀ ਤਕਲੀਫ਼ ਕਿਸੇ ਸਾਹਮਣੇ ਵੀ ਜ਼ਾਹਿਰ ਨਹੀਂ ਕਰ ਰਹੇ। ਮੈਂ ਉਨ੍ਹਾਂ ਨੂੰ ਅਜਿਹੀ ਅਵਸਥਾ ਵਿਚੋਂ ਗੁਜ਼ਰਦੇ ਦੇਖਿਆ ਹੈ ਕਿ ਜਦੋਂ ਉਹ ਹਸਪਤਾਲ ਦੇ ਬਿਸਤਰ 'ਤੇ ਪਏ ਆਪਣੇ ਸਭ ਤੋਂ ਪਿਆਰੇ ਭਰਾ ਦੀ ਉਡੀਕ ਕਰਦੇ ਰਹੇ ਕਿ ਸ਼ਾਇਦ ਉਹ ਉਨ੍ਹਾਂ ਦਾ ਹਾਲ ਹੀ ਪੁੱਛਣ ਆ ਜਾਵੇ। ਤੁਹਾਡੇ ਸੰਬੰਧ ਵਿਚ ਪੈਦਾ ਹੋਏ ਸੰਕਟ ਨੂੰ ਟਾਲਣ ਲਈ ਉਹ ਆਪਣੇ ਭਰਾ ਨੂੰ ਬੇਤਹਾਸ਼ਾ ਟੈਲੀਫੂਨ ਕਰਦੇ ਰਹੇ ਪਰ ਉਨ੍ਹਾਂ ਦਾ ਭਰਾ ਨਾ ਬਹੁੜਿਆ। ਅਤੇ ਆਖਿਰ ਵਿਚ ਜਦੋਂ ਆਪ ਜੀ ਦੇ ਸਤਿਕਾਰਯੋਗ ਪਿਤਾ ਜੀ ਅਤੇ ਬਾਦਲ ਸਾਹਿਬ ਦੇ ਪਿਆਰੇ ਭਰਾ, ਦਾਸ ਜੀ, ਚੰਡੀਗੜ੍ਹ ਪਹੁੰਚੇ ਵੀ ਤਾਂ ਉਹ ਆਪਣੇ ਭਰਾ ਦਾ ਹਾਲ ਚਾਲ ਪੁੱਛਣ ਲਈ ਨਹੀਂ ਬਲਕਿ ਆਪਣੇ ਬਾਗੀ ਬੇਟੇ ਦੀ ਪ੍ਰੈਸ ਕਾਨਫਰੰਸ ਵਿਚ ਉਸਦਾ ਸਾਥ ਦੇਣ ਲਈ ਪਹੁੰਚੇ। ਇਹ ਪ੍ਰੈਸ ਕਾਨਫਰੰਸ ਉਸ ਜਗ੍ਹਾ ਤੋਂ ਕੁਝ ਸੈਂਕੜੇ ਗਜ਼ ਹੀ ਦੂਰ ਸੀ, ਜਿਥੇ ਬਾਦਲ ਸਾਹਿਬ ਬਿਸਤਰ ਵਿਚ ਲੇਟੇ ਤਕਲੀਫ ਨਾਲ ਜੂਝ ਰਹੇ ਸਨ। ਉਸ ਪ੍ਰੈਸ ਕਾਨਫਰੰਸ ਨੂੰ ਸ. ਬਾਦਲ ਟੀ.ਵੀ. ਉਤੇ ਦੇਖ ਰਹੇ ਸਨ ਜਿਸ ਵਿਚ ਬਾਦਲ ਪਰਿਵਾਰ ਦੇ ਵਿਰਸੇ ਅਤੇ ਪੰਜਾਬ ਨਾਲ ਸਬੰਧਤ ਹੋਰ ਕਈ ਕੁਝ ਨੂੰ ਲੀਰੋ-ਲੀਰ ਕੀਤਾ ਗਿਆ। ਇਹ ਸਭ ਕੁਝ ਦੌਰਾਨ ਮੈਂ ਬਾਦਲ ਸਾਹਿਬ ਦੀ ਅੱਖ ਵਿਚੋਂ ਅਥਰੂ ਕਿਰਦਾ ਦੇਖਿਆ।

ਮਨਪ੍ਰੀਤ ਜੀ ਤੁਹਾਨੂੰ ਯਾਦ ਹੋਵੇਗਾ ਕਿ ਤੁਸੀਂ ਤੇ ਮੈਂ ਇੱਕ ਵਾਰ ਸ਼ੇਕਸਪੀਅਰ ਵੱਲੋਂ ਲਿਖੇ ਉਸ ਮਹਾਂਦੁਖਾਂਤ ਬਾਰੇ ਗੱਲਾਂ ਕਰ ਰਹੇ ਸਾਂ ਜਿਸ ਵਿਚ ਜੂਲੀਅਸ-ਸੀਜ਼ਰ ਦਾ ਸਭ ਤੋਂ ਪਿਆਰਾ ਅਤੇ ਭਰੋਸੇਮੰਦ ਦੋਸਤ ਬਰੂਟਸ, ਜੂਲੀਅਸ-ਸੀਜ਼ਰ ਦੀ ਪਿੱਠ ਵਿਚ ਛੁਰਾ ਮਾਰਦਾ ਹੈ। ਜਦੋਂ ਸੀਜ਼ਰ ਇਹ ਦੇਖਦਾ ਹੈ ਕਿ ਉਸਦਾ ਆਪਣਾ ਪਿਆਰਾ ਦੋਸਤ ਬਰੂਟਸ ਹੀ ਉਸਦੀ ਪਿੱਠ ਵਿਚ ਛੁਰਾ ਮਾਰ ਰਿਹਾ ਹੈ ਤਾਂ ਸੀਜ਼ਰ ਦੇ ਮੂੰਹ ਵਿਚੋਂ ਉਹ ਸ਼ਬਦ ਨਿਕਲਦੇ ਹਨ ਜਿਨ੍ਹਾਂ ਨੂੰ ਵਿਸ਼ਵ ਸਾਹਿਤ ਦੇ ਸਭ ਤੋਂ ਚਰਚਿਤ ਸ਼ਬਦ ਕਿਹਾ ਜਾਂਦਾ ਹੈ। ਸੀਜ਼ਰ ਕਹਿੰਦਾ ਹੈ, "ਬਰੂਟਸ, ਤੂੰ ਵੀ?"

ਮੇਰੀਆਂ ਅੱਖਾਂ ਸਾਹਮਣੇ ਇਸ ਵਕਤ ਇੱਕ ਅਜਿਹੀ ਤਸਵੀਰ ਘੁੰਮ ਰਹੀ ਹੈ ਜਿਸ ਵਿਚ ਪੀ.ਜੀ.ਆਈ. ਤੋਂ ਬਾਹਰ ਆਇਆ ਇੱਕ ਨੇਕ ਅਤੇ ਦਰਵੇਸ਼ ਵਿਅਕਤੀ ਦੀ ਅਰਧ-ਨੀਂਦ ਦੀ ਹਾਲਤ ਵਿਚ ਲੱਗਭੱਗ ਅਜਿਹੇ ਹੀ ਸ਼ਬਦ ਬੁੜਬੁੜਾ ਰਿਹਾ ਹੋਵੇ।

**-ਹਰਚਰਨ ਬੈਂਸ**
**ਪ੍ਰੈਸ ਸਕੱਤਰ, ਮੁੱਖ ਮੰਤਰੀ।**

# ਪਾਕਿ 'ਚ ਨਿਆਂਪਾਲਿਕਾ ਤੇ ਸਰਕਾਰ 'ਚ ਮੁੜ ਖੜਕੀ

**ਇਸਲਾਮਾਬਾਦ:** ਪਾਕਿਸਤਾਨ ਦੇ ਚੀਫ ਜਸਟਿਸ ਇਫਤਿਖਾਰ ਚੌਧਰੀ ਨੇ ਇਨ੍ਹਾਂ ਖ਼ਬਰਾਂ ਮਗਰੋਂ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਤੋਂ ਲਿਖਤੀ ਸਪੱਸ਼ਟੀਕਰਨ ਮੰਗਿਆ ਹੈ ਕਿ ਸਰਕਾਰ ਸਰਵਉਚ ਅਦਾਲਤ ਦੇ ਕੁਝ ਜੱਜਾਂ ਨੂੰ ਹਟਾਉਣ ਦੀ ਯੋਜਨਾ ਬਣਾ ਰਹੀ ਹੈ। ਇਸ ਨਾਲ ਦੋਵਾਂ ਧਿਰਾਂ ਵਿਚਾਲੇ ਤਣਾਅ ਵਧ ਗਿਆ ਹੈ। ਬੀਤੀ ਦਿਨੀਂ ਕਈ ਟੀ.ਵੀ. ਚੈਨਲਾਂ ਨੇ ਖ਼ਬਰ ਦਿੱਤੀ ਸੀ ਕਿ ਸਰਕਾਰ ਚੀਫ ਜਸਟਿਸ ਤੇ ਦਰਜਨਾਂ ਹੋਰ ਜੱਜਾਂ ਦੀ ਸੇਵਾ ਬਹਾਲੀ ਲਈ ਪਿਛਲੇ ਸਾਲ ਮਾਰਚ ਵਿਚ ਜਾਰੀ ਹੋਏ ਨੋਟੀਫਿਕੇਸ਼ਨ ਨੂੰ ਵਾਪਸ ਲੈਣ 'ਤੇ ਵਿਚਾਰ ਕਰ ਰਹੀ ਹੈ। ਉਸ ਮਗਰੋਂ ਹੀ ਇਹ ਸਾਰਾ ਘਟਨਾਕ੍ਰਮ ਸ਼ੁਰੂ ਹੋਇਆ। ਇਨ੍ਹਾਂ ਜੱਜਾਂ ਨੂੰ ਸਾਬਕਾ ਫੌਜੀ ਸ਼ਾਸਕ ਪਰਵੇਜ਼ ਮੁਸ਼ੱਰਫ ਨੇ ਆਪਣੇ ਕਾਰਜਕਾਲ ਦੌਰਾਨ 2007 ਵਿਚ ਐਮਰਜੰਸੀ ਸਮੇਂ ਬਰਖਾਸਤ ਕੀਤਾ ਸੀ।

ਚੈਨਲਾਂ ਵਲੋਂ ਜਦੋਂ ਇਹ ਰਿਪੋਰਟ ਪ੍ਰਸਾਰਤ ਕੀਤੀ ਜਾ ਰਹੀ ਸੀ ਤਾਂ ਉਸੇ ਵੇਲੇ ਇਹ ਸਾਰੇ ਜੱਜ ਅਦਾਲਤ ਪੁੱਜ ਗਏ ਤੇ ਇਨ੍ਹਾਂ ਦੀ ਅੱਧੀ ਰਾਤ ਤੱਕ ਮੀਟਿੰਗ ਚੱਲੀ। ਚੀਫ ਜਸਟਿਸ ਨੇ ਜੱਜਾਂ ਦੀ ਬਹਾਲੀ ਨੂੰ ਰੱਦ ਕਰਨ ਦੇ ਸਰਕਾਰ ਦੇ ਕਥਿਤ ਇਰਾਦੇ ਉਪਰ ਵਿਚਾਰ ਕਰਨ ਲਈ 17 ਮੈਂਬਰੀ ਬੈਂਚ ਕਾਇਮ ਕਰ ਦਿੱਤਾ। ਜਦੋਂ ਇਹ ਪੂਰਾ ਬੈਂਚ ਬੈਠਿਆ ਤਾਂ ਉਸ ਨੇ ਅਟਾਰਨੀ ਜਨਰਲ ਅਨਵਰ ਉਲ ਹੱਕ ਨੂੰ ਕਿਹਾ ਕਿ ਉਹ ਇਸ ਮਾਮਲੇ 'ਤੇ ਸਰਕਾਰ ਦਾ ਪੱਖ ਪ੍ਰਧਾਨ ਮੰਤਰੀ ਗਿਲਾਨੀ ਦੇ ਦਸਤਖ਼ਤਾਂ ਨਾਲ ਅਦਾਲਤ ਵਿਚ ਪੇਸ਼ ਕਰਨ।

# ਗਿਲਾਨੀ-ਕੁਰੈਸ਼ੀ 'ਤੇ ਹਮਲੇ ਦੀ ਸਾਜ਼ਿਸ਼ ਫੜੀ

**ਲਾਹੌਰ:** ਪਾਕਿਸਤਾਨ ਦੀ ਪੁਲਿਸ ਨੇ ਦੇਸ਼ ਦੇ ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਅਤੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੂੰ ਮਾਰਨ ਦੀ ਸਾਜ਼ਿਸ਼ ਦਾ ਪਰਦਾਫਾਸ਼ ਕਰਦਿਆਂ ਲਸ਼ਕਰ-ਏ-ਝੰਗਵੀ ਦੇ 7 ਮਸ਼ਕੂਕ ਅੱਤਵਾਦੀਆਂ ਨੂੰ ਗ੍ਰਿਫਤਾਰ ਕੀਤਾ ਹੈ। ਬਹਾਵਲਪੁਰ ਪੁਲਿਸ ਮੁਤਾਬਕ ਇਹ 7 ਜਣੇ ਪ੍ਰਧਾਨ ਮੰਤਰੀ ਤੇ ਵਿਦੇਸ਼ ਮੰਤਰੀ ਨੂੰ ਮਾਰਨ ਸਣੇ ਕਈ ਹੋਰ ਅੱਤਵਾਦੀ ਕਾਰਵਾਈਆਂ ਨੂੰ ਅੰਜਾਮ ਦੇਣ ਦੀ ਸਾਜ਼ਿਸ਼ ਰਚ ਰਹੇ ਸਨ।

ਬਹਾਵਲਪੁਰ ਪੁਲੀਸ ਦੇ ਉਚ ਅਧਿਕਾਰੀ ਆਬਿਦ ਕਾਦਰੀ ਨੇ ਬੀਤੀ 14 ਅਕਤੂਬਰ ਨੂੰ ਦੱਸਿਆ ਕਿ ਗ੍ਰਿਫਤਾਰ ਕੀਤੇ ਅੱਤਵਾਦੀਆਂ ਦਾ ਹੱਥ ਪਿਛਲੇ ਸਾਲ ਮੁਲਤਾਨ ਵਿਚ ਆਈ.ਐਸ.ਆਈ. ਦਫਤਰ 'ਤੇ ਹੋਏ ਹਮਲੇ ਵਿਚ ਵੀ ਹੈ। ਇਨ੍ਹਾਂ ਮਸ਼ਕੂਕ ਅਤਿਵਾਦੀਆਂ ਨੂੰ ਬਹਾਵਲਪੁਰ ਦੀ ਤਹਿਸੀਲ ਅਹਿਮਦਪੁਰ ਸ਼ਰਕੀਆ ਵਿਖੇ ਮੁਕਾਬਲੇ ਮਗਰੋਂ ਫੜਿਆ ਗਿਆ। ਇਹ ਸਾਰੇ ਲਸ਼ਕਰ-ਏ-ਝੰਗਵੀ ਪੰਜਾਬ (ਕਰੀ ਇਮਰਾਨ ਗਰੁੱਪ) ਨਾਲ ਸਬੰਧਤ ਹਨ। ਇਨ੍ਹਾਂ ਦੀ ਪਛਾਣ ਅਬਦੁਰ ਰਹਿਮਾਨ ਉਰਫ ਤਾਲ੍ਹਾ, ਮੁਹੰਮਦ ਅਫਜ਼ਲ, ਹਾਫਿਜ਼ ਸਲਮਾਨ, ਸੱਜਾਦ, ਮੁਹੰਮਦ ਸਲੀਮ, ਬਿਲਾਲ ਤੇ ਮੁਫ਼ਤੀ ਮੁਨੱਵਰ ਹੁਸੈਨ ਵਜੋਂ ਹੋਈ ਹੈ। ਪੁਲੀਸ ਇਸ ਸਾਜ਼ਿਸ਼ 'ਚ ਸ਼ਾਮਲ ਦੋ ਹੋਰ ਵਿਅਕਤੀਆਂ ਦੀ ਭਾਲ ਵਿਚ ਹੈ।

# ਅੰਕੜਿਆਂ ਤੋਂ ਪਾਰ

*(ਸਫਾ 25 ਦੀ ਬਾਕੀ)*

ਵੀ ਤਕੜਾ ਏ। ਇਸ ਨੂੰ ਨਕਦ ਇਨਾਮ ਤਾਂ ਦੇ ਹੀ ਦਿਓ।" ਦੂਜਾ ਕਾਰਟੂਨ ਇਰਫਾਨ ਨੇ ਬਣਾਇਆ। ਇੱਕ ਪਾਸੇ ਮੁੰਡਿਆਂ ਦੀ ਹਾਕੀ ਟੀਮ ਦਾ ਕਪਤਾਨ ਹਾਰ ਕੇ ਜਾ ਰਿਹਾ ਹੈ। ਦੂਜੇ ਪਾਸੇ ਬੈਡਮਿੰਟਨ ਵਾਲੀਆਂ ਕੁੜੀਆਂ ਸੋਨੇ ਦੇ ਤਮਗੇ ਗਲਾਂ ਵਿਚ ਪਾਈ ਖੜੀਆਂ ਹਨ। ਕਪਤਾਨ ਸੋਚ ਰਿਹਾ ਹੈ, "ਅਗਲੇ ਜਨਮ ਮੁਝੇ ਵੀ ਬੀਟੀਆ ਹੀ ਕੀਜੋ।" ਕੁੜੀਆਂ ਦੀ ਕਾਰਗੁਜ਼ਾਰੀ ਨੂੰ ਇਹ ਖੂਬਸੂਰਤ ਸਿਜਦਾ ਹੈ। ਮਹਾਬੀਰ ਸਿੰਘ ਕਹਿ ਸਕਦਾ ਹੈ, "ਮੈਨੂੰ ਤਾਂ ਇਹ ਗੱਲ ਪਹਿਲਾਂ ਹੀ ਸਮਝ ਆ ਗਈ ਸੀ। ਇਸੇ ਲਈ ਤਾਂ 2002 ਵਿਚ ਘਰੇ ਅਖਾੜਾ ਬਣਾ ਦਿੱਤਾ ਸੀ।" ਹੁਣ ਵਾਰੀ ਸਰਕਾਰ ਦੀ ਹੈ ਕਿ ਇਨ੍ਹਾਂ ਅਖਾੜਿਆਂ ਨੂੰ ਘਰਾਂ ਵਿਚੋਂ ਸਕੂਲਾਂ, ਕਾਲਜਾਂ ਅਤੇ ਹੋਰ ਥਾਂਵਾਂ ਉਤੇ ਲਿਜਾਣ ਦਾ ਬੰਦੋਬਸਤ ਕਿਵੇਂ ਕਰਨਾ ਹੈ। ਚੇਤਾਵਨੀ ਗੋਪੀਚੰਦ ਪਲੇਲਾ ਨੇ ਦੇ ਦਿੱਤੀ ਹੈ, "ਜੇ ਖੇਡਾਂ ਉਤੇ ਖ਼ਰਚ ਨਹੀਂ ਕਰੋਗੇ ਤਾਂ ਬੀਮਾਰੀਆਂ ਉਤੇ ਹਸਪਤਾਲਾਂ ਵਿਚ ਖ਼ਰਚ ਕਰਨਾ ਪਵੇਗਾ। ਸਿਹਤਮੰਦ ਸਮਾਜ ਲਈ ਖੇਡਾਂ ਨੂੰ ਤਰਜੀਹ ਮਿਲਣੀ ਚਾਹੀਦੀ ਹੈ।"

# ਦੂਹਰੀ ਨਾਗਰਿਕਤਾ ਤੇ ਭਾਰਤੀ ਨਾਗਰਿਕਤਾ ਛੱਡਣ ਬਾਰੇ ਤੱਥ

**ਬਲਜੀਤ ਬਾਸੀ**

ਪਿਛਲੇ ਹਫਤੇ ਦੇ ਪੰਜਾਬ ਟਾਈਮਜ਼ ਵਿਚ 'ਦੂਹਰੀ ਨਾਗਰਿਕਤਾ, ਦੂਹਰੀ ਬਿਪਤਾ' ਸਿਰਲੇਖ ਅਧੀਨ ਵਿਦੇਸ਼ੀ ਭਾਰਤੀਆਂ ਨੂੰ ਅਖੌਤੀ ਦੂਹਰੀ ਨਾਗਰਿਕਤਾ ਅਰਥਾਤ ਵਿਦੇਸ਼ੀ ਭਾਰਤੀ ਨਾਗਰਿਕਤਾ ਅਤੇ ਭਾਰਤੀ ਨਾਗਰਿਕਤਾ ਤਿਆਗਣ ਸਮੇਂ ਦਰਪੇਸ਼ ਮੁਸਕਲਾਂ ਬਾਰੇ ਲੇਖ ਛਪਿਆ ਸੀ। ਇਸ ਬਾਰੇ ਮੈਨੂੰ ਬਹੁਤ ਸਾਰੀਆਂ ਪੁੱਛਾਂ ਆਈਆਂ ਹਨ। ਇਹ ਲੇਖ ਮਜ਼ਾਹੀਆ ਅੰਦਾਜ਼ ਵਿਚ ਲਿਖਿਆ ਗਿਆ ਸੀ ਪਰ ਇਹ ਸੀ ਦੋ ਵਿਅਕਤੀਆਂ ਦੇ ਨਿੱਜੀ ਤਜਰਬੇ 'ਤੇ ਆਧਾਰਤ ਜਿਨ੍ਹਾਂ ਵਿਚੋਂ ਇਕ ਮੇਰੀ ਪਤਨੀ ਸੀ। ਲੇਖ ਵਿਚ ਸਭ ਕੁਝ ਸੱਚੋ ਸੱਚ ਸੀ ਤੇ ਇਹ ਪਾਠਕਾਂ ਦਾ ਧਿਆਨ ਭਾਰਤੀ ਅਫਸਰਸ਼ਾਹੀ ਹੱਥੋਂ ਹੁੰਦੀ ਦੇਸ-ਪ੍ਰੇਮੀਆਂ ਦੀ ਖਜਲਖੁਆਰੀ ਵੱਲ ਦੁਆਉਣ ਦੇ ਇਰਾਦੇ ਨਾਲ ਲਿਖਿਆ ਗਿਆ ਸੀ। ਅਸੀਂ ਸਮਝਦੇ ਹਾਂ ਕਿ ਇਨ੍ਹਾਂ ਦੋਨਾਂ ਗੱਲਾਂ ਬਾਰੇ ਪਾਠਕਾਂ ਨੂੰ ਭਾਰਤ ਸਰਕਾਰ ਦੇ ਨਿਯਮਾਂ ਤੋਂ ਜਾਣੂ ਕਰਾਇਆ ਜਾਣਾ ਚਾਹੀਦਾ ਹੈ।

**ਦੂਹਰੀ ਨਾਗਰਿਕਤਾ**

ਪਹਿਲੀ ਗੱਲ ਇਹ ਹੈ ਕਿ ਭਾਰਤੀ ਸੰਵਿਧਾਨ ਵਿਚ ਸਹੀ ਅਰਥਾਂ ਵਿਚ ਦੂਹਰੀ ਨਾਗਰਿਕਤਾ ਨਾਂ ਦੀ ਕੋਈ ਚੀਜ਼ ਨਹੀਂ ਹੈ। ਭਾਰਤ ਸਰਕਾਰ ਭਾਰਤੀ ਮੂਲ ਦੇ ਵਿਦੇਸ਼ੀ ਨਾਗਰਿਕਾਂ ਨੂੰ ਵਿਦੇਸ਼ੀ ਭਾਰਤੀ ਨਾਗਰਿਕਤਾ ਦਿੰਦੀ ਹੈ ਜਿਸ ਨੂੰ ਦੂਹਰੀ ਨਾਗਰਿਕਤਾ ਕਹਿ ਦਿੱਤਾ ਜਾਂਦਾ ਹੈ। ਵਿਦੇਸ਼ੀ ਭਾਰਤੀ ਨਾਗਰਿਕਤਾ ਲੈਣ ਦਾ ਮਤਲਬ ਇਹ ਨਹੀਂ ਕਿ ਤੁਸੀਂ ਬਾਕਾਇਦਾ ਭਾਰਤ ਦੇ ਨਾਗਰਿਕ ਬਣ ਗਏ ਹੋ:

* ਤੁਹਾਨੂੰ ਭਾਰਤੀ ਪਾਸਪੋਰਟ ਨਹੀਂ ਮਿਲੇਗਾ। ਵਿਦੇਸ਼ੀ ਭਾਰਤੀ ਨਾਗਰਿਕਤਾ ਪਾਸਪੋਰਟ ਨਾਂ ਦੀ ਕੋਈ ਚੀਜ਼ ਨਹੀਂ ਹੈ।

* ਤੁਹਾਨੂੰ ਵੋਟ ਦੇਣ ਦਾ ਕੋਈ ਅਧਿਕਾਰ ਨਹੀਂ।

* ਤੁਸੀਂ ਲੋਕ ਸਭਾ, ਰਾਜ ਸਭਾ, ਵਿਧਾਨ ਸਭਾ ਦੀ ਚੋਣ ਲਈ ਉਮੀਦਵਾਰ ਨਹੀਂ ਬਣ ਸਕਦੇ।

* ਤੁਸੀਂ ਕਿਸੇ ਸੰਵਿਧਾਨਕ ਪਦਵੀ ਜਿਵੇਂ ਰਾਸ਼ਟਰਪਤੀ, ਉਪਰਾਸ਼ਟਰਪਤੀ, ਸੁਪਰੀਮ ਕੋਰਟ ਜਾਂ ਹਾਈਕੋਰਟ ਦੇ ਜੱਜ ਲਈ ਨਹੀਂ ਚੁਣੇ ਜਾ ਸਕਦੇ।

* ਆਮ ਹਾਲਤਾਂ ਵਿਚ ਤੁਸੀਂ ਭਾਰਤ ਸਰਕਾਰ ਦੀ ਕੋਈ ਨੌਕਰੀ ਨਹੀਂ ਕਰ ਸਕਦੇ।

* ਤੁਸੀਂ ਭਾਰਤ ਵਿਚ ਕੋਈ ਜ਼ਰਾਇਤੀ ਜ਼ਮੀਨ ਨਹੀਂ ਖਰੀਦ ਸਕਦੇ। ਵਿਰਸੇ ਵਿਚ ਆਉਂਦੀ ਜਾਇਦਾਦ ਲੈ ਸਕਦੇ ਹੋ।

**ਵਿਦੇਸ਼ੀ ਭਾਰਤੀ ਨਾਗਰਿਕਤਾ ਦੇ ਹੇਠ ਲਿਖੇ ਲਾਭ ਹਨ:**

*ਵਾਰ ਵਾਰ ਭਾਰਤ ਜਾਣ ਜਾਂ ਬਹੁ-ਮੰਤਵੀ ਵੀਜ਼ਾ ਲੈਣ ਦੀ ਸਹੂਲਤ ਹੈ।

* ਭਾਰਤ ਵਿਚ ਜਿੰਨਾ ਚਿਰ ਮਰਜ਼ੀ ਰਹਿਣਾ ਹੋਵੇ, ਪੁਲਿਸ ਨੂੰ ਇਤਲਾਹ ਕਰਨ ਤੋਂ ਛੋਟ ਹੈ।

* ਜ਼ਰਾਇਤੀ ਜ਼ਮੀਨ ਤੋਂ ਸਿਵਾਏ ਵਿਤੀ, ਆਰਥਕ ਤੇ ਵਿਦਿਅਕ ਖੇਤਰਾਂ ਵਿਚ ਗੈਰ-ਰਿਹਾਇਸ਼ੀ ਭਾਰਤੀਆਂ ਦੇ ਸਮਾਨ ਸਾਰੀਆਂ ਸਹੂਲਤਾਂ ਉਪਲਭਦ ਹਨ।

**ਰੋਜ਼ਗਾਰ**

* ਪਰਵਤਾਰੋਹਣ, ਮਿਸ਼ਨਰੀ ਅਤੇ ਖੋਜ ਦੇ ਕੰਮ ਤੋਂ ਇਲਾਵਾ ਹਰ ਤਰ੍ਹਾਂ ਦਾ ਪੇਸ਼ਾ ਕੀਤਾ ਜਾ ਸਕਦਾ ਹੈ।

* ਨਿੱਜੀ ਖੇਤਰ 'ਚ ਨੌਕਰੀ ਦੀ ਇਜਾਜ਼ਤ ਹੈ।

* ਕਿਸੇ ਤਰ੍ਹਾਂ ਦੀ ਪ੍ਰੈਕਟਿਸ ਜਿਵੇਂ ਡਾਕਟਰੀ, ਦੰਦਸਾਜ਼ੀ, ਇਮਾਰਤਸਾਜ਼ੀ, ਨਰਸਿੰਗ ਆਦਿ ਪੇਸ਼ੇ ਨਾਲ ਸਬੰਧਤ ਕਾਨੂੰਨ ਅਨੁਸਾਰ ਕੀਤੀ ਜਾ ਸਕਦੀ ਹੈ।

* ਵਿਦੇਸ਼ੀ ਭਾਰਤੀ ਨਾਗਰਿਕਤਾ ਲੈਣ ਵਾਲਿਆਂ ਨੂੰ ਰੋਜ਼ਗਾਰ ਵੀਜ਼ਾ ਲੈਣ ਦੀ ਲੋੜ ਨਹੀਂ। ਜੇ ਇਕ ਕੰਮ ਕਰਨ ਲਈ ਭਾਰਤ ਆਇਆ ਅਜਿਹਾ ਵਿਅਕਤੀ ਆਪਣੀ ਨੌਕਰੀ ਵਿਚ ਕੋਈ ਤਬਦੀਲੀ ਕਰਦਾ ਹੈ ਤਾਂ ਅਜਿਹੀ ਹਾਲਤ ਵਿਚ ਉਸਨੂੰ ਭਾਰਤ ਛੱਡਣ ਦੀ ਲੋੜ ਨਹੀਂ।

**ਹੇਠ ਲਿਖੀਆਂ ਸਭ ਗੱਲਾਂ ਵਿਚ ਗੈਰ-ਰਿਹਾਇਸ਼ੀ ਭਾਰਤੀ ਨਾਲ ਸਮਾਨਤਾ ਹੈ:**

* ਇਤਿਹਾਸਕ ਥਾਂਵਾਂ, ਚਿੜੀਆਘਰ ਆਦਿ ਦੇਖਣ ਲਈ ਲਗਦੀ ਫੀਸ।

* ਪੇਸ਼ਾਵਰੀ ਕਿਤਿਆਂ ਵਿਚ।

* ਪ੍ਰੀ-ਮੈਡੀਕਲ ਜਾਂ ਹੋਰ ਅਜਿਹੇ ਟੈਸਟ ਦੇਣ ਦੇ ਮਾਮਲਿਆਂ ਵਿਚ।

* ਜੇ ਭਾਰਤ 'ਚ ਰਹਿੰਦੇ ਵਿਦੇਸ਼ੀ ਨਾਗਰਿਕ ਨੇ ਆਪਣੇ ਆਪ ਨੂੰ ਪੰਜ ਸਾਲ ਲਈ ਰਜਿਸਟਰ ਕਰਾਈ ਰੱਖਿਆ ਹੋਵੇ ਤਾਂ ਉਹ ਭਾਰਤੀ ਨਾਗਰਿਕਤਾ ਲਈ ਅਰਜ਼ੀ ਦੇ ਸਕਦਾ ਹੈ ਬਸ਼ਰਤੇ ਕਿ ਅਰਜ਼ੀ ਦੇਣ ਤੋਂ ਪਹਿਲਾਂ ਇਕ ਸਾਲ ਭਾਰਤ ਜ਼ਰੂਰ ਰਿਹਾ ਹੋਵੇ। ਅਜਿਹੀ ਹਾਲਤ ਵਿਚ ਉਸਨੂੰ ਵਿਦੇਸ਼ੀ ਨਾਗਰਿਕਤਾ ਛੱਡਣੀ ਹੋਵੇਗੀ।

**ਭਾਰਤੀ ਮੂਲ ਦਾ ਵਿਅਕਤੀ ਬਨਾਮ ਵਿਦੇਸ਼ੀ ਭਾਰਤੀ ਨਾਗਰਿਕ**

* ਵਿਦੇਸ਼ੀ ਭਾਰਤੀ ਨਾਗਰਿਕ ਨੂੰ ਉਮਰ ਭਰ ਲਈ ਭਾਰਤ ਜਾਣ ਦਾ ਵੀਜ਼ਾ ਮਿਲਦਾ ਹੈ। ਭਾਰਤੀ ਮੂਲ ਦੇ ਵਿਅਕਤੀ ਨੂੰ ਕੇਵਲ ਪੰਦਰਾਂ ਸਾਲ ਦਾ ਵੀਜ਼ਾ ਮਿਲਦਾ ਹੈ।

* ਵਿਦੇਸ਼ੀ ਭਾਰਤੀ ਨਾਗਰਿਕ ਜਿੰਨਾ ਚਿਰ ਮਰਜ਼ੀ ਭਾਰਤ ਰਹੇ, ਉਸਨੂੰ ਪੁਲਿਸ ਕੋਲ ਇਤਲਾਹ ਦੇਣ ਦੀ ਲੋੜ ਨਹੀਂ। ਭਾਰਤੀ ਮੂਲ ਦੇ ਵਿਅਕਤੀ ਨੇ 180 ਦਿਨ ਤੋਂ ਵਧ ਰਹਿਣਾ ਹੋਵੇ ਤਾਂ ਸਥਾਨਕ ਪੁਲਿਸ ਕੋਲ ਇਤਲਾਹ ਦੇਣੀ ਹੋਵੇਗੀ।

ਜੇ ਕੋਈ ਹੇਰਾਫੇਰੀ ਨਾਲ ਆਪਣੇ ਆਪ ਨੂੰ ਵਿਦੇਸ਼ੀ ਭਾਰਤੀ ਨਾਗਰਿਕ ਵਜੋਂ ਰਜਿਸਟਰ ਕਰਾਉਂਦਾ ਫੜਿਆ ਜਾਵੇ ਤਾਂ ਨਾ ਸਿਰਫ ਉਸਦੀ ਰਜਿਸਟਰੇਸ਼ਨ ਕੈਂਸਲ ਕੀਤੀ ਜਾਵੇਗੀ ਸਗੋਂ ਉਹ ਭਵਿਖ ਵਿਚ ਕਦੇ ਵੀ ਭਾਰਤ ਨਹੀਂ ਆ ਸਕੇਗਾ।

**ਵਿਦੇਸ਼ੀ ਭਾਰਤੀ ਨਾਗਰਿਕ ਵਜੋਂ ਸਫਰ**

ਵਿਦੇਸ਼ੀ ਭਾਰਤੀ ਨਾਗਰਿਕ ਵਜੋਂ ਰਜਿਸਟਰ ਹੋਣ ਪਿਛੋਂ ਤੁਹਾਨੂੰ ਉਮਰ ਭਰ ਲਈ ਵੀਜ਼ਾ ਮਿਲੇਗਾ ਅਤੇ ਇਸ ਵਾਸਤੇ ਤੁਹਾਡੇ ਪਾਸਪੋਰਟ 'ਤੇ ਯੂ-ਸਟਿਕਰ ਦਾ ਵੀਜ਼ਾ ਚਿਪਕਾ ਦਿੱਤਾ ਜਾਵੇਗਾ। ਤੁਹਾਨੂੰ ਵਿਦੇਸ਼ੀ ਭਾਰਤੀ ਨਾਗਰਿਕ ਵਜੋਂ ਰਜਿਸਟਰ ਹੋਣ ਦੀ ਇਕ ਕਿਤਾਬਚੀ ਦਿੱਤੀ ਜਾਵੇਗੀ। ਪਰ ਯਾਦ ਰੱਖੋ, ਤੁਸੀਂ ਕੇਵਲ ਇਸ ਕਿਤਾਬਚੀ ਨਾਲ ਭਾਰਤ ਦੀ ਯਾਤਰਾ ਨਹੀਂ ਕਰ ਸਕਦੇ। ਤੁਹਾਨੂੰ ਆਪਣਾ ਯੂ-ਵੀਜ਼ਾ ਅਤੇ ਵਿਦੇਸ਼ੀ ਪਾਸਪੋਰਟ ਹਰਗਿਜ਼ ਨਾਲ ਰੱਖਣਾ ਹੋਵੇਗਾ। ਜੇ ਯੂ-ਵੀਜ਼ੇ ਵਾਲੇ ਪਾਸਪੋਰਟ ਦੀ ਮਿਆਦ ਮੁੱਕ ਗਈ ਹੋਵੇ ਤਾਂ ਤੁਹਾਨੂੰ ਪੁਰਾਣੇ ਤੇ ਨਵੇਂ ਪਾਸਪੋਰਟ ਨਾਲ ਲਿਜਾਣੇ ਹੋਣਗੇ। ਯੂ-ਵੀਜ਼ਾ ਨਵੇਂ ਪਾਸਪੋਰਟ ਤੇ ਤਬਦੀਲ ਕਰਵਾਇਆ ਜਾ ਸਕਦਾ ਹੈ।

**ਭਾਰਤੀ ਨਾਗਰਿਕਤਾ ਤਿਆਗਣ ਬਾਰੇ**

ਜੇ ਤੁਸੀਂ ਦੂਸਰੇ ਦੇਸ਼ ਦੀ ਨਾਗਰਿਕਤਾ




ਹਾਸਿਲ ਕਰ ਲਈ ਹੈ ਜਿਵੇਂ ਅਮਰੀਕਾ ਦੀ, ਤਾਂ ਤੁਹਾਨੂੰ ਫੌਰੀ ਤੌਰ 'ਤੇ ਭਾਰਤੀ ਪਾਸਪੋਰਟ ਕੌਂਸਲਖਾਨੇ ਨੂੰ ਸੌਂਪ ਦੇਣਾ ਚਾਹੀਦਾ ਹੈ। ਭਾਰਤ ਸਰਕਾਰ ਦੇ ਦੇਖਣ ਵਿਚ ਆਇਆ ਹੈ ਕਿ ਕਈ ਲੋਕ ਵਿਦੇਸ਼ੀ ਨਾਗਰਿਕਤਾ ਲੈਣ ਪਿਛੋਂ ਵੀ ਭਾਰਤੀ ਪਾਸਪੋਰਟ ਰੱਖੀ ਛੱਡਦੇ ਹਨ। ਕਈ ਤਾਂ ਇਸ ਤੇ ਸਫਰ ਵੀ ਕਰ ਲੈਂਦੇ ਹਨ। ਇਥੋਂ ਤੱਕ ਕਿ ਕਈ ਇਸ ਨੂੰ ਨਵਿਆ ਲੈਣ ਜਿਹੀਆਂ ਹੋਰ ਕਾਰਵਾਈਆਂ ਵੀ ਕਰਵਾ ਲੈਂਦੇ ਹਨ। ਇਕ ਵਾਰੀ ਵਿਦੇਸ਼ੀ ਨਾਗਰਿਕਤਾ ਲੈਣ ਪਿਛੋਂ ਭਾਰਤੀ ਪਾਸਪੋਰਟ 'ਤੇ ਸਫਰ ਕਰਨਾ ਗੈਰਕਾਨੂੰਨੀ ਹੈ। ਭਾਰਤ ਸਰਕਾਰ ਦੂਹਰੀ ਨਾਗਰਿਕਤਾ ਦੀ ਸਹੂਲਤ ਨਹੀਂ ਦੇ ਰਹੀ ਇਸ ਲਈ ਵਿਦੇਸ਼ੀ ਨਾਗਰਿਕਤਾ ਲੈਣ ਪਿਛੋਂ ਰੱਦ ਨਾ ਕੀਤਾ ਭਾਰਤੀ ਪਾਸਪੋਰਟ ਰੱਖਣਾ ਅਪਰਾਧ ਹੈ ਤੇ ਇਸਦਾ ਜੁਰਮਾਨਾ ਲਗਦਾ ਹੈ। ਇਸਦੀ ਉਲੰਘਣਾ ਕਰਨ ਵਾਲੇ ਨੂੰ ਪੰਜ ਸਾਲ ਦੀ ਕੈਦ ਅਤੇ 1250 ਡਾਲਰ ਜੁਰਮਾਨਾ ਹੋ ਸਕਦਾ ਹੈ। ਸਜ਼ਾ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਤੁਸੀਂ ਕਿੰਨੀ ਵਾਰੀ ਸਫਰ ਕੀਤਾ ਹੈ।

**ਨਿਯਮ**

(1) ਤੁਸੀਂ 31 ਮਈ, 2010 ਜਾਂ ਇਸ ਤੋਂ ਪਹਿਲਾਂ ਵਿਦੇਸ਼ੀ ਨਾਗਰਿਕ ਬਣੇ ਹੋ:

(ੳ) ਜੇ ਵਿਦੇਸ਼ੀ ਨਾਗਰਿਕਤਾ ਲੈਣ ਪਿਛੋਂ 31 ਮਈ, 2010 ਨੂੰ ਜਾਂ ਉਸ ਤੋਂ ਪਹਿਲਾਂ ਆਪਣਾ ਭਾਰਤੀ ਪਾਸਪੋਰਟ ਕੈਂਸਲ ਕਰਵਾ ਲਿਆ ਹੈ ਤਾਂ ਤੁਹਾਨੂੰ ਕੁਝ ਕਰਨ ਦੀ ਲੋੜ ਨਹੀਂ। ਤੁਹਾਨੂੰ ਸਪੁਰਦਗੀ (ਸੁਰੈਂਡਰ) ਸਰਟੀਫਿਕੇਟ ਲੈਣ ਦੀ ਲੋੜ ਨਹੀਂ।

ਜੇ ਵਿਦੇਸ਼ੀ ਭਾਰਤੀ ਨਾਗਰਿਕਤਾ, ਵੀਜ਼ਾ ਜਾਂ, ਭਾਰਤੀ ਮੂਲ ਦਾ ਵਿਅਕਤੀ ਕਾਰਡ (ਪੀ ਆਈ ਓ) ਲੈਣਾ ਹੋਵੇ ਤਾਂ ਤੁਹਾਨੂੰ ਭਾਰਤੀ ਪਾਸਪੋਰਟ ਕੈਂਸਲ ਹੋਏ ਹੋਣ ਦਾ ਸਬੂਤ ਪੇਸ਼ ਕਰਨਾ ਹੋਵੇਗਾ ਅਰਥਾਤ ਤੁਹਾਡੇ ਪਾਸਪੋਰਟ 'ਤੇ "ਅਮਰੀਕੀ ਨਾਗਰਿਕਤਾ ਲੈਣ ਪਿਛੋਂ ਪਾਸਪੋਰਟ ਕੈਂਸਲ ਕਰ ਦਿੱਤਾ ਗਿਆ ਹੈ" ਦੀ ਮੁਹਰ-ਛਾਪ ਹੋਣੀ ਚਾਹੀਦੀ ਹੈ। ਜੇ ਤੁਸੀਂ ਇਹ ਸਬੂਤ ਨਹੀਂ ਪੇਸ਼ ਕਰ ਸਕਦੇ ਤਾਂ ਤੁਹਾਨੂੰ ਸਪੁਰਦਗੀ (ਸੁਰੈਂਡਰ) ਸਰਟੀਫਿਕੇਟ ਲੈਣਾ ਪਵੇਗਾ।

(ਅ) ਜੇ ਤੁਸੀਂ 31 ਮਈ 2010 ਤੋਂ ਪਹਿਲਾਂ ਆਪਣਾ ਪਾਸਪੋਰਟ ਕੈਂਸਲ ਨਹੀਂ ਕਰਵਾਇਆ ਤਾਂ ਤੁਹਾਨੂੰ ਸਪੁਰਦਗੀ (ਸੁਰੈਂਡਰ) ਸਰਟੀਫਿਕੇਟ ਲਈ ਅਰਜ਼ੀ ਦੇਣੀ ਚਾਹੀਦੀ ਹੈ। ਇਸ ਦੀ ਫੀਸ 20 ਡਾਲਰ ਹੈ।

(ੲ) ਜੇ ਤੁਸੀਂ 1 ਜੂਨ 2010 ਤੋਂ ਪਹਿਲਾਂ ਵਿਦੇਸ਼ੀ ਨਾਗਰਿਕਤਾ ਲਈ ਹੋਵੇ ਪਰ ਵਿਦੇਸ਼ੀ ਪਾਸਪੋਰਟ 1 ਜੂਨ 2010 ਨੂੰ ਜਾਂ ਇਸ ਤੋਂ ਬਾਅਦ ਹਾਸਿਲ ਕੀਤਾ ਹੋਵੇ ਤਾਂ ਇਸਦੀ ਫੀਸ 20 ਡਾਲਰ ਹੋਵੇਗੀ।

**ਸਿਰਫ ਨਿਊ ਯਾਰਕ ਸਥਿਤ ਭਾਰਤੀ ਕੌਂਸਲਖਾਨੇ ਲਈ:**

(1) ਜੇ ਤੁਸੀਂ ਭਾਰਤੀ ਮੂਲ ਦੇ ਹੋ ਤੇ 1 ਜੂਨ 2010 ਤੋਂ ਪਹਿਲਾਂ ਅਮਰੀਕੀ ਨਾਗਰਿਕ ਬਣੇ ਹੋ ਪਰ ਆਪਣਾ ਭਾਰਤੀ ਪਾਸਪੋਰਟ ਗੁਆ ਬੈਠੇ ਹੋ ਤਾਂ ਤੁਸੀਂ ਸਪੁਰਦਗੀ (ਸੁਰੈਂਡਰ) ਸਰਟੀਫਿਕੇਟ ਜਾਂ ਪਾਸਪੋਰਟ ਕੈਂਸਲ ਕਰਵਾਉਣ ਲਈ ਅਰਜ਼ੀ ਨਹੀਂ ਦੇ ਸਕਦੇ। ਅਜਿਹੀ ਹਾਲਤ ਵਿਚ ਜੇ ਤੁਹਾਨੂੰ ਭਾਰਤ ਜਾਣ ਦਾ ਵੀਜ਼ਾ, ਭਾਰਤੀ ਮੂਲ ਦੇ ਵਾਸੀ (ਪੀ ਆਈ ਓ) ਜਾਂ ਵਿਦੇਸ਼ੀ ਭਾਰਤੀ ਨਾਗਰਿਕ ਹੋਣ ਦੇ ਪ੍ਰਮਾਣ ਪੱਤਰ ਚਾਹੀਦੇ ਹੋਣ ਤਾਂ ਤੁਹਾਨੂੰ ਭਾਰਤੀ ਮੂਲ ਦੇ ਵਾਸੀ ਹੋਣ ਦੇ ਸਬੂਤ ਪੇਸ਼ ਕਰਨੇ ਹੋਣਗੇ ਜਿਵੇਂ ਕਿ ਭਾਰਤੀ ਨਾਗਰਿਕ ਰਹੇ ਹੋਣ ਦਾ ਸਰਟੀਫਿਕੇਟ, ਜਨਮ ਸਰਟੀਫੀਕੇਟ, ਜਾਇਦਾਦ ਜਾਂ ਚੁੱਲ੍ਹਾ ਟੈਕਸ ਦੀਆਂ ਰਸੀਦਾਂ।

(2) ਜੇ ਤੁਸੀਂ 31 ਮਈ 2010 ਤੋਂ ਬਾਅਦ ਵਿਦੇਸ਼ੀ ਨਾਗਰਿਕ ਬਣੇ ਹੋ ਤਾਂ ਤੁਹਾਨੂੰ ਕਾਨੂੰਨਨ ਸਪੁਰਦਗੀ (ਸੁਰੈਂਡਰ) ਸਰਟੀਫਿਕੇਟ ਲੈਣਾ ਹੋਵੇਗਾ ਜਿਸ ਦੀ ਫੀਸ 175 ਡਾਲਰ (7000 ਰੁਪਏ) ਹੈ।

ਜੇ ਸਪੁਰਦਗੀ (ਸੁਰੈਂਡਰ) ਸਰਟੀਫਿਕੇਟ ਵਾਲੀ ਗੱਲ ਤੁਹਾਡੇ 'ਤੇ ਲਾਗੂ ਹੁੰਦੀ ਹੈ ਤਾਂ ਹੇਠ ਲਿਖੇ ਅਨੁਸਾਰ ਜੁਰਮਾਨੇ ਲੱਗਣਗੇ:

> ਜੇ ਭਾਰਤ ਜਾਣ ਲਈ ਭਾਰਤੀ ਪਾਸਪੋਰਟ ਦੀ ਵਰਤੋਂ ਕੀਤੀ ਹੋਵੇ ਤਾਂ ਹਰ ਫੇਰੀ ਦੇ 250 ਡਾਲਰ (10,000 ਰੁਪਏ) ਜੁਰਮਾਨਾ ਭਰਨਾ ਪਵੇਗਾ। ਵਧ ਤੋਂ ਵਧ ਜੁਰਮਾਨਾ 1250 ਡਾਲਰ (50,000 ਰੁਪਏ) ਹੈ। (ਨਿਊ ਯਾਰਕ ਲਈ ਵੀ 1250 ਡਾਲਰ)

> ਜੇ ਵਿਦੇਸ਼ੀ ਨਾਗਰਿਕਤਾ ਲੈਣ ਪਿਛੋਂ ਤੁਸੀਂ ਆਪਣਾ ਭਾਰਤੀ ਪਾਸਪੋਰਟ ਨਵਿਆਇਆ ਹੋਵੇ ਜਾਂ ਦੁਬਾਰਾ ਜਾਰੀ ਕਰਵਾਇਆ ਹੋਵੇ ਤਾਂ ਹਰ ਕਾਰਵਾਈ ਪਿਛੇ 615 ਡਾਲਰ (25,000 ਰੁਪਏ) ਜੁਰਮਾਨਾ ਲੱਗੇਗਾ।

> ਗੁਆਚੇ ਹੋਏ, ਖਰਾਬ ਹੋਏ ਜਾਂ ਵਿਦੇਸ਼ੀ ਸਰਕਾਰ ਨੂੰ ਸੌਂਪੇ ਗਏ ਪਾਸਪੋਰਟ ਦਾ ਕੋਈ ਜੁਰਮਾਨਾ ਨਹੀਂ।

ਸਪੁਰਦਗੀ (ਸੁਰੈਂਡਰ) ਸਰਟੀਫਿਕੇਟ ਲੈਣ ਲਈ ਭਾਰਤੀ ਨਾਗਰਿਕਤਾ ਤਿਆਗਣ ਦਾ ਫਾਰਮ ਨੰਬਰ XXII, ਪਹਿਲਾਂ ਦੱਸੀਆਂ ਫੀਸਾਂ ਅਤੇ ਭਾਰਤੀ ਪਾਸਪੋਰਟ ਕੌਂਸਲਖਾਨੇ ਕੋਲ ਜਮਾਂ ਕਰਵਾਉਣੇ ਹੋਣਗੇ। ਜੇ ਪਾਸਪੋਰਟ ਗੁੰਮ ਗਿਆ, ਖਰਾਬ ਹੋ ਗਿਆ ਜਾਂ ਸਰਕਾਰ ਨੂੰ ਸੌਂਪ ਦਿੱਤਾ ਗਿਆ ਹੋਵੇ ਤਾਂ ਹੇਠ ਲਿਖੇ ਦਸਤਾਵੇਜ਼ਾਂ ਦਾ ਪ੍ਰਬੰਧ ਕਰੋ:

*ਪਾਸਪੋਰਟ ਦੇ ਵੇਰਵੇ ਜਿਵੇਂ ਪਾਸਪੋਰਟ ਨੰਬਰ, ਜਾਰੀ ਹੋਣ ਦੀ ਮਿਤੀ, ਜਾਰੀ ਹੋਣ ਦਾ ਸਥਾਨ ਆਦਿ।

* ਨੋਟਰੀ ਕੀਤਾ ਹਲਫੀਆ ਬਿਆਨ ਜਿਸ ਵਿਚ ਪਾਸਪੋਰਟ ਨਾ ਹੋਣ ਦੀ ਵਜ੍ਹਾ ਬਿਆਨ ਕੀਤੀ ਹੋਵੇ।

* ਗੁਆਚੇ ਜਾਂ ਚੋਰੀ ਹੋਏ ਪਾਸਪੋਰਟ ਦੀ ਪੁਲਿਸ ਰਿਪੋਰਟ।

* ਅਮਰੀਕੀ ਨਾਗਰਿਕਤਾ ਲੈਣ ਲੱਗਿਆਂ ਅਮਰੀਕੀ ਅਧਿਕਾਰੀਆਂ ਪਾਸ ਪੇਸ਼ ਕੀਤੇ ਦਸਤਾਵੇਜ਼ ਅਤੇ ਆਈ-130 ਤੇ ਆਈ-131 ਦਸਤਾਵੇਜ਼।

* ਭਾਰਤੀ ਪਾਸਪੋਰਟ ਦੀ ਫੋਟੋ ਕਾਪੀ।

* ਅਮਰੀਕੀ ਪਾਸਪੋਰਟ ਦੇ ਪਹਿਲੇ ਪੁਸ਼ਟੀਕਾਰਕ ਪੰਨਿਆਂ ਦੀ ਫੋਟੋ ਕਾਪੀ।

* ਅਮਰੀਕੀ ਨਾਗਰਿਕਤਾ ਸਰਟੀਫਿਕੇਟ ਦੀ ਫੋਟੋ ਕਾਪੀ।

ਹਰ ਕੌਂਸਲਖਾਨੇ ਦੀਆਂ ਆਪਣੀਆਂ ਆਪਣੀਆਂ ਮੰਗਾਂ ਹਨ, ਇਸ ਲਈ ਹੋਰ ਲੋੜੀਂਦੇ ਕਾਗਜ਼ਾਂ ਬਾਰੇ ਜਾਣਕਾਰੀ ਸਬੰਧਤ ਕੌਂਸਲਖਾਨੇ ਤੋਂ ਲਵੋ।

>ਵਾਧੂ ਜੁਰਮਾਨਿਆਂ ਤੋਂ ਬਚਣ ਲਈ ਅਮਰੀਕੀ ਨਾਗਰਿਕ ਬਣਨ ਦੇ 90 ਦਿਨਾਂ ਦੇ ਅੰਦਰ ਅੰਦਰ ਆਪਣਾ ਪਾਸਪੋਰਟ ਜਮ੍ਹਾਂ ਕਰਵਾ ਦੇਵੋ।

>ਕੈਂਸਲ ਹੋਇਆ ਪਾਸਪੋਰਟ ਤੁਹਾਨੂੰ ਸਪੁਰਦਗੀ (ਸੁਰੈਂਡਰ) ਸਰਟੀਫਿਕੇਟ ਸਮੇਤ ਮੋੜ ਦਿੱਤਾ ਜਾਵੇਗਾ। ਦੋਵੇਂ ਦਸਤਾਵੇਜ਼ ਸੰਭਾਲ ਕੇ ਰੱਖੋ।

>ਭਾਰਤ ਜਾਣ ਲਈ ਤੁਹਾਨੂੰ ਵਿਦੇਸ਼ੀ (ਅਮਰੀਕੀ) ਪਾਸਪੋਰਟ ਦੇ ਨਾਲ ਨਾਲ ਭਾਰਤੀ ਵਿਦੇਸ਼ੀ ਨਾਗਰਿਕਤਾ ਕਾਰਡ, ਭਾਰਤੀ ਮੂਲ ਦਾ ਵਿਅਕਤੀ ਕਾਰਡ (ਪੀ ਆਈ ਓ) ਜਾਂ ਵੀਜ਼ੇ ਵਿਚੋਂ ਇਕ ਦਸਤਾਵੇਜ਼ ਨਾਲ ਲਿਜਾਣਾ ਚਾਹੀਦਾ ਹੈ। ਸਪੁਰਦਗੀ (ਸੁਰੈਂਡਰ) ਸਰਟੀਫਿਕੇਟ ਜਾਂ ਕੈਂਸਲ ਹੋਇਆ ਭਾਰਤੀ ਪਾਸਪੋਰਟ ਲਿਜਾਣ ਦੀ ਲੋੜ ਨਹੀਂ।

ਜੇ ਭਾਰਤੀ ਇਮੀਗਰੇਸ਼ਨ ਅਧਿਕਾਰੀ ਨੂੰ ਪਤਾ ਲੱਗ ਗਿਆ ਕਿ ਤੁਸੀਂ ਬਿਨਾਂ ਕੈਂਸਲ ਹੋਏ ਜਾਇਜ਼ ਪਾਸਪੋਰਟ 'ਤੇ ਭਾਰਤ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਹੋ ਤਾਂ ਇਹ ਜ਼ਬਤ ਕਰ ਲਿਆ ਜਾਵੇਗਾ।

>ਜਿਨ੍ਹਾਂ ਨੇ ਪਹਿਲੇ ਨਿਯਮਾਂ ਅਨੁਸਾਰ ਸਪੁਰਦਗੀ (ਸੁਰੈਂਡਰ) ਸਰਟੀਫਿਕੇਟ ਲੈਣ ਲਈ 175 ਡਾਲਰ ਜਮ੍ਹਾਂ ਕਰਵਾ ਦਿੱਤੇ ਹਨ ਪਰ ਨਵੇਂ ਨਿਯਮਾਂ ਅਨੁਸਾਰ ਇਸਦੀ ਲੋੜ ਨਹੀਂ ਰਹੀ, ਉਨ੍ਹਾਂ ਦੇ ਪੈਸੇ ਮੋੜੇ ਨਹੀਂ ਜਾਣਗੇ। ਇਸ ਲਈ ਫੋਨ ਜਾਂ ਈ-ਮੇਲ ਕਰਨ ਦੀ ਕੋਸ਼ਿਸ਼ ਨਾ ਕਰੋ।

## ਸੰਪਾਦਕ ਦੀ ਡਾਕ

### ਕਬੱਡੀ ਖਿਡਾਰਨ ਜਸਪ੍ਰੀਤ

ਪੰਜਾਬ ਟਾਈਮਜ਼ ਵਿਚ ਆਪਣੇ ਜ਼ਮਾਨੇ ਦੀ ਨਾਮੀ ਕਬੱਡੀ ਖਿਡਾਰਨ ਜਸਪ੍ਰੀਤ ਕੌਰ ਬਾਰੇ ਪਹਿਲਾਂ ਵੀ ਪੜ੍ਹਿਆ ਹੈ ਅਤੇ ਪਿਛਲੇ ਹਫਤੇ ਸਵਰਨ ਸਿੰਘ ਟਹਿਣਾ ਦੀ ਜਸਪ੍ਰੀਤ ਕੌਰ ਨਾਲ ਮੁਲਾਕਾਤ ਵੀ ਪੜ੍ਹੀ ਹੈ। ਜਸਪ੍ਰੀਤ ਰੀੜ੍ਹ ਦੀ ਹੱਡੀ ਨੂੰ ਸੱਟ ਲੱਗ ਜਾਣ ਕਰਕੇ ਕਿੰਨੇ ਹੀ ਸਾਲਾਂ ਤੋਂ ਵੀਲ੍ਹ ਚੇਅਰ ਦਾ ਹਿੱਸਾ ਬਣ ਚੁੱਕੀ ਹੈ। ਸਵਰਨ ਸਿੰਘ ਟਹਿਣੇ ਨੇ ਸਰੀਰਕ ਅਤੇ ਆਰਥਕ ਪੱਖੋਂ ਸੰਤਾਪ ਕੱਟ ਰਹੇ ਕੁਝ ਕਲਾਕਾਰਾਂ ਬਾਰੇ ਵੀ ਲਿਖਿਆ ਸੀ ਜਿਸ ਪਿਛੋਂ ਪੰਜਾਬੀ ਪ੍ਰੇਮੀਆਂ ਨੇ ਉਨ੍ਹਾਂ ਦੀ ਮਦਦ ਵੀ ਕੀਤੀ। ਇਸ ਪੱਖੋਂ ਪੰਜਾਬ ਟਾਈਮਜ਼ ਦਾ ਇਹ ਉਦਮ ਸ਼ਲਾਘਾਯੋਗ ਹੈ।

ਵਿਦੇਸ਼ਾਂ ਵਿਚ ਅਨੇਕਾਂ ਧਾਰਮਿਕ, ਸਭਿਆਚਾਰਕ ਅਤੇ ਖੇਡ ਸੰਸਥਾਵਾਂ ਹਨ। ਜੇ ਇਨ੍ਹਾਂ ਵਿਚੋਂ ਕੁਝ ਕੁ ਸੰਸਥਾਵਾਂ ਹੀ ਅਖੌਤੀ ਸਭਿਆਚਾਰਕ ਮੇਲੇ ਕਰਵਾਉਣ ਜਾਂ ਇਕ ਦੂਜੇ ਤੋਂ ਜਿਦ ਕੇ ਖੇਡ ਮੇਲੇ ਕਰਵਾਉਣ ਦੀ ਥਾਂ ਮੁਸੀਬਤ ਮਾਰੇ ਕਲਾਕਾਰਾਂ ਤੇ ਖਿਡਾਰੀਆਂ ਦੀ ਮਦਦ ਕਰਨ ਵੱਲ ਆਪਣਾ ਧਿਆਨ ਕਰਨ ਤਾਂ ਇਹ ਬਹੁਤ ਵੱਡੇ ਭਲੇ ਦਾ ਕੰਮ ਹੋਵੇਗਾ। ਮੈਂ ਸਮਝਦਾ ਹਾਂ ਕਿ ਰੀੜ੍ਹ ਦੀ ਹੱਡੀ 'ਤੇ ਸੱਟ ਲੱਗਣ ਕਰਕੇ ਅਪਾਹਜ ਹੋਈ ਜਸਪ੍ਰੀਤ ਦੀ ਮਦਦ ਕੀਤੀ ਜਾਣੀ ਚਾਹੀਦੀ ਹੈ। ਜਦੋਂ ਕਿਸੇ ਇਕ ਸੰਸਥਾ ਨਾਲ ਜੁੜਿਆ ਕੋਈ ਬੰਦਾ ਇਕੱਲਾਕਾਰਾ ਇਸ ਬਾਰੇ ਕੋਈ ਗੱਲ ਕਰਦਾ ਹੈ ਤਾਂ ਉਸ ਦੀ ਗੱਲ ਨੂੰ ਅਣਗੌਲਿਆਂ ਕਰ ਦਿੱਤਾ ਜਾਂਦਾ ਹੈ। ਕਿਸੇ ਇਕ ਕਮੇਟੀ ਵਲੋਂ ਥੋੜ੍ਹੇ ਥੋੜ੍ਹੇ ਪੈਸੇ ਇਕੱਠੇ ਕਰਕੇ ਕਿਸੇ ਖਿਡਾਰੀ ਜਾਂ ਕਲਾਕਾਰ ਦੀ ਮਦਦ ਕੀਤੀ ਜਾ ਸਕਦੀ ਹੈ। ਮੁਸੀਬਤ ਕਿਸੇ 'ਤੇ ਵੀ ਆ ਸਕਦੀ ਹੈ ਅਤੇ ਚੰਗੀ ਗੱਲ ਇਹੋ ਹੈ ਕਿ ਅਸੀਂ ਸਾਰੇ ਰਲ ਕੇ ਉਨ੍ਹਾਂ ਦੀ ਮਦਦ ਕਰੀਏ।

*-ਅਜਮੇਰ ਸਿੰਘ ਪੰਨੂ, ਸ਼ਿਕਾਗੋ*

### ਹਰਿਮੰਦਰ ਸਾਹਿਬ ਦੀ ਤਸਵੀਰ

ਸੰਪਾਦਕ ਜੀਓ,

ਕਈ ਵੇਰ ਸਾਡੇ ਆਸ ਪਾਸ ਕੁਝ ਅਜਿਹਾ ਵਾਪਰ ਰਿਹਾ ਹੁੰਦਾ ਹੈ ਕਿ ਸਾਨੂੰ ਪਤਾ ਹੀ ਨਹੀਂ ਲਗਦਾ ਜਾਂ ਕਹਿ ਲਵੋ ਕਿ ਅਸੀਂ ਆਪਣੇ ਰੋਜ਼ਾਨਾ ਕੰਮਾਂ-ਕਾਰਾਂ ਵਿਚ ਇੰਨੇ ਮਸਤ ਹੋ ਜਾਂਦੇ ਹਾਂ ਕਿ ਸਾਨੂੰ ਆਸੇ-ਪਾਸੇ ਦਾ ਖਿਆਲ ਹੀ ਨਹੀਂ ਰਹਿੰਦਾ। ਅੱਜ ਪੰਜਾਬ ਟਾਈਮਜ਼ ਰਾਹੀਂ ਮੈਂ ਕੁਝ ਅਜਿਹੀ ਹੀ ਚਰਚਾ ਇੱਕ ਗੱਲ ਬਾਰੇ ਕਰਨ ਲੱਗਾ ਹਾਂ।

ਸ੍ਰੀ ਹਰਿਮੰਦਰ ਸਾਹਿਬ ਸਿੱਖਾਂ ਦਾ ਸਭ ਤੋਂ ਵੱਡਾ ਤੇ ਪਵਿੱਤਰ ਸਥਾਨ ਹੈ। ਇਕੱਲੇ ਸਿੱਖ ਸ਼ਰਧਾਲੂ ਹੀ ਨਹੀਂ ਬਲਕਿ ਦੇਸ਼ ਭਰ ਤੋਂ ਅਨੇਕਾਂ ਧਰਮਾਂ ਦੇ ਲੋਕ ਇਸ ਸਥਾਨ ਪ੍ਰਤੀ ਅਥਾਹ ਸ਼ਰਧਾ ਰੱਖਦੇ ਹਨ। ਪਰ ਪਿਛਲੇ ਹਫਤੇ ਜਦ ਮੈਂ ਆਪਣੀ ਅਪਾਰਟਮੈਂਟ ਦੇ ਕੂੜਾਦਾਨ ਵਿਚ ਕੂੜਾ ਸੁੱਟਣ ਲੱਗਾ ਤਾਂ ਅਚਾਨਕ ਹੀ ਮੇਰੀ ਨਜ਼ਰ ਹਰਿਮੰਦਰ ਸਾਹਿਬ ਦੀ ਇੱਕ ਤਸਵੀਰ ਉਪਰ ਪਈ। ਆਪਣਾ ਹਥਲਾ ਕੰਮ ਵਿਚੇ ਛੱਡ ਕੇ ਮੈਂ ਪਹਿਲਾਂ ਉਸ ਤਸਵੀਰ ਨੂੰ ਕੱਢ ਕੇ ਸਾਫ ਕੀਤਾ ਤੇ ਘਰ ਲਿਆਇਆ। ਜਦ ਮੈਂ ਧਿਆਨ ਨਾਲ ਵੇਖਿਆ ਤਾਂ ਪਤਾ ਲੱਗਾ ਕੇ ਅਸਲ ਵਿਚ ਇਹ ਕੋਈ ਤਸਵੀਰ ਨਹੀਂ ਬਲਕਿ ਇੱਕ ਆਟੇ ਦਾ ਥੈਲਾ ਹੈ ਜਿਸ ਦਾ ਨਾਂ 'ਗੋਲਡਨ ਟੈਂਪਲ' ਆਟਾ ਹੈ ਤੇ ਇਸੇ ਲਈ ਕੰਪਨੀ ਵਾਲਿਆਂ ਨੇ ਆਪਣੇ ਆਟੇ ਦੇ ਬੋਰੇ ਉਪਰ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਲਾਈ ਹੋਈ ਹੈ। ਅਜਿਹਾ ਦੇਖ ਕੇ ਮਨ ਨੂੰ ਠੇਸ ਪਹੁੰਚੀ ਤੇ ਥੈਲੇ ਤੇ ਲਿਖੇ ਨੰਬਰ ਤੇ ਗੱਲ ਕਰਨੀ ਚਾਹੀ ਪਰ ਅੱਗੋਂ ਕਿਸੇ ਨੇ ਜਵਾਬ ਨਹੀਂ ਦਿੱਤਾ। ਅਜਿਹਾ ਪਹਿਲੀ ਵਾਰ ਨਹੀਂ ਹੋਇਆ। ਪਹਿਲਾਂ ਵੀ ਇੱਕ ਵਾਰ ਅਖਬਾਰਾਂ 'ਚ ਗੁਰੂ ਸਹਿਬਾਨ ਦੀਆਂ ਤਸਵੀਰਾਂ ਨਾ ਛਾਪਣ ਸਬੰਧੀ ਬਹਿਸ ਚੱਲੀ ਸੀ ਕਿ ਲੋਕ ਅਖਬਾਰਾਂ ਦੀ ਸੰਭਾਲ ਨਹੀਂ ਕਰਦੇ ਤੇ ਗੁਰੂ ਸਹਿਬਾਨ ਦੀਆਂ ਤਸਵੀਰਾਂ ਦਾ ਅਪਮਾਨ ਕਰ ਦਿੰਦੇ ਹਨ। ਸੋ, ਮੇਰੀ ਬੇਨਤੀ ਹੈ ਕਿ ਆਪਾਂ ਗੁਰੂ ਸਹਿਬਾਨ ਤੇ ਗੁਰੂ ਘਰਾਂ ਦੀ ਅਜਿਹੀ ਬੇਅਦਬੀ ਨਾ ਹੋਣ ਦੇਈਏ।

*-ਡਾ. ਹਨੀ ਸ਼ੇਰਗਿੱਲ, ਸੈਕਰਾਮੈਂਟੋ*

---

### ਪਾਲਕ ਦਾ ਬੂਟਾ

ਕਹਾਣੀ ਪਾਲਕ ਦਾ ਬੂਟਾ ਪੜ੍ਹ ਕੇ ਫਿਰ ਉਹ ਅੱਸੀਵਿਆਂ ਦੇ ਦਹਿਸ਼ਤ ਭਰੇ ਦਿਨਾਂ ਦੀ ਯਾਦ ਤਾਜ਼ਾ ਹੋ ਗਈ। ਖੈਰ ਮੰਗਦੇ ਹਾਂ ਕਿ ਉਹ ਕਾਲੇ ਦਿਨ ਮੁੜ ਕਦੇ ਪੰਜਾਬ 'ਤੇ ਨਾ ਆਉਣ। ਇਹ ਕਹਾਣੀ ਪੜ੍ਹ ਕੇ ਸੋਚ ਆਉਂਦੀ ਹੈ ਕਿ ਦਲਬੀਰ ਚੇਤਨ ਦੀਆਂ ਕਹਾਣੀਆਂ ਦੇ ਪਾਤਰ ਆਪਣੇ ਸਾਥੀ ਜਾਂ ਮਹਿਬੂਬ ਦੇ ਮੋਢੇ ਉਤੇ ਸਿਰ ਸੁੱਟ ਕੇ ਮਨ ਹੌਲਾ ਕਰ ਲੈਂਦੇ ਹਨ ਪਰ ਪਾਠਕ ਕਿਸ ਦੇ ਮੋਢੇ ਉਤੇ ਆਪਣਾ ਸਿਰ ਸੁੱਟ ਕੇ ਦਿਲ ਹੌਲਾ ਕਰਨ? ਇਹ ਕਹਾਣੀ ਪੜ੍ਹਨ ਪਿਛੋਂ ਸੱਚਮੁੱਚ ਮੈਨੂੰ ਦੋ ਦਿਨ ਨੀਂਦ ਨਹੀਂ ਆਈ।

*ਸ਼ੁਭਚਿੰਤਕ*

*-ਪਰਸ਼ਿੰਦਰ ਸਿੰਘ, ਟੈਕਸਸ*

# ਚਰਿਤਰੋਪਾਖਿਆਨ ਬਾਰੇ ਵਿਵਾਦ

ਪਿਛਲੇ ਕੁਝ ਸਾਲਾਂ ਤੋਂ ਸਿੱਖ ਜਗਤ ਵਿਚ ਦਸਮ ਗ੍ਰੰਥ ਬੜੀ ਭਖਵੀਂ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ। ਚਰਿਤਰੋਪਾਖਿਆਨ ਅਧਿਆਏ ਨੂੰ ਲੈ ਕੇ ਬਹੁਤ ਸਾਰੇ ਵਿਦਵਾਨਾਂ ਨੇ ਇਸ ਦੇ ਗੁਰੂ ਗੋਬਿੰਦ ਸਿੰਘ ਦੀ ਬਾਣੀ ਹੋਣ ਬਾਰੇ ਸ਼ੰਕੇ ਜਾਹਰ ਕੀਤੇ ਹਨ। ਕਈਆਂ ਨੇ ਤਾਂ ਕੁਝ ਕੁ ਹਿੱਸੇ ਛੱਡ ਕੇ ਸਮੂਚੇ ਗ੍ਰੰਥ ਨੂੰ ਹੀ ਗੁਰੂ ਜੀ ਦੀ ਰਚਨਾ ਮੰਨਣ ਤੋਂ ਇਨਕਾਰ ਕੀਤਾ ਹੈ। ਇਨ੍ਹਾਂ ਸਭ ਵਿਦਵਾਨਾਂ ਦੀਆਂ ਲਿਖ਼ਤਾਂ ਤੇ ਦਲੀਲਾਂ ਪੜ੍ਹ ਕੇ ਲਗਦਾ ਹੈ ਕਿ ਇਹ "ਖੋਜ ਸਬਦ ਮਹਿ ਲੇਹਿ" ਦੇ ਤੁਕਾਂਤ ਅਨੁਸਾਰ ਅਮਲ ਨਾ ਕਰਕੇ ਦਸਮ-ਬਾਣੀ ਨੰ ਆਪਣੀ ਪਸੰਦ ਅਨੁਸਾਰ ਹੀ ਪਰਖ ਰਹੇ ਹਨ। ਇੰਜ ਵੀ ਲਗਦਾ ਹੈ ਜਿਵੇਂ ਕਈ ਵਿਦਵਾਨ ਤਾਂ ਗੁਰੂ ਸਾਹਿਬ ਪ੍ਰਤਿ ਸਤਿਕਾਰ ਤੇ ਸ਼ਰਧਾਵਸ ਪੂਰੇ ਸਿੱਖ ਇਤਿਹਾਸ ਤੇ ਇਸ ਵਿਚ ਉਨ੍ਹਾਂ ਦੇ ਕਿਰਦਾਰ ਨੂੰ ਹੀ ਮੁੜ ਸਿਰਜਣਾ ਚਾਹੁੰਦੇ ਹੋਣ। ਇਨ੍ਹਾਂ ਦੇ ਬੇਲੋੜੀ ਸਮਗਰੀ ਨਾਲ ਲੱਦੇ ਲੰਮੇ ਲੰਮੇ ਲੇਖਾਂ ਨੇ ਇਸ ਮਸਲੇ ਨੂੰ ਸੁਲਝਾਉਣ ਦੀ ਬਜਾਏ ਉਲਝਾਈ ਬਹੁਤਾ ਰਖਿਆ ਹੈ।

ਪਰ 11 ਸਤੰਬਰ ਨੂੰ ਪੰਜਾਬ ਟਾਈਮਜ਼ ਵਿਚ ਛਪੇ ਡਾ. ਹਰਭਜਨ ਸਿੰਘ ਦੇ ਤਰਕ ਸੰਗਤ ਲੇਖ "ਚਰਿਤਰੋਪਾਖਿਆਨ ਦੀ ਅਨੂਪ ਕੌਰ: ਅਸਲ ਕਹਾਣੀ, ਅਸਲ ਸੰਦੇਸ਼" ਨੇ ਇਸ ਬਹਿਸ ਨੂੰ ਲਗਭਗ ਨਬੇੜ ਹੀ ਦਿਤਾ ਹੈ। ਉਹ ਇਹ ਸਿੱਧ ਕਰ ਦੇਂਦੇ ਹਨ ਕਿ ਇਸ ਅਧਿਆਏ ਦੇ ਨਾਇਕ ਤੇ ਰਚੈਤਾ ਅਨੰਦਪੁਰ ਦੇ ਰਾਏ ਖ਼ੁਦ ਦਸਮੇਸ਼ ਪਿਤਾ ਜੀ ਹੀ ਸਨ।

ਚਰਿਤਰੋਪਾਖਿਆਨ ਦੀ ਰੌਚਿਕ ਘਟਨਾ ਦਸਦੀ ਹੈ ਕਿ ਕਿਵੇਂ ਗੁਰੂ ਸਾਹਿਬ ਨੇ ਆਪਣੀ ਇਕ ਸ਼ਰਧਾਲੂ ਅਖਵਾਉਂਦੀ ਨੌਜਵਾਨ ਮਹਿਲਾ ਦੇ ਦਿਲੋਂ ਕਾਮਾਤੁਰ ਪ੍ਰੇਮ ਦਾ ਜਨੂੰਨ ਉਤਾਰ ਕੇ ਉਸ ਦਾ ਉਧ੍ਹਾਰ ਕੀਤਾ ਤੇ ਕਿਵੇਂ ਉਸਨੂੰ ਨਾਟਕੀ ਢੰਗ ਨਾਲ ਗੁਰਸਿਖੀ ਦੀ ਮੁੱਖ ਧਾਰਾ ਨਾਲ ਜੋੜਿਆ। ਇਕ ਸੱਚੇ ਗੁਰੂ ਵਾਂਗ ਇਸ ਅਤਿ-ਸਿੱਖਿਆਦਾਇਕ ਕੰਮ ਨੂੰ ਅੰਜਾਮ ਦੇਣ ਲਈ ਜੇ ਉਨ੍ਹਾਂ ਨੂੰ ਬੁਰੇ ਦੇ ਘਰ ਤੀਕਰ ਵੀ ਜਾਣਾ ਪਿਆ ਤਾਂ ਉਹ ਗਏ। ਹੰਕਾਰੀ ਮਹਿਲਾ ਦੇ ਘਰ ਜਾ ਕੇ ਉਸ ਦਾ ਘਮੰਡ ਤੋੜਨਾ ਜਰੂਰੀ ਬਣ ਗਿਆ ਸੀ ਕਿਉਂਕਿ ਉਸ ਨੇ ਗੁਰੂ ਜੀ ਨੂੰ ਉਹ ਮੰਤਰ ਸਿਖਾਉਣ ਦਾ ਨਿਹੋਰਾ ਮਰਿਆ ਸੀ ਜਿਸ ਦੀ ਉਹ ਕਥਿਤ ਤੌਰ 'ਤੇ ਭਾਲ ਕਰ ਰਹੇ ਸਨ। ਉਸ ਨੂੰ ਇਹ ਦਸਣਾ ਜਰੂਰੀ ਬਣਦਾ ਸੀ ਕਿ ਗੁਰੂ ਨਾਨਕ ਦੇ ਸਿੱਖੀ ਮੰਤਰ, ਜੋ ਉਨ੍ਹਾਂ ਨੂੰ ਵਿਰਾਸਤ ਵਿਚ ਮਿਲਿਆ ਹੋਇਆ ਸੀ, ਉਤੇ ਕੋਈ ਹੋਰ ਮੰਤਰ ਨਹੀਂ ਚਲਦਾ। ਇਸ ਲਈ ਉਸ ਮਹਿਲਾ ਦੀ ਇੱਜ਼ਤ ਆਬਰੂ ਅਤੇ ਖੁਦ ਆਪਣੇ ਰੁਤਬੇ ਦਾ ਖਿਆਲ ਰਖ ਕੇ ਗੁਰੂ ਜੀ ਰਾਤ ਵੇਲੇ ਚੋਲਾ ਪਹਿਨ ਕੇ ਉਸ ਦੇ ਘਰ ਗਏ। ਉਹ ਆਪਣੀ ਨਿਜੀ ਚਾਦਰ ਵੀ ਨਾਲ ਲੈ ਕੇ ਗਏ ਤਾਂ ਜੋ ਉਸ ਕਾਮਗ੍ਰਸਤ ਮਹਿਲਾ ਵਲੋਂ ਪੇਸ਼ ਕੀਤੇ ਕਿਸੇ ਆਸਣ 'ਤੇ ਬੈਠਣਾ ਨਾ ਪਵੇ।

ਇਸ ਕਥਾ ਵਿਚ ਇਕ ਲੰਮੇ ਸੰਵਾਦ ਦਾ ਵਰਨਣ ਹੈ ਜਿਸ ਰਾਹੀਂ ਗੁਰੂ ਸਾਹਿਬ ਨੇ ਕਾਮਾਤੁਰ ਮਹਿਲਾ ਦੀਆਂ ਨਿਮਨ-ਜਜ਼ਬਾਤੀ ਯਾਚਨਾਵਾਂ ਦੇ ਮਰਿਆਦਾਪੂਰਵਕ ਉਤਰ ਦੇ ਕੇ ਉਸ ਨੂੰ ਬੁਲੰਦ ਨੈਤਿਕ ਕਦਰਾਂ ਵਲ ਪ੍ਰੇਰਨ ਦੀ ਕੋਸ਼ਿਸ ਕੀਤੀ। ਇਸ ਦੌਰਾਨ ਗੁਰੂ ਸਾਹਿਬ ਦੀਆਂ ਅਕੱਟ ਦਲੀਲਾਂ ਰਾਹੀਂ ਮੁਰਸ਼ਿਤ ਹੋਈ ਉਸ ਮਹਿਲਾ ਨੇ ਘਿਨਾਉਣੇ ਤ੍ਰੀਆਚ੍ਰਿਤਰ ਦਾ ਰਾਹ ਅਪਨਾ ਕੇ ਉਨ੍ਹਾਂ ਨੂੰ ਅਪਮਾਨਿਤ ਕਰਨ ਦੀ ਕੋਸ਼ਿਸ ਕੀਤੀ। ਪ੍ਰੰਤੂ ਸਰਬਕਲਾ ਸਮਰਥ ਗੁਰੂ ਜੀ ਨੇ ਕੌਤਕ ਖੇਡ ਕੇ ਉਸ ਦਾ ਇਹ ਚਕਰਵਿਊਹ ਸਫਲਤਾਪੂਰਵਕ ਪਛਾੜ ਦਿਤਾ। ਅਗਲੇ ਦਿਨ ਉਸ ਔਰਤ ਨੂੰ ਦਰਬਾਰ ਵਿਚ ਸੱਦ ਕੇ ਆਦਰਸ਼ ਸ਼ਿਸਟਾਚਾਰੀ ਨੇਮਾਂ ਦਾ ਪਾਲਣ ਕਰਦਿਆਂ ਗੁਰੂ ਸਾਹਿਬ ਨੇ ਪਹਿਲਾਂ ਉਸ ਅਗੇ ਲੰਘੀ ਰਾਤ ਦੀਆਂ ਘਟਨਾਵਾਂ ਦਾ ਖੇਦ ਪਰਗਟ ਕੀਤਾ ਤੇ ਫਿਰ ਸਿਖਿਆ ਦਾ ਅਮਲ ਪੂਰਾ ਕਰ ਕੇ ਉਸ ਨੂੰ ਪੂਰੇ ਤੌਰ ਤੇ ਗੁਰੂ ਘਰ ਨਾਲ ਜੋੜਿਆ।

ਇਸ ਬਿਰਤਾਂਤ ਤੋਂ ਪਤਾ ਲਗਦਾ ਹੈ ਕਿ ਦਸਮ ਗੁਰੂ ਇਕ ਫ਼ੌਲਾਦੀ ਯੋਧੇ ਤੇ ਪ੍ਰਤਿਭਾਵਾਨ ਕਵੀ ਹੀ ਨਹੀਂ ਸਗੋਂ ਚੱਟਾਨੀ ਇਖ਼ਲਾਕ ਦੇ ਮਾਲਕ ਵੀ ਸਨ। ਜਿਸ ਕਾਮ ਸ਼ਤਰੂ ਅਗੇ ਇਤਿਹਾਸਿਕ ਤਾਂ ਕੀ ਬੜੇ ਬੜੇ ਮਿਥਿਹਾਸਿਕ ਯੋਧਾ ਵੀ ਗੋਡੇ ਟੇਕ ਗਏ, ਗੁਰੂ ਜੀ ਨੇ ਉਸ ਨੂੰ ਸਹਿਜ ਸੁਭਾਅ ਹੀ ਪਰਾਜਿਤ ਕਰ ਦਿਤਾ। ਅਜਿਹੇ ਅਦੁਤੀ ਇਖ਼ਲਾਕ ਦੀ ਉਦਾਹਰਨ ਹਿੰਦੋਸਤਾਨ ਤਾਂ ਕੀ ਦੁਨੀਆਂ ਦੇ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ।

ਕਈ ਵਿਦਵਾਨ ਇਸ ਬਿਰਤਾਂਤ ਦੇ ਮਜ਼ਮੂਨ ਤੇ ਸ਼ਬਦਾਵਲੀ ਨੂੰ ਸ਼ਰਮਨਾਕ ਕਰਾਰ ਦਿੰਦਿਆਂ ਇਸ ਨੂੰ ਗੁਰੂ ਸਾਹਿਬ ਦੀ ਰਚਨਾ ਹੀ ਨਹੀਂ ਮੰਨਦੇ। ਸ਼ਾਇਦ ਉਹ ਇਸ ਕ੍ਰਿਤ ਨੂੰ ਅਜੋਕੇ ਯੁਗ ਦੇ ਲੱਚਰ ਗੀਤਾਂ ਦੁਆਰਾ ਪ੍ਰਭਾਵਿਤ ਗੰਧਲੇ ਨੈਤਿਕ ਮਿਆਰਾਂ ਰਾਹੀਂ ਨਿਹਾਰਦੇ ਹਨ। ਬੜਾ ਔਖਾ ਕੰਮ ਹੈ ਕਿਸੇ ਡਿਗੇ ਹੋਏ ਨੂੰ ਸਹਾਰਾ ਦੇ ਕੇ ਖੜਾ ਕਰਨਾ ਤੇ ਸਿਰ ਉਚਾ ਕਰ ਕੇ ਚਲਣ ਦੀ ਜਾਚ ਸਿਖਾਉਣਾ। ਸ਼ਇਦ ਅਜਿਹੇ ਵਿਦਵਾਨਾਂ ਦੇ ਅਨੁਭਵ ਵਿਚ ਕਦੇ ਅਜਿਹਾ ਕਰਨ, ਵੇਖਣ ਜਾਂ ਸੁਣਨ ਨੂੰ ਨਾ ਆਇਆ ਹੋਵੇ ਕਿ ਚਿੱਕੜ ਵਿਚ ਡਿਗੇ ਨੂੰ ਚਿੱਕੜ ਵਿਚ ਵੜ ਕੇ ਹੀ ਬਾਹਰ ਕੱਢਿਆ ਜਾਂਦਾ ਹੈ। ਸ਼ਾਇਦ ਇਸੇ ਕਰਕੇ ਉਹ ਸੋਚ ਦੇ ਘੋੜੇ ਇੱਧਰ ਉਧਰ ਦੁੜਾਉਂਦੇ ਫਿਰਦੇ ਹਨ। ਅਜਿਹੇ ਵਿਦਵਾਨਾਂ ਲਈ ਇਹੀ ਠੀਕ ਹੈ ਕਿ ਉਹ ਗੁਰੂ ਸਾਹਿਬ ਦੇ ਬਹੁਪੱਖੀ ਵਿਅਕਤਿਤਵ ਨੂੰ ਸਵੀਕਾਰਦੇ ਹੋਏ ਉਨ੍ਹਾਂ ਦੀਆਂ ਰਚਨਾਵਾਂ ਦੀ ਵਿਭਿੰਨਤਾ ਨੂੰ ਸਮਝਣ ਅਤੇ ਇਤਿਹਾਸ ਉਤੇ ਆਪਣੀ ਨਿਆਇਧੀਸ਼ੀ ਨਾ ਕਰਨ।

ਕਈ ਵਿਦਵਾਨ ਇਸ ਗੱਲ 'ਤੇ ਹੀ ਅਟਕ ਜਾਂਦੇ ਹਨ ਕਿ ਚਰਿਤਰੋਪਾਖਿਆਨ ਦੇ ਕੌਤਕ ਦੌਰਾਨ ਗੁਰੂ ਜੀ ਨੇ ਜਿਸ ਆਦਮੀ ਦੀ ਪਗੜੀ ਉਤਾਰੀ ਉਹ ਮੇਜ਼ਬਾਨ ਮਹਿਲਾ ਦਾ ਭਰਾ ਨਹੀਂ ਸੀ ਕੋਈ ਹੋਰ ਸੀ। ਪੱਗੜੀ ਕਿਸੇ ਦੀ ਵੀ ਲੱਥੀ ਹੋਵੇ ਗੱਲ ਤਾਂ ਗੁਰੂ ਜੀ ਦੇ ਕਸੂਤੀ ਸਥਿਤੀ ਵਿਚੋਂ ਸਫਲਤਾਪੂਰਵਕ ਬਚ ਨਿਕਲਣ ਦੀ ਹੈ। ਕੀ ਅਜਿਹੇ ਨਿੱਕੇ ਵੇਰਵੇ ਦੇ ਹੇਰ ਫੇਰ ਨਾਲ ਸਮੂਚੇ ਬਿਰਤਾਂਤ ਦੇ ਮੰਤਵ ਵਿਚ ਕੋਈ ਫ਼ਰਕ ਪੈਂਦਾ ਹੈ?

ਕਈ ਵਿਦਵਾਨਾਂ ਦਾ ਇਤਰਾਜ਼ ਹੈ ਕਿ ਉਨ੍ਹਾਂ ਨੂੰ ਡਾ. ਹਰਭਜਨ ਸਿੰਘ ਦੇ ਲੇਖ ਵਿਚ ਗੁਰੂ ਜੀ ਝੂਠ ਬੋਲਦੇ ਨਜ਼ਰ ਆਉਂਦੇ ਹਨ। ਅਜਿਹੇ ਵਿਦਵਾਨ ਆਪਣੇ ਵਿਚਾਰਾਂ ਦੀ ਸੰਕੀਰਣਤਾ ਕਾਰਨ ਗੁਰੂ ਜੀ ਦੇ ਕੌਤਕ ਨੂੰ ਉਨ੍ਹਾਂ ਦੇ ਮੰਤਵ ਤੋਂ ਵੱਖ ਕਰ ਕੇ ਦੇਖਦੇ ਹਨ ਅਤੇ ਇਸ ਘਟਨਾ ਦੇ ਵਿਰਾਟ ਪਰਿਪੇਖ ਨੂੰ ਨਜ਼ਰਅੰਦਾਜ਼ ਕਰਨ ਦੀ ਗਲਤੀ ਕਰਦੇ ਹਨ। ਇਦਾਂ ਤਾਂ ਖ਼ਾਲਸੇ ਦੀ ਸਿਰਜਣਾ ਲਈ ਕੀਤੇ ਕੌਤਕ ਵੇਲੇ ਵੀ ਗੁਰੂ ਸਾਹਿਬ ਨੇ ਲਹੂ ਭਿੱਜੀ ਸ੍ਰੀ ਸਾਹਿਬ ਵਿਖਾ ਕੇ ਸਿੱਖਾਂ ਦੇ ਸਿਰ ਦੀ ਬਲੀ ਲੈਣ ਦੀ ਗੱਲ ਦਸੀ ਸੀ। ਬਾਦ ਵਿਚ ਉਨ੍ਹਾਂ ਨੇ ਇਹੀ ਸਿੱਖ ਜਿਉਂਦੇ ਦਰਬਾਰ ਵਿਚ ਪੇਸ਼ ਕੀਤੇ ਸਨ ਤੇ ਪੰਜ ਪਿਆਰੇ ਸਜਾਏ ਸਨ। ਚਮਕੌਰ ਦੀ ਗੜ੍ਹੀ ਤੋਂ ਅਲੋਪ ਹੋਣ ਵੇਲੇ ਵੀ ਉਨ੍ਹਾਂ ਨੇ ਨੀਲ ਵਸਤਰ ਧਾਰਨ ਕਰਕੇ ਤੇ "ਉਚ ਦਾ ਪੀਰ" ਸਦਾ ਕੇ ਮੁਗਲ ਫੌਜਾਂ ਦੇ ਘੇਰੇ 'ਚੋਂ ਨਿਕਲਣ ਦਾ ਕੌਤਕ ਕੀਤਾ ਸੀ। ਇਨ੍ਹਾਂ ਵਰਤਾਰਿਆਂ ਨੂੰ ਤਾਂ ਇਹ ਵਿਦਵਾਨ ਕਦੇ "ਝੂਠ" ਨਹੀ ਗਰਦਾਨਦੇ। ਸੱਚ ਝੂਠ ਦਾ ਇਨ੍ਹਾਂ ਦਾ ਕੀ ਤਰਕ ਹੈ, ਇਹੀ ਜਾਨਣ। ਪਰ ਇਕ ਗੱਲ ਇਹ ਵਿਦਵਾਨ ਜਰੂਰ ਜਾਣ ਲੈਣ ਕਿ ਗੁਰੂ ਸਾਹਿਬ ਇਕ ਸ਼ਹਿਨਸ਼ਾਹ ਦੀ ਹੈਸੀਅਤ ਰਖਦੇ ਸਨ। ਇਹ ਗੱਲ ਜ਼ਫ਼ਰਨਾਮੇ ਦੇ ਪ੍ਰੋਟੋਕੋਲ ਤੋਂ ਵੀ ਭਲੀ ਭਾਂਤੀ ਜਾਹਰ ਹੁੰਦੀ ਹੈ। ਸਭ ਸ਼ਹਿਨਸ਼ਾਹ ਦੁਨਿਆਵੀ ਨੈਤਿਕ ਮਿਆਰਾਂ ਤੋਂ ਉਪਰ ਸਮਝੇ ਜਾਂਦੇ ਸਨ; ਉਹ ਸੱਚ ਝੂਠ ਦੇ ਤਰਾਜੂ ਵਿਚ ਨਹੀਂ ਸਨ ਤੋਲੇ ਜਾਂਦੇ। ਸਰਬੱਤ ਦਾ ਕਲਿਆਣ ਹੀ ਉਨ੍ਹਾਂ ਦੀ ਨੈਤਿਕਤਾ ਹੁੰਦੀ ਸੀ। ਸਰਬੱਤ-ਕਲਿਆਣ ਹਿੱਤ ਬੋਲਿਆ ਉਨ੍ਹਾਂ ਦਾ ਝੂਠ ਵੀ ਸੱਚ ਦਾ ਹੀ ਦਰਜਾ ਰਖਦਾ ਸੀ।

ਕਈ ਵਿਦਵਾਨ ਗੁਰੂ ਸਾਹਿਬ ਵਲੋਂ ਕੀਤੇ ਕੌਤਕਾਂ ਨੂੰ ਹੀ ਤੱਥ-ਪੂਰਵਕ ਤੇ ਤਰਕ-ਸੰਗਤ ਨਹੀਂ ਮੰਨਦੇ। ਉਹ ਸਮਝਦੇ ਹਨ ਕਿ ਇਹ ਮਿਥਿਹਾਸ ਹਨ। ਉਹ ਭੁਲ ਜਾਂਦੇ ਹਨ ਕਿ ਕੌਤਕ ਤਾਂ ਸਿੱਖਿਆ ਦਾ ਅਟੁੱਟ ਮਾਧਿਅਮ ਹੁੰਦੇ ਹਨ। ਇਹ ਵਿਗਿਆਨਕ ਪ੍ਰੀਖਣਾਂ ਵਾਂਗ ਸਿੱਖਿਆ ਦਾ ਕੰਮ ਆਸਾਨ ਕਰਦੇ ਹਨ ਅਤੇ ਸਿੱਖਿਅਕ ਦਾ ਸੁਨੇਹਾ ਸਰਲ ਰੂਪ ਵਿਚ ਸਿੱਖ ਦੇ ਮਨ ਤਕ ਪਹੁੰਚਾਉਂਦੇ ਹਨ। ਜਦੋਂ ਬਾਕੀ ਢੰਗ ਨਾਕਾਮਯਾਬ ਹੋ ਜਾਣ ਕੌਤਕ ਹੀ ਕਾਰਗਾਰ ਸਿੱਧ ਹੁੰਦੇ ਹਨ। ਸਿੱਖ ਇਤਿਹਾਸ ਵਿਚ ਗੁਰੂ ਸਾਹਿਬਾਨ ਵਲੋਂ ਗੁੰਝਲਦਾਰ ਮੁੱਦੇ ਕੌਤਕਾਂ ਰਾਹੀਂ ਸਮਝਾਏ ਜਾਣ ਦੀ ਲੰਮੀ ਪਰੰਪਰਾ ਹੈ। ਗੁਰੂ ਨਾਨਕ ਦੇਵ ਨੇ ਸੁਲਤਾਨਪੁਰ ਲੋਧੀ ਵਿਖੇ ਮਲਿਕ ਭਾਗੋ ਨੂੰ, ਮੱਕੇ ਵਿਚ ਮੁਸਲਮਾਨਾਂ ਨੂੰ ਤੇ ਹਰਿਦੁਆਰ ਵਿਚ ਪਾਂਡਿਆਂ ਨੂੰ ਕੌਤਕਾਂ ਰਾਹੀਂ ਹੀ ਤਾਂ ਆਪਣੀ ਗੱਲ ਸਮਝਾਈ ਸੀ।

ਬਹੁਤ ਸਾਰੇ ਵਿਦਵਾਨਾਂ ਨੂੰ ਚਰਿਤਰੋਪਾਖਿਆਨ ਦੇ ਅਧਿਆਏ ਪਿੱਛੇ ਕਿਸੇ ਹਿੰਦੂ ਜਾਂ ਬ੍ਰਾਹਮਣਵਾਦ ਦੀ ਚਾਲ ਨਜ਼ਰ ਆਉਂਦੀ ਹੈ। ਪਰ ਉਹ ਇਹ ਨਹੀਂ ਵਿਚਾਰਦੇ ਕਿ ਅੱਵਲ ਤਾਂ ਇਸ ਵਿਚ ਕਿਸੇ ਹਿੰਦੂ ਦਾ ਹੱਥ ਹੋ ਹੀ ਨਹੀਂ ਸਕਦਾ ਕਿਉਂਕਿ ਛੜਯੰਤਰ ਕਰਨ ਵਾਲੇ ਹਿੰਦੂ ਨੇ ਤਾਂ ਗੁਰੂ ਸਾਹਿਬ ਦੀ ਛਵੀ ਵਿਗਾੜ ਕੇ ਪੇਸ਼ ਕਰਨੀ ਸੀ। ਪਰ ਜੇ ਮੰਨ ਵੀ ਲਿਆ ਜਾਵੇ ਕਿ ਇਹ ਕਿਸੇ ਹਿੰਦੂ ਦੀ ਰਚਨਾ ਹੈ ਤਾਂ ਇਸ ਪ੍ਰਸੰਗ ਵਿਚ ਤਾਂ ਉਸ ਨੇ ਗੁਰੂ ਸਾਹਿਬ ਦੇ ਉਚ ਚਰਿਤਰ ਦੀ ਗੱਲ ਕਹੀ ਹੈ ਤੇ ਉਨ੍ਹਾਂ ਨੂੰ ਬੜੀ ਤਿਲਕਵੀ ਸਥਿਤੀ ਵਿਚ ਵੀ ਪਾਕ ਦਾਮਨ ਰਹਿ ਕੇ ਇਕ ਆਦਰਸ਼ਕ "ਗੁਰੂ" ਦਰਸਾਇਆ ਹੈ। ਅਜਿਹੇ ਮਹਾਨ ਕਾਰਜ ਕਰਨ ਵਾਲੇ ਹਿੰਦੂ ਨੂੰ ਤਾਂ ਸਗੋਂ ਸ਼ਾਬਾਸ਼ ਦੇ ਕੇ ਗਲੇ ਲਾਉਣਾ ਚਾਹੀਦਾ ਸੀ ਕਿਉਂਕਿ ਉਸ ਨੇ ਧਰਮ ਦੀ ਭਿੰਨਤਾ ਦੇ ਬਾਵਜੂਦ ਸੱਚ ਦੀ ਨਿਰਮਲਤਾ ਨੂੰ ਗੰਧਲਾ ਨਹੀਂ ਹੋਣ ਦਿਤਾ। ਅਬਦਾਲੀ ਵੇਲੇ ਦਾ ਮੁਸਲਮਾਨ ਖ਼ਬਰਨਵੀਸ ਖਾਫੀ ਖਾਂ ਵੀ ਸਿੱਖਾਂ ਦੇ ਉਚ ਆਚਰਣ ਦੀ ਪ੍ਰਸੰਸਾ ਕਰਦਾ ਹੈ ਪਰ ਉਹ ਉਨ੍ਹਾਂ ਨਾਲ ਨਫ਼ਰਤ ਵੀ ਕਰਦਾ ਹੈ ਤੇ ਨਾਲ ਗਾਲਾਂ ਕਢਦਿਆਂ ਉਨ੍ਹਾਂ ਨੂੰ "ਕੁੱਤੇ" ਵੀ ਦਸਦਾ ਹੈ। ਉਸ ਦੀਆਂ ਲਿਖਤਾਂ ਦੇ ਤਾਂ ਇਹ ਵਿਦਵਾਨ ਫ਼ਖ਼ਰ ਨਾਲ ਹਵਾਲੇ ਦੇਂਦੇ ਨਹੀਂ ਥੱਕਦੇ। ਫਿਰ ਇਸ ਕਥਿਤ ਹਿੰਦੂ ਲੇਖਕ ਨਾਲ ਵਿਤਕਰਾ ਕਿਉਂ? ਲਗਦਾ ਹੈ, ਹਰ ਤਰਕਹੀਣ ਗੱਲ ਦੇ ਦੋਸ਼ ਦਾ ਭਾਂਡਾ ਬ੍ਰਾਹਮਣਵਾਦ ਦੇ ਨਾਂ ਭੰਨਣ ਦੀ ਬਹੁਤੇ ਅਧੁਨਿਕ ਸਿੱਖ ਵਿਦਵਾਨਾਂ ਦੀ ਇਕ ਰਵਾਇਤ ਹੀ ਬਣ ਗਈ ਹੈ।

ਜਾਹਿਰ ਹੈ ਕਿ ਅਨੂਪ ਕੌਰ ਦਾ ਪ੍ਰਸੰਗ ਗੁਰੂ ਸਾਹਿਬ ਦੇ ਬੇਮਿਸਾਲ ਕਿਰਦਾਰ ਨੂੰ ਵਿੱਜਈ ਲਹਿਜ਼ੇ ਵਿਚ ਉਭਾਰ ਕੇ ਪੇਸ਼ ਕਰਦਾ ਹੈ। ਇਸ ਵਿਚ ਉਹ ਆਪਣੇ ਆਪ ਨੂੰ ਪਿਤਰੀ ਸਿਖਿਆ ਦੇ ਪਰਿਪਾਲਕ, ਗੁਰਗੱਦੀ ਨਾਲ ਜੁੜੇ ਸੰਸਕਾਰਾਂ ਦੇ ਬੰਧਕ ਤੇ ਗੁਰਸਿੱਖੀ ਪਰੰਪਰਾਵਾਂ ਦੇ ਪੈਰੋਕਾਰ ਦਸਦੇ ਹੋਏ ਉਚ ਆਚਾਰ ਦੇ ਮਾਰਗ 'ਤੇ ਅਡੋਲ ਚਲਦੇ ਨਜ਼ਰ ਆਉਂਦੇ ਹਨ। ਇਸ ਵਿਚ ਜਿਥੇ ਕਾਮ ਅਤੇ ਮੋਹ ਉਤੇ ਉਨ੍ਹਾਂ ਦੀ ਸਹਿਜ ਵਿਜੇ ਸਪਸ਼ਟ ਝਲਕਦੀ ਹੈ ਉਥੇ ਕ੍ਰੋਧ ਅਤੇ ਹੰਕਾਰ ਉਤੇ ਵੀ ਉਨ੍ਹਾਂ ਦੀ ਸੁਭਾਵਕ ਜਿੱਤ ਦਾ ਪ੍ਰਗਟਾਵਾ ਨਜ਼ਰ ਆਉਂਦਾ ਹੈ। ਕੌਤਕ ਉਪਰੰਤ ਮਹਿਲਾ ਅਤੇ ਉਸ ਦੇ ਸੰਬੰਧੀਆਂ ਨਾਲ ਕੀਤੇ ਨੇਕ ਸਲੂਕ ਤੋਂ ਪਤਾ ਚਲਦਾ ਹੈ ਕਿ ਗੁਰੂ ਸਾਹਿਬ ਬਦਲੇ ਦੀ ਭਾਵਨਾ ਅਤੇ ਲੋਭ ਲਾਲਚ ਦੇ ਵਿਚਾਰ ਤੋਂ ਬਹੁਤ ਉਪਰ ਸਨ। ਹੈਰਾਨੀ ਦੀ ਗੱਲ ਹੈ ਕਿ ਗੁਰੂ ਸਾਹਿਬਾਨ ਤਾਂ ਤਰਕ, ਵਾਰਤਾਲਾਪ, ਕੌਤਕ ਅਤੇ ਹਲੀਮੀ ਸਮੇਤ ਸਿੱਖਿਆ ਦਾ ਹਰ ਢੰਗ ਵਰਤ ਕੇ ਸਿੱਖੀ ਅਮਲ ਦਾ ਮਾਰਗ ਸਿਰਜਦੇ ਸਨ ਪਰ ਅਜ ਕੱਲ ਦੇ ਖ਼ਾਲਸੇ ਤਾਂ ਚਾਹਟਾ ਪਿਆਉਣ ਤੇ ਸੋਧਣ ਤੋਂ ਘੱਟ ਗੱਲ ਹੀ ਨਹੀਂ ਕਰਦੇ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਇਸ ਕਥਾ ਵਿਚ ਆਤਮ-ਸੰਜਮ ਤੇ ਉਚ-ਚਰਿਤਰ ਦੀ ਮਹਿਮਾ ਦਾ ਬਹੁਤ ਹੀ ਅਹਿਮ ਸੰਦੇਸ਼ ਛਿਪਿਆ ਹੋਇਆ ਹੈ। ਇਸ ਸੰਦੇਸ਼ ਨੂੰ ਸਿੱਖੀ ਰਹਿਤ-ਮਰਿਆਦਾ ਤੇ ਚਲਣ ਵਾਲਾ ਪੂਰਨ-ਸਰੂਪ ਸਿੱਖ ਤਾਂ ਕੀ, ਕੋਈ ਸਾਧਾਰਣ ਵਿਅਕਤੀ ਵੀ ਅਖੋਂ ਓਹਲੇ ਨਹੀਂ ਕਰ ਸਕਦਾ। ਅੱਜ ਦੇ ਢਹਿੰਦੀ ਨੈਤਿਕਤਾ ਦੇ ਯੁੱਗ ਵਿਚ ਜਿਥੇ ਸਮੂਚੀ ਮਨੁਖਤਾ ਝੂਠ, ਫ਼ਰੇਬ, ਖੋਖਲੀ ਹਉਮੈ, ਵੈਸ਼ਿਆਵ੍ਰਿਤੀ, ਨਸ਼ਾਖੋਰੀ ਅਤੇ ਏਡਜ਼ ਦੀ ਮਾਰ ਹੇਠ ਆਈ ਹੋਈ ਹੈ, ਗੁਰੂ ਸਾਹਿਬ ਦੀ ਇਸ ਮਾਰਗ-ਦਰਸ਼ਕ ਕ੍ਰਿਤ ਨੂੰ ਸਭ ਭਾਸ਼ਾਵਾਂ ਵਿਚ ਅਨੁਵਾਦ ਕਰਕੇ ਮਾਨਵ-ਲਾਭ ਹਿੱਤ ਦੁਨੀਆਂ ਦੇ ਕੋਨੇ ਕੋਨੇ ਵਿਚ ਪਹੁੰਚਾਇਆ ਜਾਣਾ ਚਾਹੀਦਾ ਹੈ।

*-ਡਾ. ਗੋਬਿੰਦਰ ਸਿੰਘ ਸਮਰਾਓ*
e-mail: gosamrao@gmail.com

## ਪਾਠਕਾਂ ਦੀ ਗੱਲ

ਜਾਇਦਾਦ ਦੀ ਖਰੀਦ-ਵੇਚ

ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ

ਤਰਲੋਚਨ ਸਿੰਘ ਪੂਨੀਆ:94173-34049

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ

ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



RAM Commercial Insurance
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Global Multi Services

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



Rajinder Singh
Insurance Lic No. 0G73739

Financing Available For Buying Trucks

Cell:(510) 557-6988, Ph:209-982-9996

**ਵਿਸ਼ਲੇਸ਼ਣ**

# ਇਤਿਹਾਸ ਤੇ ਸਮਕਾਲ ਦਾ ਅੰਤਰਮੁਖੀ ਨਿਰਣਾ

## (ਅਜਮੇਰ ਸਿੰਘ ਦੀਆਂ ਤਿੰਨ ਪੁਸਤਕਾਂ ਦੀ ਦੇਖ-ਪਰਖ)

*ਉਘੇ ਸਿੱਖ ਚਿੰਤਕ ਅਜਮੇਰ ਸਿੰਘ ਨੇ 20ਵੀਂ ਸਦੀ ਦੀ ਸਿੱਖ ਰਾਜਨੀਤੀ ਦੇ ਦੁਖਾਂਤ ਬਾਰੇ ਤਿੰਨ ਪੁਸਤਕਾਂ ਲਿਖੀਆਂ ਹਨ। ਕੁਝ ਨਿੱਜੀ ਕਾਰਨਾਂ ਕਰਕੇ ਅਸੀਂ ਉਸ ਉਪਰ ਕੋਈ ਵਿਸ਼ੇਸ਼ ਟਿਪਣੀ ਨਹੀਂ ਛਾਪੀ ਸੀ। ਪਿਛਲੇ ਇਕ ਸਾਲ ਤੋਂ ਸਾਡੇ ਕੁਝ ਜਗਿਆਸੂ ਪਾਠਕਾਂ ਦੇ ਵਾਰ ਵਾਰ ਮੰਗ ਕਰਨ 'ਤੇ ਅਖੀਰ ਅਸੀਂ ਡਾ. ਪ੍ਰੇਮ ਸਿੰਘ ਦਾ ਇਹ ਪੜਚੋਲਵਾਂ ਲੇਖ 'ਪੰਜਾਬ ਟਾਈਮਜ' ਦੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਲੇਖ ਵਿਚਲੇ ਵਿਚਾਰ ਲੇਖਕ ਦੇ ਆਪਣੇ ਹਨ ਅਤੇ ਉਨ੍ਹਾਂ ਨਾਲ ਸਾਡੀ ਸਹਿਮਤੀ ਜਰੂਰੀ ਨਹੀਂ ਹੈ। ਅਸੀਂ ਇਹ ਲੇਖ ਆਪਣੇ ਸੁਹਿਰਦ ਪਾਠਕਾਂ ਨੂੰ ਵਿਚਾਰ-ਚਰਚਾ ਲਈ ਇਕ ਸਾਰਥਕ ਮੰਚ ਮੁਹੱਈਆ ਕਰਨ ਦੇ ਮਨੋਰਥ ਨਾਲ ਛਾਪ ਰਹੇ ਹਾਂ। -ਸੰਪਾਦਕ*

**ਪਰੇਮ ਸਿੰਘ (ਡਾ.)***

ਸ. ਅਜਮੇਰ ਸਿੰਘ ਦੀਆਂ ਲਿਖੀਆਂ ਤਿੰਨ ਪੁਸਤਕਾਂ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' (2003), 'ਕਿਸ ਬਿਧ ਰੁਲੀ ਪਾਤਸ਼ਾਹੀ' (2007) ਅਤੇ '1984-ਅਣਚਿਤਵਿਆ ਕਹਿਰ' (2009) ਪੰਜਾਬ ਅੰਦਰ ਪਿਛਲੇ ਸਮੇਂ ਵਿਚ ਚੱਲੀ ਦਹਿਸ਼ਤਗਰਦੀ ਦੀ ਤਹਿਰੀਕ ਦਾ ਇੱਕ ਖਾਸ ਦ੍ਰਿਸ਼ਟੀ ਤੋਂ ਵਿਸਥਾਰ ਦੇਂਦੀਆਂ ਹਨ ਅਤੇ ਨਾਲ ਹੀ ਇਹ ਇਸ ਤਹਿਰੀਕ ਦੇ ਰਾਜਸੀ ਅਤੇ ਵਿਚਾਰਧਾਰਕ ਆਧਾਰ ਦਾ ਇਕ ਨਿਰਣਾ ਪੇਸ਼ ਕਰਦੀਆਂ ਹਨ। ਲੇਖਕ ਦੀ ਮੂਲ ਧਾਰਨਾ ਜਿਹੜੀ ਪਹਿਲੀ ਪੁਸਤਕ ਵਿਚ ਅੰਕਿਤ ਹੈ, ਉਹ ਇਹ ਹੈ ਕਿ ਪੰਜਾਬ ਦੇ ਦੋ ਭਾਈਚਾਰਿਆਂ-ਹਿੰਦੂਆਂ ਅਤੇ ਸਿੱਖਾਂ ਵਿਚਕਾਰ ਆਪਸੀ ਵਿਰੋਧ ਦੀ ਸਥਿਤੀ ਹੈ ਅਤੇ ਇਹ ਵਿਰੋਧ ਸਿੱਖੀ ਦੇ ਜਨਮ ਤੋਂ ਹੀ ਸ਼ੁਰੂ ਹੋ ਗਏ ਸਨ। ਗੁਰੂ ਨਾਨਕ ਦੇ ਵੇਲੇ ਜੇ ਇਹ ਕੇਵਲ "ਸ਼ੰਕਿਆਂ" ਦੇ ਰੂਪ ਵਿਚ ਸਨ ਤਾਂ ਗੁਰੂ ਗੋਬਿੰਦ ਸਿੰਘ ਦੇ ਵੇਲੇ ਤਕ ਇਹ ਸਿੱਖ ਪੰਥ ਅੰਦਰਲੇ ਕਾਫੀ ਤੱਤਾਂ ਵਲੋਂ "ਖਾਲਸਾ ਪੰਥ ਵਿਚ ਸ਼ਾਮਿਲ ਹੋਣ ਤੋਂ ਖੁੱਲ੍ਹਮ-ਖੁੱਲ੍ਹਾ ਇਨਕਾਰ" ਦੇ ਰੂਪ ਵਿਚ ਸਾਹਮਣੇ ਆਏ ਸਨ।

ਪਰ ਜੇ ਅਜਮੇਰ ਸਿੰਘ ਦੀ ਇਹ ਧਾਰਨਾ ਮੰਨ ਲਈ ਜਾਵੇ ਤਾਂ ਇਸ ਗੱਲ ਦੀ ਕੋਈ ਵਿਆਖਿਆ ਨਹੀਂ ਕੀਤੀ ਜਾ ਸਕਦੀ ਕਿ ਗੁਰੂ ਗੋਬਿੰਦ ਨੇ ਆਪ ਆਪਣੇ ਪਿਤਾ ਗੁਰੂ ਤੇਗ ਬਹਾਦਰ ਨੂੰ ਤਿਲਕ, ਜਨੇਊ ਦੀ ਰਾਖੀ ਲਈ ਕੁਰਬਾਨੀ ਦੇਣ ਲਈ ਕਿਉਂ ਦਿੱਲੀ ਨੂੰ ਤੋਰਿਆ? ਅਜਮੇਰ ਸਿੰਘ ਇਸ ਅਹਿਮ ਘਟਨਾ ਨੂੰ ਇਸ ਲੜੀ ਦੀ ਦੂਜੀ ਪੁਸਤਕ ਵਿਚ ਕੇਵਲ ਏਨਾ ਕਹਿ ਕੇ ਮੁਕਾ ਦੇਂਦਾ ਹੈ ਕਿ ਨੌਵੇਂ ਗੁਰੂ ਨੇ ਧਰਮ ਦੀ ਆਜ਼ਾਦੀ ਦੇ ਵੱਡੇ ਸਰੋਕਾਰ ਨੂੰ ਮੁਖ ਰੱਖਦੇ ਹੋਏ ਕੁਰਬਾਨੀ ਦਿੱਤੀ। ਪਰ "ਵੱਡੇ ਸਰੋਕਾਰ" ਦੀ ਇਹ ਗੱਲ



*ਲੇਖਕ ਅਜਮੇਰ ਸਿੰਘ*

ਭੁਲੇਖਾਪਾਊ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਨੇ ਖੁਦ ਤਿਲਕ, ਜਨੇਊ ਦੀ ਗੱਲ ਕਹੀ ਹੈ। ਉਨ੍ਹਾਂ ਤਿਲਕ, ਜਨੇਊ ਦੀ ਰਾਖੀ ਨੂੰ ਹੀ 'ਧਰਮ ਹੇਤ ਸਾਕਾ' ਕਿਹਾ ਹੈ। ਇਹ ਤੱਥ ਕਿ ਕਸ਼ਮੀਰੀ ਪੰਡਤਾਂ ਨੇ ਨੌਵੇਂ ਗੁਰੂ ਦੀ ਸ਼ਰਨ ਲਈ ਤੇ ਉਨ੍ਹਾਂ ਨੂੰ ਹੀ ਹਿੰਦੂ ਧਰਮ ਦੀ ਰਾਖੀ ਲਈ ਅਪੀਲ ਕੀਤੀ, ਦੱਸਦਾ ਹੈ ਕਿ ਹਿੰਦੂਆਂ ਅਤੇ ਸਿੱਖਾਂ ਵਿਚ ਕੋਈ ਵਿਰੋਧ ਨਹੀਂ ਸਨ। ਉਪਰੰਤ ਕਸ਼ਮੀਰੀ ਪੰਡਤ ਗੁਰੂ ਤੇਗ ਬਹਾਦਰ ਵਿਚ ਵਿਸ਼ਵਾਸ ਰੱਖਦੇ ਸਨ ਕਿ ਉਹ ਮੁਗਲ ਸਲਤਨਤ ਕੋਲ ਉਨ੍ਹਾਂ ਦਾ ਪੱਖ ਬੇਖੌਫ ਹੋ ਕੇ ਪੇਸ਼ ਕਰਨਗੇ।

ਪੰਜਾਬ ਉਤੇ ਅੰਗਰੇਜ਼ਾਂ ਦੇ ਕਬਜ਼ੇ ਦੇ ਹਾਲਾਤ ਉਤੇ ਚਰਚਾ ਕਰਦਿਆਂ ਅਜਮੇਰ ਸਿੰਘ ਨੇ ਬਹੁਤ ਹੀ ਨਿਰਾਰਥਕ ਪੁਜੀਸ਼ਨਾਂ ਲਈਆਂ ਹਨ। ਉਸ ਨੇ ਕਈ ਮਹੱਤਵਪੂਰਨ ਤੱਥ ਨਜ਼ਰਅੰਦਾਜ਼ ਕੀਤੇ ਹਨ ਤੇ ਕਈ ਘਟ ਅਹਿਮ ਪਹਿਲੂਆਂ ਨੂੰ ਬੇਲੋੜਾ ਤੂਲ ਦਿੱਤਾ ਹੈ। ਸਿੱਖਾਂ ਅਤੇ ਅੰਗਰੇਜ਼ਾਂ ਵਿਚਕਾਰ ਹੋਈ ਜੰਗ ਵਾਸਤਵ ਵਿਚ 'ਹਿੰਦ ਪੰਜਾਬ ਦੀ ਜੰਗ' ਸੀ ਜਿਵੇਂ ਸਮਕਾਲੀ ਕਵੀ ਸ਼ਾਹ ਮੁਹੰਮਦ ਨੇ ਲਿਖਿਆ ਸੀ। ਇਹ ਇਕਲੇ ਸਿੱਖਾਂ ਦੀ ਜੰਗ ਨਹੀਂ। ਅਜਮੇਰ ਸਿੰਘ ਇਸ ਪ੍ਰਮੁਖ ਤੱਥ ਨੂੰ ਵੀ ਨਹੀਂ ਗੌਲਦਾ ਕਿ ਪੰਜਾਬ ਉਤੇ ਕਬਜ਼ੇ ਤੋਂ ਬਾਅਦ ਦੇ ਸਮੇਂ ਵਿਚ ਪੰਜਾਬੀਆਂ ਅੰਦਰ ਅੰਗਰੇਜ਼ਾਂ ਵਿਰੁਧ ਰੋਸ ਸੀ ਜਿਹੜਾ ਲੰਮਾ ਸਮਾਂ ਬਣਿਆ ਰਿਹਾ। ਲੇਖਕ ਦੇ ਬਿਰਤਾਂਤ ਵਿਚ ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਬਣਾਏ ਜਾਣ ਬਾਰੇ ਸਿੱਖ ਸਮਾਜ ਦੀਆਂ ਉਪਰਲੀਆਂ ਪਰਤਾਂ ਵਿਚ ਤਿੱਖੇ ਪ੍ਰਤੀਕਰਮ ਦਾ ਜ਼ਿਕਰ ਹੈ ਪਰ ਰਾਣੀ ਜਿੰਦਾਂ ਦੇ ਨੇਪਾਲ ਵਿਚ ਜਾ ਕੇ ਸ਼ਰਨ ਲੈਣ ਤੋਂ ਪੰਜਾਬੀਆਂ ਵਿਚ ਪੈਦਾ ਹੋਈ ਅੰਗਰੇਜ਼-ਵਿਰੋਧੀ ਭਾਵਨਾ ਦਾ ਕੋਈ ਜ਼ਿਕਰ ਨਹੀਂ। ਉਹ ਇਸ ਗੱਲ ਦਾ ਨੋਟਿਸ ਵੀ ਨਹੀਂ ਲੈਂਦਾ ਕਿ ਕਿਵੇਂ ਇਨ੍ਹਾਂ ਘਟਨਾਵਾਂ ਤੋਂ ਕਈ ਸਾਲਾਂ ਬਾਅਦ ਜਦੋਂ ਅੰਗਰੇਜ਼ ਦਲੀਪ ਸਿੰਘ ਨੂੰ ਪੰਜਾਬ ਲਿਆ ਰਹੇ ਸਨ ਤਾਂ ਰਾਹ ਵਿਚ ਅਦਨ ਵਿਚ ਤਾਇਨਾਤ ਸਿੱਖ ਪਲਟਣ ਨੇ ਉਸ ਨੂੰ ਸਲਾਮੀ ਦੇਣ ਦੀ ਜ਼ਿੱਦ ਕੀਤੀ ਸੀ ਤੇ ਕਿਵੇਂ ਅੰਗਰੇਜ਼ ਉਨ੍ਹਾਂ ਨੂੰ ਉਸੇ ਸਮੇਂ ਵਾਪਸ ਇੰਗਲੈਂਡ ਲੈ ਗਏ ਸਨ ਤੇ ਅਖੀਰ ਕਿਵੇਂ ਉਸ ਦਾ ਅੰਤ ਇੰਗਲੈਂਡ ਵਿਚ ਨਹੀਂ, ਫਰਾਂਸ ਵਿਚ ਹੋਇਆ ਸੀ। ਇਹ ਸਭ ਕੁਝ ਅੰਗਰੇਜ਼ਾਂ ਵੱਲ ਸਿੱਖ ਆਵਾਮ ਦੇ ਅਸਲ ਰਵੱਈਏ ਨੂੰ ਦਰਸਾਉਂਦਾ ਸੀ।

ਸਿੱਖਾਂ ਤੇ ਗੈਰ-ਸਿੱਖ ਪੰਜਾਬੀਆਂ ਦੀਆਂ ਦਿਲੀ ਭਾਵਨਾਵਾਂ ਨੂੰ ਸਮਝਣ ਤੇ ਵਿਅਕਤ ਕਰਨ ਦੀ ਥਾਂ ਅਜਮੇਰ ਸਿੰਘ ਅੰਗਰੇਜ਼ਾਂ ਵਲੋਂ ਸਿੱਖਾਂ ਉਤੇ ਕੀਤੀਆਂ ਮਿਹਰਬਾਨੀਆਂ ਨੂੰ ਹੀ ਵੇਖਦਾ ਹੈ। ਉਹ ਇਸ ਤੱਥ ਨੂੰ ਅੱਖੋਂ-ਪਰੋਖਾ ਕਰਦਾ ਹੈ ਕਿ ਫੌਜ ਵਿਚ ਸਿੱਖਾਂ ਦੀ ਭਰਤੀ ਤੇ ਇਵੇਂ ਹੀ ਹਿੰਦੂਆਂ ਅਤੇ ਮੁਸਲਮਾਨਾਂ ਤੇ ਉਨ੍ਹਾਂ ਵਰਗਾਂ ਦੀ ਭਰਤੀ, ਜਿਨ੍ਹਾਂ ਨੂੰ ਉਹ ਮਾਰਸ਼ਲ ਰੇਸਾਂ ਕਹਿੰਦੇ ਸਨ, ਅੰਗਰੇਜ਼ਾਂ ਦੀ ਆਪਣੀ ਵੱਡੀ ਲੋੜ ਸੀ। ਸਿੰਚਾਈ ਪ੍ਰਾਜੈਕਟ ਚਾਲੂ ਕਰਨ ਵਿਚ ਉਨ੍ਹਾਂ ਦਾ ਵੀ ਹਿੱਤ ਸੀ ਕਿਉਂਕਿ ਉਨ੍ਹਾਂ ਨੇ ਇਨ੍ਹਾਂ ਵਰ੍ਹਿਆਂ ਵਿਚ ਪੰਜਾਬ ਵਿਚੋਂ ਲੱਖਾਂ ਟਨ ਕਣਕ ਤੇ ਕਪਾਹ ਬਰਾਮਦ ਕਰਨੇ ਸਨ ਜੋ ਉਨ੍ਹਾਂ ਕੀਤੇ।

ਅਜਮੇਰ ਸਿੰਘ 1857 ਦੇ ਗਦਰ ਵਿਚ ਸਿੱਖ ਪਲਟਣਾਂ ਵਲੋਂ ਅੰਗਰੇਜ਼ਾਂ ਨੂੰ ਦਿੱਤੀ ਗਈ ਮਦਦ ਦੀ ਗੱਲ ਕਰਦਾ ਹੈ ਪਰ ਇਹ ਸਿੱਖ ਪਲਟਣਾਂ ਤਾਂ ਸਿੱਖ ਰਿਆਸਤਾਂ ਦੀਆਂ ਸਨ ਜਿਨ੍ਹਾਂ ਦੇ ਰਾਜੇ ਰਣਜੀਤ ਸਿੰਘ ਦੇ ਸਮੇਂ ਤੋਂ ਹੀ ਅੰਗਰੇਜ਼ਾਂ ਦੇ ਨਾਲ ਸਨ ਤੇ ਲਾਹੌਰ ਦਰਬਾਰ ਦੀ ਸੱਤਾ ਨੂੰ ਕਮਜ਼ੋਰ ਕਰਨ ਦੀਆਂ ਲਗਾਤਾਰ ਸਾਜਿਸ਼ਾਂ ਕਰਦੇ ਰਹਿੰਦੇ ਸਨ। ਲੇਖਕ ਉਨ੍ਹਾਂ ਪੰਜਾਬੀ ਪਲਟਣਾਂ ਦਾ ਜ਼ਿਕਰ ਨਹੀਂ ਕਰਦਾ ਜਿਨ੍ਹਾਂ ਨੇ ਗਦਰ ਸਮੇਂ ਵਿਦਰੋਹ ਕੀਤਾ। ਇਹ ਤੱਥ ਰਿਕਾਰਡ ਉਤੇ ਹਨ ਕਿ ਉਨ੍ਹਾਂ ਦਿਨਾਂ ਵਿਚ ਫਿਰੋਜ਼ਪੁਰ ਵਿਚ ਇਨਫੈਂਟਰੀ ਰਜਮੈਂਟਾਂ ਨੇ ਬਗਾਵਤ ਕੀਤੀ ਸੀ, ਜਿਸ ਨੂੰ ਅੰਗਰੇਜ਼ਾਂ ਨੇ ਵਹਿਸ਼ੀਆਨਾ ਤਸ਼ੱਦਦ ਨਾਲ ਦਬਾ ਦਿੱਤਾ ਸੀ। ਲਾਹੌਰ ਵਿਚ ਫੌਜਾਂ ਬਗਾਵਤ ਦੇ ਰੌਂ ਵਿਚ ਸਨ ਤੇ ਇਹ ਗੱਲ ਕਿਸੇ ਤੋਂ ਗੁੱਝੀ ਨਹੀਂ ਸੀ। ਬਨਾਰਸ ਵਿਚ ਸਿੱਖਾਂ ਦੇ ਇਕ ਸਮੂਹ ਅਤੇ 13ਵੀਂ ਇਰ-ਰੈਗੂਲਰ (ਕਵੈਲਰੀ ਰਸਾਲੇ) ਨੇ ਇਕ ਦੇਸੀ ਰਜਮੈਂਟ ਤੋਂ ਹਥਿਆਰ ਵਾਪਸ ਲੈਣ ਦਾ ਵਿਰੋਧ ਕੀਤਾ ਸੀ। ਇਸੇ ਤਰ੍ਹਾਂ ਦੀ ਘਟਨਾ ਕਾਨਪੁਰ ਵਿਚ ਵੀ ਵਾਪਰੀ ਸੀ। ਅੰਗਰੇਜ਼ਾਂ ਨੇ ਉਸ ਸਮੇਂ ਪੰਜਾਬ ਦੀਆਂ ਸਭਨਾਂ ਛਾਉਣੀਆਂ ਵਿਚ ਫੌਜੀਆਂ ਤੋਂ ਹਥਿਆਰ ਸੁਟਵਾ ਲਏ ਸਨ। ਪੰਜਾਬ ਵਿਚ ਸਥਾਨਕ ਫੌਜਾਂ ਬਰਖਾਸਤ ਕਰਕੇ ਹੀ ਖੁਲ੍ਹੀ ਬਗਾਵਤ ਨੂੰ ਰੋਕਿਆ ਗਿਆ ਸੀ।

ਇਤਿਹਾਸਕਾਰ ਜੀ. ਐਸ. ਛਾਬੜਾ ਅਨੁਸਾਰ, "ਲਾਹੌਰ, ਪੇਸ਼ਾਵਰ, ਨਵਾਂਸ਼ਹਿਰ, ਮੁਲਤਾਨ, ਅੰਬਾਲਾ, ਜਲੰਧਰ, ਰਾਵਲਪਿੰਡੀ, ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਡੇਰਾਜਾਤ ਵਿਚ ਫੌਜੀਆਂ ਤੋਂ ਹਥਿਆਰ ਸੁਟਵਾ ਲਏ ਗਏ ਸਨ। ਇਓਂ 13,000 ਜਵਾਨ ਬੇ-ਹਥਿਆਰ ਕਰ ਦਿੱਤੇ ਗਏ ਸਨ। ਦੋ ਦਿਨਾਂ ਦੇ ਵਿਚ ਸਾਰੇ ਕਿਲੇ ਯੂਰਪੀ ਫੌਜਾਂ ਨੇ ਕਬਜ਼ੇ ਵਿਚ ਲੈ ਲਏ ਸਨ। ਅਖਬਾਰਾਂ ਉਤੇ ਸੈਂਸਰਸ਼ਿਪ ਲਾਗੂ ਕਰ ਦਿੱਤਾ ਗਿਆ ਸੀ। ਪੰਜਾਬ ਵਿਚ ਅੱਠ ਵੱਖ-ਵੱਖ ਥਾਂਵਾਂ ਉਤੇ ਫੌਜਾਂ ਨੇ ਬਗਾਵਤ ਕੀਤੀ ਸੀ ਤੇ ਉਨ੍ਹਾਂ ਵਿਚੋਂ ਕਈ ਥਾਈਂ ਉਨ੍ਹਾਂ ਆਪਣੇ ਅਫਸਰਾਂ ਨੂੰ ਕਤਲ ਕਰ ਦਿੱਤਾ ਸੀ।"

ਉਨੀਵੀਂ ਸਦੀ ਦੇ ਆਖਰੀ ਦੋ-ਢਾਈ ਦਹਾਕਿਆਂ ਵਿਚ ਪੰਜਾਬ ਵਿਚ ਸਿੰਘ ਸਭਾਵਾਂ ਕਾਇਮ ਕੀਤੇ ਜਾਣ ਦੀ ਚਰਚਾ ਕਰਦਿਆਂ ਅਜਮੇਰ ਸਿੰਘ ਨੇ ਲਾਹੌਰ ਦੀ ਸਿੰਘ ਸਭਾ ਵਲੋਂ ਅੰਗਰੇਜ਼ ਸਰਕਾਰ ਪ੍ਰਤੀ ਵਫਾਦਾਰੀ ਤੇ ਉਸ ਦੀ ਮਿਲਵਰਤਣ ਲੈਣ ਦੀ ਪੁਜ਼ੀਸ਼ਨ ਦਾ ਸਮਰਥਨ ਕੀਤਾ ਹੈ। ਆਰੀਆ ਸਮਾਜ ਨਾਲ ਚਲਦੇ ਵਿਵਾਦ ਵਿਚ ਸਿੰਘ ਸਭਾਵਾਂ ਨੇ ਸਰਗਰਮ ਹਿੱਸਾ ਲਿਆ ਅਤੇ ਇਓਂ ਪ੍ਰਾਂਤ ਵਿਚ ਪੰਜਾਬੀਆਂ ਵਿਚਲੇ ਆਪਸੀ ਤਫਰਕੇ ਨੂੰ ਵਧਾਇਆ। ਆਜ਼ਾਦੀ ਦੀ ਲਹਿਰ ਦੇ ਉਸ ਸਮੇਂ ਦੇ ਮੁੱਢਲੇ ਪੜਾਅ ਉਤੇ ਪੰਜਾਬੀਆਂ ਦੀ ਆਪਸੀ ਵੰਡ ਡਾਢੀ ਹਾਨੀਕਾਰਕ ਸੀ ਪਰ ਅਜਮੇਰ ਸਿੰਘ ਉਸ ਨੂੰ ਸਿੱਖ ਪਛਾਣ ਦੀ ਸਥਾਪਤੀ ਲਈ ਚੁੱਕੇ ਜਾ ਰਹੇ ਕਦਮਾਂ ਦਾ ਹਿੱਸਾ ਮੰਨਦਾ ਹੈ। ਜੇ ਹਿੰਦੂਆਂ ਦਾ ਇਕ ਪ੍ਰਭਾਵੀ ਤਬਕਾ ਸਿੱਖਾਂ ਨੂੰ ਆਪਣਾ ਅੰਗ ਕਹਿੰਦਾ ਸੀ ਤਾਂ ਇਸ ਉਤੇ ਸੀਖ-ਪਾਅ ਹੋਣ ਦੀ ਐਡੀ ਲੋੜ ਨਹੀਂ ਸੀ। ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣਾ ਪੱਖ ਅਸਰਦਾਇਕ ਤਰੀਕੇ ਨਾਲ ਰੱਖ ਦਿੱਤਾ ਸੀ। ਵਿਵਾਦ ਚਲਦਾ ਰਹਿ ਸਕਦਾ ਸੀ ਪਰ ਇਸ ਨੂੰ ਸੰਵਾਦ ਤੋਂ "ਫਸਾਦ" ਬਣਾਉਣ ਦੀ ਲੋੜ ਨਹੀਂ ਸੀ, ਜਿਵੇਂ ਅਜਮੇਰ ਸਿੰਘ ਪੇਸ਼ ਕਰ ਰਿਹਾ ਹੈ। ਅੰਤਿਮ ਨਿਰਣੇ ਵਿਚ ਦੋਹਾਂ ਧਿਰਾਂ ਦੇ ਮੋਹਰੀ ਆਪਣੇ ਆਪ ਨੂੰ ਅੰਗਰੇਜ਼ਾਂ ਦੇ ਸਮਰਥਕ ਤੇ ਆਜ਼ਾਦੀ ਦੀ ਲਹਿਰ ਦੇ ਵਿਰੋਧੀ ਹੀ ਸਿੱਧ ਕਰ ਰਹੇ ਸਨ। ਜੇ ਸਿੰਘ ਸਭਾਵਾਂ ਦੇ ਆਗੂ ਇਹ ਪੁਜ਼ੀਸ਼ਨ ਲੈਂਦੇ ਕਿ ਅਸੀਂ ਹਿੰਦੂ ਨਹੀਂ ਪਰ ਜੇ ਆਰੀਆ ਸਮਾਜੀ ਸਿੱਖਾਂ ਨੂੰ ਹਿੰਦੂਆਂ ਦਾ ਅੰਗ ਮੰਨਦੇ ਹਨ ਤਾਂ ਬੇਸ਼ਕ ਮੰਨਣ। ਇਹ ਪੁਜ਼ੀਸ਼ਨ ਤਾਂ ਸਿੱਖਾਂ ਲਈ ਮਾਣ ਦੀ ਗੱਲ ਵੀ ਬਣ ਸਕਦੀ ਸੀ ਕਿ ਹਿੰਦੂ ਆਗੂ ਉਨ੍ਹਾਂ ਨੂੰ ਆਪਣੇ ਹੀ ਧਰਮ ਦਾ ਅੰਗ ਮੰਨਦੇ ਸਨ। ਅਜਮੇਰ ਸਿੰਘ ਤਾਂ ਇਸ ਦੇ ਉਲਟ ਇਹ ਕਹਿੰਦਾ ਹੈ ਕਿ ਹਿੰਦੂ ਆਗੂਆਂ ਵਲੋਂ ਸਿੱਖ ਧਰਮ ਪ੍ਰਤੀ ਸਤਿਕਾਰ ਦੀ ਭਾਵਨਾ ਦਾ ਪ੍ਰਗਟਾਅ ਵੀ ਇਕ ਭੇਖ ਹੀ ਸੀ। ਜੇ ਇਹ ਉਸ ਦਾ ਅੰਨਾ ਤਅਸੁਬ ਨਹੀਂ ਤਾਂ ਹੋਰ ਕੀ ਸੀ?

ਭਾਰਤੀ ਕੌਮ ਸਰਪ੍ਰਸਤੀ ਦੇ ਸਵਾਲ ਨੂੰ ਵਿਚਾਰ ਅਧੀਨ ਲਿਆਉਂਦਿਆਂ ਲੇਖਕ ਨੇ ਆਪਣੇ ਵਲੋਂ ਇਸ ਦੀ ਅਸਲੀ ਤਾਸੀਰ ਬਿਆਨ ਕੀਤੀ ਹੈ। ਉਸ ਅਨੁਸਾਰ ਸਰ ਸਈਅਦ ਅਹਿਮਦ ਖਾਨ, ਆਗਾ ਖਾਨ ਅਤੇ ਫੇਰ ਮੁਹੰਮਦ ਅਲੀ ਜਿਨਾਹ-ਸਾਰੇ ਮੁਸਲਮਾਨ ਆਗੂ ਪੱਛਮੀ ਵਿਚਾਰਾਂ ਦੇ ਪ੍ਰਭਾਵ ਕਾਰਨ ਭਾਰਤੀ ਕੌਮਪ੍ਰਸਤੀ ਦੇ ਸੰਕਲਪ ਦੇ ਕਾਇਲ ਸਨ। ਪਰ ਕਾਂਗਰਸੀ ਆਗੂਆਂ ਦੇ ਰਵੱਈਏ ਕਾਰਨ ਉਹ ਮੁਸਲਿਮ ਕੌਮਪ੍ਰਸਤੀ ਦੇ ਪੈਂਤੜੇ ਉਤੇ ਆ ਗਏ। ਏਥੇ ਲੇਖਕ ਇਸ ਤੱਥ ਨੂੰ ਮੂਲੋਂ ਹੀ ਭੁਲਾ ਦੇਂਦਾ ਹੈ ਕਿ ਇਹ ਕਾਂਗਰਸ ਪਾਰਟੀ ਹੀ ਸੀ ਜਿਸ ਨੇ ਕੌਮਪ੍ਰਸਤੀ ਦੇ ਪੈਂਤੜੇ ਤੋਂ ਮੁਸਲਿਮ ਫਿਰਕਾਪ੍ਰਸਤੀ ਦਾ ਵਿਰੋਧ ਕੀਤਾ ਸੀ। ਕਾਂਗਰਸ ਲੀਡਰਸ਼ਿਪ ਨੇ ਲਗਾਤਾਰ ਜਿਨਾਹ ਦੀ ਦੋ ਕੌਮਾਂ ਦੀ ਥਿਊਰੀ ਦਾ ਵਿਰੋਧ ਕੀਤਾ ਤੇ ਜੇ ਅਖੀਰ ਉਤੇ ਦੇਸ਼ ਵੰਡਿਆ ਗਿਆ ਤੇ ਪਾਕਿਸਤਾਨ ਕਾਇਮ ਹੋ ਗਿਆ ਤਾਂ ਬੇਸ਼ਕ ਕਾਂਗਰਸ ਨੂੰ ਇਸ ਵਿਚ ਨਿਰਦੋਸ਼ ਤਾਂ ਨਹੀਂ ਕਿਹਾ ਜਾ ਸਕਦਾ ਪਰ ਨਾਲ ਹੀ ਇਹ ਗੱਲ ਵੀ ਸਾਹਮਣੇ ਰੱਖਣੀ ਚਾਹੀਦੀ ਹੇ ਕਿ ਦੇਸ਼ ਦੀ ਵੰਡ ਦਾ ਫੈਸਲਾ ਕੇਵਲ ਹਿੰਦੂ ਤੇ ਮੁਸਲਮਾਨ ਲੀਡਰਾਂ ਉਤੇ ਨਿਰਭਰ ਸੀ, ਕਿਉਂਕਿ ਤੀਜੀ ਧਿਰ ਅੰਗਰੇਜ਼ ਉਸ ਸਮੇਂ ਤਕ ਦੇਸ਼ ਦੇ ਹਾਕਮ ਸਨ। ਇਸ ਤੀਜੀ ਧਿਰ ਨੇ ਮੁਸਲਿਮ ਆਵਾਮ ਵਿਚ ਮੁਸਲਿਮ ਲੀਗ ਦੀ ਪੁਜੀਸ਼ਨ ਦਾ ਲਾਭ ਉਠਾ ਕੇ ਦੇਸ਼ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ। ਮਹਾਤਮਾ ਗਾਂਧੀ ਨੇ ਤਾਂ ਲਾਰਡ ਮਾਊਂਟਬੇਟਨ ਨੂੰ ਏਥੋਂ ਤਕ ਕਿਹਾ ਸੀ ਕਿ ਦੇਸ਼ ਨੂੰ ਵੰਡਣ ਜਾਂ ਇਕ ਰੱਖਣ ਦਾ ਫੈਸਲਾ ਭਾਰਤੀ ਧਿਰਾਂ ਉਤੇ ਛੱਡ ਦਿੱਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਸੀ ਕਿ ਦਸ ਸਾਲਾਂ ਦੀ ਖਾਨਾਜੰਗੀ ਉਸ ਆਜ਼ਾਦੀ ਨਾਲੋਂ ਬਿਹਤਰ ਹੋਵੇਗੀ ਜਿਹੜੀ ਅੰਗਰੇਜ਼ਾਂ ਹੱਥੋਂ ਮਿਲ ਰਹੀ ਹੈ। ਕੇਵਲ ਇਤਨਾ ਹੀ ਨਹੀਂ-ਇਸ ਗੱਲ 'ਤੇ ਮਹਾਤਮਾ ਲਗਾਤਾਰ ਤੇ ਵਾਰ ਵਾਰ ਜ਼ੋਰ ਦਿੰਦਾ ਰਿਹਾ ਸੀ।

ਸਿੱਖ ਲੀਡਰਸ਼ਿਪ ਦੇ ਸਿਧਾਂਤਕ ਨਜ਼ਰੀਏ ਉਤੇ ਟਿੱਪਣੀ ਕਰਦਿਆਂ ਅਜਮੇਰ ਸਿੰਘ ਨੇ 1928 ਵਾਲੀ ਨਹਿਰੂ ਰਿਪੋਰਟ ਬਾਰੇ ਸਿੱਖ ਆਗੂਆਂ ਦੇ ਸੈਕੂਲਰ ਪ੍ਰਤੀਕਰਮ ਦੀ ਆਲੋਚਨਾ ਕੀਤੀ ਹੈ ਪਰ ਤੱਥਾਂ ਨੂੰ ਮਰਜ਼ੀ ਅਨੁਸਾਰ ਚੋਣਵੇਂ ਤਰੀਕੇ ਨਾਲ ਵਰਤਦਿਆਂ ਉਹ ਇਹ ਨਹੀਂ ਯਾਦ ਰੱਖਦਾ ਕਿ ਨਹਿਰੂ ਰਿਪੋਰਟ ਤਾਂ ਅਗਲੇ ਸਾਲ 1929 ਵਿਚ ਹੀ ਕਾਂਗਰਸ ਨੇ ਖੁਦ ਰੱਦ ਕਰ ਦਿੱਤੀ ਸੀ ਤੇ ਰੱਦ ਕਰਨ ਦੀ ਦਲੀਲ ਵੀ ਇਹ ਦਿੱਤੀ ਸੀ ਕਿ ਮੁਸਲਮਾਨ ਤੇ ਸਿੱਖ ਨਹੀਂ ਮੰਨਦੇ। 1929 ਵਿਚ ਲਾਹੌਰ ਵਿਚ ਕੀਤੇ ਆਪਣੇ ਸਰਬ-ਹਿੰਦ




ਸਮਾਗਮ ਵਿਚ ਕਾਂਗਰਸ ਨੇ ਆਪਣੇ ਪ੍ਰਸਤਾਵ ਵਿਚ ਕਿਹਾ ਸੀ ਕਿ ਨਹਿਰੂ ਰਿਪੋਰਟ ਦੇ ਵਿਹਾ ਜਾਣ ਤੋਂ ਬਾਅਦ ਫਿਰਕੂ ਸਵਾਲ ਉਤੇ ਕਾਂਗਰਸ ਦਾ ਵਿਸ਼ਵਾਸ ਹੈ ਕਿ ਆਜ਼ਾਦ ਭਾਰਤ ਵਿਚ ਫਿਰਕੂ ਸਵਾਲ ਕੌਮੀ ਲੀਹਾਂ ਉਤੇ ਸਖਤੀ ਨਾਲ ਅਮਲ ਕੀਤਿਆਂ ਹੀ ਹਲ ਹੋ ਸਕਦਾ ਹੈ ਪਰ ਕਿਉਂਕਿ ਸਿੱਖ ਖਾਸ ਤੌਰ 'ਤੇ ਮੁਸਲਮਾਨ ਅਤੇ ਹੋਰ ਘੱਟਗਿਣਤੀ ਆਮ ਤੌਰ 'ਤੇ ਨਹਿਰੂ ਰਿਪੋਰਟ ਵਿਚ ਦਿੱਤੇ ਗਏ ਫਿਰਕੂ ਸਵਾਲ ਦੇ ਹੱਲ ਬਾਰੇ ਅਸੰਤੁਸ਼ਟ ਹਨ, ਕਾਂਗਰਸ ਸਿੱਖਾਂ ਤੇ ਹੋਰ ਘੱਟ-ਗਿਣਤੀਆਂ ਨੂੰ ਯਕੀਨ ਦੁਆਉਂਦੀ ਹੈ ਕਿ ਇਸ ਸਵਾਲ ਦਾ ਕੋਈ ਹੱਲ ਕਾਂਸਰਸ ਨੂੰ ਮਨਜ਼ੂਰ ਨਹੀਂ ਹੋਵੇਗਾ ਜਿਹੜਾ ਇਨ੍ਹਾਂ ਦੀ ਪੂਰੀ ਤਸੱਲੀ ਨਾ ਕਰੇ।

ਪਿਛਲੇ ਸਾਲਾਂ ਦੀ ਖਾੜਕੂ ਤਹਿਰੀਕ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਭੂਮਿਕਾ ਦੀ ਚਰਚਾ ਕਰਦਿਆਂ ਲੇਖਕ ਨੇ ਉਸ ਨੂੰ ਸਿੱਖਾਂ ਦੇ ਇਕ ਅਜਿਹੇ ਨਾਇਕ ਦੇ ਤੌਰ 'ਤੇ ਪੇਸ਼ ਕੀਤਾ ਹੈ ਜਿਸ ਨੇ ਅਕਾਲੀ ਆਗੂਆਂ ਅਤੇ ਸਭ ਪਤਵੰਤੇ ਸਿੱਖ ਵਿਦਵਾਨਾਂ ਦੇ ਉਲਟ ਆਦਿ ਜੁਗਾਦਿ ਤੋਂ ਹੀ ਖੋਟੀ ਹਿੰਦੂ ਮਾਨਸਿਕਤਾ ਨੂੰ ਠੀਕ ਤਰ੍ਹਾਂ ਸਮਝ ਲਿਆ ਸੀ ਅਤੇ ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਤੋਂ ਪਹਿਲਾਂ ਹੀ ਸਿੱਖਾਂ ਨਾਲ ਹੋਣ ਵਾਲੇ ਅਤਿਆਚਾਰਾਂ ਨੂੰ ਆਪਣੀ ਅੰਤਰਦ੍ਰਿਸ਼ਟੀ ਨਾਲ ਅਨੁਭਵ ਕਰ ਲਿਆ ਸੀ। ਲੇਖਕ ਨੇ ਉਸ ਸਾਰੇ ਘਟਨਾਕ੍ਰਮ ਬਾਰੇ ਮੁਕੰਮਲ ਖਾਮੋਸ਼ੀ ਅਖਤਿਆਰ ਕੀਤੀ ਹੈ ਜਿਸ ਵਿਚ ਸੰਤ ਭਿੰਡਰਾਂਵਾਲੇ ਦੇ ਪ੍ਰੇਰੇ ਹੋਏ ਹਥਿਆਰਬੰਦ ਟੋਲੇ ਮਾਸੂਮ ਤੇ ਨਿਹੱਥੇ ਹਿੰਦੂਆਂ-ਸਿੱਖਾਂ ਦਾ ਕਤਲੇਆਮ ਕਰ ਕੇ ਫੇਰ ਅਕਾਲ ਤਖਤ ਉਤੇ ਆ ਬੈਠਦੇ ਸਨ। ਇਨ੍ਹਾਂ ਘਟਨਾਵਾਂ ਦੇ ਵੇਰਵੇ ਤਰੀਕ-ਵਾਰ, ਸਰਕਾਰ ਵਲੋਂ ਜਾਰੀ ਕੀਤੇ ਗਏ 'ਵਾਈਟ ਪੇਪਰ' ਅਤੇ ਹੋਰ ਅਨੇਕਾਂ ਪੁਸਤਕਾਂ ਵਿਚ ਮੌਜੂਦ ਹਨ। ਸੰਤ ਭਿੰਡਰਾਂਵਾਲੇ ਨੂੰ ਹੱਕ, ਇਨਸਾਫ ਲਈ ਜੂਝਦੇ ਅਤੇ ਆਪਣੇ ਅਕੀਦੇ ਦੇ ਪੱਕੇ ਆਗੂ ਵਜੋਂ ਪੇਸ਼ ਕਰਦਿਆਂ ਲੇਖਕ ਨੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਬੇਕਸੂਰ ਸਿੱਧ ਕਰਨ ਦਾ ਯਤਨ ਕੀਤਾ ਹੈ। ਇਸ ਲਿਖਤ ਦੇ ਤਰਕ ਅਨੁਸਾਰ ਭਾਰਤ ਸਰਕਾਰ ਨੇ ਇਕ ਨਿਰਦੋਸ਼ ਤੇ ਧਰਮੀ ਪ੍ਰਚਾਰਕ ਨੂੰ ਨਾਹੱਕ ਮੌਤ ਦੇ ਘਾਟ ਉਤਾਰਿਆ।

ਇਸ ਲੜੀ ਦੀ ਦੂਜੀ ਪੁਸਤਕ ਵਿਚ ਅਜਮੇਰ ਸਿੰਘ ਨੇ ਇਕ ਅਸਲੋਂ ਨਿਰਮੂਲ ਧਾਰਨਾ ਪੇਸ਼ ਕਰਦਿਆਂ ਦੇਸ਼ ਭਗਤੀ ਤੇ ਅੰਗਰੇਜ਼-ਭਗਤੀ ਨੂੰ ਇਕੋ ਸਿੱਕੇ ਦੇ ਦੋ ਪਾਸੇ ਦੱਸਿਆ ਹੈ। ਜੇ ਕੁਝ ਹਿੰਦੂ ਰਾਸ਼ਟਰਵਾਦੀ ਆਗੂਆਂ ਨੇ 1908 ਵਿਚ ਲੰਡਨ ਵਿਚ ਗੁਰੂ ਗੋਬਿੰਦ ਸਿੰਘ ਦੇ ਗੁਰਪੁਰਬ ਦੇ ਸਮਾਗਮ ਵਿਚ ਸ਼ਿਰਕਤ ਕਰਕੇ ਸਿੱਖਾਂ ਨੂੰ ਗੁਰੂ ਦੇ ਨਾਂ ਉਤੇ ਅਪੀਲ ਕੀਤੀ ਕਿ ਉਹ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕੁਰਬਾਨੀ ਕਰਨ ਤਾਂ ਅਜਮੇਰ ਸਿੰਘ ਅਨੁਸਾਰ ਇਹ ਸਿੱਖਾਂ ਨੂੰ ਗੁਮਰਾਹ ਕਰ ਕੇ ਉਨ੍ਹਾਂ ਨੂੰ ਭਾਰਤੀ ਰਾਸ਼ਟਰਵਾਦ ਵਿਚ ਧਰੂਹ ਲੈਣ ਦਾ ਯਤਨ ਸੀ। ਸਿੱਖਾਂ ਵਿਚ ਪ੍ਰਬਲ ਹੋ ਰਹੇ ਦੇਸ਼ ਭਗਤੀ ਦੇ ਜਜ਼ਬੇ ਨੂੰ ਨੋਟ ਕਰਦਿਆਂ ਉਹ ਇਸ ਵਰਤਾਰੇ ਵੱਲ ਸ਼ੱਕ ਤੇ ਹਕਾਰਤ ਦੇ ਰਵੱਈਏ ਦੀ ਗੱਲ ਕਰਦਾ ਹੈ ਪਰ ਇਹ ਨਹੀਂ ਦੱਸਦਾ ਕਿ ਇਹ ਸ਼ੱਕ ਤੇ ਹਕਾਰਤ ਕਰਨ ਵਾਲੇ ਕੌਣ ਲੋਕ ਸਨ। ਜ਼ਾਹਿਰ ਹੈ ਕਿ ਅਜਿਹਾ ਕਰਨ ਵਾਲੇ ਖੁਦ ਅੰਗਰੇਜ਼ ਹਾਕਮ ਸਨ ਜਾਂ ਉਨ੍ਹਾਂ ਦੇ ਸਮਰਥਕ ਭਾਰਤੀ। ਉਨ੍ਹਾਂ ਦੀ ਅਜਿਹੀ ਪਹੁੰਚ ਨੂੰ 'ਪਾੜੋ ਤੇ ਰਾਜ ਕਰੋ' ਦੀ ਅੰਗਰੇਜ਼ਾਂ ਦੀ ਕਪਟ ਨੀਤੀ ਦਾ ਅੰਗ ਦੱਸਣ ਨੂੰ ਉਹ "ਕਪਟ ਭਰੀ ਦਲੀਲਬਾਜ਼ੀ" ਕਹਿੰਦਾ ਹੈ। ਉਸ ਅਨੁਸਾਰ ਸਿੱਖ ਰਈਸਾਂ ਤੇ ਚੀਫੀਆਂ ਨੇ ਅੰਗਰੇਜ਼ਾਂ ਨਾਲ ਰਾਜਨੀਤਕ ਭਾਈਵਾਲੀ ਇਸ ਕਾਰਨ ਪੱਕੀ ਕੀਤੀ ਕਿਉਂਕਿ ਗਦਰ ਪਾਰਟੀ ਹਿੰਸਕ ਵਿਦਰੋਹ ਦੀ ਤਿਆਰੀ ਵਿਚ ਜੁਟੀ ਹੋਈ ਸੀ ਪਰ ਭਾਈਵਾਲੀ ਤਾਂ ਗਦਰ ਪਾਰਟੀ ਦੀ ਕਾਇਮੀ ਤੋਂ ਢਾਈ-ਤਿੰਨ ਦਹਾਕੇ ਪਹਿਲਾਂ ਪਰਪੱਕ ਹੋ ਚੁੱਕੀ ਸੀ। ਲੇਖਕ ਖੁਦ ਇਸ ਤੱਥ ਦਾ ਉਲੇਖ ਪਹਿਲੀ ਪੁਸਤਕ ਵਿਚ ਕਰ ਚੁੱਕਾ ਹੈ।

ਅਜਮੇਰ ਸਿੰਘ ਨੇ 'ਸਿੱਖ ਪੰਥ ਦੀ ਅਜੋਕੀ ਦਸ਼ਾ' ਦੀ ਚਰਚਾ ਕਰਦਿਆਂ ਹਰ ਉਸ ਵਿਚਾਰ ਤੇ ਹਰ ਉਸ ਰਾਜਸੀ ਤੇ ਗੈਰ-ਰਾਜਸੀ ਆਗੂ ਦੀ ਸਖਤ ਆਲੋਚਨਾ ਕੀਤੀ ਹੈ ਜਿਸ ਨੇ 'ਇਕੋ ਸਾਂਝੀ ਭਾਰਤੀ ਕੌਮ' ਅਤੇ 'ਇਕ ਸੰਯੁਕਤ ਭਾਰਤ ਦੇ ਆਦਰਸ਼ ਨਾਲ ਵਫਾ ਨਿਭਾਉਣ' ਦੀ ਗੱਲ ਕੀਤੀ ਹੈ। ਇਸੇ ਸੋਚ ਕਾਰਨ ਉਸ ਨੇ ਡਾ. ਗੰਡਾ ਸਿੰਘ ਵੱਲੋਂ ਲਿਖੇ ਗਏ ਸਿੱਖ ਇਤਿਹਾਸ ਉਤੇ ਟਿੱਪਣੀ ਕਰਦਿਆਂ ਏਥੋਂ ਤਕ ਕਿਹਾ ਹੈ ਕਿ ਉਨ੍ਹਾਂ ਦਾ ਮਨ ਸਿੱਖ ਕੌਮਪ੍ਰਸਤੀ ਦਾ ਹਾਮੀ ਸੀ ਪਰ ਦਿਮਾਗ ਭਾਰਤੀ ਰਾਸ਼ਟਰਵਾਦ ਦੀ ਗ੍ਰਿਫਤ ਤੋਂ ਮੁਕਤ ਨਾ ਹੋ ਸਕਿਆ। ਇਹ ਲੇਖਕ ਦੀ ਅੰਤਰਮੁਖਤਾ ਦੀ ਇੰਤਹਾ ਹੈ ਕਿ ਉਹ ਭਾਰਤੀ ਕੌਮ ਦੇ ਸੰਕਲਪ ਪ੍ਰਤੀ ਕਿਸੇ ਵਿਦਵਾਨ ਦੀ ਰਾਏ ਵੱਲ ਮੁਕੰਮਲ ਅਸਹਿਨਸ਼ੀਲਤਾ ਦਾ ਬੁਲਾਰਾ ਹੋ ਨਿਬੜਿਆ ਹੈ।

ਅਜਮੇਰ ਸਿੰਘ ਦੀ ਦਲੀਲਬਾਜ਼ੀ ਇਸ ਬਾਹਰਮੁਖੀ ਵਰਤਾਰੇ ਨੂੰ, ਜਿਹੜਾ ਭਾਰਤੀ ਕੌਮਪ੍ਰਸਤੀ ਦੇ ਰੂਪ ਵਿਚ ਦੇਸ਼ ਵਿਚ ਵੀਹਵੀਂ ਸਦੀ ਦੇ ਅਰੰਭ ਵਿਚ ਸਾਹਮਣੇ ਆਇਆ, ਅੱਖੋਂ-ਪਰੋਖਾ ਨਹੀਂ ਕਰ ਸਕਦੀ। ਇਹ ਕਿਸੇ ਵਿਅਕਤੀ ਦਾ ਮਨੋਕਲਪਿਤ ਸੰਕਲਪ ਨਹੀਂ ਸੀ। ਇਹ ਅੰਗਰੇਜ਼ ਰਾਜ ਵੱਲੋਂ ਭਾਰਤ ਦੀ ਆਰਥਿਕ ਲੁੱਟ-ਖੋਹ ਅਤੇ ਦੇਸ਼ ਉਤੇ ਆਪਣਾ ਰਾਜਸੀ ਤੇ ਰਾਜ-ਪ੍ਰਬੰਧਕ ਕੰਟਰੋਲ ਕਾਇਮ ਰੱਖਣ ਦੇ ਜਾਬਰ ਅਮਲ ਵਿਰੁਧ ਹਾਂਦਰੂ ਪ੍ਰਤੀਕਰਮ ਵਜੋਂ ਪੈਦਾ ਹੋਇਆ।

ਲੇਖਕ ਅਨੁਸਾਰ 1947 ਵਿਚ ਸਿੱਖਾਂ ਵਲੋਂ ਆਪਣੀ ਹੋਣੀ ਨੂੰ ਭਾਰਤ ਨਾਲ "ਨੱਥੀ ਕਰਨ" ਦੇ ਨਤੀਜੇ ਵਜੋਂ ਉਨ੍ਹਾਂ ਲਈ "ਇਕ ਵੱਡੀ

ਵਿਚਾਰਧਾਰਕ ਅਤੇ ਮਨੋਵਿਗਿਆਨਕ ਗੁੰਝਲ ਖੜ੍ਹੀ ਹੋ ਗਈ ਸੀ।" ਲੇਖਕ ਏਥੇ ਪੂਰੀ ਸੱਚਾਈ ਨੂੰ ਸਾਹਮਣੇ ਨਹੀਂ ਲਿਆ ਰਿਹਾ। ਸੱਚਾਈ ਇਹ ਹੈ ਜਿਵੇਂ ਕਿ ਪਹਿਲਾਂ ਨੋਟ ਕੀਤਾ ਗਿਆ ਹੈ ਕਿ ਸੱਤਾ ਭਾਰਤੀ ਹੱਥਾਂ ਵਿਚ ਸੌਂਪਣ ਸਮੇਂ ਦੋ ਮੁੱਖ ਧਿਰਾਂ ਕਾਂਗਰਸ ਅਤੇ ਮੁਸਲਿਮ ਲੀਗ ਵਿਚਕਾਰ ਸਮਝੌਤਾ ਨਾ ਹੋ ਸਕਣ ਕਾਰਨ ਪਹਿਲਕਦਮੀ ਅੰਗਰੇਜ਼ ਸਰਕਾਰ ਦੇ ਹੱਥਾਂ ਵਿਚ ਸੀ। ਸਵਾਲ ਤਾਂ ਉਸ ਸਮੇਂ ਸਿੱਖ ਲੀਡਰਸ਼ਿਪ ਦੀ ਭੂਮਿਕਾ ਦਾ ਹੈ, ਜਿਸ ਉਤੇ ਲੇਖਕ ਆਪਣੇ ਤੁਅਸਬੀ ਰਵੱਈਏ ਕਾਰਨ ਉਂਗਲਾਂ ਲਾ ਰਿਹਾ ਹੈ। ਇਨ੍ਹਾਂ ਦੂਸ਼ਣਾਂ ਦੇ ਉਲਟ ਉਸ ਸਮੇਂ ਦੀ ਸਿੱਖ ਲੀਡਰਸ਼ਿਪ ਨੇ, ਆਪਸੀ ਮਤ-ਭੇਦਾਂ ਦੇ ਬਾਵਜੂਦ, ਪਹਿਲ ਇਸ ਗੱਲ ਨੂੰ ਦਿੱਤੀ ਕਿ ਦੇਸ਼ ਨੂੰ ਹਰ ਹਾਲ ਵਿਚ ਇਕ ਰੱਖਿਆ ਜਾਵੇ। ਸਿੱਖ ਲੀਡਰਸ਼ਿਪ ਵਿਚ ਉਸ ਸਮੇਂ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਸ. ਬਲਦੇਵ ਸਿੰਘ ਤੇ ਸ. ਹਰਨਾਮ ਸਿੰਘ ਸ਼ਾਮਿਲ ਸਨ। ਉਸ ਸਮੇਂ ਜਦ ਕਾਂਗਰਸ ਦੇਸ਼ ਨੂੰ ਵੰਡਣਾ, ਹਾਲਾਤ ਦਾ ਇਕੋ ਹੱਲ ਸਮਝਦੀ ਸੀ, ਸਿੱਖ




ਆਗੂਆਂ ਦੀ ਸਪਸ਼ਟ ਤਰਜੀਹ ਦੇਸ਼ ਨੂੰ ਇਕ ਰੱਖਣ ਦੀ ਸੀ, ਵੰਡ ਦੇ ਵਿਰੋਧ ਵਿਚ ਸੀ। ਉਨ੍ਹਾਂ ਕਿਹਾ, ਅਸੀਂ ਦੇਸ਼ ਨੂੰ ਇਕ ਰੱਖਣਾ ਚਾਹੁੰਦੇ ਹਾਂ ਪਰ ਜੇ ਦੇਸ਼ ਵੰਡਿਆ ਹੀ ਜਾਣਾ ਹੈ ਤਾਂ ਸਿੱਖ ਸਟੇਟ ਵੀ ਜ਼ਰੂਰ ਕਾਇਮ ਕੀਤੀ ਜਾਏ। ਸਿੱਖ ਲੀਡਰਸ਼ਿਪ ਦਾ ਇਹ ਪੈਂਤੜਾ ਵਤਨਪ੍ਰਸਤੀ ਦੇ ਪੈਮਾਨੇ 'ਤੇ ਵੀ ਖਰਾ ਉਤਰਦਾ ਸੀ ਤੇ ਧਰਮ ਨਿਰਪੇਖਤਾ ਪ੍ਰਤੀ ਤਰਜੀਹ ਵੀ ਦਰਸਾਉਂਦਾ ਸੀ ਪਰ ਇਹ ਸੰਭਵ ਨਾ ਹੋ ਸਕਿਆ। ਸਿੱਖ ਆਗੂਆਂ ਦੀ ਇਸ ਦਲੀਲ ਦਾ ਜਵਾਬ ਨਾ ਅੰਗਰੇਜ਼ਾਂ ਕੋਲ ਸੀ ਤੇ ਨਾ ਹੀ ਕਾਂਗਰਸ ਕੋਲ ਕਿ ਜੇ ਦੇਸ਼ ਇਸ ਆਧਾਰ ਉਤੇ ਵੰਡਿਆ ਜਾ ਰਿਹਾ ਹੈ ਕਿ ਮੁਸਲਮਾਨ ਭਾਈਚਾਰਾ ਹਿੰਦੂ ਗਲਬੇ ਵਾਲੇ ਭਾਰਤ ਵਿਚ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਰੱਖ ਸਕਦਾ ਤਾਂ ਫੇਰ ਕਿਉਂਕਿ ਸਿੱਖ ਭਾਈਚਾਰਾ ਮੁਸਲਿਮ ਬਹੁਗਿਣਤੀ ਵਾਲੇ ਪੰਜਾਬ ਵਿਚ ਸੁਰੱਖਿਅਤ ਨਹੀਂ ਹੋਵੇਗਾ- ਇਸ ਲਈ ਸਿੱਖਾਂ ਨੂੰ ਵੀ ਉਨ੍ਹਾਂ ਦਾ ਆਪਣਾ ਰਾਜ ਅਥਵਾ ਸਿੱਖ ਸਟੇਟ ਚਾਹੀਦੀ ਹੈ। ਪਰ ਇਹ ਕਠੋਰ ਹਕੀਕਤ ਇਸ ਮੰਗ ਦੇ ਵਿਰੁੱਧ ਭੁਗਤਦੀ ਸੀ ਕਿ ਸਿੱਖ ਬਹੁ-ਗਿਣਤੀ ਕੇਵਲ ਦੋ ਤਹਿਸੀਲਾਂ ਮੋਗਾ ਤੇ ਤਰਨਤਾਰਨ ਵਿਚ ਹੀ ਸੀ ਜਿਹੜੀਆਂ ਕਿ ਇਕ ਦੂਜੀ ਨਾਲ ਜੁੜੀਆਂ ਹੋਈਆਂ ਵੀ ਨਹੀਂ ਸਨ। ਇਓਂ ਫ਼ਿਰਕੂ ਆਧਾਰ ਉਤੇ ਹੋ ਰਹੀ ਦੇਸ਼ ਦੀ ਵੰਡ ਵਿਚ ਸਿੱਖਾਂ ਦੀ ਪੁਜ਼ੀਸ਼ਨ ਡਾਢੀ ਕਮਜ਼ੋਰ ਸੀ। ਜ਼ਮੀਨੀ ਹਕੀਕਤਾਂ ਨੇ ਉਨ੍ਹਾਂ ਲਈ ਵੱਖਰੇ ਰਾਜ ਦਾ ਰਾਹ ਬੰਦ ਕਰ ਦਿੱਤਾ ਸੀ। ਇਸ ਲਈ ਇਹ ਗੱਲ ਤਾਂ ਕਿਸੇ ਤਰ੍ਹਾਂ ਵੀ ਠੀਕ ਨਹੀਂ ਕਿ ਸਿੱਖ ਆਗੂਆਂ ਨੇ ਆਪਣਾ ਕੇਸ ਸਪਸ਼ਟਤਾ ਅਤੇ ਈਮਾਨਦਾਰੀ ਨਾਲ ਨਹੀਂ ਰੱਖਿਆ ਸੀ।

ਲੇਖਕ ਸਿੱਖ ਭਾਈਚਾਰੇ ਵਲੋਂ ਕੀਤੀ ਜਾਂਦੀ ਅਰਦਾਸ ਦੇ ਸ਼ਬਦ ਦੁਹਰਾਉਂਦਿਆਂ ਕਹਿੰਦਾ ਹੈ ਕਿ ਉਨ੍ਹਾਂ ਦੇ ਦਿਲਾਂ ਅੰਦਰ ਰੋਜ਼ਾਨਾ "ਖਾਲਸਾ ਰਾਜ ਦੀ ਬਹਾਲੀ ਦਾ ਖਿਆਲ ਅੰਗੜਾਈਆਂ ਲੈਣ ਲੱਗ ਜਾਂਦਾ ਹੈ।" ਅਰਦਾਸ ਦਾ ਜ਼ਿਕਰ ਉਹ ਡਾ. ਜਸਵੰਤ ਸਿੰਘ ਨੇਕੀ ਦੀ ਇਸ ਸਬੰਧੀ ਲਿਖਤ ਦੇ ਹਵਾਲੇ ਨਾਲ ਕਰਦਾ ਹੈ ਪਰ ਡਾ. ਨੇਕੀ ਤਾਂ ਅਜਿਹੀ ਗੱਲ ਕਿਤੇ ਨਹੀਂ ਕਹਿੰਦੇ ਕਿ ਸਿੱਖ ਦਿਲਾਂ ਵਿਚ ਅਜਿਹਾ ਜਜ਼ਬਾ ਉਤਪੰਨ ਹੁੰਦਾ ਹੈ। ਏਥੇ ਵੀ ਲੇਖਕ ਸਮੁੱਚੇ ਸੰਦਰਭ ਨਾਲੋਂ ਤੋੜ ਕੇ ਆਪਣੀ ਮਰਜ਼ੀ ਦੇ ਨਤੀਜੇ ਕੱਢਦਾ ਹੈ। ਇਓਂ ਤਾਂ ਅਰਦਾਸ ਕਰਦੇ ਸਮੇਂ ਸੰਤ ਭਿੰਡਰਾਂਵਾਲੇ ਦੇ ਪੈਰੋਕਾਰ ਵੀ "ਸਰਬੱਤ ਦੇ ਭਲੇ" ਦੀ ਕਾਮਨਾ ਕਰਦੇ ਸਨ।

ਇਸ ਲੜੀ ਦੀ ਤੀਜੀ ਪੁਸਤਕ ਵਿਚ ਲੇਖਕ ਨੇ ਪੰਜਾਬ ਦੇ ਸੰਕਟ ਦੇ ਦੌਰ ਨੂੰ ਇਤਿਹਾਸ ਨਾਲ ਲੱਦਿਆ ਦੌਰ ਕਿਹਾ ਹੈ। ਉਸ ਅਨੁਸਾਰ 1984 ਸਿੱਖਾਂ ਦੇ ਹਿਰਦਿਆਂ ਵਿਚ 'ਖੰਜਰ' ਬਣ ਕੇ ਖੁਭਿਆ ਹੋਇਆ ਹੈ ਜਿਸ ਦੇ ਹਵਾਲੇ ਤੋਂ ਬਗੈਰ ਭੂਤ ਵਰਤਮਾਨ ਅਤੇ ਭਵਿੱਖ ਕੁਝ ਵੀ ਠੀਕ ਤਰ੍ਹਾਂ ਸਮਝਿਆ ਨਹੀਂ ਜਾ ਸਕਦਾ ਪਰ ਇਸ ਧਾਰਨਾ ਨੂੰ ਲੈ ਵਰਤਮਾਨ ਸਥਿਤੀ ਦੀਆਂ ਅਸਲ ਹਾਲਤਾਂ ਨਾਲ ਮੇਚ ਕੇ ਵੇਖਿਆ ਜਾਵੇ ਤਾਂ ਇਹ ਯਥਾਰਥਕ ਨਾਲੋਂ ਮਨੋ ਕਲਪਿਤ ਵਧੇਰੇ ਹੈ। ਪਿਛਲੀ ਚੌਥਾਈ ਸਦੀ ਵਿਚ ਸਿੱਖਾਂ ਨੇ ਹਰ ਤਰ੍ਹਾਂ ਰਾਜਸੀ ਸਥਿਤੀ ਵਿਚ ਆਪਣੀ ਭੂਮਿਕਾ ਨਿਭਾਈ ਹੈ। ਸਿਵਾਏ ਇਕ ਵਾਰ ਦੇ ਸਿੱਖਾਂ ਦੀ ਕਿਸੇ ਰਾਜਸੀ ਪਾਰਟੀ ਨੇ ਚੋਣਾਂ ਦੇ ਬਾਈਕਾਟ ਦਾ ਤਾਂ ਨਾਅਰਾ ਵੀ ਨਹੀਂ ਦਿੱਤਾ। ਅਕਾਲੀ ਦਲ (ਬਾਦਲ) ਨੇ ਇਕ ਤੋਂ ਵਧ ਵਾਰ ਸਰਕਾਰ ਬਣਾਈ ਹੈ। ਇਹ ਦਲ ਹੁਕਮਰਾਨ ਦੀ ਭੂਮਿਕਾ ਵੀ ਵਿਧਾਨ ਅਨੁਸਾਰ ਹੀ ਨਿਭਾਉਂਦਾ ਰਿਹਾ ਹੈ। ਸਿੱਖ 1984 ਨੂੰ ਭੁਲਾਉਂਦੇ ਤਾਂ ਨਹੀਂ ਪਰ ਉਹ ਤੇ ਪੰਜਾਬੀਆਂ ਦੇ ਗੈਰ-ਸਿੱਖ ਵਰਗ ਉਨ੍ਹਾਂ ਘਟਨਾਵਾਂ ਦੇ ਅਸਲ ਨਤੀਜਿਆਂ ਨੂੰ ਵੀ ਸਾਹਮਣੇ ਰੱਖਦੇ ਹਨ ਤੇ ਰੱਖਦੇ ਰਹਿਣਗੇ। ਅਤੇ ਅਸਲ ਸਿੱਟੇ ਇਹ ਹਨ ਕਿ ਬੇਲਗਾਮ ਹਿੰਸਾ ਦੀ ਉਸ ਸਮੇਂ ਚੱਲੀ ਹਨੇਰੀ ਨੂੰ ਸਮੇਂ ਸਿਰ ਹੀ ਰੋਕਣਾ ਚਾਹੀਦਾ ਸੀ। ਲੇਖਕ ਇਕ ਪੁੱਠਾ ਤਰਕ ਪੇਸ਼ ਕਰਦਿਆਂ ਇਸ ਹਨੇਰੀ ਨੂੰ 'ਬਲਿਊ ਸਟਾਰ' ਦਾ ਪ੍ਰਤੀਕਰਮ ਕਹਿੰਦਾ ਹੈ ਜਦ ਕਿ ਵਾਸਤਵ ਵਿਚ 'ਬਲਿਊ ਸਟਾਰ' ਇਸ ਹਨੇਰੀ ਦਾ ਹੀ ਮਾਰੂ ਅਤੇ ਅਤਿ ਬਦਕਿਸਮਤੀਪੂਰਨ ਨਤੀਜਾ ਸੀ।

ਲੇਖਕ ਦੀ ਇਹ ਸੋਚ ਕਿਸੇ ਤਰ੍ਹਾਂ ਵੀ ਮੰਨਣਯੋਗ ਨਹੀਂ ਕਿ "ਭਾਰਤ ਦੇ ਹਾਕਮਾਂ ਦੀ ਬੁਨਿਆਦੀ ਨੀਤੀ ਸਿੱਖਾਂ ਦੇ ਵਿਰੋਧ ਨੂੰ ਪੂਰੀ ਤਰ੍ਹਾਂ ਮਸਲ ਦੇਣ ਦੀ ਹੈ।" ਜੇ ਸੱਚਾਈ ਇਹ ਹੀ ਹੋਵੇ ਤਾਂ ਸਿੱਖਾਂ ਕੋਲ ਨਾ ਆਰਥਿਕ ਸਾਧਨ ਹੋਣ, ਨਾ ਸਮਾਜਕ ਰੁਤਬਾ ਹੋਵੇ ਅਤੇ ਨਾ ਹੀ ਉਨ੍ਹਾਂ ਦਾ ਰਾਜਸੱਤਾ ਵਿਚ ਕੋਈ ਦਖਲ ਅਥਵਾ ਹਿੱਸਾ ਹੋਵੇ ਪਰ ਹਕੀਕਤ ਇਸ ਦੇ ਉਲਟ ਹੈ। ਉਨ੍ਹਾਂ ਕੋਲ ਇਹ ਸਭ ਕੁਝ ਹੈ। ਸਿੱਖ ਇਸ ਦੇਸ਼ ਦਾ ਰਾਸ਼ਟਰਪਤੀ ਰਹਿ ਚੁੱਕਾ ਹੈ ਤੇ ਹੁਣ ਪ੍ਰਧਾਨ ਮੰਤਰੀ ਵੀ ਹੈ। ਸਨਅਤ ਵਿਚ, ਵਪਾਰ ਵਿਚ, ਫੌਜ ਅਤੇ ਸਿਵਲ ਵਿਚ ਉਤਲੇ ਪੱਧਰ ਦੀਆਂ ਨੌਕਰੀਆਂ ਵਿਚ ਸਿੱਖਾਂ ਦਾ ਦੇਸ਼ ਦੀ ਵਸੋਂ ਵਿਚ ਉਨ੍ਹਾਂ ਦੀ ਤਨਾਸਬ ਦੇ ਹਿਸਾਬ ਨਾਲ ਬਹੁਤ ਵੱਡਾ ਹਿੱਸਾ ਹੈ। ਕੀ ਲੇਖਕ ਜਾਣਦਾ ਨਹੀਂ ਹੈ ਕਿ ਨਾਜ਼ੀ ਜਰਮਨੀ ਵਿਚ ਯਹੂਦੀਆਂ ਦੀ ਸਥਿਤੀ ਕੀ ਸੀ?

ਪੰਜਾਬ ਸੰਕਟ ਸਮੇਂ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਜਨਰਲ ਸਕੱਤਰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਵਲੋਂ ਅਪਨਾਈ ਗਈ ਨੀਤੀ ਦੀ ਆਲੋਚਨਾ ਕਰਦਿਆਂ ਅਜਮੇਰ ਸਿੰਘ ਨੇ ਉਨ੍ਹਾਂ ਉਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਨੇ ਖੱਬੀਆਂ ਤਾਕਤਾਂ ਨੂੰ ਖਾੜਕੂ ਸਿੱਖ ਸੰਘਰਸ਼ ਵਿਰੁਧ ਹਥਿਆਰਬੰਦ ਟੱਕਰ ਲਈ ਕੁਰਾਹੇ ਵੱਲ ਧੱਕਿਆ ਅਤੇ ਇਓਂ ਭਾਰਤ ਦੇ ਹੁਕਮਰਾਨ ਵਰਗ ਦੀ ਫਿਰਕੂ ਤੇ ਫਾਸ਼ੀਵਾਦੀ ਰਾਜਨੀਤੀ ਦਾ ਖਾਜਾ ਬਣਾਇਆ ਅਸਲੀਅਤ ਜਿਵੇਂ ਕਿ ਸਭ ਜਾਣਦੇ ਹਨ-ਇਹ ਸੀ ਕਿ ਕਮਿਊਨਿਸਟ ਕਾਰਕੁਨ ਪੰਜਾਬ ਸੰਕਟ ਦੇ ਗੱਲਬਾਤ ਰਾਹੀਂ ਹੱਲ ਲਈ ਮੁਹਿੰਮ ਵਿਚ ਜੁੱਟੇ ਹੋਏ ਸਨ। ਇਹੋ ਗੱਲ ਖਾਲਿਸਤਾਨੀ ਖਾੜਕੂਆਂ ਲਈ ਸਹਿਣਯੋਗ ਨਹੀਂ ਸੀ ਤੇ ਉਨ੍ਹਾਂ ਨੇ ਕਮਿਊਨਿਸਟਾਂ ਨੂੰ ਪੂਰੀ ਬੇਰਹਿਮੀ ਨਾਲ ਆਪਣਾ ਨਿਸ਼ਾਨਾ ਬਣਾਇਆ। ਉਨ੍ਹਾਂ ਕਤਲਾਂ ਲਈ ਜਿਹੜੇ ਖਾੜਕੂਆਂ ਨੇ ਐਲਾਨੀਆ ਕੀਤੇ- ਅਜਮੇਰ ਸਿੰਘ ਉਲਟਾ ਕਾਮਰੇਡ ਸੁਰਜੀਤ ਨੂੰ ਦੋਸ਼ ਦੇ ਰਿਹਾ ਹੈ। ਉਸ ਨੇ ਇੰਦਰਾ ਗਾਂਧੀ ਦੇ ਕਤਲ ਨੂੰ ਬੇਅੰਤ ਸਿੰਘ ਤੇ ਕਿਹਰ ਸਿੰਘ ਦਾ "ਕਾਰਨਾਮਾ" ਕਿਹਾ ਹੈ, ਜਿਹੜਾ ਉਸ ਦੇ ਆਖੇ ਅਨੁਸਾਰ "ਸਿੱਖ ਇਤਿਹਾਸ ਦਾ ਇਕ ਹੋਰ ਗੌਰਵਸ਼ਾਲੀ ਕਾਂਡ" ਸੀ ਤੇ ਸਿੱਖਾਂ ਲਈ "ਪ੍ਰੇਰਨਾ ਦਾ ਸਰੋਤ।" ਇਸ ਦੇ ਉਲਟ ਇਹ ਸੋਚ ਵੀ ਤਾਂ ਮੌਜੂਦ ਹੈ ਕਿ ਇਕ ਬੇਹਥਿਆਰ ਇਸਤਰੀ ਦਾ ਉਸ ਦੇ ਆਪਣੇ ਹੀ ਅੰਗ-ਰੱਖਿਅਕਾਂ ਹੱਥੋਂ, ਜਿਨ੍ਹਾਂ ਉਤੇ ਉਸ ਦੀ ਰਾਖੀ ਦੀ ਜ਼ਿੰਮੇਵਾਰੀ ਸੀ, ਮਾਰਿਆ ਜਾਣਾ, ਜਿਸ ਦੀ ਉਦਾਹਰਣ ਸੰਸਾਰ ਇਤਿਹਾਸ ਵਿਚ ਵੀ ਵਿਰਲੀ ਹੀ ਮਿਲਦੀ ਹੈ, ਸਿੱਖ ਇਤਿਹਾਸ ਦਾ ਗੌਰਵ ਕਿਵੇਂ ਬਣ ਸਕਦਾ ਸੀ? ਸਿੱਖ ਇਤਿਹਾਸ ਤਾਂ ਮਜ਼ਲੂਮਾਂ ਦੀ ਰਾਖੀ ਦਾ ਇਤਿਹਾਸ ਰਿਹਾ ਹੈ। ਇੰਦਰਾ ਗਾਂਧੀ ਦੇ ਕਾਤਿਲਾਂ ਦੀ ਕਾਰਵਾਈ ਤਾਂ ਸਗੋਂ ਬੁਜ਼ਦਿਲਾਨਾ ਸੀ।

ਅਜਮੇਰ ਸਿੰਘ ਦੀਆਂ ਤਿੰਨਾਂ ਪੁਸਤਕਾਂ ਵਿਚ ਸਿੱਖ ਕੌਮ ਦਾ ਸੰਕਲਪ ਤੇ ਇਸ ਕੌਮ ਵਲੋਂ ਇਕ ਵਿਸ਼ੇਸ਼ ਭੂਗੋਲਿਕ ਖਿੱਤੇ ਵਿਚ ਰਾਜ-ਸੱਤਾ ਦੀ ਸਥਾਪਤੀ ਦਾ ਲਕਸ਼ ਵਿਦਮਾਨ ਹੈ ਪਰ ਉਸਨੇ ਕਿਸੇ ਥਾਂ ਵੀ ਇਸ ਸ਼ਬਦ ਦੀ ਵਿਆਖਿਆ ਨਹੀਂ ਕੀਤੀ। ਉਸਨੇ ਪੰਜਾਬੀ ਕੌਮ ਦੀ ਥਾਂ ਸਿੱਖ ਕੌਮ ਵਰਤ ਕੇ ਦੋਹਾਂ ਸੰਕਲਪਾਂ ਨੂੰ ਰਲਗੱਡ ਕਰ ਦਿੱਤਾ ਹੈ। ਇਸ ਨਾਲ ਪਾਠਕਾਂ ਦੇ ਪੱਲੇ ਜ਼ਰਾ ਜਿੰਨੀ ਸਪਸ਼ਟਤਾ ਵੀ ਨਹੀਂ ਪੈਂਦੀ। ਸਮਕਾਲੀ ਰਾਜਸੀ ਵਰਤਾਰਿਆਂ ਨੂੰ ਧਿਆਨ ਵਿਚ ਰੱਖਦਿਆਂ ਮੁਖ ਸਵਾਲ ਇਹ ਹੋਵੇਗਾ ਕਿ ਇਸ ਭੂਗੋਲਿਕ ਖਿੱਤੇ ਵਿਚ ਗੈਰ-ਸਿੱਖ ਪੰਜਾਬੀਆਂ ਦਾ ਸਥਾਨ ਕੀ ਹੈ ਤੇ ਕੀ ਹੋਵੇਗਾ? ਅਜਮੇਰ ਸਿੰਘ ਇਸ ਸਵਾਲ ਦਾ ਜਵਾਬ ਦੇਣ ਤੋਂ ਪਾਸਾ ਵੱਟਦਾ ਹੈ।

ਇਨ੍ਹਾਂ ਪੁਸਤਕਾਂ ਬਾਰੇ ਪੱਤਰਕਾਰ ਅਤੇ ਚਿੰਤਕ ਜਸਵੀਰ ਸਮਰ ਦੀ ਇਹ ਟਿੱਪਣੀ




ਬਿਲਕੁਲ ਢੁਕਵੀਂ ਹੈ ਕਿ ਇਨ੍ਹਾਂ ਦੇ ਲੇਖਕ ਨੇ "ਭੁਲੇਖੇ" ਪਾਏ ਹਨ ਅਤੇ ਉਹ "ਅਕਸਰ ਗੱਲਾਂ ਨੂੰ ਸਮੁੱਚੇ ਹਾਲਾਤ ਨਾਲੋਂ ਤੋੜ ਕੇ ਆਪਣੇ ਹਿਸਾਬ ਨਾਲ ਪੇਸ਼ ਕਰਦਾ ਹੈ। ਕੂਕਿਆਂ, 'ਪਗੜੀ ਸੰਭਾਲ ਜੱਟਾ' ਦੇ ਆਗੂਆਂ, ਗਦਰੀਆਂ, ਬੱਬਰ ਅਕਾਲੀਆਂ ਤੇ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੇ ਕਾਰਜਾਂ ਨੂੰ ਉਹ ਸਮੁੱਚੇ ਹਾਲਾਤ ਨਾਲੋਂ ਤੋੜ ਕੇ ਪੰਜਾਬੀ ਅਤੇ ਸਿੱਖ ਵਿਰੋਧੀ ਆਖਣ ਤੱਕ ਚਲਾ ਜਾਂਦਾ ਹੈ।"

ਇਸ ਲੜੀ ਦੀ ਤੀਜੀ ਪੁਸਤਕ ਦੇ ਅਖੀਰ ਉਤੇ ਲੇਖਕ ਨੇ 1985 ਵਿਚ ਉਨ੍ਹਾਂ ਸਾਰੇ ਖਾਲਿਸਤਾਨੀ ਅਨਸਰਾਂ ਦੇ ਪੰਜਾਬ ਵਿਚ ਪਰਤ ਆਉਣ ਅਤੇ ਸੈਂਕੜਿਆਂ ਦੀ ਗਿਣਤੀ ਵਿਚ ਸਿੱਖ ਨੌਜਵਾਨਾਂ ਦੇ ਖਾੜਕੂ ਸਫਾਂ ਵਿਚ ਸ਼ਾਮਿਲ ਹੋਣ ਦੀ ਗੱਲ ਕੀਤੀ ਹੈ। ਉਹ ਪੰਜਾਬ ਵਿਚ ਲੜੀ ਜਾਣ ਵਾਲੀ ਘਮਸਾਨ ਦੀ ਇਕ ਨਵੀਂ ਲੜਾਈ ਦਾ ਜ਼ਿਕਰ ਕਰਦਾ ਹੈ, ਜਿਸ ਦਾ ਉਸ ਦੇ ਆਖੇ ਅਨੁਸਾਰ ਪਿੜ ਬੱਝ ਚੁੱਕਾ ਹੈ। ਇਸ ਗੱਲ ਵਿਚ ਤਾਂ ਸ਼ੱਕ ਨਹੀਂ ਕਿ ਸਿੱਖਾਂ ਅੰਦਰ ਸੰਤ ਭਿੰਡਰਾਂਵਾਲੇ ਦਾ ਪ੍ਰਭਾਵ ਅਜੇ ਵੀ ਮੌਜੂਦ ਹੈ ਪਰ ਹਿੰਸਕ ਇੰਤਹਾਪਸੰਦੀ ਦੀਆਂ ਕਾਰਵਾਈਆਂ ਨਿਸ਼ਚੇ ਹੀ ਬਹੁਤ ਘੱਟ ਗਈਆਂ ਹਨ ਭਾਵੇਂ ਅਜਿਹੇ ਟਾਵੇਂ-ਟਾਵੇਂ ਐਕਸ਼ਨ ਹੁਣ ਵੀ ਹੁੰਦੇ ਹਨ ਤੇ ਪੁਲਿਸ ਸੰਬਧਿਤ ਵਿਅਕਤੀਆਂ ਨੂੰ ਗ੍ਰਿਫਤਾਰ ਵੀ ਕਰਦੀ ਹੈ ਅਤੇ ਉਨ੍ਹਾਂ ਉਤੇ ਮੁਕਦਮੇ ਵੀ ਚਲਾਉਂਦੀ ਹੈ। ਫੇਰ ਵੀ ਇਹ ਕਹਿਣਾ ਡਾਢੀ ਅਤਿਕਥਨੀ ਹੋਵੇਗੀ ਕਿ "ਪਿੜ" ਬੱਝ ਚੁੱਕਾ ਤੇ ਅਸੀਂ ਇਕ ਵਾਰ ਫੇਰ ਇਕ ਨਵੇਂ ਸੰਘਰਸ਼ ਦੀਆਂ ਬਰੂਹਾਂ ਉਤੇ ਹਾਂ। ਅਜਿਹੇ ਅਨਸਰਾਂ ਦੀ ਤਾਕਤ ਕੁਝ ਹਜ਼ਾਰ ਤੋਂ ਵੱਧ ਨਹੀਂ। ਰਾਜ-ਸੱਤਾ ਨਾਲ ਮੱਥਾ ਲਾਉਣਾ ਤੇ ਅਜਿਹੇ ਟਕਰਾਅ ਵਿਚੋਂ ਆਪਣੇ ਲਈ ਮੁਆਫਕ ਨਤੀਜੇ ਕੱਢ ਸਕਣਾ ਹੁਣ ਉਨ੍ਹਾਂ ਦੇ ਵੱਸ ਨਹੀਂ।

ਅਫਸੋਸ ਦੀ ਗੱਲ ਹੈ ਕਿ ਅਜਮੇਰ ਸਿੰਘ ਆਪਣੇ ਚਿਤਵੇ ਭਵਿੱਖੀ ਰਾਜ ਵਿਚ ਆਰਥਿਕਤਾ ਕਿਸ ਤਰ੍ਹਾਂ ਦੀ ਹੋਵੇਗੀ? ਸਿੱਖ ਨੌਜਵਾਨਾਂ ਨੂੰ ਰੁਜ਼ਗਾਰ ਜਾਂ ਉਨਤੀ ਦੇ ਮੌਕੇ ਕਿੰਜ ਮਿਲਣਗੇ? ਆਦਿ ਸਵਾਲਾਂ ਦਾ ਕਿਧਰੇ ਜ਼ਿਕਰ ਤੱਕ ਵੀ ਨਹੀਂ ਕਰਦਾ। ਅਜਮੇਰ ਸਿੰਘ ਨੂੰ ਸ਼ਾਇਦ ਪਤਾ ਨਹੀਂ ਹੈ ਕਿ ਕਦੀ ਬਰ੍ਹਮਾ ਵੀ ਭਾਰਤ ਦਾ ਹਿੱਸਾ ਸੀ ਅਤੇ ਵੱਖਰਾ ਬੋਧੀ ਰਾਜ ਬਣ ਜਾਣ ਤੇ ਉਥੇ ਅੱਜ ਕਿਹੜੇ ਰੰਗ ਲੱਗੇ ਹੋਏ ਹਨ। ਪਿਛਲੇ 50 ਵਰ੍ਹਿਆਂ ਤੋਂ ਫੌਜੀ ਹਾਕਮਾਂ ਨੇ ਉਥੋਂ ਦੇ ਆਮ ਲੋਕਾਂ ਦਾ ਸਾਹ ਲੈਣਾ ਵੀ ਮੁਸ਼ਕਲ ਕੀਤਾ ਹੋਇਆ ਹੈ। ਆਰਥਿਕ ਏਜੰਡੇ ਤੋਂ ਬਿਨਾ ਜ਼ਰੂਰੀ ਨਹੀਂ ਕਿ 2-4 ਜ਼ਿਲ੍ਹਿਆਂ ਤੇ ਆਧਾਰਤ ਵੱਖਰਾ ਰਾਜ ਬਣਾ ਕੇ ਉਥੇ ਸਿੱਖ ਗੁਰੂਆਂ ਦੇ ਮਨਸ਼ੇ ਵਾਲਾ ਹਲੀਮੀ ਰਾਜ ਹੀ ਉਸਰ ਜਾਵੇ। ਅਜਿਹੀ ਸਮਾਜ ਵਿਗਿਆਨਕ ਸਪਸ਼ਟਤਾ ਤੋਂ ਬਿਨਾ ਰਾਜ ਉਹ ਪਾਕਿਸਤਾਨ ਵਰਗਾ ਵੀ ਸਥਾਪਤ ਹੋ ਸਕਦਾ ਹੈ। ਕੀ ਅਜਮੇਰ ਸਿੰਘ ਜ਼ਰਾ ਪਾਕਿਸਤਾਨ ਜਾ ਕੇ ਆਮ ਮਿਹਨਤਕਸ਼ ਆਵਾਮ ਨੂੰ ਪੁੱਛੇਗਾ ਕਿ ਫੌਜੀ ਧਰਮ ਭਰਾਵਾਂ ਨੇ ਉਨ੍ਹਾਂ ਦੀ ਜ਼ਿੰਦਗੀ ਦਾ ਕਿੰਜ ਨਾਸ ਮਾਰਿਆ ਹੋਇਆ ਹੈ?

ਅਜਮੇਰ ਸਿੰਘ ਤੇ ਉਸਦੀ ਸੋਚ ਵਾਲੇ ਕੁਝ ਲੋਕ ਸਿੱਖਾਂ ਲਈ ਵੱਖਰੇ ਰਾਜ ਦਾ ਤਰਕ ਸਿਰਜਦਿਆਂ ਇਸਰਾਈਲ ਦੀ ਮਿਸਾਲ ਵੀ ਦੇ ਜਾਂਦੇ ਹਨ। ਪਰ ਉਹ ਇਹ ਨਹੀਂ ਸਪਸ਼ਟ ਕਰਦੇ ਕਿ ਇਸਰਾਈਲ ਕਿਸ ਤਰ੍ਹਾਂ ਦੀਆਂ ਸਾਮਰਾਜੀ ਸਾਜ਼ਿਸ਼ਾਂ ਅਤੇ ਮਨਸੂਬਾਬੰਦੀਆਂ ਦੇ ਸਿੱਟੇ ਵਜੋਂ ਹੋਂਦ ਵਿਚ ਆਇਆ ਸੀ ਅਤੇ ਉਸ ਨੇ ਸੰਸਾਰ ਅਮਨ ਲਈ ਕਿਸ ਤਰ੍ਹਾਂ ਦਾ ਖਤਰਨਾਕ ਸੇਹ ਦਾ ਤਕਲਾ ਗੱਡਿਆ ਹੋਇਆ ਹੈ। ਅਜਿਹੇ ਵਿਅਕਤੀ ਇਹ ਹਕੀਕਤ ਵੀ ਨਹੀਂ ਦਸਦੇ ਕਿ ਪੱਛਮ ਦੇ ਭਾਰੂ ਇਸਾਈ ਸਮਾਜਾਂ ਨੇ ਹਜ਼ਾਰਾਂ ਸਾਲ ਯਹੂਦੀਆਂ ਨੂੰ ਕਿਸ ਤਰ੍ਹਾਂ ਰੋਲੀ ਰੱਖਿਆ। ਉਨ੍ਹਾਂ ਨੂੰ ਤਹਿਜ਼ੀਬਯਾਫਤਾ ਸਮਾਜ ਦਾ ਅੰਗ ਵੀ ਨਾ ਮੰਨਿਆ ਗਿਆ। ਯਹੂਦੀ ਵਿਰੋਧੀ ਅਜਿਹੇ ਹੀ ਤੁਅਸਬੀ ਰਵੱਈਏ ਦਾ ਸਿਖਰ ਹਿਟਲਰ ਦਾ ਉਹ ਸਮੂਹਿਕ ਕਤਲੇਆਮ ਸੀ ਜਿਸ ਵਿਚ 60 ਲੱਖ ਯਹੂਦੀਆਂ ਨੂੰ ਗੈਸ ਚੈਂਬਰਾਂ ਵਿਚ ਭੁੰਨ ਦਿੱਤਾ ਗਿਆ। ਉਨ੍ਹਾਂ ਨੇ ਯਹੂਦੀਆਂ ਨੂੰ ਇਸਾਈ ਸਮਾਜ ਦਾ ਕਦੀ ਅੰਗ ਹੀ ਨਹੀਂ ਮੰਨਿਆ ਸੀ ਜਦੋਂ ਕਿ ਉਲਟਾ ਸਾਡੇ ਸਿੱਖ ਭਰਾਵਾਂ ਦੀ ਸਭ ਤੋਂ ਵੱਡੀ ਸ਼ਿਕਾਇਤ ਇਹ ਹੈ ਕਿ ਹਿੰਦੂ ਸਾਨੂੰ ਆਪਣਾ ਹੀ ਅੰਗ ਕਿਉਂ ਮੰਨਦੇ ਹਨ।

ਸਿੱਖ ਧਰਮ ਦੀ ਵੱਖਰੀ ਪਹਿਚਾਣ ਹੈ। ਇਹ ਵਿਸ਼ਾਲ ਪੰਜਾਬੀ ਸਭਿਆਚਾਰਕ ਭਾਈਚਾਰੇ ਦਾ ਮੋਹਰੀ ਦਸਤਾ ਹੈ। 'ਸਭੇ ਸਾਂਝੀਵਾਲ ਸਦਾਇਨ ਕੋਈ ਨਾ ਦੀਸੈ ਬਾਹਰਾ ਜੀਓ' ਵਰਗੀਆਂ ਇਸ ਦੀਆਂ ਮਹਾਨ ਰੂਹਾਨੀ ਤੇ ਇਖਲਾਕੀ ਕਦਰਾਂ ਪੂਰੇ ਹਿੰਦੋਸਤਾਨ ਨੂੰ ਹੀ ਨਹੀਂ ਸਾਰੇ ਜਗਤ ਨੂੰ ਨਵੀਂ ਰੋਸ਼ਨੀ ਦੇਣ ਦੇ ਸਮਰੱਥ ਹਨ। ਇਸਦੀ ਪਹਿਚਾਣ ਨੂੰ ਇਸ ਕਿਸਮ ਦਾ ਕੋਈ ਖਤਰਾ ਨਹੀਂ ਹੈ ਜਿਸ ਕਿਸਮ ਦੇ ਖਤਰੇ ਦਾ ਕਿ ਅਜਮੇਰ ਸਿੰਘ ਨੇ ਢੰਡੋਰਾ ਫੇਰਿਆ ਹੋਇਆ ਹੈ।

ਅਜਮੇਰ ਸਿੰਘ ਦਾ ਸ਼ਾਇਦ ਕਸੂਰ ਨਹੀਂ ਹੈ- ਕਸੂਰ ਉਸਦੀ ਨਵੇਂ ਬਣੇ ਮੁਸਲਮਾਨ ਵਾਲੀ ਮਾਨਸਿਕਤਾ ਦਾ ਹੈ। ਸਾਡੀ ਸੂਚਨਾ ਅਨੁਸਾਰ ਉਹ 20-25 ਸਾਲ ਨਕਸਲੀਆਂ ਦੀਆਂ ਆਗੂ ਸਫਾਂ ਵਿਚ ਰਿਹਾ ਅਤੇ ਉਥੋਂ ਨਿਰਾਸ਼ ਹੋ ਕੇ ਹੀ ਉਸਨੇ ਐਸੀ ਰੋਹਪੂਰਨ 'ਘਰ ਵਾਪਸੀ' ਕੀਤੀ ਹੈ।

ਇਸ ਕਲਮਕਾਰ ਨੂੰ ਸਾਡੀ ਅਰਜ ਹੈ ਕਿ ਉਸਨੇ ਪੰਜਾਬ ਦੇ ਸਾਂਝੇ ਸਭਿਆਚਾਰ ਨੂੰ ਜੇ ਢੋਈ ਨਹੀਂ ਦੇਣੀ ਤਾਂ ਆਪਣੀ ਜ਼ਹਿਰੀਲੀ ਕਲਮ ਨਾਲ ਅਜਿਹੀਆਂ ਇਬਾਰਤਾਂ ਵੀ ਨਾ ਲਿਖੇ ਜੋ ਇਸ ਖਿੱਤੇ ਦੇ ਅਮਨ ਚੈਨ ਨੂੰ ਹਮੇਸ਼ਾ ਅੱਗ ਲਗਾਈ ਰੱਖਣ। ਉਸਦੀ ਤੇ ਸਾਡੀ ਔਧ ਤਾਂ ਮੁੱਕ ਗਈ ਹੈ। ਸਾਡੇ ਬੱਚੇ ਬੱਚੀਆਂ ਨੇ ਇਥੇ ਰਹਿਣਾ ਹੈ ਅਤੇ ਜਿਹੜੇ ਇੰਗਲੈਂਡ, ਅਮਰੀਕਾ, ਕੈਨੇਡਾ ਪਰਵਾਸ ਕਰ ਵੀ ਗਏ ਹਨ, ਉਨ੍ਹਾਂ ਨੇ ਵੀ ਕਦੇ ਕਦਾਈਂ ਇੱਥੇ ਆਇਆ ਹੀ ਕਰਨਾ ਹੈ।

*1126, ਸੈਕਟਰ-71, ਮੋਹਾਲੀ, ਪੰਜਾਬ, ਪਿਨ-160071

# ਲਾਲਨ ਰਾਵਿਆ ਕਵਨ ਗਤੀ ਰੀ

## ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ!!
ਸੂਹੀ ਮਹਲਾ 5
ਲਾਲਨ ਰਾਵਿਆ ਕਵਨ ਗਤੀ ਰੀ ਸਖੀ ਬਤਾਵਹੁ ਮੁਝਹਿ ਮਤੀ ਰੀ॥
ਸੂਹਬ ਸੂਹਬ ਸੂਹਵੀ ਅਪਨੇ ਪ੍ਰੀਤਮ ਕੈ ਰੰਗ ਰਤੀ ਰੀ॥ ਰਹਾਉ॥
ਪਾਵ ਮਲੋਵਉ ਸੰਗਿ ਨੈਨ ਭਤੀ ਰੀ ਜਹਾ ਪਠਾਵਹੁ ਜਾਉ ਤਤੀ ਰੀ॥
ਜਪ ਤਪ ਸੰਜਮ ਦੇਉ ਜਤੀ ਰੀ ਇਕ ਨਿਮਖ ਮਿਲਾਵਹੁ ਮੋਹਿ ਪ੍ਰਾਨਪਤੀ ਰੀ॥
ਮਾਣੁ ਤਾਣੁ ਅਹੰ ਬੁਧਿ ਹਤੀ ਰੀ ਸਾ ਨਾਨਕ ਸੋਹਾਗਵਤੀ ਰੀ॥

ਗੁਰਬਾਣੀ ਦਾ ਇਹ ਪਾਵਨ ਸ਼ਬਦ ਉਸ ਮਾਲਿਕ ਪ੍ਰਭੂ ਦੇ ਮਿਲਾਪ ਲਈ ਯਤਨ ਕਰ ਰਹੀ ਜੀਵ ਆਤਮਾ ਦੀ ਅਵਸਥਾ ਦਾ ਵਰਨਣ ਕਰਦਾ ਹੈ। ਗੁਰੂ ਜੀ ਪ੍ਰਭੂ ਮਿਲਾਪ ਦੀ ਜਾਚਕ ਜੀਵ ਆਤਮਾ ਦੀ ਅਵਸਥਾ ਬਿਆਨ ਕਰਦਿਆਂ ਫੁਰਮਾਉਂਦੇ ਹਨ, ਹੇ ਸਖੀਏ, ਤੇਰੇ ਚਿਹਰੇ 'ਤੇ ਲਾਲੀ ਝਲਕਾਂ ਮਾਰ ਰਹੀ ਹੈ ਅਤੇ ਇਹ ਲਾਲੀ ਦੱਸ ਰਹੀ ਹੈ ਕਿ ਤੂੰ ਆਪਣੇ ਪ੍ਰੀਤਮ ਪ੍ਰਭੂ ਦੇ ਰੰਗ ਵਿਚ ਰੰਗੀ ਹੋਈ ਹੈ। ਹੇ ਸਖੀਏ, ਮੈਨੂੰ ਭੀ ਦੱਸ ਕਿ ਤੂੰ ਕਿਹੜੇ ਢੰਗ ਤਰੀਕੇ ਨਾਲ ਉਸ ਰੰਗੀਲੇ ਲਾਲ ਦਾ ਮਿਲਾਪ ਪਾਇਆ ਹੈ। ਉਹ ਮੱਤ ਮੈਨੂੰ ਭੀ ਦੇਹ, ਜੋ ਮੈਂ ਭੀ ਪਿਆਰੇ ਪ੍ਰਭ ਨੂੰ ਮਿਲ ਸਕਾਂ।

ਪਾਵ ਮਲੋਵਉ ਸੰਗਿ ਨੈਨ ਭਤੀ ਰੀ ਜਹਾ ਪਠਾਵਹੁ ਜਾਉ ਤਤੀ ਰੀ॥
ਜਪ ਤਪ ਸੰਜਮ ਦੇਉ ਜਤੀ ਰੀ ਇਕ ਨਿਮਖ ਮਿਲਾਵਹੁ ਮੋਹਿ ਪ੍ਰਾਨਪਤੀ ਰੀ॥

ਹੇ ਸਖੀਏ, ਮੈਂ ਤੇਰੇ ਪੈਰ ਆਪਣੀਆਂ ਅੱਖਾਂ ਦੀਆਂ ਪਲਕਾਂ ਨਾਲ ਮਲ-ਮਲ ਕੇ ਧੋਵਾਂਗੀ। ਤੂੰ ਮੈਨੂੰ ਜਿਥੇ ਵੀ ਭੇਜੇਂਗੀ, ਮੈਂ ਉਥੇ ਹੀ ਜਾਵਾਂਗੀ। ਤੇਰਾ ਹੁਕਮ ਮੰਨਾਂਗੀ ਬਸ ਮੈਨੂੰ ਪ੍ਰਭੂ ਮਿਲਾਪ ਦਾ ਤਰੀਕਾ ਦੱਸ ਦੇਹ। ਜੇ ਤੂੰ ਮੈਨੂੰ ਇਕ ਪਲ ਲਈ ਵੀ ਮੇਰੇ ਪ੍ਰਾਣਾਂ ਦੇ ਆਧਾਰ ਮੇਰੇ ਪ੍ਰਭੂ ਨੂੰ ਮਿਲਾ ਦੇਵੇਂ ਤਾਂ ਉਸ ਦੇ ਵੱਟੇ ਮੈਂ ਤੈਨੂੰ ਆਪਣੇ ਸਾਰੇ ਜਪ-ਤਪ, ਸੰਜਮ ਅਤੇ ਜਤ ਭੀ ਦੇ ਦੇਵਾਂਗੀ। ਮੈਨੂੰ ਪ੍ਰਭੂ ਮਿਲਨ ਦਾ ਢੰਗ ਦੱਸ ਦੇਹ।

ਮਾਣੁ ਤਾਣੁ ਅਹੰ ਬੁਧਿ ਹਤੀ ਰੀ ਸਾ ਨਾਨਕ ਸੋਹਾਗਵਤੀ ਰੀ॥

ਹੁਣ ਗੁਰਦੇਵ ਪਿਤਾ ਪ੍ਰਭੂ ਦੇ ਮਿਲਾਪ ਲਈ ਤੜਪ ਰਹੀ ਜੀਵ ਆਤਮਾ ਨੂੰ ਪ੍ਰਭੂ ਮਿਲਾਪ ਦਾ ਰਸਤਾ ਦਿਖਾ ਰਹੇ ਹਨ। ਹੇ ਨਾਨਕ, ਜਿਹੜੀ ਵੀ ਜੀਵ ਆਤਮਾ ਆਪਣੇ ਮਾਣ-ਤਾਣ ਅਤੇ ਹੰਕਾਰ ਵਾਲੀ ਬੁੱਧੀ ਨੂੰ ਛੱਡ ਦੇਂਦੀ ਹੈ, ਹਉਮੈ ਅਤੇ ਹੰਕਾਰ ਦਾ ਤਿਆਗ ਕਰ ਦੇਂਦੀ ਹੈ ਅਤੇ ਨਿਮਾਣੀ ਬਣਕੇ ਪ੍ਰਭੂ ਦੇ ਮਿਲਾਪ ਲਈ ਅਰਦਾਸ ਕਰਦੀ ਹੈ, ਉਹ ਜੀਵ ਆਤਮਾ ਹੀ ਸੋਹਾਗਵਤੀ ਬਣ ਪ੍ਰਭੂ ਮਿਲਾਪ ਦੀ ਪ੍ਰਾਪਤੀ ਕਰ ਸਕਦੀ ਹੈ।

ਆਓ ਸ਼ਬਦ ਗੁਰੂ ਨਾਲ ਜੁੜੀਏ ਅਤੇ ਗੁਰਬਾਣੀ ਦਾ ਸਤਿਕਾਰ ਕਰੀਏ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

# ਲਕਸ਼ਮੀਕਾਂਤ ਚਾਵਲਾ

(ਸਫਾ 15 ਦੀ ਬਾਕੀ)

ਤੇ ਅਬਦੁਲ ਕਲਾਮ ਨੇ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਬਣਨ ਤੋਂ ਬਾਅਦ ਹਿੰਦੀ ਸਿੱਖੀ। ਇਸੇ ਤਰ੍ਹਾਂ ਸੋਨੀਆ ਗਾਂਧੀ ਦਾ ਵੀ ਹਿੰਦੀ ਬਿਨਾਂ ਕੰਮ ਚੱਲ ਸਕਦਾ ਸੀ ਪਰ ਉਹ ਵਧੀਆ ਹਿੰਦੀ ਬੋਲਦੇ ਹਨ। ਕੀ ਬੀਬੀ ਚਾਵਲਾ ਦਾ ਹਿੰਦੀ ਪ੍ਰੇਮੀ ਦਿਲ ਸੋਨੀਆ ਗਾਂਧੀ ਪ੍ਰਤੀ ਸ਼ਰਧਾ ਦੀ ਭਾਵਨਾ ਰੱਖਦਾ ਹੋਵੇਗਾ?

ਜੇ ਬੀਬੀ ਚਾਵਲਾ ਸੱਚ ਮੁੱਚ ਹਿੰਦੀ ਦੀ ਸੇਵਾ ਵਿਚ ਕੁਝ ਕਰਨਾ ਚਾਹੁੰਦੇ ਹਨ ਤਾਂ ਅਸੰਬਲੀ ਵਿਚ ਔਖੇ ਹੋ ਕੇ ਪੰਜਾਬੀ ਦੇ ਪੱਤਰ ਦਾ ਉਲਥਾ ਕਰਕੇ ਪੜ੍ਹਨ ਦੀ ਲੋੜ ਨਹੀਂ। ਉਨ੍ਹਾਂ ਦੀ ਲੋੜ ਹਿੰਦੀ ਦੇ ਸਭ ਤੋਂ ਵੱਡੇ ਸੰਕਟ ਨੂੰ ਹੱਲ ਕਰਨ ਵਿਚ ਮਦਦ ਦੀ ਹੈ। ਅੱਜ ਵੱਡੇ ਪੱਧਰ ਉਤੇ ਹਿੰਦੀ ਦੀ ਸ਼ਕਲ ਸੂਰਤ ਵਿਗਾੜੀ ਜਾ ਰਹੀ ਹੈ। ਇਸ ਦੇ ਦੇਸੀਪੁਣੇ ਦਾ ਗਲਾ ਘੁੱਟਿਆ ਜਾ ਰਿਹਾ ਹੈ। ਸਰਕਾਰੀ ਦਫਤਰ ਤੇ ਰੇਲਵੇ ਸਟੇਸ਼ਨ ਵਰਗੀਆਂ ਥਾਂਵਾਂ 'ਤੇ ਹਿੰਦੀ ਦੇ ਨਾਂ 'ਤੇ ਕੁਝ ਅਜਿਹਾ ਲਿਖਿਆ ਤੇ ਬੋਲਿਆ ਜਾਂਦਾ ਹੈ ਕਿ ਉਸ ਵਿਚੋਂ ਹਿੰਦੀ ਮੁਸ਼ਕਿਲ ਨਾਲ ਲੱਭਦੀ ਹੈ। ਸਕੂਲੀ ਬੱਚਿਆਂ ਨੂੰ ਹਿੰਦੀ ਦੇ ਪੇਪਰਾਂ ਵਿਚ ਸਵਾਲ ਪੁੱਛੇ ਜਾਂਦੇ ਹਨ ਕਿ 'ਦਿਲ' ਦੀ ਹਿੰਦੀ ਕੀ ਹੁੰਦੀ ਹੈ ਤੇ 'ਖ਼ਬਰ' ਦੀ ਹਿੰਦੀ ਕੀ ਹੁੰਦੀ ਹੈ। ਇਹੀ ਬੀਮਾਰੀ ਪੰਜਾਬੀ ਨੂੰ ਵੀ ਲੱਗੀ ਜਾ ਰਹੀ ਹੈ।

ਸਿੱਖਣ ਤੇ ਸੁਭਾਅ ਬਦਲਣ ਦੀ ਵੀ ਕੋਈ ਉਮਰ ਨਹੀਂ ਹੁੰਦੀ। ਅਗਰ ਹੁਣ ਵੀ ਬੀਬੀ ਚਾਵਲਾ ਅਸੰਬਲੀ ਵਿਚ ਪੰਜਾਬੀ ਵਿਚ ਤਕਰੀਰਾਂ ਕਰਨੀਆਂ ਸ਼ੁਰੂ ਕਰਨ ਤਾਂ ਉਨ੍ਹਾਂ ਦੀ ਇੱਜ਼ਤ ਹੋਰ ਵਧੇਗੀ। ਪੰਜਾਬੀ ਪ੍ਰੇਮ ਕਦੇ ਵੀ ਕਿਸੇ ਦੇ ਹਿੰਦੀ ਪ੍ਰੇਮ ਦੇ ਰਾਹ ਵਿਚ ਰੋੜਾ ਨਹੀਂ ਬਣਦਾ।

*ਫੋਨ:91-98783-75903

# ਭਾਈ ਮਰਦਾਨਾ

ਭਾਈ ਮਰਦਾਨਾ ਬਹੁਤ ਹੀ ਭਾਗਸ਼ਾਲੀ ਅਤੇ ਕਿਸਮਤ ਵਾਲਾ ਸੀ ਜਿਸਨੇ ਆਪਣਾ ਸਾਰਾ ਜੀਵਨ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਨਾਲ ਰਹਿੰਦਿਆਂ ਬਤੀਤ ਕੀਤਾ। ਗੁਰੂ ਜੀ ਦੀ ਛੋਹ ਦਾ ਅਨੰਦ ਮਾਣਿਆ। ਉਹ ਸਿੱਧਾ-ਸਾਦਾ, ਛਲ-ਕਪਟ ਤੋਂ ਰਹਿਤ, ਮੁਸੀਬਤ ਸਮੇਂ ਗੁਰੂ ਜੀ ਲਈ ਜਾਨ ਤਲੀ 'ਤੇ ਰੱਖਣ ਵਾਲਾ, ਨਿੱਡਰ, ਮੁਸੀਬਤਾਂ ਨੂੰ ਹੱਸ ਕੇ ਸਹਿਣ ਵਾਲਾ ਸੂਰਮਾ ਸੀ। ਰਾਗ ਵਿਦਿਆ ਵਿਚ ਨਿਪੁੰਨ ਅਤੇ ਮਾਹਰ ਰਬਾਬੀ ਸੀ। ਉਸ ਨੇ ਖੋਖਲੇ ਕੱਦੂ ਵਿਚ ਚਾਰ ਦੀ ਥਾਂ ਛੇ ਤਾਰਾਂ ਪਾ ਕੇ ਪੁਰਾਣੇ ਸਾਜ਼ ਵਿਚ ਸੁਧਾਰ ਕੀਤਾ ਤਾਂ ਕਿ ਇਸ ਵਿਚੋਂ ਗੰਭੀਰ ਤੇ ਰਸੀਲੀ ਸੁਰ ਪੈਦਾ ਹੋਵੇ। ਇਤਿਹਾਸ ਵਿਚ ਉਸ ਨੂੰ ਗਲਤ ਚਿਤਰਿਆ ਗਿਆ ਹੈ। ਉਸ ਨੂੰ ਭੁੱਖਾ, ਤਿਹਾਇਆ, ਲਾਲਚੀ, ਮੰਗਤਾ, ਡਰਪੋਕ ਅਤੇ ਆਮ ਮਿਰਾਸੀ ਲਿਖਿਆ ਹੋਇਆ ਮਿਲਦਾ ਹੈ। ਮਿਰਾਸੀ ਜਿਸ ਤਰ੍ਹਾਂ ਲੋਕਾਂ ਨਾਲ

**ਸੁਰਜੀਤ ਸਿੰਘ ਪੰਛੀ ਬੇਕਰਜ਼ਫੀਲਡ**
*ਫੋਨ:661-827-8256*

ਹਾਸਾ ਠੱਠਾ ਕਰਦੇ ਹਨ, ਕਰਦਾ ਰਿਹਾ। ਲੋਕਾਂ ਨੇ ਉਸਨੂੰ ਲਾਲਚੀ, ਡਰਪੋਕ ਆਦਿ ਸਮਝ ਲਿਆ। ਉਸ ਨੇ ਸਾਰੀ ਉਮਰ ਰਬਾਬ ਵਜਾ ਕੇ ਗੁਰੂ ਜੀ ਦਾ ਦੇਸ਼ਾਂ-ਵਿਦੇਸ਼ਾਂ ਵਿਚ ਸਾਥ ਦਿੱਤਾ। ਭਾਈ ਗੁਰਦਾਸ ਜੀ ਨੇ ਵੀ ਆਪ ਨੂੰ ਰਬਾਬੀ ਤੇ ਮੀਰਾਸੀ ਲਿਖਿਆ ਹੈ।

'ਇਕ ਬਾਬਾ ਅਕਾਲ ਰੂਪ,
ਦੂਜਾ ਰਬਾਬੀ ਮਰਦਾਨਾ।' ਜਾਂ
'ਭਲਾ ਰਬਾਬ ਵਜਾਇੰਦਾ
ਮਜਲਸ ਮਰਦਾਨਾ ਮੀਰਾਸੀ।'

ਭਾਈ ਮਰਦਾਨਾ ਗੁਰੂ ਜੀ ਦਾ ਪਹਿਲਾ ਸ਼ਰਧਾਲੂ ਸੀ। ਉਹ ਸਿਆਣਾ, ਮਖੌਲੀਆ ਪੰਜਾਬੀ ਗਵੱਈਆ ਸੀ। ਮਰਦਾਨਾ ਗੁਰੂ ਜੀ ਦੇ ਨਾਲ ਰਹਿੰਦਿਆਂ ਕਵੀ ਅਤੇ ਚਿੰਤਕ ਬਣ ਗਿਆ ਸੀ। ਉਹ ਜਨਮ ਤੋਂ ਮੁਸਲਮਾਨ ਅਤੇ ਜਾਤ ਦਾ ਮਿਰਾਸੀ ਅਤੇ ਕਿੱਤੇ ਤੋਂ ਰਬਾਬੀ ਸੀ। ਉਸ ਦਾ ਜਨਮ 1459 ਈ. ਵਿਚ ਗੁਰੂ ਨਾਨਕ ਦੇਵ ਜੀ ਦੇ ਪਿੰਡ ਰਾਏ ਭੋਇੰ ਦੀ ਤਲਵੰਡੀ (ਨਨਕਾਣਾ ਸਾਹਿਬ) ਵਿਖੇ ਹੋਇਆ। ਉਹ ਗੁਰੂ ਜੀ ਤੋਂ ਦਸ ਸਾਲ ਵੱਡਾ ਸੀ। ਉਸ ਦੇ ਪਿਤਾ ਦਾ ਨਾਂ ਬਦਰਾ ਅਤੇ ਮਾਂ ਦਾ ਨਾਂ ਲੱਖੋ ਸੀ। ਮਰਦਾਨੇ ਦੇ ਪਹਿਲੇ ਸਾਰੇ ਭੈਣ-ਭਰਾ ਮਰ ਗਏ ਸਨ। ਜਦੋਂ ਮਰਦਾਨਾ ਪੈਦਾ ਹੋਇਆ ਤਾਂ ਉਸ ਦੀ ਮਾਂ ਨੇ ਪੂਰੀ ਬੇਦਿਲੀ ਅਤੇ ਨਿਰਾਸ਼ਾ ਵਿਚ ਉਸ ਨੂੰ 'ਮਰ ਜਾਣਾ' ਭਾਵ ਮਰ ਜਾਣ ਵਾਲਾ ਕਿਹਾ, ਮਰਦਾਨੇ ਦਾ ਪਹਿਲਾ ਨਾਂ ਦਾਨਾ ਸੀ। ਜਦੋਂ ਰਬਾਬ ਦੀ ਮਧੁਰ ਆਵਾਜ਼ ਗੁਰੂ ਜੀ ਦੇ ਕੰਨੀਂ ਪਈ ਤਾਂ ਉਨ੍ਹਾਂ ਨੇ ਉਸ ਦੇ ਕੋਲ ਜਾ ਕੇ ਉਸ ਦਾ ਨਾਂ ਪੁੱਛਿਆ। ਮਰਦਾਨੇ ਨੇ ਆਪਣਾ ਨਾਂ 'ਦਾਨਾ' ਦੱਸਿਆ। ਗੁਰੂ ਜੀ ਨੇ ਉਸ ਨੂੰ ਮਰਦਾਨਾ ਕਿਹਾ। ਜਿਸ ਦਾ ਭਾਵ ਬਹਾਦਰ ਜਾਂ ਨਾ ਮਰਨ ਵਾਲਾ ਸੀ।

ਬਦਰਾ ਅਤੇ ਮਰਦਾਨਾ ਹਰ ਰੋਜ਼ ਸਵੇਰੇ-ਸ਼ਾਮ ਪਿੰਡ ਦੀਆਂ ਗਲੀਆਂ ਵਿਚ ਰਬਾਬ ਵਜਾ ਕੇ ਗਾਉਂਦੇ ਅਤੇ ਲੋਕਾਂ ਦੇ ਘਰਾਂ ਤੋਂ ਆਟਾ ਅਤੇ ਹੋਰ ਖਾਣ ਵਾਲੇ ਪਦਾਰਥ ਪ੍ਰਾਪਤ ਕਰਕੇ ਘਰ ਦਾ ਤੋਰਾ ਤੋਰਦੇ। ਗੁਰੂ ਨਾਨਕ ਦੇਵ ਨੇ ਬਚਪਨ ਵਿਚ ਉਨ੍ਹਾਂ ਦੇ ਸੰਗੀਤ ਨੂੰ ਸੁਣਿਆ ਅਤੇ ਮੋਹੇ ਗਏ। ਉਹ ਮਰਦਾਨੇ ਲਈ ਬਚਪਨ ਤੋਂ ਹੀ ਕੁਦਰਤੀ ਖਿੱਚ ਰੱਖਦੇ ਸਨ।

ਕੁਝ ਸਮੇਂ ਪਿੱਛੋਂ ਗੁਰੂ ਨਾਨਕ ਦੇਵ ਜੀ ਨੂੰ ਉਨ੍ਹਾਂ ਦੇ ਭਣੋਈਏ ਜੈ ਰਾਮ ਕੋਲ ਸੁਲਤਾਨਪੁਰ ਲੋਧੀ ਭੇਜ ਦਿੱਤਾ ਗਿਆ। ਉਨ੍ਹਾਂ ਦੀ ਭੈਣ ਉਨ੍ਹਾਂ ਨੂੰ ਬਹੁਤ ਪਿਆਰ ਕਰਦੀ ਅਤੇ ਸਮਝਦੀ ਵੀ ਸੀ। ਗੁਰੂ ਜੀ ਜਲੰਧਰ ਦੁਆਬੇ ਦੇ ਨਵਾਬ ਦੌਲਤ ਖਾਂ ਲੋਧੀ ਦੇ ਮੋਦੀਖਾਨੇ ਵਿਚ ਨੌਕਰੀ ਕਰਨ ਲੱਗੇ। ਗੁਰੂ ਜੀ ਦੇ ਪਿਤਾ ਮਹਿਤਾ ਕਾਲੂ ਉਨ੍ਹਾਂ ਦੇ ਕੰਮ ਬਾਰੇ ਚੰਗੀਆਂ ਖ਼ਬਰਾਂ ਦੀ ਥਾਂ ਸ਼ਿਕਾਇਤਾਂ ਸੁਣਦੇ ਰਹਿੰਦੇ ਸਨ। ਉਨ੍ਹਾਂ ਨੂੰ ਖਿਆਲ ਆਇਆ ਕਿ ਸ਼ਾਇਦ ਮਰਦਾਨੇ ਦਾ ਸਾਥ ਉਸਨੂੰ ਚੰਗਾ ਬਣਾ ਦੇਵੇ। ਮਰਦਾਨਾ ਤੀਹ ਸਾਲ ਦਾ ਸੀ ਜਦੋਂ ਉਸਨੂੰ ਸੁਲਤਾਨਪੁਰ ਲੋਧੀ ਭੇਜਿਆ ਗਿਆ। ਗੁਰੂ ਜੀ ਉਸ ਦੇ ਪੁੱਜਣ 'ਤੇ ਬਹੁਤ ਹੀ ਪ੍ਰਸੰਨ ਹੋਏ। ਇਹ ਦੋਵੇਂ ਦਫਤਰ ਦੇ ਕੰਮ ਤੋਂ ਵਿਹਲੇ ਹੋ ਕੇ ਰੋਜ਼ ਸਵੇਰੇ-ਸ਼ਾਮ ਪਰਮਾਤਮਾ ਦੀ ਪ੍ਰਸ਼ੰਸਾ ਵਾਲੇ ਗੀਤ ਗਾਉਂਦੇ। ਉਨ੍ਹਾਂ ਦੀ ਮਧੁਰ ਆਵਾਜ਼ ਅਤੇ ਰਬਾਬ ਦੀਆਂ ਮਿੱਠੀਆਂ ਤਾਨਾਂ, ਸੁਣਨ ਵਾਲੇ ਦਿਲਾਂ ਨੂੰ ਛੋਹ ਜਾਂਦੀਆਂ ਅਤੇ ਆਨੰਦ ਦੀ ਮੁਦਰਾ ਵਿਚ ਲੈ ਜਾਂਦੀਆਂ। ਦੋਵੇਂ ਇਕੱਠੇ ਰਹਿੰਦੇ ਅਤੇ ਗੂੜ੍ਹੇ ਸਾਥੀ ਬਣ ਗਏ। ਸੰਗੀਤ ਦਾ ਮਧੁਰ ਸਾਜ਼ ਸੱਤ ਸਾਲ ਸੁਲਤਾਨਪੁਰ ਦੀਆਂ ਗਲੀਆਂ ਵਿਚ ਗੂੰਜਦਾ ਰਿਹਾ।

ਗੁਰੂ ਨਾਨਕ ਦੇਵ ਜੀ ਨੇ ਥਾਂ-ਥਾਂ ਘੁੰਮਣ ਤੇ ਪ੍ਰਚਾਰ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਦਿਨਾਂ ਵਿਚ ਯਾਤਰਾ ਕਰਨੀ ਖਤਰਿਆਂ, ਔਕੜਾਂ ਅਤੇ ਦੁੱਖਾਂ ਭਰਪੂਰ ਸੀ। ਸੜਕਾਂ ਨਹੀਂ ਸਨ। ਆਵਾਜਾਈ ਦੇ ਸਾਧਨ ਨਹੀਂ ਸਨ। ਰਸਤੇ ਠੱਗਾਂ, ਚੋਰਾਂ ਤੇ ਡਾਕੂਆਂ ਨਾਲ ਭਰੇ ਹੋਏ ਸਨ। ਧਾਰਮਿਕ ਅੰਧ ਵਿਸ਼ਵਾਸ ਪੂਰੇ ਜੋਬਨ 'ਤੇ ਸੀ। ਰਸਤਿਆਂ ਵਿਚ ਜੰਗਲੀ ਜੀਵਾਂ ਅਤੇ ਸੱਪਾਂ ਆਦਿ ਦੀ ਭਰਮਾਰ ਸੀ ਪਰ ਕਿਸੇ ਵੀ ਚੀਜ਼ ਨੇ ਉਨ੍ਹਾਂ ਲਈ ਕੋਈ ਅੜਚਨ ਪੈਦਾ ਨਹੀਂ ਕੀਤੀ। ਜੋ ਸਾਧਨ ਮਿਲੇ, ਵਰਤੇ ਤੇ ਪੈਦਲ ਵੀ ਚੱਲੇ। ਦੋਵੇਂ ਸਾਥੀ ਜਦੋਂ ਮੁਸਲਮਾਨਾਂ ਦੇ ਪਿੰਡਾਂ ਵਿਚੋਂ ਲੰਘਦੇ ਤਾਂ ਆਮ ਕਰਕੇ ਫਕੀਰਾਂ ਦੇ ਤਕੀਏ ਜਿਹੜੇ ਕਬਰਾਂ ਦੇ ਨੇੜੇ ਹੁੰਦੇ ਸਨ, ਵਿਚ ਠਹਿਰਦੇ। ਉਥੇ ਉਹ ਅੱਲਾਹ ਦੀ ਪ੍ਰਸ਼ੰਸਾ ਦੇ ਗੀਤ ਗਾਉਂਦੇ। ਜਦੋਂ ਮਰਦਾਨਾ ਮਸੀਤ ਵਿਚ ਨਮਾਜ਼ ਵਿਚ ਸ਼ਾਮਲ ਹੁੰਦਾ ਤਾਂ ਗੁਰੂ ਜੀ ਵੀ ਨਾਲ ਜਾਂਦੇ ਅਤੇ ਕਈ ਵਾਰੀ ਨਮਾਜ਼ ਵਿਚ ਵੀ ਸ਼ਾਮਲ ਹੁੰਦੇ। ਮੁੱਲਾਂ ਜਾਂ ਮੌਲਵੀ ਦਾ ਅੰਧ ਵਿਸ਼ਵਾਸ ਮਰਦਾਨੇ ਦੀ ਹਾਜ਼ਰੀ ਕਾਰਨ ਅਕਸਰ ਨਰਮ ਪੈ ਜਾਂਦਾ। ਮੁੱਲਾਂ ਸੋਚਦਾ ਕਿ ਸ਼ਾਇਦ ਮਰਦਾਨੇ ਦੇ ਪ੍ਰਭਾਵ ਕਰਕੇ ਗੁਰੂ ਜੀ ਇਸਲਾਮ ਧਾਰਨ ਕਰ ਲੈਣ।

ਸਈਆਦਪੁਰ ਵਿਚ ਗੁਰੂ ਜੀ ਤੇ ਮਰਦਾਨਾ ਭਾਈ ਲਾਲੋ, ਜੋ ਕਿਰਤੀ ਸੀ, ਦੇ ਘਰ ਠਹਿਰੇ। ਪਿੰਡ ਦੇ ਚੌਧਰੀ ਮਲਕ ਭਾਗੋ ਨੇ ਯੱਗ ਕੀਤਾ। ਗੁਰੂ ਜੀ ਯੱਗ ਵਿਚ ਨਾ ਗਏ। ਮਲਕ ਭਾਗੋ ਦੇ ਖਾਸ ਬੁਲਾਵੇ 'ਤੇ ਗਏ। ਗਰੀਬਾਂ ਦਾ ਲਹੂ ਚੂਸ ਕੇ ਕੀਤੀ ਕਮਾਈ ਅਤੇ ਹੱਥੀਂ ਕਮਾਈ ਦਾ ਅੰਤਰ ਚੌਧਰੀ ਭਾਗੋ ਨੂੰ ਸਮਝਾਇਆ। ਉਸ ਪਿੱਛੋਂ ਸੇਵੀਕੀ ਹੋ ਕੇ ਸਿਆਲਕੋਟ, ਅਬਚਲਨਗਰ ਤੇ ਫਿਰ ਤਲਵੰਡੀ ਪਹੁੰਚੇ। ਜਦੋਂ ਇਹ ਤਲਵੰਡੀ ਪਹੁੰਚੇ ਤਾਂ ਗੁਰੂ ਜੀ ਸ਼ਹਿਰ ਤੋਂ ਬਾਹਰ ਹੀ ਠਹਿਰੇ। ਮਰਦਾਨਾ ਆਪਣੇ ਪਰਿਵਾਰ ਨੂੰ ਮਿਲਣ ਘਰ ਚਲਿਆ ਗਿਆ। ਮਰਦਾਨੇ ਦੀ ਪਤਨੀ, ਦੋ ਪੁੱਤਰ ਸਹਿਜ਼ਾਦਾ ਅਤੇ ਰਾਏਜ਼ਾਦਾ ਤੇ ਇਕ ਧੀ ਸੀ। ਗੁਰੂ ਨਾਨਕ ਦੇਵ ਜੀ ਦੇ ਮਾਤਾ-ਪਿਤਾ ਨੇ ਆਪਣੇ ਪੁੱਤਰ ਨੂੰ ਬੁਲਾ ਕੇ ਗ੍ਰਹਿਸਥ ਜੀਵਨ ਬਤੀਤ ਕਰਨ ਲਈ ਪ੍ਰੇਰਿਆ ਪਰ ਉਨ੍ਹਾਂ 'ਤੇ ਕੋਈ ਅਸਰ ਨਾ ਹੋਇਆ। ਉਨ੍ਹਾਂ ਦੇ ਯਤਨ ਅਸਫਲ ਰਹੇ। ਮਰਦਾਨੇ ਦੀ ਪਤਨੀ ਤੇ ਬੱਚੀ ਵੀ ਮਰਦਾਨੇ ਨੂੰ ਜਾਣ ਤੋਂ ਰੋਕ ਨਾ ਸਕੇ। ਦੋ ਦਿਨਾਂ ਪਿੱਛੋਂ ਉਹ ਮੁਲਤਾਨ ਨੂੰ ਚੱਲ ਪਏ। ਤਲਵੰਡੀ ਤੋਂ ਛਾਂਗਾ-ਮਾਂਗਾ ਦੇ ਜੰਗਲਾਂ, ਚੂਨੀਆਂ, ਤੁਲਾਂਬਾ, ਝੰਗ ਤੇ ਮੁਲਤਾਨ ਪਹੁੰਚੇ। ਉਥੋਂ ਕਾਜ਼ੀਆਂ ਨੇ ਦੁੱਧ ਦਾ ਨੱਕੋ-ਨੱਕ ਭਰਿਆ ਗਿਲਾਸ ਪੇਸ਼ ਕਰਕੇ ਦੱਸਣਾ ਚਾਹਿਆ ਕਿ ਮੁਲਤਾਨ ਧਰਮ ਨਾਲ ਪੂਰੀ ਤਰ੍ਹਾਂ ਸੰਤੁਸ਼ਟ ਹੈ, ਇਸ ਵਿਚ ਹੋਰ ਧਰਮ ਲਈ ਕੋਈ ਥਾਂ ਨਹੀਂ ਹੈ ਪਰ ਗੁਰੂ ਜੀ ਨੇ ਜਾਸਮੀਨ ਦਾ ਫੁੱਲ ਦੁੱਧ 'ਤੇ ਤਾਰ ਕੇ ਸਿੱਧ ਕਰ ਦਿੱਤਾ ਕਿ ਕੋਈ ਵੀ ਧਰਮ ਪੂਰਾ ਨਹੀਂ ਹੁੰਦਾ, ਉਸ ਵਿਚ ਹੋਰ ਵੀ ਥਾਂ ਹੁੰਦੀ ਹੈ। ਦੋਵੇਂ ਸਾਥੀ ਮੁਲਤਾਨ ਤੋਂ ਮਿਠਨਕੋਟ, ਪਾਕਪਟਨ ਅਤੇ ਦਿਪਾਲਪੁਰ ਹੋ ਕੇ 1496 ਈ: ਦੇ ਲਗਭਗ ਸੁਲਤਾਨਪੁਰ ਲੋਧੀ ਪਰਤੇ।

1497 ਈ: ਵਿਚ ਗੁਰੂ ਜੀ ਤੇ ਮਰਦਾਨਾ ਪੂਰਬ ਦੀ ਯਾਤਰਾ 'ਤੇ ਗਏ। ਦੋਵੇਂ ਮਨਾਰਾ, ਬਿੰਦਰਾਬਨ, ਆਗਰਾ, ਅਯੁੱਧਿਆ, ਪਰਿਆਮ, ਬਨਾਰਸ, ਗਯਾ, ਢਾਕਾ, ਮਾਲਦੇਵ, ਕੇਰਲਾ, ਕਰਨਾਟਕ, ਮਹਾਰਾਸ਼ਟਰ, ਮੱਧ ਪ੍ਰਦੇਸ਼, ਗੁਜਰਾਤ ਅਤੇ ਰਾਜਸਥਾਨ ਵਿਚੋਂ ਹੋ ਕੇ ਦਿੱਲੀ ਪੁੱਜੇ। 1509 ਈ: ਵਿਚ ਜਦੋਂ ਦਿੱਲੀ ਪੁੱਜੇ ਤਾਂ ਸਿਕੰਦਰ ਲੋਧੀ ਨੇ ਆਪਣੇ ਹੁਕਮਾਂ ਦੇ ਵਿਰੁਧ ਲੋਕਾਂ ਵਿਚ ਪ੍ਰਚਾਰ ਕਰਨ ਦੀ ਅਵੱਗਿਆ ਕਾਰਨ ਦੋਵਾਂ ਨੂੰ ਕੈਦ ਕਰ ਦਿੱਤਾ। ਜੇਲ੍ਹ 'ਚ ਦੋਵੇਂ ਕੀਰਤਨ ਕਰਦੇ ਤੇ ਮਰਦਾਨਾ ਰਬਾਬ ਵਜਾਉਂਦਾ। ਕੀਰਤਨ ਸੁਣ ਕੇ ਕੈਦੀ ਮੋਹੇ ਜਾਂਦੇ ਤੇ ਉਨ੍ਹਾਂ ਦੁਆਲੇ ਇਕੱਠੇ ਹੋ ਜਾਂਦੇ। ਜੇਲ੍ਹ ਵਿਚ ਇਹ ਦ੍ਰਿਸ਼ ਅਨੋਖਾ ਸੀ। ਜਦੋਂ ਜੇਲ੍ਹ ਦਾ ਰੋਜ਼ ਦਾ ਕੰਮ ਉਥਲ-ਪੁਥਲ ਹੋ ਗਿਆ ਤਾਂ ਗੁਰੂ ਜੀ ਤੇ ਮਰਦਾਨੇ ਨੂੰ ਛੱਡ ਦਿੱਤਾ ਗਿਆ।

1515-1517 ਈ: ਤੱਕ ਦੋਵੇਂ ਸਾਥੀ ਉਤਰ ਦੇ ਪਹਾੜੀ ਖੇਤਰਾਂ ਦੀ ਯਾਤਰਾ 'ਤੇ ਗਏ। ਇਨ੍ਹਾਂ ਨੇ ਜਵਾਲਾਮੁਖੀ, ਕਾਂਗੜਾ, ਰਿਵਾਲਸਰ, ਕੁੱਲੂ, ਲਾਹੌਲ ਸਪਿਤੀ, ਤਿੱਬਤ ਤੇ ਮਨੀਕਰਨ ਦੀ ਯਾਤਰਾ ਕੀਤੀ। ਇਨ੍ਹਾਂ ਦੀ ਅੰਤਿਮ ਯਾਤਰਾ 1517-1521 ਈ: ਤੱਕ ਦੀ ਪੱਛਮੀ ਏਸ਼ੀਆ ਦੀ ਸੀ। ਉਹ ਸੁਲਤਾਨਪੁਰ ਲੋਧੀ ਤੋਂ ਪੰਚਨਦ ਨੂੰ ਦਰਿਆ ਬਿਆਸ ਅਤੇ ਸਤਲੁਜ ਰਾਹੀਂ ਇਕ ਕਿਸ਼ਤੀ ਵਿਚ ਗਏ। ਸਿੰਧ ਦੇਸ਼ ਵਿਚੋਂ ਲੰਘੇ। ਇਸ ਅਕਾਊ ਯਾਤਰਾ ਵਿਚ ਇਕ ਵਾਰ ਇਨ੍ਹਾਂ ਨੇ ਘੋੜੇ ਦੀ ਸਵਾਰੀ ਕੀਤੀ। ਜੰਗਲ ਵਿਚ ਠਹਿਰੇ ਹੋਏ ਸਨ ਅਤੇ ਘੋੜਾ ਚਰਨ ਲਈ ਛੱਡਿਆ ਹੋਇਆ ਸੀ। ਮਰਦਾਨਾ ਉਸ ਦੀ ਨਿਗਰਾਨੀ ਕਰ ਰਿਹਾ ਸੀ। ਗੁਰੂ ਜੀ ਨੇ ਉਸ ਨੂੰ ਬੁਲਾ ਕੇ ਰਬਾਬ ਵਜਾਉਣ ਲਈ ਕਿਹਾ ਪਰ ਮਰਦਾਨਾ ਘੋੜੇ ਨੂੰ ਛੱਡ ਕੇ ਨਾ ਆਇਆ ਕਿਉਂਕਿ ਘੋੜਾ ਭੱਜਣ ਦਾ ਯਤਨ ਕਰ ਰਿਹਾ ਸੀ। ਗੁਰੂ ਜੀ ਨੇ ਕੜਕ ਕੇ ਕਿਹਾ, "ਘੋੜੇ ਨੂੰ ਜਾਣ ਦੇ, ਛੇਤੀ ਆ, ਬਾਣੀ ਆ ਰਹੀ ਹੈ।" ਮਰਦਾਨੇ ਨੇ ਚੁੱਪ-ਚਾਪ ਹੁਕਮ ਦੀ ਪਾਲਣਾ ਕੀਤੀ।

ਕੋਟ ਲਖਪਤ ਰਾਏ ਦੀ ਬੰਦਰਗਾਹ ਤੋਂ ਉਨ੍ਹਾਂ ਨੇ ਅਰਬ ਦੇਸ਼ ਦੀ ਯਾਤਰਾ ਕੀਤੀ। ਮੱਕਾ, ਮਦੀਨਾ ਦੀ ਯਾਤਰਾ ਪਿੱਛੋਂ ਇਰਾਕ ਵਿਚ ਬਗਦਾਦ ਵੀ ਗਏ ਜੋ ਇਸਲਾਮ ਧਰਮ ਦਾ ਮੁੱਖ ਕੇਂਦਰ ਸੀ। ਪਹਿਲਾਂ ਦੀ ਤਰ੍ਹਾਂ ਉਹ ਸ਼ਹਿਰ ਦੇ ਬਾਹਰ ਕਬਰਾਂ ਦੇ ਨੇੜੇ ਠਹਿਰੇ। ਬਗਦਾਦ ਦੀ ਯਾਤਰਾ ਦਾ ਵਰਨਣ ਭਾਈ ਗੁਰਦਾਸ ਜੀ ਨੇ ਵਾਰਾਂ ਵਿਚ ਵੀ ਕੀਤਾ ਹੈ:

ਬਾਬਾ ਗਿਆ ਬਗਦਾਦ ਨੂੰ
ਬਾਹਰ ਜਾਏ ਕੀਆ ਅਸਥਾਨਾ॥
ਇਕ ਬਾਬਾ ਅਕਾਲ ਰੂਪ
ਦੂਜਾ ਰਬਾਬੀ ਮਰਦਾਨਾ॥

ਗੁਰੂ ਜੀ ਮੱਕੇ ਗਏ ਤਾਂ ਕਾਬੇ ਵਲ ਪੈਰ ਕਰਕੇ ਪੈ ਗਏ। ਇਕ ਮੁਲਾਣੇ ਜੀਉਣੇ ਨੇ ਕਿਹਾ, "ਤੂੰ ਕੌਣ ਕਾਫਰ ਹੈ ਜਿਹੜਾ ਖੁਦਾ ਦੇ ਘਰ ਕਾਬੇ ਵਲ ਪੈਰ ਪਸਾਰ ਕੇ ਸੁੱਤਾ ਹੋਇਆ ਹੈਂ। ਗੁਰੂ ਜੀ ਨੇ ਨਿਮਰਤਾ ਨਾਲ ਕਿਹਾ, "ਮੈਨੂੰ ਪਤਾ ਨਹੀਂ ਖੁਦਾ ਦਾ ਘਰ ਕਿਧਰ ਹੈ, ਤੂੰ ਮੇਰੇ ਪੈਰ ਉਧਰ ਕਰ ਦੇਹ, ਜਿਧਰ ਖੁਦਾ ਦਾ ਘਰ ਨਹੀਂ ਹੈ।" ਉਸ ਨੇ ਸਮਝ ਲਿਆ ਕਿ ਕੁਰਾਨ ਵਿਚ ਵੀ ਲਿਖਿਆ ਹੈ ਕਿ ਖੁਦਾ ਹਰ ਥਾਂ ਹੈ। ਗੁਰੂ ਜੀ ਨੇ ਜਦੋਂ ਕੋਈ ਸਿੱਖਿਆ ਦੇਣੀ ਹੁੰਦੀ ਤਾਂ ਛੋਟਾ ਜਿਹਾ ਕੌਤਕ ਕਰਦੇ। ਹਰਦੁਆਰ ਦੇ ਪੰਡਤਾਂ ਨਾਲ ਵੀ ਪੱਛਮ ਵਲ ਪਾਣੀ ਦੇਣ ਲੱਗ ਪਏ ਸਨ। ਪਾਂਡਿਆਂ ਨੂੰ ਦੱਸਿਆ ਸੀ ਕਿ ਜੇ ਉਨ੍ਹਾਂ ਦਾ ਪਾਣੀ ਇਸੇ ਧਰਤੀ 'ਤੇ ਉਸ ਦੇ ਖੇਤਾਂ ਤੱਕ ਨਹੀਂ ਪਹੁੰਚ ਸਕਦਾ ਤਾਂ ਲੱਖਾਂ ਮੀਲ ਦੂਰ ਸੂਰਜ 'ਤੇ ਕਿਵੇਂ ਪਹੁੰਚ ਸਕਦਾ ਹੈ।

ਸੜਕ ਦੇ ਕਿਨਾਰੇ ਗੁਰੂ ਜੀ ਪਰਮਾਤਮਾ ਦੀ ਪ੍ਰਸ਼ੰਸਾ ਦੇ ਗੀਤ ਗਾਉਂਦੇ ਤੇ ਮਰਦਾਨਾ ਆਪਣੀ ਰਬਾਬ 'ਤੇ ਰਾਗ ਦੀ ਤਾਨ ਛੇੜਦਾ। ਲੋਕਾਂ ਦੀ ਬੋਲੀ ਅਰਬੀ ਹੋਣ ਕਰਕੇ ਸੁਣਨ ਵਾਲੇ ਕੇਵਲ ਅੱਲਾ ਤੇ ਖੁਦ ਦਾ ਨਾਂ ਹੀ ਸਮਝ ਸਕਦੇ ਪ੍ਰੰਤੂ ਮਧੁਰ ਆਵਾਜ਼ ਤੇ ਮਿੱਠੀ ਤਾਨ ਦਾ ਸੁਜੋੜ ਅਤੇ ਸੰਤਾਂ ਵਾਲਾ ਪਹਿਰਾਵਾ ਉਨ੍ਹਾਂ ਦੇ ਮਨਾਂ 'ਚ ਸ਼ਾਂਤੀ ਵਾਲਾ ਪ੍ਰਭਾਵ ਪੈਦਾ ਕਰਦਾ। ਇਸਲਾਮ ਵਿਚ ਸੰਗੀਤ ਦੀ ਮਨਾਹੀ ਸੀ। ਕਿਸੇ ਨੇ ਕਿਹਾ ਕਿ ਸੰਗੀਤ ਮਨ ਨੂੰ ਰੱਬ ਵਲੋਂ ਮੋੜ ਕੇ ਭੋਗ ਵਿਲਾਸ ਵਲ ਲਾਉਂਦਾ ਹੈ। ਗੁਰੂ ਜੀ ਨੇ ਟੁੱਟੀ-ਫੁੱਟੀ ਅਰਬੀ ਵਿਚ ਉਤਰ ਦਿੱਤਾ ਕਿ ਸੰਗੀਤ ਪਰਮਾਤਮਾ ਨੇ ਪੈਦਾ ਕੀਤਾ ਹੈ ਅਤੇ ਵਾਰਤਕ ਨਾਲੋਂ ਪ੍ਰਸੰਨ ਕਰਨ ਵਾਲੀ ਕਵਿਤਾ ਰਾਹੀਂ ਪਰਮਾਤਮਾ ਤੱਕ ਬਹੁਤ ਸੌਖੀ ਪਹੁੰਚ ਰੱਖਦਾ ਹੈ।

ਗੁਰੂ ਜੀ ਨੇ ਨੀਵੀਂ ਜਾਤ ਦੇ ਡੂਮ ਨੂੰ ਆਪਣਾ ਕਰੀਬੀ ਸਾਥੀ ਬਣਾ ਕੇ ਉਚ ਜਾਤੀਆਂ ਦੇ ਹੰਕਾਰੀਆਂ ਨੂੰ ਇਕ ਤਕੜੀ ਚੋਟ ਮਾਰੀ। ਗੁਰੂ ਜੀ ਤਾਂ ਸ਼ੂਦਰਾਂ ਤੇ ਰੀਝਦੇ ਸਨ। ਬਾਬਾ ਨੀਵਿਆਂ ਨੂੰ ਉਚਾ ਤੇ ਮਰਦਾਨਾ ਬਣਾਉਣ ਆਇਆ ਸੀ। ਗੁਰੂ ਜੀ ਨੇ ਮਰਦਾਨੇ ਨੂੰ ਤਿੰਨ ਉਪਦੇਸ਼ ਦਿੱਤੇ: ਕੇਸ ਨਾ ਕੱਟਵਾਉਣੇ, ਰਾਤ ਨੂੰ ਜਾਗ ਕੇ ਸਤਿਨਾਮ ਦਾ ਜਾਪ ਕਰਨਾ ਅਤੇ ਸਾਧੂ ਸੰਤ ਤੇ ਲੋੜਵੰਦਾਂ ਦੀ ਸਹਾਇਤਾ ਕਰਨੀ। ਮਰਦਾਨੇ ਨੇ ਅੱਗੇ ਏਹੋ ਉਪਦੇਸ਼ ਲੋਕਾਂ ਨੂੰ ਦਿੱਤਾ। ਮਰਦਾਨੇ ਨੇ ਗੁਰੂ ਜੀ ਦੀ ਆਗਿਆ ਦਾ ਸਦਾ ਪਾਲਣ ਕੀਤਾ। ਇਕ ਸਾਖੀ ਅਨੁਸਾਰ ਇਕ ਨਗਰ ਵਿਚ ਲੋਕਾਂ ਨੇ ਬਹੁਤ ਧਨ, ਬਸਤਰ ਤੇ ਅੰਨ ਗੁਰੂ ਜੀ ਨੂੰ ਭੇਟ ਕੀਤਾ। ਮਰਦਾਨੇ ਨੇ ਸਭ ਇਕੱਠੇ ਕਰਕੇ ਗੱਠੜੀ ਬੰਨ੍ਹ ਲਈ ਅਤੇ ਕਿਹਾ, "ਲੋਕਾਂ ਜੋ ਚੜ੍ਹਾਏ, ਸੋ ਆਪਣੇ ਹੋਣ। ਜਿਵੇਂ ਰਜਾਇ ਹੋਵੇ ਤਿਵੇਂ ਮੈਂ ਕਰੀ।

ਗੁਰੂ ਜੀ ਨੇ ਕਿਹਾ, "ਮਰਦਾਨਿਆ, ਤੈਂ ਤਾਂ ਇਹ ਆਂਦੇ ਸੋ ਭਲਾ ਕੀਤਾ ਪਰ ਇਹ ਸਾਡੇ ਕੰਮ ਨਹੀਂ, ਪਏ ਭੱਠ। ਇਹ ਸੁੱਟ ਘਤੁ ਏਥਾਊਂ।" ਮਰਦਾਨੇ ਨੇ ਸਭ ਕੁਝ ਉਥੇ ਸੁੱਟ ਦਿੱਤਾ। ਮਰਦਾਨਾ ਸਾਰੇ ਨਿਮਾਣਿਆਂ ਲਈ ਪੂਰਨੇ ਪਾ ਰਿਹਾ ਸੀ।

ਮਰਦਾਨੇ ਨੇ ਗੁਰੂ ਜੀ ਨਾਲ ਚਲਦਿਆਂ ਅਨੇਕ ਕਸ਼ਟ ਸਹੇ। ਕਈ-ਕਈ ਦਿਨ ਭੁੱਖੇ ਰਹੇ। ਉਜਾੜ ਥਲਾਂ ਤੇ ਨੁਕੀਲੇ ਪੱਥਰਾਂ 'ਤੇ ਤੁਰਦੇ ਵੀ ਕਰਤਾਰ, ਕਰਤਾਰ ਕਹਿੰਦੇ ਰਹੇ, ਮਰਦਾਨੇ ਨੇ ਕਿਹਾ। "ਘਟ (ਗਲਾ) ਮਿਲ ਗਿਆ। ਤਬਕ (ਜ਼ਬਾਨ) ਜੁੜਿ ਗਏ ਹੈਨਿ, ਹਉਂ ਮਰਦਾਂ ਹਾਂ।" ਇਸ ਹਾਲਤ ਵਿਚ ਜਦੋਂ ਗੁਰੂ ਜੀ ਨੇ 'ਅੱਕ' ਖਾਣ ਲਈ ਕਿਹਾ ਤਾਂ ਮਰਦਾਨੇ ਨੇ ਇਸ ਗੱਲ ਨੂੰ ਹਾਸੇ ਵਿਚ ਪਾ ਕੇ ਕਿਹਾ, "ਵਾਹ! ਜੇ ਜ਼ਹਿਰ ਖਵਾ ਕੇ ਮਾਰਨਾ ਸੀ ਤੇ ਲਿਆਏ ਕਿਉਂ ਸੀ। ਅਜੇ ਤਾਂ ਮੈਂ ਮਰਾਸਣ ਨੂੰ ਰੱਜ ਕੇ ਡਿੱਠਾ ਵੀ ਨਹੀਂ, ਨਿਕਾਹ ਕਰਦਾ ਹੀ ਤੁਹਾਡੇ ਨਾਲ ਉਤਰਿਆ ਆਹਾਂ, ਅਜੇ ਮੈਂ ਤਲਵੰਡੀ ਜਾ ਕੇ, ਅੰਮਾਂ, ਬੀਬੀ, ਮਹਿਤਾ ਕਾਲੂ, ਰਾਇ ਬੁਲਾਰ ਸਾਰੇ ਲੋਕਾਂ ਨੂੰ ਤੁਹਾਡੀ ਅਨੋਖੀ ਯਾਤਰਾ ਦੀਆਂ ਗੱਲਾਂ-ਕਥਾਂ ਕਰ ਹਸਾ-ਹਸਾ ਕੇ ਰਿਝਾ ਕੇ, ਲਾਚੇ-ਲੁੰਗੀਆਂ ਲੈਣ ਦੀ ਆਸ ਰੱਖਦਾ ਹਾਂ ਤੇ ਤੁਸੀਂ ਹੁਣੇ ਜ਼ਹਿਰ ਖਵਾ ਕੇ ਅਲਖ ਮੁਕਾਵਣ ਲੱਗੇ ਹੋ।" ਇਹ ਸੁਣ ਕੇ ਗੁਰੂ ਜੀ ਮੁਸਕਰਾ ਪਏ। ਸਿੱਟਾ ਇਹ ਕਿ ਮਰਦਾਨੇ ਨੇ ਅੱਕ ਖਾਧੇ, ਰੋੜਾਂ ਤੇ ਸੁੱਤਾ ਤੇ ਤਸੀਹੇ ਝੱਲੇ ਜੋ ਉਸ ਦੇ ਬਾਬੇ ਮੁਰਸ਼ਦ ਨਾਨਕ ਨੇ ਸਹੇ। ਮਰਦਾਨੇ ਨੇ ਇਨ੍ਹਾਂ ਮੁਸ਼ਕਿਲਾਂ ਬਾਰੇ ਕਿਹਾ, "ਬਾਬਾ ਤੇਰੀ ਘਾਲ ਕਰੜੀ, ਮੇਰੇ ਵਰਗੇ ਤੋਂ ਨਹੀਂ ਹੁੰਦੀ।" ਗੁਰੂ ਜੀ ਨੇ ਕਿਹਾ, "ਮਰਦਾਨਿਆ, ਤੂੰ ਕਿਵੇਂ ਰਹਿ ਵੀ ਅਸਾਂ ਨਾਲਿ।" ਤਾਂ ਮਰਦਾਨੇ ਨੇ ਕਿਹਾ, "ਮੈਂ ਤਾਂ ਤੇਰੇ ਨਾਲ ਰਵ੍ਹਾਂ। ਜੇ ਮੈਨੂੰ ਤੂੰ ਆਪਣੇ ਜੇਹਾ ਧੀਰਜ ਦੇਅ। ਜਿਵੇਂ ਤੁਹਾਨੂੰ ਭੁੱਖ-ਤਰੇਹ ਨਹੀਂ ਸਤਾਂਦੀ, ਤਿਵੇਂ ਮੈਨੂੰ ਵੀ ਨਾਂਹ ਸਤਾਵੇ। ਜਿਸ ਅਵਸਥਾ ਵਿਚ ਤੁਸੀਂ ਰਹਿੰਦੇ ਹੋ, ਉਸ ਅਵਸਥਾ ਵਿਚ ਮੈਨੂੰ ਵੀ ਲੈ ਚੱਲੋ। ਜੇ ਇਹ ਮੇਹਰ ਕਰੋ ਤਾਂ ਰਵ੍ਹਾਂ। ਨਹੀਂ ਤਾਂ ਮੈਨੂੰ ਆਗਿਆ।" ਗੁਰੂ ਨਾਨਕ ਦੇਵ ਜੀ ਇਹ ਸੁਣ ਕੇ ਬਹੁਤ ਪ੍ਰਸੰਨ ਹੋਏ ਤਾਂ ਫੁਰਮਾਇਆ, "ਸ਼ਾਬਾਸ਼ ਮਰਦਾਨਿਆ! ਤੈਂ ਭਲੀ ਵਸਤੂ ਮੰਗੀ।" ਮਰਦਾਨਾ ਗੁਰੂ ਜੀ ਵਲੋਂ ਦੱਸੀ ਜਾ ਰਹੀ ਆਤਮਿਕ ਸੱਚਾਈ ਨੂੰ ਸਮਝ ਗਿਆ ਸੀ ਤੇ ਗੁਰੂ ਜੀ ਤੋਂ ਧੀਰਜ ਦੇ ਨਾਲ-ਨਾਲ ਮੁਕਤੀ ਦੀ ਯਾਚਨਾ ਵੀ ਕਰਦਾ ਸੀ। ਇਕ ਵਾਰ ਉਸਨੇ ਹੱਥ ਜੋੜ ਕੇ ਬੇਨਤੀ ਕੀਤੀ, "ਬਾਬਾ, ਤੇਰਾ-ਮੇਰਾ ਅੰਤਰ ਨਾਹੀਂ, ਤੂੰ ਖੁਦਾਇ ਦਾ ਡੂਮ, ਹਉਂ ਤੇਰਾ ਡੂਮ। ਤੈਂ ਖੁਦਾਇਆ ਦੇਖਿਆ ਹੈ, ਤੇਰਾ ਕਿਹਾ ਖੁਦਾਇ ਕਰਦਾ ਹੈ। ਮੇਰੀ ਬੇਨਤੀ ਹੈ, ਇਕ ਮੈਨੂੰ ਵਿਛੋੜਨਾ ਨਾਹੀ ਆਪ ਨਾਲਹੁ, ਨਾ ਐਥੇ, ਨਾ ਓਥੇ।" ਗੁਰੂ ਜੀ ਨੇ ਉਸ ਸਮੇਂ ਬਖਸ਼ਿਸ਼ ਕਰਦਿਆਂ ਫਰਮਾਇਆ, "ਮਰਦਾਨਿਆ, ਤੁਧੁ ਉਪਰ ਮੇਰੀ ਖੁਸ਼ੀ ਹੈ, ਜਿੱਥੇ ਤੇਰਾ ਵਾਸਾ, ਉੱਥੇ ਮੇਰਾ ਵਾਸਾ।"

ਮਰਦਾਨਾ ਤੀਖਣ ਬੁੱਧੀ ਤੇ ਸਮਝ ਵਾਲਾ ਸੀ। ਉਹ ਗੁਰੂ ਜੀ ਨੂੰ ਵਾਰ-ਵਾਰ ਪ੍ਰਸ਼ਨ ਕਰਕੇ ਆਪਣੇ ਮਨ ਵਿਚਲੇ ਸ਼ੰਕਿਆ ਨੂੰ ਨਿਵਿਰਤ ਕਰਦਾ ਸੀ। ਰਾਗਾਂ ਦੀ ਮਹੱਤਤਾ, ਪਤੀ-ਪਤਨੀ ਦਾ ਵਿਛੜਨਾ, ਸਮਾਂ ਕਿਹੜਾ ਚੰਗਾ ਹੈ? ਦਰਿਆ 'ਤੇ ਬੇੜਾ ਹੁੰਦਾ ਹੈ, ਮਲਾਹ ਪਾਰ ਲੰਘਾਉਂਦਾ ਹੈ। ਤਿਵੇਂ ਸੰਸਾਰ ਦਰਿਆ ਹੈ, ਇਸ ਦਰਿਆ ਦਾ ਬੇੜਾ ਕੌਣ ਹੈ, ਲੰਘਾਉਣ ਵਾਲਾ ਮਲਾਹ ਕੌਣ ਹੈ? ਮਨੁੱਖ ਖੁਦਾ ਨਾਲ ਮਿਲਦਾ ਕਿਵੇਂ ਤੇ ਵਿਛੜਦਾ ਕਿਵੇਂ ਹੈ? ਜਿਸ ਨੇ ਉਸ ਨੂੰ ਪਾ ਲਿਆ, ਉਸ ਨੂੰ ਕਿਵੇਂ ਜਾਣੀਏ? ਆਦਿਕ ਬਹੁਤ ਸਾਰੇ ਪ੍ਰਸ਼ਨ ਗੁਰੂ ਜੀ ਨੂੰ ਪੁੱਛਦਾ ਹੈ। ਗੁਰੂ ਜੀ ਨੇ ਉਸ ਦੇ ਸਭ ਪ੍ਰਸ਼ਨਾਂ ਦੇ ਉਤਰ ਦਿੱਤੇ, "ਰਾਗ ਤਾਂ ਸਭ ਭਲੇ ਹੈਨਿ ਪਰ ਸਭ ਤੋਂ ਭਲਾ ਉਹ ਹੀ ਹੈ ਜਿਸ ਦੁਆਰਾ ਉਹ ਚਿੱਤ ਆਂਵਦਾ ਹੈ। ਬਾਣੀ ਬੋਹਥ ਹੈ, ਗੁਰੂ ਲੰਘਾਵਣਹਾਰ ਮਲਾਹ ਹੈ। ਜੋ ਅੰਤਰ ਦੀ ਹਉਮੈਂ, ਜੋ ਗਰਬ ਹੈ, ਸੋ ਦਿਲ ਤੇ ਨਿਵਾਰ ਦੂਰ ਕਰੇ ਤਾਂ ਹੀ ਇਹ ਸਾਹਿਬ ਨੂੰ ਪਾਇ, ਆਦਿ।"

ਮਰਦਾਨਾ ਗੁਰੂ ਜੀ ਨਾਲ ਰਹਿ ਕੇ, ਨਿਰਭੈ, ਨਿੱਡਰ, ਬੇਬਾਕ ਹੋ ਗਿਆ ਸੀ 'ਸੱਚੀ ਗੱਲ ਕਹਿਣ ਦੀ ਉਸ ਵਿਚ ਜੁਅਰਤ ਸੀ। ਮਥਰਾ ਵਿਚ ਧਰਮ ਦੇ ਨਾਂ ਹੇਠ ਹੁੰਦੇ ਕੁਕਰਮਾਂ ਤੇ ਪਾਪਾਂ ਨੂੰ ਦੇਖ ਕੇ ਉਸ ਨੇ ਆਖ ਦਿੱਤਾ ਸੀ, "ਬਾਬਾ, ਇੱਥੋਂ ਦੇ ਲੋਕ ਲੁੱਚੇ, ਲਵਾਰ, ਚੋਰ, ਯਾਰ ਬਹੁਤ ਹਨ। ਤੀਰਥ ਪਰ ਏਹੋ ਜਿਹੇ ਤਾਂ ਨਹੀਂ ਹੋਣੇ ਚਾਹੀਦੇ।" ਮੱਕੇ, ਮਦੀਨੇ, ਬਗਦਾਦ ਤੇ ਇਸਲਾਮੀ ਦੇਸ਼ਾਂ ਵਿਚ ਜਿੱਥੇ ਕੀਰਤਨ ਕਰਨ ਦੀ ਮਨਾਹੀ ਸੀ, ਕੀਰਤਨ ਕਰਕੇ ਨਾ ਕੇਵਲ ਸਭ ਨੂੰ ਹੈਰਾਨ ਕੀਤਾ ਸਗੋਂ ਜੁਰੱਅਤ ਦਿਖਾਈ। ਪੀਰ ਜਲਾਲ ਦੇ ਪੁੱਤਰ ਜਲਾਲੀ ਨੇ ਕਿਹਾ, "ਜਾਂ ਇਹ ਕਾਫਰ ਹੈ ਜਾਂ ਬਾਉਲਾ।"

ਮਰਦਾਨੇ ਨੇ ਉਸੇ ਸਮੇਂ ਨਿਡਰ ਹੋ ਕੇ ਕਿਹਾ, "ਮੈਂ ਬਾਵਲਾ ਨਹੀਂ, ਮੁਰਸ਼ਦ ਦੀ ਆਵਾਜ਼ ਸੁਣਾ ਰਹਿਆ ਹਾਂ।" ਜਦੋਂ ਉਨ੍ਹਾਂ ਨੇ ਮੁਰਸ਼ਦ ਨੂੰ ਬੁਲਾਉਣ ਲਈ ਕਿਹਾ ਤਾਂ ਮਰਦਾਨੇ ਨੇ ਨਿਡਰਤਾ ਨਾਲ ਉਤਰ ਦਿੱਤਾ, "ਪੀਰ, ਉਹ ਕਦੇ ਕਿਸੇ ਦਾ ਸੱਦਿਆ ਨਹੀਂ ਆਂਵਦਾ, ਬੇ-ਪ੍ਰਵਾਹ ਹੈ, ਆਪ ਭਾਵੇਂ ਕਿਸੇ ਥਾਂ ਚਲਿਆ ਜਾਏ।" ਹਾਕਮ ਦੇ ਮੂੰਹ 'ਤੇ ਸੱਚੀ ਗੱਲ ਕਹਿ ਦੇਣੀ, ਮਰਦਾਨੇ ਦੀ ਜੁਰੱਅਤ ਸੀ। ਨਾਥ ਦੁਆਰੇ ਦੇ ਮਹੰਤ ਗੁਸਾਈਂ ਨੂੰ ਰਤਨਾਂ, ਹੀਰਿਆਂ, ਗਹਿਣਿਆਂ ਤੇ ਸੁੰਦਰ ਕੱਪੜਿਆਂ 'ਤੇ ਅਤਰ ਲਗਾ ਕੇ ਆਕੜ-ਆਕੜ ਕੇ ਬਾਬਾ ਨਾਨਕ ਜੀ ਕੋਲੋਂ ਲੰਘਦਿਆਂ ਦੇਖ ਕੇ ਉਸੇ ਸਮੇਂ ਮਰਦਾਨੇ ਨੇ ਆਖ ਦਿੱਤਾ, "ਇਤਨਾ ਅਡੰਬਰ ਕਰਕੇ ਚਾਈ ਦਿਨਾਂ ਦਾ ਝੂਠਾ ਨਾਂ ਕਿਉਂ ਧਰਾਇਆ।" ਜਦੋਂ ਮਰਦਾਨੇ ਨੂੰ ਮਾਰਨ ਲਈ ਅਜਿਹੇ ਲੋਕ ਦੌੜੇ ਤਾਂ ਗੁਰੂ ਜੀ ਨੇ ਅਸਲ ਫਕੀਰੀ ਦੇ ਲੱਛਣ ਦੱਸ ਕੇ ਉਨ੍ਹਾਂ ਨੂੰ ਸ਼ਾਂਤ ਕੀਤਾ। ਉਨ੍ਹਾਂ ਨੂੰ ਦੱਸਿਆ, "ਨਫਸ ਸ਼ੈਤਾਨ, ਗੁੱਸਾ ਹਰਾਮ, ਕੱਚ ਦੁਨੀਆ, ਸੱਚ ਦਰਵੇਸ਼, ਅਦਲ ਬਾਦਸ਼ਾਹ, ਫਜ਼ਲ ਫਕੀਰਾਂ, ਮੰਜ਼ਲ ਮੁਸਾਫਰਾਂ, ਕਬਜ਼ ਕਾਫਰਾਂ, ਮਿਹਰ ਪੀਰਾਂ, ਸਿਹਰ ਕੀਰਾਂ, ਫਕੀਰੀ ਸਬੂਰੀ, ਨਾ ਸਬੂਰੀ ਤਾਂ ਮੱਕਰ।"

ਬਗਦਾਦ ਤੋਂ ਬਾਹਰ ਹੀ ਟਿਕਾਣਾ ਕਰਕੇ ਗੁਰੂ ਜੀ ਤੇ ਮਰਦਾਨੇ ਨੇ ਕੀਰਤਨ ਆਰੰਭ ਕਰ ਦਿੱਤਾ। ਸਾਰੀ ਨਗਰੀ ਸੁੰਨ ਹੋਈ ਤੇ ਪੀਰ ਹੈਰਾਨ ਹੋਏ। ਬਗਦਾਦ ਦੇ ਖਲੀਫੇ ਅਬਦੁਲ ਰਹਿਮਾਨ ਨੇ ਆਪਣੇ ਚੇਲੇ ਅਬਦੁਲ ਵਜੀਦ ਤੇ ਦਸਤਗੀਰ ਨੂੰ ਭੇਜ ਕੇ ਕੀਰਤਨ ਬੰਦ ਕਰਵਾਉਣਾ ਚਾਹਿਆ ਪਰ ਜੋ ਵੀ ਜਾਵੇ, ਓਥੇ ਹੀ ਰਹਿ ਜਾਵੇ। ਅਖੀਰ ਨੂੰ ਖਲੀਫੇ ਨੇ ਆਪ ਜਾ ਕੇ ਕਿਹਾ, "ਇਸਲਾਮ ਵਿਚ ਕੀਰਤਨ ਕਰਨਾ ਬੁਰਾ ਕਿਹਾ ਗਿਆ ਹੈ, ਸੋ ਕੀਰਤਨ ਬੰਦ ਕਰੋ।" ਬਾਬੇ ਨਾਨਕ ਨੇ ਕਿਹਾ, "ਜੇ ਸਰੋਦ ਮੁਹੰਮਦ ਸਾਹਿਬ ਬੁਰਾ ਸਮਝਦੇ ਤਾਂ ਬੀਬੀ ਆਇਸ਼ਾ ਨੂੰ ਆਪਣੇ ਮੋਢਿਆਂ 'ਤੇ ਚੁੱਕ ਕੇ ਬਲੋਚਾਂ ਦੇ ਰਾਗ ਸੁਣਾਵਣ ਲਈ ਰਾਤ ਸਮੇਂ ਕਿਉਂ ਲੈ ਜਾਂਦੇ ਸਨ?" ਸਾਰਿਆਂ ਨੇ ਸਿਰ ਝੁਕਾ ਲਏ, ਕੀਰਤਨ ਦੀ ਸ਼ਕਤੀ ਨੂੰ ਸਭ ਨੇ ਪ੍ਰਵਾਨ ਕੀਤਾ।

ਭਾਈ ਮਰਦਾਨਾ ਗੁਰੂ ਜੀ ਵਾਂਗ ਉਦਾਹਰਣਾਂ ਦੇ ਕੇ ਸਾਨੂੰ ਸਮਝਾਉਣ ਦਾ ਯਤਨ ਕਰਦੇ ਹਨ। ਕਰਤਾਰਪੁਰ ਵਿਚ ਇਕ ਸੁੰਦਰ ਇਸਤਰੀ ਗਹਿਣੇ ਤੇ ਸੁੰਦਰ ਕੱਪੜਿਆਂ ਵਾਲੀ ਮੱਥਾ ਟੇਕ ਕੇ ਦੂਰ ਜਾ ਬੈਠੀ। ਗੁਰੂ ਜੀ ਨੇ ਉਸ ਦਾ ਧਿਆਨ ਵੀ ਨਾ ਕੀਤਾ। ਭਾਈ ਮਰਦਾਨੇ ਨੇ ਉਸ ਇਸਤਰੀ ਬਾਰੇ ਗੁਰੂ ਜੀ ਤੋਂ ਪੁੱਛਿਆ, "ਇਹ ਕੌਣ ਹੈ ਜੋ ਅੱਗੇ ਆਉਣਾ ਚਾਹੁੰਦੀ ਹੈ ਪਰ ਆਪ ਤੋਂ ਡਰਦਿਆਂ ਨਹੀਂ ਆਉਂਦੀ।" ਗੁਰੂ ਜੀ ਨੇ ਉਤਰ ਦਿੱਤਾ, "ਇਹ ਦੁਨੀਆ ਹੈ, ਜਿਸ ਨੂੰ ਮਾਇਆ ਆਖਦੇ ਹਨ। ਇਸ ਨੇ ਵੱਡੇ-ਵੱਡੇ ਦੇਵਤੇ, ਰਿਖੀ-ਅਵਤਾਰ, ਪੀਰ-ਪੈਗੰਬਰ ਆਪਣੇ ਵੱਸ ਕਰ ਕੇ ਕਲੰਦਰ ਦੇ ਬੰਦਰ ਵਾਂਗ ਨਚਾਏ ਹਨ। ਇਹ ਆਪਣੇ ਆਪ ਤਪੀ, ਜਪੀ, ਸਤੀ ਪੁਰਖਾਂ ਦੇ ਪੈਰ ਲਗਦੀ ਹੈ, ਫੇਰ ਉਨ੍ਹਾਂ ਨੂੰ ਆਪਣੇ ਪੈਰੀਂ ਲਾ ਲੈਂਦੀ ਹੈ। ਇਹ ਡਰਦੀ ਇਧਰ ਨਹੀਂ ਆਉਂਦੀ। ਅਸੀਂ ਦੂਰ ਹੀ ਰੱਖੀ ਹੈ। ਸਾਡੇ ਪਿੱਛੋਂ ਇਹ ਬੂਹੇ ਤੱਕ ਆ ਜਾਏਗੀ, ਤੀਜੀ ਪੀੜ੍ਹੀ ਵੇਲੇ ਚਰਨੀਂ ਲੱਗੇਗੀ, ਚੌਥੀ ਪੀੜ੍ਹੀ ਵੇਲੇ ਘਰ ਨਿਵਾਸ ਕਰੇਗੀ ਪਰ ਉਹ ਨਿਰਲੇਪ ਰਹਿਣ ਦੀ ਜਾਚ ਸਿਖਾ ਦੇਣਗੇ।" ਇਹ ਸੁਣ ਕੇ ਮਰਦਾਨੇ ਨੇ ਮੱਤ ਦੇਣ ਲਈ ਕਿਹਾ, "ਬਾਬਾ, ਉਤਨੀ ਦੇਰ ਮੈਨੂੰ ਬਖ਼ਸ਼ ਛੱਡੋ।"

ਮਰਦਾਨੇ ਨੇ ਮਾਇਆ ਆਪਣੇ ਉਪਰ ਸਵਾਰ ਕਰ ਲਈ। ਉਹ ਉਸ ਨੂੰ ਨਚਾਉਣ ਲੱਗੀ।



*ਇਕ ਬਾਬਾ ਅਕਾਲ ਰੂਪ, ਦੂਜਾ ਰਬਾਬੀ ਮਰਦਾਨਾ*

ਜਿੱਧਰ ਉਹ ਮਰਦਾਨੇ ਨੂੰ ਫੇਰੇ, ਉਧਰ ਹੀ ਫਿਰੇ। ਜੋ ਕਰਵਾਏ, ਮਰਦਾਨਾ ਓਹੀ ਕਰੇ। ਜਦੋਂ ਸਾਰੀ ਸੰਗਤ ਮਰਦਾਨੇ ਦੀ ਇਹ ਹਾਲਤ ਦੇਖ ਕੇ ਖਿੜ-ਖਿੜ ਕਰਕੇ ਹੱਸੇ ਤਾਂ ਮਰਦਾਨੇ ਨੇ ਮਾਇਆ ਰੂਪੀ ਇਸਤਰੀ ਨੂੰ ਥੱਲੇ ਸੁੱਟ ਦਿੱਤਾ ਤੇ ਕਿਹਾ, "ਬਾਬਾ, ਇਹ ਕਾਬੂ ਕਰਨੀ ਬੜੀ ਕਠਨ ਹੈ। ਤੁਹਾਡੀ ਰਹਿਮਤ ਹੋਵੇ ਤਾਂ ਬਚੀਏ।" ਗੁਰੂ ਜੀ ਨੇ ਸੰਗਤ ਨੂੰ ਦੱਸਿਆ, "ਕੋਈ ਮਰਦਾਨਾ (ਸੂਰਮਾ) ਹੀ ਇਸ ਨੂੰ ਮਾਰ ਸੁੱਟ ਸਕਦਾ ਹੈ, ਬਾਕੀ ਤਾਂ ਸਾਰੇ ਇਸਦੇ ਵੱਸ ਹੋ ਜਾਂਦੇ ਹਨ। ਮਰਦਾਨਾ ਬਨਣ ਲਈ ਮਰਦਾਂ ਵਾਲੀ ਘਾਲ ਦੀ ਲੋੜ ਹੈ।"

ਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਦੀ ਅੰਤਿਮ ਸਮੇਂ ਪਰਖ ਕਰਨ ਲਈ ਪੁੱਛਿਆ, "ਮਰਦਾਨਿਆ, ਜੇ ਚਾਹੇ ਤਾਂ ਤੇਰੀ ਦੇਹੀ ਬ੍ਰਾਹਮਣਾਂ ਵਾਂਗੂੰ ਦਰਿਆ ਵਿਚ ਸੁੱਟ ਦੇਈਏ। ਮਰਦਾਨਿਆ, ਜੇ ਤੇਰੀ ਖਾਹਸ਼ ਹੋਵੇ ਤਾਂ ਖੱਤਰੀ ਵਾਂਗ ਸਾੜ ਦੇਈਏ, ਜੇ ਤੇਰੀ ਇੱਛਾ ਹੋਵੇ ਤਾਂ ਵੈਸ਼ ਵਾਂਗ ਹਵਾ ਵਿਚ ਸੁਟਵਾ ਦੇਈਏ, ਜੇ ਤੇਰਾ ਚਿੱਤ ਹੋਵੇ ਤਾਂ ਸੂਦਰ ਵਾਂਗ ਦੱਬਵਾ ਦੇਈਏ?" ਮਰਦਾਨੇ ਨੇ ਕਿਹਾ, "ਵਾਹ ਬਾਬਾ ਵਾਹ! ਅਜੇ ਵੀ ਸਰੀਰਾਂ ਦੇ ਚੱਕਰ? ਤੁਹਾਡੇ ਉਪਦੇਸ਼ ਕਰਕੇ ਤਾਂ ਦੇਹੀ ਦਾ ਖਿਆਲ ਹੀ ਮੁੱਕ ਗਿਆ ਹੈ। ਮੈਂ ਤਾਂ ਆਪਣੀ ਆਤਮਾ ਨੂੰ ਕੇਵਲ ਆਪਣੇ ਸਰੀਰ ਦੀ ਸਾਖੀ ਸਮਝਦਾ ਹਾਂ।" ਗੁਰੂ ਜੀ ਨੇ ਫਿਰ ਕਿਹਾ, "ਮਰਦਾਨਿਆਂ! ਮੇਰਾ ਚਿੱਤ ਕਰਦਾ ਹੈ ਕਿ ਤੇਰੀ ਸਮਾਧ ਬਣਾ ਕੇ ਤੈਨੂੰ ਜਗਤ ਵਿਚ ਮਸ਼ਹੂਰ ਕਰੀਏ।" ਮਰਦਾਨੇ ਨੇ ਗੰਭੀਰ ਹੋ ਕੇ ਕਿਹਾ, "ਬਾਬਾ ਬੜੀ ਮੁਸ਼ਕਿਲ ਨਾਲ ਤਾਂ ਸਰੀਰ ਰੂਪੀ ਸਮਾਧ ਵਿਚੋਂ ਨਿਕਲਣ ਲੱਗੇ ਹਾਂ, ਇਸ ਨੂੰ ਫਿਰ ਪੱਥਰ ਦੀ ਸਮਾਧ ਵਿਚ ਕਿਉਂ ਪਾਂਵਦੇ ਹੋ?" ਗੁਰੂ ਜੀ ਨੇ ਉਸਨੂੰ ਛਾਤੀ ਨਾਲ ਲਾਉਂਦਿਆਂ ਕਿਹਾ, "ਤੂੰ ਬ੍ਰਹਮ ਨੂੰ ਪਛਾਣ ਲਿਆ ਹੈ, ਮਰਦਾਨਿਆ।"

ਗੁਰੂ ਨਾਨਕ ਨੇ ਬਿਹਾਗੜੇ ਦੀ ਵਾਰ ਮਹੱਲਾ 4 ਦੀ 12ਵੀਂ ਪਾਉੜੀ ਵਾਲੇ ਸਲੋਕਾਂ ਵਿਚ ਮਰਦਾਨੇ ਦਾ ਨਾਂ ਅੰਕਿਤ ਕਰਕੇ ਉਸ ਨੂੰ ਅਮਰ ਕਰ ਦਿੱਤਾ ਹੈ। ਬਿਹਾਗੜੇ ਦੀ ਵਾਰ ਵਿਚ ਮਰਦਾਨੇ ਦੇ ਤਿੰਨ ਸ਼ਲੋਕ ਦਰਜ ਹਨ;

ਕਲਿ ਕਲਵਾਲੀ ਕਾਮ ਮਦੁ
ਮਨੂਆ ਪੀਵਣਹਾਰ॥
ਕ੍ਰੋਧ ਕਟੋਰੀ ਮੋਹਿ ਭਰੀ
ਪੀਲਾਵਾ ਅਹੰਕਾਰ॥
ਮਜਲਸ ਕੂੜੇ ਲਬ ਕੀ
ਪੀ ਪੀ ਹੋਇ ਖੁਆਰ॥
(ਸਲੋਕ ਮਰਦਾਨਾ 1, ਪੰਨਾ 553)
ਕਰਣੀ ਲਾਹਣਿ ਸਤੁ ਗੁੜ
ਸਚੁ ਸਰਾ ਕਰਿ ਸਾਰੁ॥
ਗੁਣ ਮੰਡੇ ਕਰਿ ਸੀਲ ਘਿਉ
ਸਰਮੁ ਮਾਸ ਆਹਾਰੁ॥
ਗੁਰਮੁਖਿ ਪਾਇਐ ਨਾਨਕਾ
ਖਾਧੈ ਜਾਇ ਬਿਕਾਰ॥1॥

(ਕਲਜੁਗੀ ਸੁਭਾਉ ਸ਼ਰਾਬ ਕੱਢਣ ਵਾਲੀ ਭੱਠੀ ਹੈ ਤੇ ਮਨ ਕਾਮ ਦੀ ਅਸਲ ਸ਼ਰਾਬ ਨੂੰ ਪੀ ਰਿਹਾ ਹੈ। ਮੋਹ ਨਾਲ ਭਰੀ ਹੋਈ ਕਰੋਧ ਦੀ ਕਟੋਰੀ ਨੂੰ ਹੰਕਾਰ ਪਿਆਉਣ ਵਾਲਾ ਹੈ। ਕੂੜ ਦੀ ਮਜਲਸ ਵਿਚ ਮਨ ਪੀ-ਪੀ ਕੇ ਖੁਆਰ ਹੋ ਰਿਹਾ ਹੈ।)

ਮਰਦਾਨਾ ॥1॥
ਕਾਇਆ ਲਾਹਣਿ ਆਪੁ ਮਦੁ
ਮਜਲਸ ਤ੍ਰਿਸ਼ਨਾ ਧਾਤੁ॥
ਮਨਸਾ ਕਟੋਰੀ ਕੂੜਿ ਭਰੀ
ਪੀਲੀਏ ਜਮ ਕਾਲੁ॥
ਇਤੁ ਮਦਿ ਪੀਤੈ ਨਾਨਕਾ
ਬਹੁਤੇ ਖਟੀਅਹਿ ਬਿਕਾਰ॥
ਗਿਆਨ ਗੁੜ ਸਾਲਾਹ ਮੰਡੇ
ਭਉ ਮਾਸੁ ਆਹਾਰੁ॥
ਨਾਨਕ ਇਹੁ ਭੋਜਨ ਸਾਚੁ ਹੈ
ਸਚੁ ਨਾਮ ਆਧਾਰ॥2॥
ਕਾਯਾ ਲਾਹਣਿ ਆਪੁ ਮਦੁ
ਅੰਮ੍ਰਿਤ ਤਿਸ ਕੀ ਧਾਰ॥
ਸਤ ਸੰਗਤਿ ਸਿਉ ਮੇਲਾਪੁ ਹੋਇ
ਲਿਵ ਕਟੋਰੀ ਅੰਮ੍ਰਿਤ ਭਰੀ
ਪੀ ਪੀ ਕਟਹਿ ਬਿਕਾਰ॥3॥

(ਦੂਜੇ ਸ਼ਲੋਕ ਵਿਚ ਝੂਠੀ ਸ਼ਰਾਬ ਪੀਣ ਨੂੰ ਬਹੁਤ ਵਿਕਾਰ ਖੱਟਣਾ ਆਖਦੇ ਹਨ ਤੇ ਤੀਜੇ ਸ਼ਲੋਕ ਵਿਚ ਵਿਕਾਰ ਦੂਰ ਕਰਨ ਦਾ ਵੱਲ ਦੱਸਦੇ ਹੋਏ ਕਹਿੰਦੇ ਹਨ ਕਿ ਜੇ ਸਰੀਰ ਮੱਟੀ ਹੋਵੇ, ਸਤ ਸੰਗਤ ਨਾਲ ਮੇਲ ਹੋਵੇ, ਅੰਮ੍ਰਿਤ ਨਾਮ ਦੀ ਭਰੀ ਹੋਈ ਲਿਵ ਰੂਪੀ ਕਟੋਰੀ ਹੋਵੇ ਤਾਂ ਮਨੁੱਖ ਐਸੀ ਸ਼ਰਾਬ ਨੂੰ ਪੀ-ਪੀ ਕੇ ਸਾਰੇ ਵਿਕਾਰ-ਪਾਪ ਦੂਰ ਕਰ ਸਕਦਾ ਹੈ।)



"ਸਿੱਖ ਇਤਿਹਾਸ ਵਿਚੋਂ ਚੋਣਵੀਆਂ ਸਾਖੀਆਂ ਭਾਗ 1 ਤੋਂ 6" ਪ੍ਰਕਾਸ਼ਕ ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ ਦੇ ਪੰਨਾ 133 'ਤੇ ਮਰਦਾਨਾ ਜੀ ਦੀ ਮ੍ਰਿਤੂ ਬਾਰੇ ਲਿਖਿਆ ਹੈ, "ਉਨ੍ਹਾਂ ਦਾ ਦਿਹਾਂਤ ਨਵੰਬਰ 18, 1534 ਈ: ਮੁਤਾਬਕ 13 ਮੱਘਰ ਸੰਮਤ 1591 ਨੂੰ ਹੋਇਆ। ਭਾਈ ਮਰਦਾਨਾ ਜੀ ਨੇ ਕਰਤਾਰਪੁਰ ਪ੍ਰਾਣ ਤਿਆਗੇ ਤੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥੀਂ ਰਾਵੀ ਕਿਨਾਰੇ ਸਸਕਾਰ ਕੀਤਾ। ਭਾਈ ਮਰਦਾਨਾ ਜੀ ਦੇ ਦੋ ਪੁੱਤਰ ਰਜਾਦਾ ਤੇ ਸਜਾਦਾ ਸਨ। ਸਜਾਦਾ ਜੀ ਤਲਵੰਡੀ ਹੀ ਰਹੇ ਤੇ ਰਜਾਦਾ ਜੀ ਕਰਤਾਰਪੁਰ ਆ ਟਿਕੇ।" ਭਾਵ ਮਰਦਾਨਾ ਜੀ ਦਾ ਦਿਹਾਂਤ ਕਰਤਾਰਪੁਰ ਵਿਚ ਹੋਇਆ।

ਹਰੀ ਰਾਮ ਗੁਪਤਾ ਅਨੁਸਾਰ ਮਰਦਾਨੇ ਦਾ ਦਿਹਾਂਤ ਬਗਦਾਦ ਵਿਚ ਹੋਇਆ। ਉਹ ਲਿਖਦਾ ਹੈ, "ਯਾਤਰੀ ਕੁਝ ਸਮਾਂ ਉਥੇ ਠਹਿਰੇ। ਮਰਦਾਨੇ ਦੀ ਸਿਹਤ ਤੇ ਉਤਸ਼ਾਹ ਫੇਲ੍ਹ ਹੋ ਰਹੇ ਸਨ ਅਤੇ ਉਹ ਯਾਤਰਾ ਤੋਂ ਥੱਕਿਆ ਹੋਇਆ ਮਹਿਸੂਸ ਕਰਦਾ ਸੀ। ਉਨ੍ਹਾਂ ਨੂੰ ਘਰ ਪਹੁੰਚਣ ਲਈ 1500 ਕਿਲੋਮੀਟਰ ਦਾ ਪੰਧ ਤੈਅ ਕਰਨਾ ਸੀ। ਹਰ ਰੋਜ਼ ਵੀਹ ਮੀਲ ਦਾ ਸਫਰ ਕਰਕੇ ਨੌਂ-ਦਸ ਮਹੀਨੇ ਲੱਗ ਜਾਣੇ ਸਨ। ਇਸ ਗੱਲ 'ਤੇ ਮਰਦਾਨੇ ਦਾ ਦਿਲ ਬੈਠਣ ਲੱਗਿਆ। ਉਸ ਦੀ ਮੱਕਾ, ਮਦੀਨਾ ਤੇ ਬਗਦਾਦ ਦੇ ਮਹਾਂ ਪਵਿੱਤਰ ਤੇ ਪੂਜਣਯੋਗ ਸਥਾਨਾਂ ਦੀ ਯਾਤਰਾ ਦੀ ਇੱਛਾ ਪੂਰੀ ਹੋ ਗਈ ਸੀ। ਉਸ ਨੂੰ ਹਾਜੀ ਦਾ ਖਿਤਾਬ ਮਿਲ ਗਿਆ ਸੀ। ਉਹ ਅੱਗੇ ਜਾਣਾ ਨਹੀਂ ਚਾਹੁੰਦਾ ਸੀ। ਉਸ ਨੇ ਅਨੁਭਵ ਕੀਤਾ ਕਿ ਉਹ ਇਸੇ ਪਵਿੱਤਰ ਥਾਂ 'ਤੇ ਪ੍ਰਾਣ ਤਿਆਗੇ। ਜਿਵੇਂ ਉਸ ਦੀ ਕਿਸਮਤ ਵਿਚ ਸੀ। ਉਸ ਨੇ ਇਸ ਤੋਂ ਛੇਤੀ ਹੀ ਪਿੱਛੋਂ ਸ਼ਾਂਤੀ ਤੇ ਧੀਰਜ ਨਾਲ ਪ੍ਰਾਣ ਤਿਆਗ ਦਿੱਤੇ।"

ਨਾਨਕ ਉਦਾਸ ਹੋ ਗਏ। ਜੁਦਾਈ ਅਸਹਿ ਸੀ। ਪਰ ਗੁਰੂ ਜੀ ਤਕੜੇ ਦਿਲ ਵਾਲੇ ਅਤੇ ਦ੍ਰਿੜ ਵਿਸ਼ਵਾਸੀ ਸਨ। ਇਸ ਤੋਂ ਬਿਨਾਂ ਉਨ੍ਹਾਂ ਦਾ ਜੀਵਨ ਵਿਚ ਇਕ ਖਾਸ ਉਦੇਸ਼ ਵੀ ਸੀ। ਉਨ੍ਹਾਂ ਨੇ ਭਾਰੀ ਮਨ ਨਾਲ ਆਪਣੇ ਹੱਥੀਂ ਮਰਦਾਨੇ ਦੀਆਂ ਆਖਰੀ ਰਸਮਾਂ (ਜਨਾਜ਼ਾ) ਕੀਤੀਆਂ। ਮਰਦਾਨੇ ਦੀ ਯਾਦਗਾਰ ਬਣਾਈ ਗਈ। ਕੰਧ ਦੇ ਅਹਾਤੇ ਵਿਚ ਰਲੀ-ਮਿਲੀ ਤੁਰਕੀ ਤੇ ਅਰਬੀ ਵਿਚ ਪੱਥਰ-ਲੇਖ ਇਸ ਥਾਂ ਦੀ ਨਿਸ਼ਾਨਦੇਹੀ ਕਰਦਾ ਹੈ। ਬਗਦਾਦ ਦੇ ਲੋਕ ਮਰਦਾਨੇ ਨੂੰ ਮੁਰਾਦ ਕਹਿੰਦੇ ਸਨ ਅਤੇ ਨਾਨਕ ਦੇਵ ਜੀ ਨਾਲੋਂ ਦਸ ਸਾਲ ਵੱਡਾ ਹੋਣ ਕਰਕੇ ਉਸ ਨੂੰ ਗੁਰੂ ਸਮਝਦੇ ਸਨ। ਇਸ ਦੇ ਫਲਸਰੂਪ ਗੁਰੂ ਨਾਨਕ ਦੇਵ ਜੀ ਦੇ ਉਥੋਂ ਚੱਲਣ ਪਿੱਛੋਂ ਜੋ ਪੱਥਰ ਲੇਖ ਲਾਇਆ ਗਿਆ, ਉਸ 'ਤੇ ਲਿਖਿਆ ਹੈ: "ਗੁਰੂ ਮੁਰਾਦ ਮਰ ਗਿਆ 1927 ਈ: ਵਿਚ ਬਾਬਾ ਨਾਨਕ ਫਕੀਰ ਨੇ ਇਸ ਬਿਲਡਿੰਗ ਦੇ ਉਸਾਰਨ ਵਿਚ ਸਹਾਇਤਾ ਕੀਤੀ ਜਿਹੜਾ ਕਿ ਧਰਮੀ ਸ਼ਰਧਾਲੂ ਦਾ ਨੇਕੀ ਵਾਲਾ ਕੰਮ ਹੈ।"

ਲਗਦਾ ਹੈ ਮਰਦਾਨਾ 61 ਸਾਲ ਦੀ ਉਮਰ ਭੋਗ ਕੇ ਦਸੰਬਰ, 1520 ਈ: ਵਿਚ ਮਰਿਆ। ਇਹ ਯਾਦਗਾਰ ਰੇਲ ਦੇ ਸਟੇਸ਼ਨ ਤੋਂ 2.5 ਕਿਲੋਮੀਟਰ ਦੂਰ ਕਬਰਾਂ ਦੇ ਨੇੜੇ ਹੈ।

ਗੁਰੂ ਨਾਨਕ ਪੰਜਾਬ ਵਾਪਸ ਆ ਕੇ ਤਲਵੰਡੀ ਗਏ। ਉਨ੍ਹਾਂ ਦੇ ਮਾਤਾ-ਪਿਤਾ ਅਕਾਲ ਚਲਾਣਾ ਕਰ ਗਏ ਸਨ। ਮਰਦਾਨੇ ਦੇ ਮਾਤਾ-ਪਿਤਾ ਵੀ ਨਹੀਂ ਰਹੇ ਸਨ। ਉਨ੍ਹਾਂ ਨੇ ਮਰਦਾਨੇ ਦੀ ਪਤਨੀ ਤੇ ਪੁੱਤਰਾਂ ਕੋਲ ਦੁੱਖ ਪ੍ਰਗਟ ਕੀਤਾ। ਉਨ੍ਹਾਂ ਨੇ ਮਰਦਾਨੇ ਦੇ ਵੱਡੇ ਪੁੱਤਰ ਸ਼ਾਹਜ਼ਾਦਾ ਨੂੰ ਆਪਣੇ ਪਿਤਾ ਦੀ ਪਦਵੀ ਪ੍ਰਵਾਨ ਕਰਨ ਲਈ ਪ੍ਰੇਰਿਆ ਅਤੇ ਪੂਰੇ ਸਤਿਕਾਰ, ਸੰਭਾਲ ਤੇ ਧਿਆਨ ਰੱਖਣ ਦਾ ਵਿਸ਼ਵਾਸ ਦਿਵਾਇਆ। ਸ਼ਾਹਜ਼ਾਦਾ ਗੁਰੂ ਜੀ ਨਾਲ ਕਰਤਾਰਪੁਰ ਗਿਆ ਅਤੇ ਗੁਰੂ ਜੀ ਤੇ ਸਿੱਖ ਸੰਗਤਾਂ ਦੇ ਮੁੱਖ ਗਵੱਈਏ ਦੀ ਸੇਵਾ ਨਿਭਾਈ।

ਮਰਦਾਨੇ ਨੇ ਮਰਨ ਤੋਂ ਥੋੜ੍ਹਾ ਸਮਾਂ ਪਹਿਲਾਂ ਗੁਰੂ ਨਾਨਕ ਦੇਵ ਜੀ ਅੱਗੇ ਆਪਣੀ ਇੱਛਾ ਪ੍ਰਗਟ ਕੀਤੀ ਸੀ, "ਕੇਵਲ ਪਰਮਾਤਮਾ ਦੇ ਬਚਨ ਖਾਤਰ ਦੁਨੀਆਂ ਦੇ ਸਾਗਰ ਤੋਂ ਮੈਨੂੰ ਪਾਰ ਲੈ ਜਾਵੋ, ਏਹੋ ਕੁਝ ਮੈਂ ਤੁਹਾਡੇ ਲੋਕਾਂ ਲਈ ਗਾਉਂਦਾ ਰਿਹਾ ਹਾਂ।"

---

# ਰਸੀਆ ਨਿੰਬੂ ਲਿਆ ਦੇ ਵੇ...

## ਸ਼ਬਦ-ਝਰੋਖਾ

**ਬਲਜੀਤ ਬਾਸੀ**
ਫੋਨ:734-454-4958

ਹਿੰਦੀ ਫਿਲਮ 'ਹਮ ਦਿਲ ਦੇ ਚੁਕੇ ਸਨਮ' ਵਿਚ ਐਸ਼ਵਰਿਆ ਰਾਏ ਦੇ ਨਾਚ ਨਾਲ ਗਾਏ ਇਕ ਗੀਤ ਦੇ ਬੋਲ ਹਨ:

ਨਿੰਬੂੜਾ ਨਿੰਬੂੜਾ ਨਿੰਬੂੜਾ...,
ਅਰੇ ਕਾਂਚਾ ਕਾਂਚਾ, ਛੋਟਾ ਛੋਟਾ,
ਨਿੰਬੂੜਾ ਲਾਈਦੋ
ਅਰੇ ਲਾਈਦੋ ਲਾਈਦੋ ਲਾਈਦੋ
ਨਿੰਬੂ ਲਾਈਦੋ
ਜਾ ਖੇਤ ਸੇ ਹਰਿਆਲਾ ਨਿੰਬੂੜਾ ਲਾਈਦੋ...

'ਨਿੰਬੂੜਾ' ਦੀ ਏਨੀ ਦੁਹਾਈ ਹੈ ਜਾਣੋ ਨਿਮਾਣਾ ਨਿੰਬੂ ਨਾ ਹੋਵੇ, ਧਗੜਾ ਪ੍ਰੇਮੀ ਹੋਵੇ ਜਿਸ ਦੇ ਮਿਲਣ ਲਈ ਪ੍ਰੇਮਿਕਾ ਦੇ ਦਿਲ ਦੀਆਂ ਡੂੰਘਾਣਾਂ 'ਚੋਂ ਹੂਕ ਉਠ ਰਹੀ ਹੈ। ਹੋਰ ਤਾਂ ਹੋਰ ਨਿੰਬੂ ਨੂੰ ਵਿਗਾੜ ਕੇ ਨਿੰਬੂੜਾ ਕਿਹਾ ਗਿਆ ਹੈ ਜਿਵੇਂ ਹੀਰ ਰਾਂਝੇ ਨੂੰ ਲਾਚੜ ਕੇ ਰੰਝੇਟੜਾ ਕਹਿੰਦੀ ਹੈ। ਇਸ ਰਾਜਸਥਾਨੀ ਗੀਤ ਵਿਚ ਨਿੰਬੂ ਦਾ ਵਾਹਵਾ ਚਿਤਰੰਜਕ ਰੇਖਾਚਿੱਤਰ ਉਘੜਿਆ ਗਿਆ ਹੈ। ਏਧਰ ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਦਾ ਗਾਇਆ ਪੰਜਾਬੀ ਗੀਤ ਹੈ:

ਰਸੀਆ ਨਿੰਬੂ ਲਿਆ ਦੇ ਵੇ ਕਿ ਮੇਰੇ ਉਠੀ ਕਲੇਜੇ ਪੀੜ।

ਮੰਨਣਾ ਹੋਵੇਗਾ ਕਿ ਭਾਰਤੀ ਨਾਰੀ ਦੇ ਦਿਲ ਵਿਚ ਨਿੰਬੂ ਲਈ ਕੋਈ ਖਾਸ ਹੀ ਥਾਂ ਹੈ। ਖੱਟੇ, ਚਟਕੀਲੇ ਸੁਆਦਾਂ ਨਾਲ ਔਰਤ ਦੇ ਲਗਾਵ ਬਾਰੇ ਕੌਣ ਨਹੀਂ ਜਾਣਦਾ? ਡਾਕਟਰ ਲੋਕ ਇਸ ਆਸਾਧਾਰਨ ਲਲ੍ਹਕ ਦੀ ਵਿਆਖਿਆ ਕਰਦੇ ਹਨ ਪਰ ਆਪਾਂ ਕੀ ਨਿੰਬੂ ਤੋਂ ਲੈਣਾ! ਉਂਜ ਨਿੰਬੂ ਕਿਹੜੇ ਫਲਾਂ 'ਚੋਂ ਫਲ ਹੈ ਕਿ ਇਸ ਲਈ ਏਨਾ ਰੋਣਾ ਰੋਇਆ ਜਾਵੇ। ਏਨਾ ਤੁਰਸ਼ ਕਿ ਇਸ ਦੇ ਰਸ ਦੀ ਇਕ ਬੂੰਦ ਵੀ ਅੰਦਰ ਲੰਘਾਉਣੀ ਡਾਢਾ ਹੌਸਲੇ ਵਾਲਾ ਕੰਮ ਹੈ। ਪਰ ਇਸਦੇ ਮਨਮੋਹਕ ਗੁਣਾਂ ਖੁਸ਼ਬੂ, ਤਾਜ਼ਗੀ ਤੇ ਰੰਗ ਤੋਂ ਕੌਣ ਨਹੀਂ ਪ੍ਰਭਾਵਤ। ਭਾਰਤ ਦੇ ਆਮ ਜੀਵਨ ਵਿਚ ਨਿੰਬੂ ਦੀ ਸਭ ਤੋਂ ਵਧ ਵਰਤੋਂ ਅੰਬ ਵਾਂਗ ਅਚਾਰ ਦੇ ਰੂਪ ਵਿਚ ਹੁੰਦੀ ਹੈ। ਰੋਟੀ ਨੂੰ ਅੰਦਰ ਲੰਘਾਉਣ ਜੋਗਾ ਕਰਨ ਲਈ ਗਰੀਬ ਪਾਸ ਚਾਟੀ 'ਚ ਪਏ ਇਸ ਸਲੂਣੇ ਤੋਂ ਸਸਤੀ ਕਿਹੜੀ ਸ਼ੈਅ ਹੋ ਸਕਦੀ ਹੈ? ਗਰਮੀ ਤੋਂ ਬਚਣ ਲਈ ਸ਼ਕੰਜਵੀ ਗਰੀਬ ਦਾ ਇਕ ਹੋਰ ਪੀਣ ਪਦਾਰਥ ਹੈ। ਸ਼ਕੰਜਵੀ (ਸ਼ਕ+ਅੰਜਬੀ) ਮੁਢਲੇ ਤੌਰ 'ਤੇ ਅਰਬੀ ਸ਼ਬਦ ਹੈ ਜਿਸ ਵਿਚ ਸ਼ਕ ਦਾ ਅਰਥ ਨਿੰਬੂ ਤੇ ਅੰਗਬੀ ਦਾ ਸ਼ਹਿਦ ਹੈ। ਅੱਜ ਕਲ੍ਹ ਸੂਗਰ ਤੋਂ ਡਰਦੇ ਬਹੁਤੇ ਲੋਕ ਨਿੰਬੂ-ਪਾਣੀ ਹੀ ਪੀ ਲੈਂਦੇ ਹਨ। ਭਾਰਤ ਵਿਚ ਲਿਮਕਾ ਨਾਂ ਦਾ ਨਿੰਬੂ ਦੇ ਜ਼ਾਇਕੇ ਵਾਲਾ ਬੱਤਾ ਵੀ ਮਿਲਦਾ ਹੈ। ਭੋਜਪੁਰੀ ਦੀ ਇਕ ਕਹਾਵਤ ਹੈ 'ਅੰਬਾ, ਨੀਬੂ, ਬਨਿਆ ਗਰ ਦਾਬੇ ਰਸ ਦੇਂ; ਕਾਯਥ, ਕੌਵਾ, ਕਰਹਟਾ, ਮੁਰਦਾ ਹੂ ਸੋਂ ਲੇਂ।' ਭਾਵ ਅੰਬ, ਨਿੰਬੂ ਤੇ ਬਾਣੀਏ ਬਿਨਾਂ ਦਬਾਇਆਂ ਰਸ ਨਹੀਂ ਦਿੰਦੇ ਤੇ ਕਾਇਸਥ, ਕਾਂ ਤੇ ਕਰਹਟਾ (ਇਕ ਪੰਛੀ) ਮੁਰਦੇ 'ਚੋਂ ਵੀ ਰਸ ਕਢ ਲੈਂਦੇ ਹਨ। ਸ਼ਾਹ ਮੁਹੰਮਦ ਆਪਣੇ ਜੰਗਨਾਮੇ ਵਿਚ ਸਿੰਘਾਂ ਹੱਥੋਂ ਹੋਈ ਗੋਰਿਆਂ ਦੀ ਦੁਰਗਤ ਬਾਰੇ ਲਿਖਦਾ ਹੈ:



ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

ਕਾਰੋਬਾਰੀ ਲੋਕ ਆਪਣੇ ਕੰਮ 'ਚ ਵਾਧੇ ਨੂੰ ਲਗਦੀ ਨਜ਼ਰ ਰੋਕਣ ਲਈ ਸੱਤ ਮਿਰਚਾਂ ਤੇ ਇਕ ਨਿੰਬੂ ਨੂੰ ਧਾਗੇ ਵਿਚ ਪਰੋ ਕੇ ਛੱਤ 'ਤੇ ਟੰਗ ਦਿੰਦੇ ਹਨ। ਨਿੰਬੂੜਾ ਨਿੰਬੂੜਾ ਵਾਲੇ ਗੀਤ ਵਿਚ ਵੀ ਨਿੰਬੂ ਦੇ ਨਜ਼ਰ-ਰੋਕੂ ਗੁਣਾਂ ਦਾ ਵਰਨਣ ਹੈ। ਅੱਜ ਕਲ੍ਹ ਬੇਜ਼ਮੀਰੇ ਡਾਕਟਰਾਂ ਨੇ ਇਹ ਕੰਮ ਫੜਿਆ ਹੋਇਆ ਹੈ। ਪਰ ਮਿਰਚ ਤੇ ਨਿੰਬੂ ਦੀ ਗੰਢ-ਤੁੱਪ ਅਨਜੋੜ ਹੀ ਲਗਦੀ ਹੈ ਕਿਉਂਕਿ ਮਿਰਚ ਸਾਡੀ ਸੀ ਕਢਦੀ ਹੈ ਜਦ ਕਿ ਨਿੰਬੂ ਸਾਡੇ ਵਿਚ ਸੀ (ਵਿਟਾਮਿਨ) ਭਰ ਦਿੰਦਾ ਹੈ! ਇਹ ਗੱਲ ਵੀ ਸੋਚਣ ਵਾਲੀ ਹੈ ਕਿ ਨਜ਼ਰ ਤੋਂ ਰੋਕਣ ਦਾ ਇਹ ਰਿਵਾਜ਼ ਢੇਰ ਪੁਰਾਣਾ ਨਹੀਂ ਹੋ ਸਕਦਾ ਕਿਉਂਕਿ ਮਿਰਚਾਂ ਤਾਂ ਭਾਰਤ ਵਿਚ 17ਵੀਂ-18ਵੀਂ ਸਦੀ ਵਿਚ ਹੀ ਆਈਆਂ। ਜਾਂ ਹੋ ਸਕਦਾ ਹੈ, ਪਹਿਲਾਂ ਵਾਰਨ ਲਈ ਕਾਲੀਆਂ ਮਿਰਚਾਂ ਦੀ ਵਰਤੋਂ ਹੁੰਦੀ ਹੋਵੇ। ਸ਼ਬਦਾਂ ਦਾ ਖੁਰਾ ਖੋਜ ਜਾਨਣ ਨਾਲ ਇਤਿਹਾਸ ਦੀਆਂ ਕਈ ਅਹਿਮ ਗੁੰਝਲਾਂ ਖੁਲ੍ਹਦੀਆਂ ਹਨ, ਇਸ ਲਈ ਇਤਿਹਾਸਕਾਰ ਪੁਰਾਤਤਵ ਦੇ ਨਾਲ ਨਾਲ ਸ਼ਬਦ-ਇਤਿਹਾਸ ਦੇ ਅਧਿਐਨ ਵੱਲ ਵਿਸ਼ੇਸ਼ ਧਿਆਨ ਦਿੰਦੇ ਹਨ।

ਨਿੰਬੂ ਭਾਰਤ ਦਾ ਜੱਦੀ ਬੂਟਾ ਹੈ ਤੇ ਸੰਸਕ੍ਰਿਤ ਵਿਚ ਇਸ ਨੂੰ ਨਿੰਬੂ ਹੀ ਕਿਹਾ ਜਾਂਦਾ ਸੀ। ਸੰਸਕ੍ਰਿਤ ਵਿਚ ਇਸ ਲਈ ਇਕ ਹੋਰ ਸ਼ਬਦ 'ਨਿਸਬੂ' ਭੀ ਮਿਲਦਾ ਹੈ। ਭਾਰਤ ਦੀਆਂ ਕਈ ਬੋਲੀਆਂ ਵਿਚ ਇਸ ਨੂੰ ਲੀਮੂ, ਲੇਮੂ, ਲੀਮੂ, ਨੀਮੂ, ਨੇਂਬੂ, ਨੀਂਬੂ, ਨਿੰਬਵਾ ਵੀ ਕਿਹਾ ਜਾਂਦਾ ਹੈ। ਮਾਮਲਾ ਕੁਝ ਇੰਜ ਹੀ ਹੈ ਜਿਵੇਂ ਪਿਆਰ ਨਾਲ ਬੱਚੇ ਦੇ ਕਈ ਨਾਂ ਰੱਖ ਲਈਦੇ ਹਨ। ਅਸਲ ਵਿਚ ਅਕਸਰ ਹੀ 'ਨ' ਤੇ 'ਲ' ਆਪਸ ਵਿਚ ਬਦਲ ਜਾਂਦੇ ਹਨ ਜਿਵੇਂ ਨੰਬਰਦਾਰ-ਲੰਬੜਦਾਰ, ਲੰਡਨ-ਨੰਦਨ, ਲੂਣ-ਨੂਣ। ਕਈ ਲੇਖਕ ਆਪਣੇ ਵਰਤੇ ਹੋਏ ਸ਼ਬਦਾਂ ਪ੍ਰਤੀ ਬੜੇ ਭਾਵਕ ਹੁੰਦੇ ਹਨ। ਸੰਤੋਖ ਸਿੰਘ ਧੀਰ ਨੇ ਇਕ ਵਾਰੀ 'ਸਿਰਜਣਾ' ਵਿਚ ਆਪਣੀ ਕਵਿਤਾ ਭੇਜੀ ਜਿਸ ਵਿਚ 'ਨੂਣ' ਸ਼ਬਦ ਵਰਤਿਆ ਗਿਆ ਸੀ। ਸੰਪਾਦਕ ਨੇ ਇਸਨੂੰ ਪ੍ਰਮਾਣੀਕ ਸ਼ਬਦ ਨਾ ਸਮਝਦੇ ਹੋਏ ਬਦਲ ਕੇ 'ਲੂਣ' ਲਿਖ ਦਿੱਤਾ। ਧੀਰ ਨੂੰ ਏਨਾ ਗੁੱਸਾ ਆਇਆ ਕਿ ਉਨ੍ਹਾਂ 'ਸਿਰਜਣਾ' ਨੂੰ ਰਚਨਾਵਾਂ ਭੇਜਣੀਆਂ ਹੀ ਬੰਦ ਕਰ ਦਿੱਤੀਆਂ। ਅਕਸਰ ਹੀ ਕਈ ਵਾਰੀ 'ਬ' ਤੇ 'ਮ' ਵੀ ਆਪਸ ਵਿਚ ਥਾਂ ਵਟਾ ਲੈਂਦੇ ਹਨ ਜਿਵੇਂ ਜੰਬੂਰ-ਜਮੂਰ, ਲੰਬਾ-ਲੰਮਾ, ਤੂੰਬਾ-ਤੂੰਮਾ ਆਦਿ। ਪਰਾਕ੍ਰਿਤ ਵਿਚ ਨਿੰਬੂ ਦੇ 'ਲਿੰਬੂਓ' ਜਾਂ 'ਨਿੰਬੂਓ' ਰੂਪ ਮਿਲਦੇ ਹਨ। ਨਿੰਬੂ ਦਾ ਇਕ ਹੋਰ ਰੂਪ 'ਜੰਬੀਰਾ' ਵੀ ਮਿਲਦਾ ਹੈ। ਇਹ ਬੂਟਾ ਯੁਗਾਂ ਤੋਂ ਕਸ਼ਮੀਰ ਦੀਆਂ ਪਹਾੜੀਆਂ ਵਿਚ ਪਾਇਆ ਜਾਂਦਾ ਸੀ। ਏਥੋਂ ਇਹ ਈਸਵੀ ਸੰਮਤ ਤੋਂ ਕੋਈ ਦੋ ਹਜ਼ਾਰ ਸਾਲ ਪਹਿਲਾਂ ਚੀਨ ਪਹੁੰਚਾ। ਕਈ ਵਾਰੀ ਬੀਜ ਪੰਛੀਆਂ ਦੀਆਂ ਬਿੱਠਾਂ ਜਾਂ ਨਦੀਆਂ ਦੁਆਰਾ ਵੀ ਦੂਰ ਦੂਰ ਪਹੁੰਚ ਜਾਂਦੇ ਹਨ। ਚੀਨ ਦੀ ਇਕ ਭਾਸ਼ਾ ਵਿਚ ਇਸਨੂੰ 'ਲਿਮੁੰਗ' ਦਾ ਨਾਂ ਮਿਲਿਆ। ਏਥੋਂ ਪਰਸ਼ੀਆ ਤੇ ਮੀਡੀਆ ਜਾ ਕੇ ਵੀ ਇਸ ਦਾ ਰੂਪ ਲਗਭਗ ਇਹੋ ਜਿਹਾ ਹੀ ਰਿਹਾ। ਦਸਵੀਂ ਸਦੀ ਵਿਚ ਅਰਬਾਂ ਨੇ ਇਸਨੂੰ ਮਧਸਾਗਰੀ ਦੇਸ਼ਾਂ ਵਿਚ ਪਹੁੰਚਾ ਦਿੱਤਾ। ਅਰਬੀ ਵਿਚ ਇਸ ਦਾ ਨਾਂ 'ਲੀਮੂੰਮ' ਮਿਲਦਾ ਹੈ। ਕੁਸਤੁਨਤੂਨੀਆ ਤੋਂ ਹੁੰਦਾ ਹੋਇਆ ਇਹ ਗਰੀਸ ਪਹੁੰਚਾ ਤੇ ਪੱਛਮ ਵਿਚ ਸਪੇਨ ਅਤੇ ਰੂਸ ਅੱਪੜ ਗਿਆ। ਇਨ੍ਹਾਂ ਦੋਵਾਂ ਭਾਸ਼ਵਾਂ ਵਿਚ ਇਸਨੂੰ limon ਕਿਹਾ ਜਾਣ ਲੱਗਾ। ਅੰਗਰੇਜ਼ੀ ਵਿਚ ਜਾ ਕੇ ਇਹ lemon ਬਣ ਗਿਆ। ਕੋਲੰਬਸ ਇਸਦੇ ਬੀਜ ਵੈਸਟ ਇੰਡੀਜ਼ ਲੈ ਗਿਆ ਤੇ ਇਸ ਤਰ੍ਹਾਂ 15ਵੀਂ ਸਦੀ ਵਿਚ ਜਾ ਕੇ ਇਹ ਫਲ ਅਮਰੀਕੀ ਮਹਾਦੀਪ ਪੁੱਜਾ।

lemon ਦੇ 'n' ਦਾ ਅਲੋਪਣ ਹੋ ਜਾਂਦਾ ਹੈ ਤੇ ਇਕ ਹੋਰ ਸ਼ਬਦ ਬਣ ਜਾਂਦਾ ਹੈ lime ਜਿਸ ਨੂੰ ਅਸੀਂ ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਕਾਗਜ਼ੀ ਨਿੰਬੂ, ਨਿਰਾ ਕਾਗਜ਼ੀ ਜਾਂ ਕਾਗਤੀ ਆਖਦੇ ਹਾਂ। ਦਰਅਸਲ ਕਾਗਜ਼ੀ ਨਿੰਬੂ ਦੀ ਛਿੱਲ ਪਤਲੀ ਹੁੰਦੀ ਹੈ; ਇਹ ਆਕਾਰ ਵਿਚ ਛੋਟੇ, ਖੁਸ਼ਬੂਦਾਰ ਅਤੇ ਵਿਟਾਮਿਨ ਸੀ ਨਾਲ ਭਰਪੂਰ ਹੁੰਦੇ ਹਨ। ਕਈ ਮਿਠੇ ਵੀ ਹੁੰਦੇ ਹਨ ਪਰ ਇਹ ਵੰਨਗੀ ਅਮਰੀਕਾ ਵਿਚ ਨਹੀਂ ਮਿਲਦੀ। ਭਾਰਤ ਵਿਚ 'ਖੱਟਾ' ਨਾਂ ਦੀ ਵੀ ਇਕ ਪ੍ਰਜਾਤੀ ਮਿਲਦੀ ਹੈ। ਨਿੰਬੂ ਦੇ ਅਰਥਾਂ ਵਾਲੀ ਪੱਛਮੀ ਤੇ ਕੁਝ ਹੋਰ ਭਾਸ਼ਾਵਾਂ ਜਿਵੇਂ ਜਰਮਨ, ਫ਼ਰਾਂਸੀਸੀ, ਪੋਲਿਸ਼, ਹੰਗੇਰੀਅਨ ਆਦਿ ਵਿਚ ਲਾਤੀਨੀ ਚਟਿਰੋਨ ਨਾਂ ਤੋਂ ਵਿਉਤਪਤ ਸ਼ਬਦਾਂ ਦੀ ਇਕ ਹੋਰ ਸ਼ਾਖਾ ਫੁੱਟਦੀ ਹੈ। ਏਥੋਂ ਤੱਕ ਕਿ ਭਾਰਤ ਦੀ ਦਰਾਵੜੀ ਭਾਸ਼ਾ ਤਾਮਿਲ ਵਿਚ 'ਚਿਟਾਲਮ' ਮਿਲਦਾ ਹੈ। ਪਰ ਮੁਢਲੇ ਤੌਰ 'ਤੇ ਸਿਟਰੌਨ ਨਿੰਬੂ ਜਾਂ ਕਾਗਜ਼ੀ ਨਿੰਬੂ ਨਹੀਂ ਹੈ, ਇਹ ਗਲਗਲ ਜਿਹਾ ਫਲ ਹੈ ਜਿਸ ਵਿਚ ਰਸਾ ਨਹੀਂ ਹੁੰਦਾ। ਸੰਭਵ ਹੈ ਇਹ ਬੂਟਾ ਤੇ ਸ਼ਬਦ ਵੀ ਏਸ਼ਿਆਈ ਮੂਲ ਦਾ ਹੀ ਹੋਵੇ ਪਰ ਕੋਸ਼ਕਾਰ ਕਲੇਨ ਦਾ ਵਿਚਾਰ ਹੈ ਕਿ ਇਹ ਸ਼ਬਦ ਗਰੀਕ kedros (ਲਾਤੀਨੀ cedar) ਤੋਂ ਵਿਗੜਿਆ ਹੈ ਜਿਸ ਦਾ 'dar' 'tr' ਵਿਚ ਬਦਲ ਗਿਆ। ਸੇਡਾਰ ਦੇ ਪੱਤਿਆਂ ਅਤੇ ਫਲ ਦੀ ਖੁਸ਼ਬੂ ਨਿੰਬੂ ਵਰਗੀ ਹੀ ਹੁੰਦੀ ਹੈ। ਖੈਰ, ਭਾਸ਼ਾਵਾਂ ਵਿਚ ਅਜਿਹੇ ਹੇਰ-ਫੇਰ ਹੁੰਦੇ ਹੀ ਰਹਿੰਦੇ ਹਨ। ਅੱਜ ਚਟਿਰੋਨ ਤੋਂ ਬਣੇ ਸ਼ਬਦ citrus ਨੂੰ ਇਸ ਪ੍ਰਜਾਤੀ ਦੇ ਸਾਰੇ ਫਲਾਂ ਲਈ ਵਰਤਿਆ ਜਾਂਦਾ ਹੈ ਜਿਵੇਂ ਨਿੰਬੂ ਨੂੰ ਛਟਿਰੁਸ ਲਮਿੋਨ, ਕਾਗਜ਼ੀ ਨਿੰਬੂ ਨੂੰ Citrus aurantifolia ਹੈ ਅਤੇ ਖੁਦ ਸਿਟਰੌਨ ਨੂੰ Citrus medica ਕਿਹਾ ਗਿਆ ਹੈ। ਕੈਲੀਫੋਰਨੀਆ ਵਿਚ ਹੁੰਦੀ ਇਸ ਦੀ ਇਕ ਵੰਨਗੀ ਨੂੰ Budha's hand (ਜਾਪਾਨੀ ਵਿਚ ਬੁਸ਼ਕੁਨ) ਕਿਹਾ ਜਾਂਦਾ ਹੈ। ਇਸ ਦੇ ਉਂਗਲੀਨੁਮਾ ਗੁੱਛੇ ਹੁੰਦੇ ਹਨ ਪਰ ਇਸ ਵਿਚ ਕੋਈ ਰਸ ਤੇ ਗੁੱਦਾ ਨਹੀਂ ਹੁੰਦੇ। ਦਰਅਸਲ ਸਿਟਰਸ ਪ੍ਰਜਾਤੀ ਦੇ ਫਲਾਂ ਅਤੇ ਨਾਂਵਾਂ ਵਿਚ ਬੜੀ ਘੜਮੱਸ ਹੈ ਪਰ ਸਾਡਾ ਮੁਖ ਮਨੋਰਥ ਸ਼ਬਦਾਂ ਦਾ ਗਿਆਨ ਹੈ ਨਾ ਕਿ ਫਲ ਦੀਆਂ ਬਰੀਕੀਆਂ ਵਿਚ ਪੈਣਾ।

ਭਾਰਤੀ ਲੋਕਾਂ ਨੇ ਤਾਂ ਨਿੰਬੂ ਨੂੰ ਕਾਫੀ ਉਚਾ ਰੁਤਬਾ ਦਿੱਤਾ ਪਰ ਅੰਗਰੇਜ਼ਾਂ ਨੇ ਇਸਦਾ ਅਕਸ ਵਿਗਾੜ ਦਿੱਤਾ। ਲੈਮਨੇਡ, ਮੈਰਿੰਗ, ਪਾਈਆਂ, ਕੈਂਡੀਆਂ, ਜੈਲੀਆਂ ਆਦਿ ਜਿਹੀਆਂ ਸੁਆਦੀ ਚੀਜ਼ਾਂ ਵਿਚ ਇਸਦਾ ਰਸ ਜਾਂ ਛਿਲਕਾ ਪੈਂਦੇ ਹਨ, ਫਿਰ ਵੀ 'lemon' ਸ਼ਬਦ ਦਾ ਇਕ ਅਰਥ ਨਿਕੰਮੀ ਚੀਜ਼ ਜਾਂ ਸਿਧੜ ਆਦਮੀ ਬਣ ਗਿਆ। ਸ਼ਾਇਦ ਇਸ ਕਰਕੇ ਕਿ ਕੋਈ ਤੇਜ਼-ਤ੍ਰਾਟ ਬੰਦਾ ਅਜਿਹੇ 'ਵਿਅਕਤੀ 'ਚੋਂ ਰਸਾ ਨਿਚੋੜ ਸਕਦਾ ਹੈ।' ਅੰਗਰੇਜ਼ੀ ਵਿਚ ਇਕ ਵਰਤੋਂ ਅਨੁਸਾਰ ਕਿਸੇ ਨੂੰ



*Budha's hand* **(ਜਾਪਾਨੀ ਵਿਚ ਬੁਸ਼ਕੁਨ)**

ਲੈਮਨ ਦੇਣ ਦਾ ਮਤਲਬ ਹੁੰਦਾ ਹੈ ਘਟੀਆ ਚੀਜ਼ ਨੂੰ ਵਧੀਆ ਵਜੋਂ ਪੇਸ਼ ਕਰ ਦੇਣਾ; ਸ਼ਾਇਦ ਇਸ ਲਈ ਕਿ ਦੇਖਣ ਨੂੰ ਸੁੰਦਰ ਲਗਦਾ ਨਿੰਬੂ ਮੂੰਹ ਵਿਚ ਬਹੁਤ ਖੱਟਾ ਟੀਟ ਸੁਆਦ ਛੱਡ ਜਾਂਦਾ ਹੈ। ਪੰਜਾਬੀ ਦਾ ਇਕ ਮੁਹਾਵਰਾ, ਦੰਦ ਖੱਟੇ ਕਰਨੇ, ਜ਼ਰੂਰ ਨਿੰਬੂ ਦੇ ਮਾਰੂ ਗੁਣ ਨੂੰ ਪ੍ਰਗਟ ਕਰਦਾ ਹੈ।

# ਸ਼ਾਇਰਾ ਪ੍ਰਭਜੋਤ ਦੀ ਜ਼ਿੰਦਗੀ ਦੇ ਕੌੜੇ-ਮਿੱਠੇ ਪਲ

**ਸਫ਼ਰ ਜ਼ਿੰਦਗੀ ਦਾ**

**ਦਰਸ਼ਨ ਸਿੰਘ**

ਪੰਜਾਬੀ ਸਾਹਿਤ ਸਭਾ, ਦਿੱਲੀ ਨੇ ਲੁਧਿਆਣੇ ਪੰਜਾਬੀ ਅਕਾਦਮੀ 'ਚ ਆਪਣੀਆਂ ਦੇਹਾਤੀ ਲਾਇਬਰੇਰੀਆਂ ਦੀ ਮੀਟਿੰਗ ਰੱਖੀ ਹੋਈ ਸੀ। ਸਭਾ ਵਲੋਂ ਉਥੇ ਗੁਲਜ਼ਾਰ ਸਿੰਘ ਸੰਧੂ ਤੇ ਕਰਨਜੀਤ ਸਿੰਘ ਨਾਲ ਮੈਂ ਵੀ ਗਿਆ ਹੋਇਆ ਸਾਂ। ਜਦੋਂ ਮੀਟਿੰਗ ਖਤਮ ਹੋਈ, ਅਕਾਡਮੀ ਦੇ ਅਧਿਕਾਰੀ ਡਾ. ਬਜਾਜ ਸਾਨੂੰ ਦੂਜੀ ਮੰਜ਼ਲ 'ਤੇ ਆਪਣੀ ਸੰਸਥਾ ਦੀ ਲਾਇਬਰੇਰੀ ਵਿਖਾਉਣ ਲੈ ਗਏ। ਲਾਇਬਰੇਰੀ ਸਾਨੂੰ ਉਨ੍ਹਾਂ ਇਸ ਤਰ੍ਹਾਂ ਵਿਖਾਈ, ਜਿਵੇਂ ਕੋਈ ਮਾਣ-ਮੱਤਾ ਬਾਗਬਾਨ, ਸੌ ਰੀਝਾਂ ਤੇ ਜੁਗਤਾਂ ਨਾਲ ਉਗਾਏ, ਆਪਣੇ ਕੋਈ ਅਲੋਕਾਰ ਬੂਟੇ ਵਿਖਾਏ। ਮੇਰੇ 'ਤੇ ਬੜਾ ਡੂੰਘਾ ਪ੍ਰਭਾਵ ਪਿਆ। ਮੈਂ ਕਿਤਾਬਾਂ ਤੇ ਦਸਤਾਵੇਜ਼ਾਂ ਦੀ ਏਡੀ ਸਾਂਭ-ਸਿਕਰ ਪਹਿਲੀ ਵਾਰ ਵੇਖੀ ਸੀ। ਮੈਂ ਸਾਰਾ ਕੁਝ ਬੜੇ ਧਿਆਨ ਤੇ ਸ਼ਰਧਾ ਨਾਲ ਵੇਖਿਆ ਪਰ ਫੇਰ ਵੀ ਖੋਜ ਰੁਚੀ ਨਾ ਹੋਣ ਕਰਕੇ ਬਹੁਤ ਕੁਝ ਮੇਰੇ ਅੰਦਰ ਅੰਕਤ ਨਾ ਹੋਇਆ। ਜਦੋਂ ਅਸੀਂ ਲਾਇਬਰੇਰੀ 'ਚੋਂ ਬਾਹਰ ਨਿਕਲ ਰਹੇ ਸਾਂ, ਮੇਰੀ ਨਜ਼ਰ ਇਕ ਅਲਮਾਰੀ 'ਤੇ ਪਈ ਫਰੇਮ-ਜੜੀ ਇਕ ਫੋਟੋ 'ਤੇ ਜਾ ਟਿਕੀ ਜਿਹਨੂੰ ਮੈਂ ਅੱਜ ਤੱਕ ਨਹੀਂ ਭੁੱਲ ਸਕਿਆ। ਇਹ ਫੋਟੋ ਪ੍ਰਭਜੋਤ ਦੀ ਸੀ। ਬੜੀਆਂ ਬਹਾਰਾਂ ਪਹਿਲਾਂ ਵਾਲੀ ਪ੍ਰਭਜੋਤ ਦੀ। ਫੋਟੋ ਵੇਖ ਮੈਂ ਸੱਚੀਂ-ਮੁੱਚੀਂ ਹੀ ਚਕਾਚੌਂਧ ਹੋ ਗਿਆ। ਪਿੱਛੇ ਮੁੜ ਆਇਆ ਤੇ ਕਈ ਪਲ ਉਹਨੂੰ ਵੇਖਦਾ ਰਿਹਾ। ਇਹ ਕਈ ਪਲ ਮੈਨੂੰ ਥਾਂ ਤੇ ਸਮੇਂ ਦਾ ਅਹਿਸਾਸ ਨਾ ਰਿਹਾ। ਫੋਟੋ ਵਾਲੀ ਪ੍ਰਭਜੋਤ ਕੋਈ ਖਿੜਿਆ ਫੁੱਲ ਗੁਲਾਬ ਲਗਦੀ ਸੀ। ਰੱਜ ਕੇ ਸੁਹਣੀ ਸੀ। ਉਹਦੇ 'ਚੋਂ ਤ੍ਰੇਲ-ਛੋਹੀ ਤਾਜ਼ਗੀ ਝਰਦੀ ਸੀ ਤੇ ਮੱਠੇ ਤੰਦੂਰ ਦੀ ਤਪਸ਼। ਵੇਖ ਕੇ ਲੰਘ ਗਈ ਉਮਰਾ ਨੂੰ ਸੱਦਾ ਪੈਂਦਾ ਸੀ ਤੇ ਹਿਰਖ ਹੁੰਦੀ ਸੀ। ਮੈਂ ਬਜਾਜ ਸਾਹਿਬ ਨੂੰ ਪੁੱਛਿਆ, "ਇਹ ਫੋਟੋ ਕਿੱਥੋਂ ਲਈ ਜੇ?"

ਉਨ੍ਹਾਂ ਸਹਿਜ ਸੁਭਾਅ ਦੱਸਿਆ, "ਪ੍ਰਭਜੋਤ ਨੇ ਆਪ ਦਿੱਤੀ ਸੀ।" ਫੋਟੋ ਨੂੰ ਇਕ ਵਾਰੀ ਫੇਰ ਧਿਆਨ ਨਾਲ ਵੇਖ ਕੇ ਮੈਂ ਬਾਹਰ ਨਿਕਲ ਆਇਆ।

ਕੁਝ ਮਹੀਨੇ ਲੰਘੇ। ਨਵਾਂ ਸਾਲ ਚੜ੍ਹਿਆ। ਦਿੱਲੀ ਨਵਯੁੱਗ ਫਾਰਮ 'ਚ ਧੁੱਪ ਦੀ ਮਹਿਫ਼ਲ ਲੱਗੀ। ਸਾਹਿਤਕਾਰ ਤੇ ਸਾਹਿਤ-ਰਸੀਏ ਉਥੇ ਹੁਮ-ਹੁਮਾ ਕੇ ਪੁੱਜੇ। ਮੈਂ ਕੁਝ ਪਹਿਲੋਂ ਪਹੁੰਚ ਘਾਹ ਦੇ ਇਕ ਟਿੱਬੇ 'ਤੇ ਬੈਠਾ ਕੋਸੀ-ਕੋਸੀ ਧੁੱਪ ਸੇਕ ਰਿਹਾ ਸਾਂ। ਏਨੇ ਨੂੰ ਮੈਂ ਵੇਖਿਆ, ਦੂਰੋਂ ਕੁਝ ਡੋਲਦੀ, ਸਹਾਰੇ ਨਾਲ ਟੁਰਦੀ, ਕੋਈ ਔਰਤ ਆ ਰਹੀ ਸੀ। ਉਹਦੇ 'ਚੋਂ ਪ੍ਰਭਜੋਤ ਦਾ ਝਾਉਲਾ ਪੈਂਦਾ ਸੀ। ਮੈਂ ਉਹਦੀ ਸੇਧੇ ਟਿੱਬਿਓਂ ਉਤਰਿਆ। ਕੋਲ ਆਉਣ 'ਤੇ ਮਹਿਸੂਸ ਹੋਇਆ, ਇਹ ਪ੍ਰਭਜੋਤ ਦਾ ਝਾਉਲਾ ਨਹੀਂ ਸੀ, ਆਪ ਪ੍ਰਭਜੋਤ ਸੀ ਪਰ ਇਹ ਉਹ ਪ੍ਰਭਜੋਤ ਨਹੀਂ ਸੀ, ਜਿਹਦਾ ਅਕਸ ਮੈਂ ਲੁਧਿਆਣੇ ਦੀ ਲਾਇਬਰੇਰੀ 'ਚੋਂ ਉਤਾਰ ਕੇ ਲਿਆਇਆ ਸਾਂ। ਸਜੀ-ਸਜਾਈ ਤਾਂ ਸੀ ਪਰ ਮੁਰਝਾਈ ਹੋਈ ਸੀ। ਅੱਖਾਂ ਐਨਕ ਨੇ ਕੱਜੀਆਂ ਹੋਈਆਂ ਸਨ। ਵਾਲ ਹੈ ਤਾਂ ਭਰਵੇਂ ਸਨ, ਪਰ ਚਿੱਟੇ ਸਨ। ਹੱਥ 'ਚ ਸੋਟੀ ਸੀ, ਚਾਲ ਥਿੜਕਵੀਂ ਸੀ। ਪ੍ਰਭਜੋਤ ਨੇ ਧਿਆਨ ਉਪਰ ਕੀਤਾ ਤੇ ਆਪਣਾ ਖਾਲੀ ਦੂਜਾ ਹੱਥ ਮੇਰੇ ਵਲ ਵਧਾਉਂਦਿਆਂ ਪੁੱਛਿਆ, "ਭੁੱਲ ਗਏ ਹੋ...?"

"ਭੁੱਲਣਾ ਕਿੱਥੇ ਸੀ! ਐਵੇਂ ਤ੍ਰਭਕ ਪਿਆ ਸਾਂ। ਸਮੇਂ ਨੇ ਜੋ ਕਹਿਰ ਕਮਾਇਆ ਹੋਇਆ ਸੀ, ਉਹਨੂੰ ਵੇਖ ਕੇ ਲਰਜ਼ ਰਿਹਾ ਸੀ। ਉਹਨੇ ਪ੍ਰਭਜੋਤ ਦਾ ਮਲੂਕਪਨ, ਲਿਸ਼ਕ, ਕਸ਼ਿਸ਼ ਖੋਹ ਲਈ ਹੋਈ ਸੀ। ਸ਼ਾਮਾਂ ਪਾ ਦਿੱਤੀਆਂ ਹੋਈਆਂ ਸਨ। ਮੈਨੂੰ ਸਮਾਂ ਬੜਾ ਬੇਲਿਹਾਜ਼ ਲੱਗਾ।" ਮੇਰਾ ਉਹਨੂੰ ਉਲਾਂਭਾ ਦੇਣ ਨੂੰ ਜੀਅ ਕਰ ਰਿਹਾ ਸੀ ਕਿ ਭਾਈ, ਉਨ੍ਹਾਂ ਨੂੰ ਤਾਂ ਲੁੱਟ, ਜਿਨ੍ਹਾਂ ਆਪਣਾ ਚਾਨਣ ਸਾਰੀ ਉਮਰ ਬੈਂਕ ਦੇ ਲਾਕਰ 'ਚ ਪਾਈ ਰੱਖਿਆ। ਨਾ ਆਪ ਉਜਲੇ ਹੋਏ, ਨਾ ਕਿਸੇ ਹੋਰ ਨੂੰ ਹੋਣ ਦਿੱਤਾ ਪਰ ਜਿਨ੍ਹਾਂ ਆਪਣੀਆਂ ਰਿਸ਼ਮਾਂ ਦਾ ਮੀਂਹ ਵਰ੍ਹਾਈ ਰੱਖਿਆ, ਆਪ ਵੀ ਭਿੱਜੇ, ਹੋਰਨਾਂ ਨੂੰ ਵੀ ਗੜੁੱਚ ਕੀਤਾ, ਉਨ੍ਹਾਂ ਨੂੰ ਤਾਂ ਬਖ਼ਸ਼ ਦਿੰਦਾ। ਮੈਂ ਅੱਗੇ ਵਧ ਪ੍ਰਭਜੋਤ ਦਾ ਹੱਥ ਫੜ ਲਿਆ। ਉਮਰ ਦੇ ਅੱਸੀਵਿਆਂ 'ਚ ਪ੍ਰਵੇਸ਼ ਕਰ ਚੁੱਕੀ ਏਸ ਪ੍ਰਭਜੋਤ ਦੀ ਮੂਰਤ ਵੀ ਮੈਂ ਆਪਣੇ ਅੰਦਰ ਉਤਾਰ ਲਈ।

ਇਹ ਨਹੀਂ ਕਿ ਇਨ੍ਹਾਂ ਦੋ-ਤਿੰਨ ਵਾਰਾਂ ਤੋਂ ਛੁੱਟ ਮੈਂ ਪ੍ਰਭਜੋਤ ਪਹਿਲੋਂ ਕਦੀ ਵੇਖੀ ਨਹੀਂ ਸੀ ਹੋਈ। ਮੇਰੇ ਅੰਦਰ ਉਹਦੇ ਹੋਰ ਅਕਸ ਵੀ ਸਨ। ਹੈ ਵੀ ਗੂੜ੍ਹੇ, ਭਾਵੇਂ ਬਹੁਤ ਪਹਿਲਾਂ ਦੇ ਪਏ ਹੋਏ ਸਨ। ਪ੍ਰਭਜੋਤ ਦੀ ਹੋਂਦ ਹੀ ਅਜਿਹੀ ਸੀ ਕਿ ਉਹ ਨਿੱਮੇ ਨਕਸ਼ ਨਹੀਂ ਸੀ ਛੱਡਦੀ। ਮੈਂ ਪ੍ਰਭਜੋਤ ਨੂੰ ਪਿਛਲੀ ਸਦੀ ਦੇ ਪੰਜਾਹਵਿਆਂ ਦੇ ਸ਼ੁਰੂ 'ਚ ਮਿਲਿਆ ਜਾਂ ਉਸ ਤੋਂ ਵੀ ਕੁਝ ਪਹਿਲਾਂ। ਦੇਸ ਵੰਡਿਆ ਜਾ ਚੁੱਕਾ ਸੀ। ਪੱਛਮੀ ਪੰਜਾਬ ਤੋਂ ਹਿੰਦੂ-ਸਿੱਖ ਏਧਰ ਆ ਚੁੱਕੇ ਸਨ। ਸਿਰਮੌਰ ਪੰਜਾਬੀ ਲੇਖਕ, ਪ੍ਰਕਾਸ਼ਕ, ਦਿੱਲੀ ਆਣ ਵਸੇ ਸਨ ਤੇ ਏਸ ਸ਼ਹਿਰ ਦੀ ਹੈਸੀਅਤ ਉਹੀਓ ਹੋ ਗਈ ਸੀ, ਜੋ ਵੰਡਾਰਿਓਂ ਪਹਿਲਾਂ ਲਾਹੌਰ ਦੀ ਹੁੰਦੀ ਸੀ। ਈਸ਼ਵਰ ਚਿੱਤਰਕਾਰ ਸ਼ਿਮਲਿਓਂ ਦਿੱਲੀ ਆਇਆ ਹੋਇਆ ਸੀ ਤੇ ਉਹ ਪ੍ਰਭਜੋਤ ਤੇ ਨਰਿੰਦਰਪਾਲ ਨੂੰ ਮਿਲਣ ਜਾ ਰਿਹਾ ਸੀ। ਆਪਣਾ ਸਾਈਕਲ ਰੇੜ੍ਹ ਮੈਂ ਵੀ ਉਹਦੇ ਨਾਲ ਹੋ ਪਿਆ ਸਾਂ। ਪ੍ਰਭਜੋਤ ਹੁਰੀਂ ਉਦੋਂ, ਅੱਜ ਕੱਲ੍ਹ ਤਿਲਕ ਮਾਰਗ ਬਣੇ ਹਾਰਡਿੰਗ ਐਵੀਨਿਊ ਦੀਆਂ ਫੌਜੀ ਕੁਆਰਟਰਾਂ 'ਚ ਰਹਿੰਦੇ ਸਨ, ਜਿੱਥੇ ਹੁਣ ਸੁਪਰੀਮ ਕੋਰਟ ਆਪਣੇ ਫੈਸਲੇ ਸੁਣਾਂਦੀ ਏ। ਅਸੀਂ ਪ੍ਰਭਜੋਤ ਦੇ ਘਰ ਦੇ ਲਾਅਨ 'ਚ ਬਹਿ ਚਾਹ ਪੀਤੀ ਤੇ ਗੱਪਸ਼ੱਪ ਕੀਤੀ ਸੀ। ਇਕ ਵਾਰੀ ਹੋਰ ਮੈਂ ਨਵਤੇਜ ਨਾਲ ਗਿਆ ਸਾਂ। ਆਪ ਕਦੀ ਜਾ ਪਹੁੰਚਣ ਦੀ ਨਾ ਚਾਹ



ਹੋਈ ਤੇ ਨਾ ਹੀ ਹੀਆ। ਮੈਂ ਉਦੋਂ ਸੜਕ ਸਵਾਰ ਜਾਂ ਹੱਦ ਸਾਈਕਲ-ਸਵਾਰ ਬੰਦਾ ਸਾਂ ਤੇ ਪ੍ਰਭਜੋਤ ਹੁਰੀਂ ਵੱਡੇ ਫੌਜੀ ਅਫ਼ਸਰ ਸਨ। ਮੇਲ ਬਣਦਾ ਨਹੀਂ ਸੀ। ਫੇਰ ਮੈਂ ਕੋਈ ਆਲੋਚਕ ਵੀ ਨਹੀਂ ਸਾਂ, ਨਾ ਹੀ ਅਨੁਵਾਦਕ ਸਾਂ, ਜੋ ਉਨ੍ਹਾਂ ਦੀਆਂ ਲਿਖਤਾਂ ਨੂੰ ਕਿਸੇ ਹੋਰ ਵੱਡੀ ਜ਼ੁਬਾਨ ਦੀ ਹਵਾ ਲਵਾ ਸਕਦਾ। ਇਸ ਤਰ੍ਹਾਂ ਵੀ ਮੇਰਾ ਢੋਅ ਨਹੀਂ ਸੀ ਬਣਦਾ ਪਰ ਮੈਂ ਉਨ੍ਹਾਂ ਦਾ ਲਿਖਿਆ ਲਾਹੌਰ ਵੇਲੇ ਤੋਂ ਹੀ ਪੜ੍ਹਦਾ ਰਿਹਾ ਸਾਂ। ਪ੍ਰਭਜੋਤ ਤੇ ਨਰਿੰਦਰਪਾਲ ਹਰਿਕਿਸ਼ਨ ਸਿੰਘ ਦੇ ਪਰਚੇ ਆਸ਼ਾ ਤੇ ਪੰਜਾਬੀ ਸਾਹਿਤ 'ਚ ਛਪਦੇ ਰਹਿੰਦੇ ਸਨ। ਮੈਂ ਦਿੱਲੀ ਦੀ ਲਿਖਾਰੀ ਸਭਾ ਲਹਿਰ ਨਾਲ ਵੀ ਸੰਬੰਧਤ ਸਾਂ। ਲੇਖਕਾਂ ਦੇ ਕਿੱਸੇ ਸੁਣਦਾ ਰਹਿੰਦਾ ਸਾਂ। ਪੰਜਾਬੀ ਸਾਹਿਤ ਦੀ ਦੁਨੀਆਂ ਹੁੰਦੀ ਵੀ ਛੋਟੀ ਸੀ। ਏਸ ਲਈ ਅੱਖਾਂ ਤੇ ਕੰਨ ਖੁੱਲ੍ਹੇ ਰੱਖੇ ਜਾਣ ਨਾਲ ਹੀ ਸਭ ਕੁਝ ਲੱਭ ਜਾਂਦਾ ਸੀ। ਏਸ ਤਰ੍ਹਾਂ ਪ੍ਰਭਜੋਤ ਤੇ ਨਰਿੰਦਰਪਾਲ ਦੀ ਰਚਨਾ ਤੇ ਜੀਵਨ ਬਾਰੇ ਮੇਰਾ ਗਿਆਨ ਉਨ੍ਹਾਂ ਲੋਕਾਂ ਨਾਲੋਂ ਬਹੁਤਾ ਘੱਟ ਨਹੀਂ ਸੀ, ਜਿਹੜੇ ਉਨ੍ਹਾਂ ਨੂੰ ਅਕਸਰ ਮਿਲਦੇ ਸਨ।

ਪ੍ਰਭਜੋਤ ਨਰਿੰਦਰਪਾਲ ਨੂੰ ਨਿੰਦੀ ਸੱਦਦੀ ਸੀ ਤੇ ਨਰਿੰਦਰਪਾਲ ਉਹਨੂੰ ਜੋਤੀ। ਦੋਵਾਂ ਦੀ ਵੀ ਦਰਸ਼ਨੀ ਜੋੜੀ ਹੁੰਦੀ ਸੀ। ਵੇਖ ਕੇ ਭੁੱਖ ਲਹਿੰਦੀ ਸੀ। ਪ੍ਰਭਜੋਤ ਆਪਣੀਆਂ ਭੈਣਾਂ ਵਾਂਗ ਲੰਮ-ਸਲੰਮੀ ਨਹੀਂ ਸੀ, ਪਰ ਉਹਦੇ ਨਕਸ਼ ਚੰਗੇ ਸਨ। ਰੰਗ ਗੋਰਾ ਸੀ। ਬਣ-ਫਬ ਕੇ ਰਹਿੰਦੀ ਸੀ। ਉਹਦੀ ਪਰਵਰਿਸ਼ ਤੇ ਪੜ੍ਹਾਈ ਚੰਗੀ ਸੀ। ਨਵੀਂ ਰੌਸ਼ਨੀ ਦੀ ਸੀ। ਸ਼ਾਇਰਾ ਸੀ। ਰਸਾਲਿਆਂ 'ਚ ਛਪਦੀ ਸੀ। ਉਹਦੀਆਂ ਕਿਤਾਬਾਂ ਸਨ। ਗੱਲ ਕੀ, ਉਹ ਸਾਹਿਤ ਤੇ ਸੁਹਜ ਦਾ ਦੋ-ਆਤਸ਼ਾ ਹੁੰਦੀ ਸੀ। ਨਰਿੰਦਰਪਾਲ ਬਾਂਕਾ ਜਵਾਨ ਸੀ। ਉਚਾ-ਲੰਮਾ, ਗੋਰਾ-ਚਿੱਟਾ, ਪੱਗ ਤੇ ਦਾਹੜੀ ਸੰਵਾਰ ਕੇ ਬੰਨ੍ਹਦਾ ਸੀ। ਪੱਛਮੀ ਪੁੱਠ ਵਾਲੀ ਉਹਦੀ ਟੌਂਸ ਹੁੰਦੀ ਸੀ। ਅਫ਼ਸਰ ਸੀ। ਨਜ਼ਮ ਲਿਖਦਾ ਸੀ ਤੇ ਨਸਰ ਵੀ। ਛਪਦਾ ਵੀ ਸੀ। ਚਰਚਾ ਦਾ ਵਿਸ਼ਾ ਵੀ ਸੀ। ਦੋਵੇਂ ਨਾਲ ਖਲੋਤੇ ਸੁਹੰਦੇ ਸਨ।

ਉਨ੍ਹਾਂ ਜਿਹੀ ਜੋੜੀ ਪੰਜਾਬੀ ਸਾਹਿਤ 'ਚ ਹੋਰ ਕੋਈ ਨਹੀਂ ਸੀ। ਕੁਝ ਚਿਰ ਬਾਅਦ ਜਦੋਂ ਪ੍ਰਭਜੋਤ ਦੀ ਭੈਣ ਸੁਰਜੀਤ ਦਾ ਕਹਾਣੀਕਾਰ-ਨਾਵਲਕਾਰ ਮਹਿੰਦਰ ਸਿੰਘ ਸਰਨਾ ਨਾਲ ਵਿਆਹ ਹੋ ਗਿਆ, ਇਕ ਜੋੜੀ ਹੋਰ ਉਭਰਨੀ ਸ਼ੁਰੂ ਹੋਈ ਪਰ ਇਹ ਤਾਰੇ ਇੱਕੋ ਕਹਿਕਸ਼ਾਂ ਦੇ ਨਹੀਂ ਸਨ। ਸੁਰਜੀਤ ਵਾਲਾ ਤਾਰਾ ਛੇਤੀ ਹੀ ਨਿੰਮ੍ਹਾ ਪੈ ਗਿਆ ਤੇ ਉਹ ਦੋਵੇਂ ਓਵੇਂ ਇੱਕੋ ਤਰ੍ਹਾਂ ਨਾ ਡਲਕ ਸਕੇ, ਜਿਵੇਂ ਪ੍ਰਭਜੋਤ ਤੇ ਨਰਿੰਦਰਪਾਲ ਡਲਕਦੇ ਸਨ। ਉਨ੍ਹਾਂ ਜਿਹੀ ਜੋੜੀ ਉਸ ਵੇਲੇ ਦੇ ਉਰਦੂ ਤੇ ਹਿੰਦੀ ਸਾਹਿਤ ਵਿਚ ਵੀ ਨਹੀਂ ਸੀ ਹੁੰਦੀ। ਉਰਦੂ 'ਚ ਕਹਾਣੀਕਾਰ ਭੈਣਾਂ ਹਾਜਰਾ ਮਸਰੂਰ ਤੇ ਖ਼ਦੀਜਾ ਮਸਤੂਰ ਦੀ ਜੋੜੀ ਹੁੰਦੀ ਸੀ ਪਰ ਇਹ ਜੋੜੀ ਹੋਰ ਤਰ੍ਹਾਂ ਦੀ ਸੀ। ਹਿੰਦੀ ਲੇਖਕ ਉਪਿੰਦਰ ਨਾਥ ਅਸ਼ਕ ਦੀ ਪਤਨੀ ਕੌਸ਼ੱਲਿਆ ਅਸ਼ਕ ਵੀ ਲਿਖਦੀ ਸੀ ਪਰ ਗੁਣ ਤੇ ਯੋਗਤਾ ਦੇ ਫ਼ਰਕ ਹੋਣ ਕਰਕੇ ਉਹ ਉਹਦੇ ਬਰਾਬਰ ਨਹੀਂ, ਕਿਤੇ ਪਿਛਾਂਹ ਖੜ੍ਹੀ ਹੁੰਦੀ ਸੀ।

ਪ੍ਰਭਜੋਤ ਤੇ ਨਰਿੰਦਰਪਾਲ ਬੜੇ ਹੀ ਮਿਲਾਪੜੇ ਤੇ ਮਹਿਮਾਨਨਿਵਾਜ਼ ਸਨ, ਮੁਹੱਬਤਾਂ ਦੇ ਸ਼ੌਕੀਨ। ਸਾਡੇ ਲੇਖਕ ਚਾਹ 'ਤੇ ਚਾਅ ਨਾਲ ਉਨ੍ਹਾਂ ਨੂੰ ਮਿਲਣ ਜਾਂਦੇ ਸਨ। ਉਸ ਸਮੇਂ ਦਿੱਲੀ 'ਚ ਉਨ੍ਹਾਂ ਨੂੰ ਦੋ ਹੀ ਥਾਵਾਂ ਦੀ ਖਿੱਚ ਹੁੰਦੀ ਸੀ। ਇਕ ਅੰਮ੍ਰਿਤਾ ਦਾ ਘਰ ਤੇ ਇਕ ਪ੍ਰਭਜੋਤ ਦਾ। ਦੋਵਾਂ ਥਾਈਂ ਵੱਖ-ਵੱਖ ਤਰ੍ਹਾਂ ਦੀ ਫਿਜ਼ਾ ਹੁੰਦੀ ਸੀ। ਇਕ ਥਾਂ ਦਰਬਾਰੀ ਕਿਸਮ ਦੀ ਤੇ ਦੂਜੀ ਥਾਂ ਅਜੋਕੀ ਰਈਸੀ ਕਿਸਮ ਦੀ। ਅੰਮ੍ਰਿਤਾ ਵੱਲ ਬਹੁਤੇ ਉਹ ਜਾਂਦੇ ਸਨ, ਜਿਹੜੇ ਪ੍ਰੀਤਲੜੀ ਨਾਲ ਸਬੰਧਤ ਸਨ। ਖੱਬੇ-ਪੱਖੀ ਲਹਿਰ ਦੇ ਨੇੜੇ ਸਨ ਤੇ ਸਰਕਾਰੀ ਨੌਕਰੀਆਂ ਕਰਦੇ। ਇਕ ਤਰ੍ਹਾਂ ਪੰਜਾਬੀ ਅਖਾਣ, 'ਸਾਡੇ ਵਲ ਦੀਆਂ ਸਾਡੇ ਵਲ, ਭੇਡ ਮੋਈ ਤੁਹਾਡੇ ਵਲ' ਵਾਲਾ ਮਾਮਲਾ ਹੁੰਦਾ ਸੀ। ਜੋ ਇਕ ਪਾਸੇ ਜਾਂਦਾ, ਉਹ ਦੂਜੇ ਪਾਸੇ ਜਾਣੋਂ ਗੁਰੇਜ਼ ਕਰਦਾ। ਕੁਲਵੰਤ ਸਿੰਘ ਵਿਰਕ ਪ੍ਰਭਜੋਤ ਵਾਲੀ ਜੋੜੀ ਨੂੰ ਮਹਾਰਾਜੇ ਸੱਦਦਾ ਸੀ। ਉਹ ਪ੍ਰਭਜੋਤ ਵਾਲੀ ਬੈਠਕ 'ਚ ਚਾਹ ਕਰਕੇ ਪਹੁੰਚਦਾ ਸੀ। ਸੇਖੋਂ ਵੀ ਏਸੇ ਸ਼ਮ੍ਹਾਂ ਦਾ ਪਰਵਾਨਾ ਸੀ। ਸ਼ੁਰੂ-ਸ਼ੁਰੂ 'ਚ ਅੰਮ੍ਰਿਤਾ ਦੀ ਮਜਲਿਸ 'ਚ ਵੀ ਪਹੁੰਚਦਾ ਸੀ ਪਰ ਕੁਝ ਅੱਗੇ ਚਲ ਕੇ ਉਹ ਸਿਰਫ ਪ੍ਰਭਜੋਤ ਦੀ ਬੈਠਕ ਜੋਗਾ ਰਹਿ ਗਿਆ। ਉਹ ਪ੍ਰਭਜੋਤ ਨੂੰ 'ਆਲੀਆ' ਸੱਦਦਾ ਸੀ, ਮਲਕਾ-ਏ-ਆਲਾ ਦਾ ਲਡਿਆਇਆ ਰੂਪ। ਉਹ ਪ੍ਰਭਜੋਤ ਦੇ ਕਾਫੀ ਨੇੜੇ ਰਿਹਾ। ਸ਼ਾਇਦ ਕੋਈ ਵੀ ਹੋਰ ਪੰਜਾਬੀ ਲੇਖਕ ਪ੍ਰਭਜੋਤ ਦੇ ਏਨਾ ਨੇੜੇ ਨਹੀਂ ਸੀ। ਪ੍ਰਭਜੋਤ ਆਪ ਕਹਿੰਦੀ ਏ, 'ਉਹ ਮੇਰਾ ਬੜਾ ਸਤਿਕਾਰ ਕਰਦੇ ਸਨ। ਮੇਰੇ ਨਾਲ ਬੜਾ ਸਨੇਹ ਸੀ। ਹਮਦਰਦੀ ਸੀ।'

ਏਸ ਤੋਂ ਜ਼ਿਆਦਾ ਪ੍ਰਭਜੋਤ ਨੇ ਆਪਣੀ ਨੇੜਤਾ ਦਾ ਜ਼ਿਕਰ ਨਹੀਂ ਕੀਤਾ। ਰਿਸ਼ਤਿਆਂ ਦੇ ਮਾਮਲੇ 'ਚ ਸੇਖੋਂ ਦੀ ਸ਼ੈਲੀ ਹੋਰ ਤਰ੍ਹਾਂ ਸੀ। ਉਹਨੇ ਵੀ ਅਲ-ਅਲਾਨ ਕੁਝ ਕਿਹਾ ਹੋਏਗਾ ਪਰ ਮੈਂ ਉਹ ਕਦੀ ਪੜ੍ਹਿਆ-ਸੁਣਿਆ ਨਹੀਂ। ਏਨਾ ਜ਼ਰੂਰ ਜਾਣਦਾ ਹਾਂ ਕਿ ਸੇਖੋਂ ਨੇ ਆਪਣੀਆਂ ਧੀਆਂ ਦੇ ਜਿਹੜੇ ਨਾਂ ਰੱਖੇ ਸਨ, ਉਨ੍ਹਾਂ ਵਿਚ ਪ੍ਰਭਜੋਤ ਦਾ 'ਜੋਤ' ਜ਼ਰੂਰ ਆਉਂਦਾ ਸੀ। ਇਕ ਸੀ ਅਮਰਜੋਤ, ਦੂਜੀ ਅਲਖਜੋਤ, ਤੀਜੀ ਅਗੰਮਜੋਤ ਤੇ ਚੌਥੀ ਅਮਲਜੋਤ। ਏਸ ਤਰ੍ਹਾਂ ਸੇਖੋਂ ਨੇ ਪ੍ਰਭਜੋਤ ਦੇ ਕੋਲ ਨਾ ਹੋਣ ਵੇਲੇ ਵੀ ਉਹਨੂੰ ਧਿਆਉਣ ਦਾ ਮੌਕਾ ਹੱਥੋਂ ਨਾ ਜਾਣ ਦਿੱਤਾ। ਇਕ ਜ਼ਮਾਨੇ ਦੀਆਂ ਉਰਦੂ ਕਹਾਣੀਆਂ 'ਚ ਨਾਇਕਾ ਆਪਣੇ ਪਹਿਲੇ ਪੁੱਤਰ ਦਾ ਨਾਂ ਉਹ ਰੱਖ ਦਿੰਦੀ ਸੀ, ਜੋ ਅਹਿਲ ਜਵਾਨੀ ਵੇਲੇ ਖੁੱਸ ਗਏ ਉਹਦੇ ਮਹਿਬੂਬ ਦਾ ਹੁੰਦਾ ਸੀ। ਏਨੀਆਂ ਜੋਤਾਂ ਜਗਾ ਲੈਣੀਆਂ ਵੀ ਕੁਝ ਇਸ ਤਰ੍ਹਾਂ ਦਾ ਹੀ ਮਾਮਲਾ ਸੀ।

ਇਸ ਜੋੜੀ ਨੂੰ ਮਿਲਾਇਆ ਉਨ੍ਹਾਂ ਦੀ ਲੇਖਣੀ ਨੇ ਸੀ। ਪਿਛਲੀ ਸਦੀ ਦੀ ਗੱਲ ਏ। ਅੰਗਰੇਜ਼ ਅਜੇ ਇੱਥੇ ਰਾਜ ਕਰਦੇ ਸਨ। ਉਨ੍ਹਾਂ ਏਥੋਂ ਭਰਤੀ ਕੀਤੀਆਂ ਹੋਈਆਂ ਪਲਟਨਾਂ ਆਪਣੀਆਂ ਲੜਾਈਆਂ ਲੜਨ ਲਈ ਬਾਹਰ ਘੱਲੀਆਂ ਹੋਈਆਂ ਸਨ। ਸਿੱਖ ਫੌਜੀਆਂ ਨੂੰ ਉਹ ਪੰਜਾਬੀ ਦੀਆਂ ਕਿਤਾਬਾਂ ਤੇ ਰਸਾਲੇ ਭਿਜਵਾਉਂਦੇ ਰਹਿੰਦੇ ਸਨ। ਉਦੋਂ ਲਾਹੌਰ ਪ੍ਰਭਜੋਤ ਦਾ ਕਾਵਿ-ਸੰਗ੍ਰਹਿ 'ਅਜ਼ਲਾਂ ਤੋਂ' ਛਪਿਆ। ਉਨ੍ਹਾਂ ਉਹ ਖਰੀਦਿਆ ਤੇ ਪਲਟਨਾਂ ਨੂੰ ਘੱਲ ਦਿੱਤਾ। ਉਹਦੀ ਇਕ ਕਾਪੀ ਬਸਰੇ ਲੱਗੇ ਹੋਏ ਮੇਜਰ ਨਰਿੰਦਰ ਸਿੰਘ ਦੇ ਹੱਥ ਆ ਗਈ। ਉਸ ਕਵਿਤਾਵਾਂ ਪੜ੍ਹੀਆਂ ਤੇ ਲਿਖਣ ਵਾਲੀ 'ਤੇ ਫਰੇਫਤਾ ਹੋ ਗਿਆ। ਉਹਨੇ ਪ੍ਰਭਜੋਤ ਨੂੰ ਚਿੱਠੀ ਲਿਖੀ ਤੇ ਨਾਲੇ ਸੰਗ੍ਰਹਿ ਦੇ ਪ੍ਰਕਾਸ਼ਕ ਹਰਿਕ੍ਰਿਸ਼ਨ ਸਿੰਘ ਤੋਂ ਉਹਦਾ ਸਾਰਾ ਪਤਾ ਕਢਵਾਇਆ। ਗਰਮੀਆਂ ਦੀਆਂ ਛੁੱਟੀਆਂ ਸਨ। ਪ੍ਰਭਜੋਤ ਆਪਣੇ ਘਰ ਪੂਣੇ ਗਈ ਹੋਈ ਸੀ। ਮੇਜਰ ਸਾਹਿਬ ਦਾ ਟਰਾਂਜ਼ਿਟ ਕੈਂਪ ਵੀ ਪੂਣੇ ਸੀ। ਉਹ ਉਥੇ ਆਏ। ਪ੍ਰਭਜੋਤ ਤੇ ਉਹਦੇ ਪਰਿਵਾਰ ਨੂੰ ਮਿਲੇ। ਸਭ ਨੂੰ ਪਸੰਦ ਆ ਗਏ। ਜਦੋਂ ਛੁੱਟੀਆਂ ਖਤਮ ਹੋਈਆਂ ਤੇ ਪ੍ਰਭਜੋਤ ਵਾਪਸ ਲਾਹੌਰ ਪੁੱਜੀ, ਮੇਜਰ ਸਾਹਿਬ ਵੀ ਮਗਰੇ-ਮਗਰ ਪਹੁੰਚ ਪਏ। ਓਥੇ ਵੀ ਮੁਲਾਕਾਤਾਂ ਹੁੰਦੀਆਂ ਰਹੀਆਂ। ਅਪਰੈਲ 1947 'ਚ ਮਾਲ ਰੋਡ ਦੇ ਅਲਫਿੰਸਟਨ ਰੈਸਤਰਾਂ ਦੀ ਇਕ ਮੁਲਾਕਾਤ ਬੜੀ ਮਾਅਰਕੇਖੇਜ਼ ਰਹੀ। ਉਸ ਵਿਚ ਮੇਜਰ ਸਾਹਿਬ ਨੇ ਸਿੱਪ ਜੜਿਆ ਇਕ ਬਰੇਸਲੈਟ ਪ੍ਰਭਜੋਤ ਨੂੰ ਪੁਆ ਦਿੱਤਾ ਤੇ ਉਹਨੂੰ ਆਪਣੀ ਮੰਗੇਤਰ ਮੰਨ ਲਿਆ। ਸਮਝੋ ਚਾਹ ਪੀਦਿਆਂ-ਪੀਦਿਆਂ ਉਨ੍ਹਾਂ ਆਪਣੀ ਕੁੜਮਾਈ ਕਰ ਲਈ। ਉਸ ਸਮੇਂ ਅਜੇ ਨਰਿੰਦਰਪਾਲ, ਨਰਿੰਦਰ ਸਿੰਘ ਹੀ ਹੁੰਦਾ ਸੀ। ਨਰਿੰਦਰਪਾਲ ਉਹ ਬਾਅਦ 'ਚ ਬਣਿਆ। ਅਗਲੇ ਸਾਲ, ਓਸੇ ਹੀ ਮਹੀਨੇ, ਆਜ਼ਾਦੀ ਦੇ ਪਹਿਲੇ ਸਾਲ, ਦੋਵਾਂ ਦਾ ਵਿਆਹ ਹੋ ਗਿਆ। ਦੋਵਾਂ ਦਾ ਦੁਨਿਆਵੀ ਸਾਥ ਸੰਨ 2003 'ਚ ਮੁੱਕਿਆ, ਜਦੋਂ ਨਰਿੰਦਰਪਾਲ ਕਿਸਮ-ਕਿਸਮ ਦੇ ਰੋਗਾਂ ਨਾਲ ਘੁਲਦਾ ਚੱਲ ਵਸਿਆ।

'ਸਾਡੀ ਆਪੋ 'ਚ ਬੜੀ ਗੂਹੜ ਹੁੰਦੀ ਸੀ' ਪ੍ਰਭਜੋਤ ਨੇ ਮੈਨੂੰ ਦੱਸਿਆ। ਮੈਂ ਦਿੱਲਿਓਂ ਉਹਨੂੰ ਨੋਇਡੇ ਮਿਲਣ ਗਿਆ ਹੋਇਆ ਸਾਂ। ਉਹਨੇ ਦਿੱਲੀ ਡਿਫੈਂਸ ਕਲੋਨੀ ਵਾਲੀ ਆਪਣੀ ਕੋਠੀ ਛੱਡ ਦਿੱਤੀ ਹੋਈ ਸੀ ਤੇ ਹੁਣ ਦਿੱਲੀ ਨਾਲ ਲਗਦੀ ਦਿੱਲੀ ਹੀ ਸਮਝੀ ਜਾਂਦੀ ਯੂ.ਪੀ. ਦੀ ਏਸ ਆਬਾਦੀ 'ਚ ਆਪਣੀ ਧੀ ਨਿਰੂਪਮਾ ਤੇ ਦੋਹਤਰੇ ਹਰਪ੍ਰੀਤ ਨਾਲ ਰਹਿੰਦੀ ਸੀ। ਜਦੋਂ ਮੈਂ ਪਹੁੰਚਿਆ, ਉਹ ਲਾਬੀ ਦੇ ਸੋਫੇ 'ਤੇ ਲੇਟੀ ਹੋਈ ਸੀ। ਮੈਨੂੰ ਵੇਖ ਉਠਣ ਲੱਗੀ। ਮੁਸ਼ਕਲ ਹੁੰਦੀ ਵੇਖ ਮੈਂ ਉਹਨੂੰ ਹੱਥ ਫੜ ਉਠਾ ਦਿੱਤਾ। ਮੈਂ ਵੇਖਿਆ ਸਾਹਮਣੇ ਕੰਧ 'ਤੇ ਲੱਗੀ ਤਸਵੀਰ 'ਚ ਉਹ ਨੌਜਵਾਨ ਬਾਵਰਦੀ ਨਰਿੰਦਰਪਾਲ ਨਾਲ ਖੜ੍ਹੀ ਸੀ। ਉਹ ਆਪ ਵੀ ਭਰ ਜਵਾਨ ਸੀ। ਕਿਸੇ ਦੂਰੇਡੇ ਦੁਮੇਲ ਵਲ ਵੇਖ ਰਹੀ ਲਗਦੀ ਸੀ। ਮੇਰੀ ਨਜ਼ਰ ਤਸਵੀਰ 'ਤੇ ਪੈਂਦੀ ਵੇਖ ਉਹਨੇ ਆਪਣੀ ਪਹਿਲੋਂ ਛੋਹੀ ਗੱਲ ਪੂਰੀ ਨਾ ਕੀਤੀ ਤੇ ਕਹਿਣ ਲੱਗੀ, "ਇਹ ਤਸਵੀਰ ਪਿਛਲੇ ਪੰਜਾਹਵਿਆਂ ਦੀ ਹੈ। ਵਰਦੀ ਦੀਆਂ ਫੀਤੀਆਂ ਤੋਂ ਪਤਾ ਲਗਦੈ, ਨਿੰਦੀ ਅਜੇ ਓਦੋਂ ਇਨਫੈਂਟਰੀ 'ਚ ਸੀ। ਉਦੋਂ ਮੈਂ ਉਹਨੂੰ ਕਿਹਾ ਸੀ, "ਆਰਡੀਨੈਂਸ 'ਚ ਜਾਓ। ਜਨਰਲ ਤਾਂ ਨਹੀਂ ਬਣੋਗੇ, ਨਾਵਲਕਾਰ ਜ਼ਰੂਰ ਬਣ ਜਾਓਗੇ। ਆਰਡੀਨੈਂਸ 'ਚ ਲਿਖਣ ਲਈ ਵਕਤ ਕਾਫੀ ਮਿਲ ਜਾਵੇਗਾ...।"

'ਤੁਸੀਂ ਦੱਸ ਰਹੇ ਸਾਓ, ਕਿਵੇਂ ਤੁਹਾਡੀ ਬੜੀ ਗੂਹੜ ਹੁੰਦੀ ਸੀ' ਗੱਲ ਨੂੰ ਹੋਰ ਪਾਸੇ ਜਾਂਦਿਆਂ ਵੇਖ ਮੈਂ ਯਾਦ ਕਰਾਇਆ।

'ਹਾਂ, ਸਾਡੀ ਬੜੀ ਗੂਹੜ ਹੁੰਦੀ ਸੀ' ਪ੍ਰਭਜੋਤ ਨੇ ਸੁਖਾਲੇ ਹੀ ਤੰਦ ਜੋੜ ਲਈ, 'ਅਸੀਂ ਰਲ ਕੇ ਲਿਖਦੇ ਸਾਂ। ਇਕ ਦੂਜੇ ਦੀ ਗੂੰਜ ਹੁੰਦੇ ਸਾਂ...ਸਾਡੇ ਵੀਹ ਕੁ ਸਾਲ ਬੜੇ ਚੰਗੇ ਲੰਘੇ...ਸ਼ਾਇਦ ਵੀਹ ਤੋਂ ਜ਼ਿਆਦਾ ਹੀ...', ਸੋਚਵਾਨ ਹੁੰਦੀ ਪ੍ਰਭਜੋਤ ਨੇ ਆਖਿਆ।'

ਇਨ੍ਹਾਂ ਵੀਹਾਂ ਸਾਲਾਂ 'ਚ ਦੋਵਾਂ ਦੀ ਰਚਨਾ ਦਾ ਰੁਖ ਬੜਾ ਘਣੇਰਾ ਹੋਇਆ। ਉਹਨੂੰ ਹਰ ਰੁੱਤੇ ਬੜਾ ਫਲ ਲੱਗਾ। ਪ੍ਰਭਜੋਤ ਨੇ 14 ਕਾਵਿ-ਸੰਗ੍ਰਹਿ ਰਚੇ। ਸੰਨ 1967 'ਚ ਜਦੋਂ ਅਜੇ ਉਹ ਚਾਲੀਆਂ ਦੀ ਹੀ ਸੀ, ਕਾਵਿ-ਸੰਗ੍ਰਹਿ ਪੱਬੀ 'ਤੇ ਉਹਨੂੰ ਭਾਰਤੀ ਸਾਹਿਤ ਅਕਾਡਮੀ ਦਾ ਐਵਾਰਡ ਮਿਲਿਆ। ਪੰਜ ਸਾਲ ਪਹਿਲੋਂ ਨਿਕਲੇ ਕਾਵਿ-ਸੰਗ੍ਰਹਿ 'ਬਾਣਕਪਾਸੀ' ਦਾ ਫਾਰਸੀ 'ਚ ਅਨੁਵਾਦ ਹੋਇਆ ਤੇ ਉਹ ਕਾਬੁਲ ਤੋਂ ਛਪਿਆ। ਉਸ ਸਮੇਂ ਨਰਿੰਦਰਪਾਲ ਉਥੇ ਭਾਰਤ ਦਾ ਮਿਲਟਰੀ ਅਟੈਚੀ ਲੱਗਾ ਹੋਇਆ ਸੀ। ਪੂਰਾ ਪਰਿਵਾਰ ਉਥੇ ਰਹਿੰਦਾ ਸੀ। ਪ੍ਰਭਜੋਤ ਨੇ ਸੰਗ੍ਰਹਿ ਦੀਆਂ ਨਜ਼ਮਾਂ ਉਥੇ ਹੀ ਲਿਖੀਆਂ ਸਨ। ਇਸ ਸੰਗ੍ਰਹਿ ਦਾ ਅਨੁਵਾਦ ਅਫਗਾਨ ਵਿਦੇਸ਼ ਮੰਤਰਾਲੇ ਦੇ ਅਧਿਕਾਰੀ ਅਬਦੁਲ ਗੱਫਾਰ ਰਵਾਨ ਫ਼ਰਹਾਦੀ ਨੇ ਕੀਤਾ। ਉਹ ਪ੍ਰਭਜੋਤ ਦੀ ਛੋਹ 'ਚ ਉਥੇ ਹੀ ਆਇਆ ਸੀ। ਉਹਨੇ ਇਹ ਕੰਮ ਡਾਢਾ ਡੁੱਬ ਕੇ ਕੀਤਾ। ਅਨੁਵਾਦ 'ਗੁਲੇ-ਲਾਲਾ' ਦੇ ਨਾਂ ਹੇਠ ਛਪਿਆ। ਲੋਕ ਪੜ੍ਹ ਕੇ ਝੂਮ ਉਠੇ। ਉਹਦੀਆਂ ਕਈ ਕਵਿਤਾਵਾਂ ਲੋਕਾਂ ਨੂੰ ਜ਼ੁਬਾਨੀ ਯਾਦ ਹੋ ਗਈਆਂ। ਕਾਬੁਲ 'ਚ ਪ੍ਰਭਜੋਤ ਦਾ ਨਾਂ ਹੀ ਗੁਲੇ ਲਾਲਾ ਪੈ ਗਿਆ। ਆਪਣੇ ਏਸ ਅਨੁਵਾਦਕ ਨਾਲ ਪ੍ਰਭਜੋਤ ਦੀ ਬੜੀ ਗੂਹੜੀ ਦੋਸਤੀ ਹੋਈ। ਇਕ ਤਰ੍ਹਾਂ ਦੀ ਜਜ਼ਬਾਤੀ ਗੰਢ ਪੈ ਗਈ ਜਿਹੜੀ ਸਾਰੀ ਉਮਰ ਪਈ ਰਹੀ। ਜਦੋਂ ਉਹ ਪਹਿਲੀ ਵੇਰ ਮਿਲੇ ਸਨ, ਪ੍ਰਭਜੋਤ ਵਿਆਹੀ-ਵਰ੍ਹੀ ਸੀ ਤੇ ਰਵਾਨ ਮੰਗਿਆ ਹੋਇਆ ਸੀ। ਇਸ ਤਰ੍ਹਾਂ ਉਨ੍ਹਾਂ ਦੇ ਰਿਸ਼ਤੇ ਦੀ ਆਪੇ ਹੀ ਹੱਦ ਬਣ ਗਈ। ਅਫਗਾਨਾਂ 'ਚ ਮੰਗਣੀ ਤੋੜੀ ਨਹੀਂ ਜਾ ਸਕਦੀ। ਤੋੜਨ ਤੋਂ ਪਹਿਲੋਂ ਇਕ ਵਾਰੀ ਵਿਆਹ ਕਰਨਾ ਪੈਂਦੈ। ਖੈਰ ਏਥੇ ਇਹ ਨੌਬਤ ਨਾ ਆਈ। ਰਵਾਨ ਕਿਹਾ ਕਰਦਾ ਸੀ, "ਜੋਤੀ ਗੁਲੇ ਲਾਲਾ ਦੀਆਂ ਕਵਿਤਾਵਾਂ ਦੀ ਪਿਤਾ ਹੈ ਤੇ ਮੈਂ ਉਨ੍ਹਾਂ ਦੀ ਮਾਂ ਹਾਂ।"

ਪ੍ਰਭਜੋਤ ਨੇ ਦੋ ਕਹਾਣੀ-ਸੰਗ੍ਰਹਿ 'ਕਿਣਕੇ' ਤੇ 'ਅਮਨ' ਦੇ ਨਾਂ ਵੀ ਲਿਖੇ। ਬੜੇ ਅਨੁਵਾਦ ਵੀ ਕੀਤੇ। ਉਨ੍ਹਾਂ 'ਚੋਂ ਕੁਝ ਸਨ: ਗਾਲਿਬ ਦਾ ਦੀਵਾਨ, ਚੈਖੋਵ ਦਾ ਨਾਟਕ 'ਸ਼ਾਹ ਦਾਣੇ ਦਾ ਬਗੀਚਾ' ਤੇ ਡਾ. ਰਾਧਾਕ੍ਰਿਸ਼ਨਨ ਦਾ 'ਸੱਚ ਦੀ ਭਾਲ'। ਪ੍ਰਭਜੋਤ ਨੇ ਬੜੇ ਹੀ ਸਾਹਿਤਕ ਦੌਰੇ ਤੇ ਸੈਰਾਂ ਵੀ ਕੀਤੀਆਂ। ਕੌਮੀ ਤੇ ਕੌਮਾਂਤਰੀ ਸੰਮੇਲਨਾਂ 'ਚ ਭਾਗ ਲਿਆ। ਉਹ ਯੂਰਪ ਦੇ ਖਾਸ ਕਰਕੇ ਉਹਦੇ ਸੋਵੀਅਤ ਅਸਰ ਹੇਠਲੇ ਪੂਰਬੀ ਹਿੱਸੇ ਦੇ ਜਿੱਥੇ ਲੇਖਕ ਰਾਜਿਆਂ ਵਾਂਗ ਰਹਿੰਦੇ ਸਨ, ਬੜੇ ਸ਼ਹਿਰਾਂ 'ਚ ਗਈ। ਬੜੇ ਸਾਹਿਤਕਾਰਾਂ ਨੂੰ ਮਿਲੀ। ਉਥੇ ਬੜੀ ਕਦਰ ਪਈ। ਲੋਕਾਂ ਉਹਨੂੰ ਅੱਖਾਂ 'ਤੇ ਬਿਠਾਇਆ। ਪ੍ਰਭਜੋਤ ਦੀ ਲੇਖਣੀ ਤੇ ਹਸਤੀ ਹੀ ਅਜਿਹੀ ਸੀ ਕਿ ਉਹੋ-ਉਹੋ ਜਿਹੇ ਸਾਹਿਤਕਾਰਾਂ ਨੂੰ ਖੋਹ ਤੇ ਖਿੱਚ ਪਈ, ਜਿਨ੍ਹਾਂ ਦੀਆਂ ਜਿਉਂਦੇ ਜੀਅ ਕਹਾਣੀਆ ਪੈਂਦੀਆਂ ਸਨ। ਇਨ੍ਹਾਂ 'ਚ ਇਕ ਤੁਰਕੀ ਦਾ ਜਲਾਵਤਨ ਸ਼ਾਇਰ ਨਾਜ਼ਿਮ ਹਿਕਮਤ ਵੀ ਸੀ। ਇਕ ਵਾਰੀ ਉਹਨੇ ਵੇਗ 'ਚ ਆ, ਪ੍ਰਭਜੋਤ ਦੀ ਐਨਕ ਲਾਹੀ ਤੇ ਕਿਹਾ ਕਿ ਮੈਂ ਇਨ੍ਹਾਂ ਨੈਣਾਂ ਦੀਆਂ ਡੂੰਘੀਆਂ ਝੀਲਾਂ 'ਚ ਡੁੱਬਣਾ ਚਾਹੁਨਾਂ। ਤਾਜਿਕ ਕਵੀ ਮਿਰਜ਼ੋ ਤੁਰਸੁਨਜ਼ਾਦੇ ਨੂੰ ਵੀ ਇਨ੍ਹਾਂ ਝੀਲਾਂ ਦੀ ਥਾਹ ਪਾਉਣ ਦੀ ਲਾਲਸਾ ਰਹੀ। ਪ੍ਰਭਜੋਤ ਨੂੰ ਬੜੇ ਪੁਰਸਕਾਰ ਮਿਲੇ। ਨਾਮਜ਼ਦਗੀਆਂ ਵੀ ਹੋਈਆਂ। ਹੋਰ ਤਾਂ ਹੋਰ ਸੰਨ 1966 'ਚ ਉਹ ਪੰਜਾਬ ਵਿਧਾਨ ਪ੍ਰੀਸ਼ਦ ਦੀ ਮੈਂਬਰ ਵੀ ਨਾਮਜ਼ਦ ਹੋਈ। ਉਚੇਚੀ ਪੈਰਿਸ ਤੋਂ ਉਹਦੀਆਂ ਬੈਠਕਾਂ 'ਚ ਭਾਗ ਲੈਣ ਪਹੁੰਚਦੀ ਰਹੀ। ਉਹ ਪਦਮਸ਼੍ਰੀ ਵੀ ਬਣੀ। ਐਵਾਰਡਾਂ, ਉਪਾਧੀਆਂ, ਇਨਾਮਾਂ ਆਦਿ ਦੇ ਮਾਮਲੇ 'ਚ ਪ੍ਰਭਜੋਤ ਦਾ ਪੱਲਾ ਅੰਬਰ ਜਿੱਡਾ ਸੀ। ਕਿੰਨਾ ਕੁਝ ਹੀ ਉਹਦੇ 'ਚ ਸਮਾ ਗਿਆ। ਆਪਣੀ ਸਵੈ-ਜੀਵਨੀ ਦੇ ਅਖ਼ੀਰ 'ਚ ਉਹਨੇ ਇਸ ਸਭ ਕਾਸੇ ਦਾ ਜੋ ਵੇਰਵਾ ਦਿੱਤਾ ਏ, ਉਹਦੇ ਨਾਲ ਅੱਠ ਸਫੇ ਭਰ ਗਏ ਨੇ।

ਇਹਦੇ ਬਾਵਜੂਦ ਪ੍ਰਭਜੋਤ ਦੀ ਤ੍ਰਿਸ਼ਨਾ ਰਹਿ ਗਈ ਲਗਦੀ ਏ। ਇਕ ਤਰ੍ਹਾਂ ਦੀ ਸਹਿਕ। ਇਹ ਰਚਨਾ ਦਾ ਕੋਈ ਹੋਰ ਮੈਦਾਨ ਮਾਰ ਲੈਣ ਦੀ ਸਹਿਕ ਨਹੀਂ ਲਗਦੀ। ਕਵਿਤਾ ਉਹ ਹੁਣ ਵੀ ਸਹਿਜ ਸੁਭਾਅ ਹੀ ਲਿਖੀ ਜਾਂਦੀ ਏ। ਵਾਦ-ਵਿਵਾਦ ਤੋਂ ਉਪਰ ਦੀ ਕਵਿਤਾ। ਅਹਿਸਾਸਾਂ ਦੀ ਕਵਿਤਾ। ਇੰਜ ਜਿਵੇਂ ਆਪਣੇ ਆਪ ਨੂੰ ਕੋਈ ਚਿੱਠੀ ਲਿਖ ਰਹੀ ਹੋਵੇ। ਇੰਜ ਜਿਵੇਂ ਕੋਈ ਰੋਜ਼ਨਾਮਚਾ ਲਿਖ ਰਹੀ ਹੋਵੇ। ਪਹਿਲੋਂ ਲਿਖ ਲੈਂਦੀ ਏ, ਉਹਦਾ ਸਿਰਲੇਖ ਫੇਰ ਲੱਭਦੀ ਏ। ਅਜੇ ਪਿੱਛੇ ਜਿਹੇ ਹੀ ਉਹਦਾ 'ਮੰਤਰ ਮੁਗਧ' ਨਾਂ ਦਾ ਸੰਗ੍ਰਹਿ ਛਪਿਆ ਏ। ਇਹ ਸਹਿਕ ਕੁਝ ਹੋਰ ਤਰ੍ਹਾਂ ਦੀ ਏ। ਕਿਤੇ ਕੁਝ ਰਹਿ ਜਾਣ ਦੀ ਸਹਿਕ। ਕੁਝ ਉਸ ਤਰ੍ਹਾਂ ਦੀ ਪਿਆਸ, ਜੋ ਪੂਰਾ ਘੜਾ ਪੀ ਲੈਣ ਪਿੱਛੋਂ ਵੀ ਨਹੀਂ ਬੁਝਦੀ। ਪ੍ਰਭਜੋਤ ਦੀ ਪੀਚਵੀਂ ਜਜ਼ਬਾਤੀ ਗੰਢ ਇਕ ਹੋਰ ਥਾਂ ਵੀ ਪਈ। ਥਾਂ ਇਹ ਉਚੀ ਸੀ। ਏਨੀ ਸੌੜੀ ਕਿ ਨਹੁੰ ਅੜਾਉਣ ਤੱਕ ਦੀ ਗੁੰਜਾਇਸ਼ ਵੀ ਨਹੀਂ ਸੀ ਪਰ ਗੰਢ ਫੇਰ ਵੀ ਪਈ। ਪੀਚਵੀਂ ਵੀ। ਕੋਈ ਉਹਨੂੰ ਖੋਲ੍ਹ ਨਾ ਸਕਿਆ। ਦੂਜਾ ਬੰਦਾ ਕੋਈ ਕਲਮਕਾਰ, ਅਨੁਵਾਦਕ ਜਾਂ ਆਲੋਚਕ ਨਹੀਂ ਸੀ। ਵਿਚਾਰਵਾਨ ਸੀ, ਦਾਰਸ਼ਨਿਕ ਸੀ, ਸਿਖਸ਼ਕ ਸੀ, ਲੇਖਕ ਸੀ, ਰੁਤਬੇ ਵਾਲਾ ਸੀ। ਏਡਾ ਉਚਾ ਰੁਤਬਾ ਕਿ ਇਕ ਵੇਲੇ ਭਾਰਤ 'ਚ ਹੋਰ ਕਿਸੇ ਦਾ ਨਹੀਂ ਸੀ। ਬੰਦਾ ਇਹ ਅੱਠ ਸਾਲ ਦੇਸ਼ ਦਾ ਉਪ-ਰਾਸ਼ਟਰਪਤੀ ਤੇ ਪੰਜ ਸਾਲ ਰਾਸ਼ਟਰਪਤੀ ਰਿਹਾ। ਉਹਦਾ ਨਾਂ ਡਾ. ਰਾਧਾਕ੍ਰਿਸ਼ਨਨ ਸੀ। ਪਿਛਲੇਰੀ ਸਦੀ ਦੇ ਸੰਨ 1888 ਦਾ ਜਨਮਿਆ। ਉਹ ਸਾਡੀ ਸ਼ਾਇਰਾ ਨਾਲੋਂ ਛੱਤੀ ਕੁ ਵਰ੍ਹੇ ਵੱਡਾ ਸੀ। ਪ੍ਰਭਜੋਤ ਨੇ 'ਜੀਣਾ ਵੀ ਇਕ ਅਦਾ ਹੈ' ਦੇ ਨਾਂ ਦੀ ਆਪਣੀ ਦੋ-ਜਿਲਦੀ ਸਵੈਜੀਵਨੀ ਲਿਖੀ ਏ। ਬੜੀ ਬੇਬਾਕ ਲਿਖਤ ਏ। ਪੰਜਾਬੀ 'ਚ ਅਜੇ ਤੱਕ ਸਭ ਤੋਂ ਬੇਬਾਕ ਲਿਖਤ ਅਜੀਤ ਕੌਰ ਦੀ ਸਵੈ-ਜੀਵਨੀ ਹੁੰਦੀ ਸੀ।

ਇਹ ਉਹਦੇ ਨਾਲੋਂ ਵੀ ਦੋ ਹੱਥ ਵੱਧ ਏ। ਅੰਮ੍ਰਿਤਾ ਦੀ 'ਰਸੀਦੀ ਟਿਕਟ' ਏਸ ਮਾਮਲੇ 'ਚ ਇਹਦਾ ਪਾਸਕੂ ਵੀ ਨਹੀਂ। ਏਸ ਸਵੈਜੀਵਨੀ 'ਚ ਪ੍ਰਭਜੋਤ ਨੇ ਡਾਕਟਰ ਸਾਹਿਬ ਨਾਲ ਆਪਣੇ ਮੇਲ ਬਾਰੇ ਖੁੱਲ੍ਹ ਕੇ ਲਿਖਿਆ ਏ।

ਪ੍ਰਭਜੋਤ, ਡਾ. ਰਾਧਾਕ੍ਰਿਸ਼ਨਨ ਨੂੰ ਉਦੋਂ ਮਿਲੀ ਜਦੋਂ ਉਹ ਅਜੇ ਉਪ ਰਾਸ਼ਟਰਪਤੀ ਹੁੰਦੇ ਸਨ। ਉਦੋਂ ਉਹ ਕੇਂਦਰੀ ਲੇਖਕ ਸਭਾ ਦੀ ਮੀਤ ਪ੍ਰਧਾਨ ਸੀ। ਸਭਾ ਦੀ ਸਾਲਾਨਾ ਕਾਨਫਰੰਸ ਸੀ। ਪ੍ਰਭਜੋਤ ਨੂੰ ਕਿਹਾ ਗਿਆ ਕਿ ਉਹ ਡਾ. ਰਾਧਾਕ੍ਰਿਸ਼ਨਨ ਕੋਲ ਜਾਵੇ ਤੇ ਉਨ੍ਹਾਂ ਨੂੰ ਕਾਨਫਰੰਸ ਦੀ ਪ੍ਰਧਾਨਗੀ ਕਰਨ ਲਈ ਰਾਜ਼ੀ ਕਰੇ। ਪ੍ਰਭਜੋਤ ਸੱਜ-ਧੱਜ ਕੇ ਗਈ। ਡਾਕਟਰ ਸਾਹਿਬ ਸਭਾ ਨੂੰ ਭਾਗ ਲਾਉਣਾ ਨਾ ਮੰਨੇ। ਕੋਈ ਮਜਬੂਰੀ ਸੀ ਪਰ ਪ੍ਰਭਜੋਤ ਨਾਲ ਉਹ ਹੋਰ ਗੱਲਾਂ ਕਰਦੇ ਰਹੇ। ਮੁਸਕਰਾਉਂਦੇ ਰਹੇ ਤੇ ਹੱਸਦੇ ਰਹੇ। ਇਕ ਤਰ੍ਹਾਂ



***ਹੁਣ ਦੀ ਪ੍ਰਭਜੋਤ ਕੌਰ***

ਨਾਲ ਉਨ੍ਹਾਂ ਦੀ 'ਨਾਂਹ' ਵਿਚ ਵੀ 'ਹਾਂ' ਸੀ। ਬਾਅਦ ਵਿਚ ਆਪਣੀ ਏਸ ਮੁਲਾਕਾਤ ਬਾਰੇ ਪ੍ਰਭਜੋਤ ਨੇ ਲਿਖਿਆ, 'ਜਦੋਂ ਮੈਂ ਘਰ ਪਰਤੀ ਤਾਂ ਲਗਦਾ ਸੀ, ਮੇਰੇ ਪੈਰ ਧਰਤੀ ਉਤੇ ਨਹੀਂ ਸਨ ਲੱਗ ਰਹੇ।'

ਏਸ ਮੁਲਾਕਾਤ ਦਾ ਅਸਰ ਡਾ. ਰਾਧਾਕ੍ਰਿਸ਼ਨਨ 'ਤੇ ਵੀ ਜ਼ਰੂਰ ਹੋਇਆ ਹੋਵੇਗਾ। ਉਨ੍ਹਾਂ ਪ੍ਰਭਜੋਤ ਨੂੰ ਇਕ ਵਾਰ ਫੇਰ ਸੱਦ ਘੱਲਿਆ। ਮੁਲਾਕਾਤ ਦਾ ਸਮਾਂ ਦਸ-ਪੰਦਰਾਂ ਮਿੰਟ ਹੀ ਸੀ ਪਰ ਪ੍ਰਭਜੋਤ ਨੂੰ ਇਹ ਏਨਾ ਘੱਟ ਨਾ ਲੱਗਾ। ਬਾਅਦ 'ਚ ਉਹਨੇ ਲਿਖਿਆ, "ਇੰਨੇ ਸਮੇਂ 'ਚ ਅਸਾਂ 'ਦੁਨੀਆਂ ਭਰ ਦੀਆਂ ਗੱਲਾ ਕਰ ਲਈਆਂ ਸਨ।'

ਇਸ ਪਿੱਛੋਂ ਪ੍ਰਭਜੋਤ ਉਪ ਰਾਸ਼ਟਰਪਤੀ ਨੂੰ ਮਿਲਣ ਹਰ ਹਫਤੇ ਜਾਂਦੀ ਰਹੀ। ਫੇਰ ਇਕ ਦਿਨ ਆਇਆ ਜਦੋਂ ਡਾ. ਰਾਧਾ ਕ੍ਰਿਸ਼ਨਨ ਦੇਸ਼ ਦੇ ਰਾਸ਼ਟਰਪਤੀ ਚੁਣੇ ਗਏ। ਆਪਣੇ ਪਹਿਲੇ ਨਿਵਾਸ ਤੋਂ ਉਹ ਰਾਸ਼ਟਰਪਤੀ ਭਵਨ 'ਚ ਪ੍ਰਵੇਸ਼ ਕਰ ਗਏ। ਇਹ ਮਈ 1962 ਦੀ ਗੱਲ ਏ। ਇਕ ਦਿਨ ਜਦੋਂ ਉਹ ਡਾਕਟਰ ਸਾਹਿਬ ਨੂੰ ਮਿਲਣ ਗਈ, ਉਨ੍ਹਾਂ ਉਹਨੂੰ ਇਕ ਪੇਸ਼ਕਸ਼ ਕਰ ਦਿੱਤੀ, 'ਪ੍ਰਭਜੋਤ, ਨਰਿੰਦਰਪਾਲ ਚਾਹੇ ਤਾਂ ਰਾਸ਼ਟਰਪਤੀ ਭਵਨ 'ਚ ਕੰਟਰੋਲਰ ਆਫ ਹਾਊਸਹੋਲਡ ਲੱਗ ਜਾਏ। ਫਿਲਹਾਲ। ਅਜੇ ਡਿਪਟੀ ਮਿਲਟਰੀ ਸੈਕਟਰੀ ਦੀ ਥਾਂ ਖਾਲੀ ਨਹੀਂ। ਆ ਜਾਓ ਤੁਸੀਂ ਵੀ ਇੱਥੇ।'

ਪੇਸ਼ਕਸ਼ ਖੁਸ਼ੀ-ਖੁਸ਼ੀ ਮੰਨੀ ਗਈ ਤੇ ਪ੍ਰਭਜੋਤ ਪਰਿਵਾਰ ਸਹਿਤ ਰਾਸ਼ਟਰਪਤੀ ਭਵਨ 'ਚ ਰਹਿਣ ਲੱਗ ਪਈ। ਏਸ ਪਿੱਛੋਂ ਮੁਲਾਕਾਤਾਂ ਦੀ ਝੜੀ ਲੱਗ ਗਈ। ਡਾ. ਰਾਧਾਕ੍ਰਿਸ਼ਨਨ ਨਾਲ ਬਿਤਾਏ ਪਲ ਪ੍ਰਭਜੋਤ ਨੂੰ ਯੁੱਗਾਂ ਦੇ ਤੁਲ ਲੱਗਣ ਲੱਗ ਪਏ। ਫੇਰ ਇਕ ਦਿਨ ਡਾਕਟਰ ਸਾਹਿਬ ਦੀਆਂ ਅੱਖਾਂ 'ਚ ਮੋਤੀਆ ਉਤਰ ਆਇਆ। ਸਾਡੀ ਸ਼ਾਇਰਾ ਦੀ ਡਿਊਟੀ ਲੱਗ ਗਈ ਕਿ ਰੋਜ਼ ਸਵੇਰੇ 11 ਵਜੇ ਆਵੇ ਤੇ ਡਾ. ਸਾਹਿਬ ਨੂੰ ਅਖਬਾਰਾਂ ਤੇ ਹੋਰ ਸਭ ਕੁਝ ਪੜ੍ਹ ਕੇ ਸੁਣਾਵੇ। ਉਹ ਉਹਨੂੰ ਕਾਫੀ ਦੇਰ ਕੋਲ ਬਿਠਾਈ ਰੱਖਦੇ। ਹੌਲੀ-ਹੌਲੀ ਇਹ 11 ਵਜੇ ਦੀ ਮੁਲਾਕਾਤ ਦਿਨ ਦੀ ਸਭ ਤੋਂ ਅਹਿਮ ਘਟਨਾ ਬਣ ਗਈ। ਉਹਦੀ ਉਡੀਕ ਹੋਣ ਲੱਗ ਪਈ। ਇਕ ਦਿਨ ਕੋਈ ਗਲਤਫਹਿਮੀ ਹੋ ਗਈ ਤੇ ਪ੍ਰਭਜੋਤ 11 ਵਜੇ ਪੁੱਜਣੋਂ ਉਕ ਗਈ। ਡਾ. ਸਾਹਿਬ ਭਾਣੇ ਕਲਯੁੱਗ ਹੋ ਗਿਆ। ਉਹ ਬੜਾ ਕਲਪੇ। ਉਨ੍ਹਾਂ ਆਪ ਪ੍ਰਭਜੋਤ ਨੂੰ ਦੱਸਿਆ, 'ਮੈਂ ਕਦੀ ਨਹੀਂ ਸੀ ਸੋਚਿਆ, ਤੇਰੇ ਇਕ ਦਿਨ ਏਸ ਸਮੇਂ 'ਤੇ ਨਾ ਆਉਣ 'ਤੇ ਮੇਰਾ ਇਹ ਹਾਲ ਹੋਵੇਗਾ।'

ਜਦੋਂ ਸਾਡੀ ਸ਼ਾਇਰਾ ਤੇ ਡਾ. ਸਾਹਿਬ ਮਿਲਦੇ, ਇਕ-ਦੂਜੇ ਨੂੰ ਆਪੋ-ਆਪਣੀਆਂ ਕਹਾਣੀਆਂ ਸੁਣਾਉਂਦੇ। ਹੋਰ ਵੀ ਗੱਲਾਂ ਕਰਦੇ। ਓਦੋਂ ਹੀ ਕਦੀ ਸਾਡੀ ਸ਼ਾਇਰਾ ਨੇ ਉਨ੍ਹਾਂ ਨੂੰ ਰਵਾਨ ਨਾਲ ਆਪਣੀ ਦੋਸਤੀ ਦੀ ਕਹਾਣੀ ਵੀ ਸੁਣਾਈ। ਓਦੋਂ ਹੀ ਉਹਨੇ ਆਪਣੇ ਪਤੀ ਦੀਆਂ ਕੀਤੀਆਂ ਵਧੀਕੀਆਂ ਵੀ ਦੱਸੀਆਂ। ਨਰਿੰਦਰਪਾਲ ਦੇ ਰਾਹੋਂ ਲਾਂਭੇ ਹੁੰਦੇ ਰਹਿਣ ਦੀਆਂ ਸ਼ਿਕਾਇਤਾਂ ਵੀ ਕੀਤੀਆਂ। ਇਕ ਦਿਨ ਡਾਕਟਰ ਸਾਹਿਬ ਨੇ ਨਰਿੰਦਰਪਾਲ ਨੂੰ ਸੱਦ ਕੇ ਸਮਝਾਇਆ, 'ਤੈਨੂੰ ਪਤਾ ਨਹੀਂ, ਤੇਰੇ ਕੋਲ ਕਿਹੜਾ ਖਜ਼ਾਨਾ ਏ...ਇਹ ਸਿਰਫ ਤੇਰੀ ਪਤਨੀ ਹੀ ਨਹੀਂ, ਹੋਰ ਵੀ ਬਹੁਤ ਕੁਝ ਹੈ। ਇਹ ਇਕ ਪੂਰਨ ਇਸਤਰੀ ਹੈ। ਤੂੰ ਖੁਸ਼ਕਿਸਮਤ ਹੈਂ।' ਇਕ ਵਾਰੀ ਪਦਮਜਾ ਨਾਇਡੂ ਰਾਸ਼ਟਰਪਤੀ ਭਵਨ ਆਈ। ਉਹ ਸਾਡੀ ਆਜ਼ਾਦੀ ਲਹਿਰ ਦੀ ਇਕ ਪ੍ਰਮੁੱਖ ਆਗੂ ਤੇ ਅੰਗਰੇਜ਼ੀ ਦੀ ਸ਼ਾਇਰਾ, ਸਰੋਜਨੀ ਨਾਇਡੂ ਦੀ ਧੀ ਸੀ ਤੇ ਜਵਾਹਰ ਲਾਲ ਨਹਿਰੂ ਦੇ ਨੇੜੇ ਸਮਝੀ ਜਾਂਦੀ ਸੀ। ਵਾਲਾਂ 'ਚ ਵੱਡਾ ਸਾਰਾ ਫੁੱਲ ਲਾ ਕੇ ਰੱਖਦੀ ਸੀ। ਡਾ. ਰਾਧਾਕ੍ਰਿਸ਼ਨਨ ਨੇ ਉਹਦੀ ਪ੍ਰਭਜੋਤ ਨਾਲ ਜਾਣ-ਪਛਾਣ ਕਰਾਉਂਦਿਆਂ ਕਿਹਾ, 'ਤੇਰੀ ਮਾਂ ਭਾਰਤ ਦੀ ਨਾਈਟਿੰਗੇਲ ਹੁੰਦੀ ਸੀ। ਇਹ ਸਾਡੀ ਨਾਈਟਿੰਗੇਲ (ਬੁਲਬੁਲ) ਹੈ।'

ਡਾ. ਰਾਧਾਕ੍ਰਿਸ਼ਨਨ ਨੂੰ ਆਪਣਾ ਉਮਰ ਦਾ ਵੱਡਾ ਹੋਣਾ ਰੜਕਦਾ ਰਹਿੰਦਾ ਸੀ। ਏਸ ਗੱਲੋਂ ਵੀ ਉਹ ਬਿਹਬਲ ਰਹਿੰਦੇ ਸਨ। ਉਨ੍ਹਾਂ ਨੂੰ ਰਸ਼ਕ ਤੇ ਰੀਸ ਵੀ ਆਉਂਦੀ ਸੀ। ਛੋਟੀ ਉਮਰ ਵਾਲਿਆਂ ਤੋਂ ਜਲਣ ਵੀ ਹੁੰਦੀ। ਬੈਠੇ-ਬੈਠੇ ਨਹੀਂ, ਲੇਟੇ-ਲੇਟੇ (ਬਹੁਤਾ ਵਕਤ ਉਹ ਲੇਟੇ ਹੀ ਰਹਿੰਦੇ ਸਨ), ਉਹ ਆਪਣਾ ਮੁਕਾਬਲਾ ਪ੍ਰਭਜੋਤ ਦੇ ਹੋਰ ਚਾਹੁਣ ਵਾਲਿਆਂ ਨਾਲ ਕਰਦੇ ਰਹਿੰਦੇ। ਇਕ ਵਾਰੀ 'ਟਾਈਮਜ਼ ਆਫ ਇੰਡੀਆ' ਨੇ ਪ੍ਰਭਜੋਤ ਦਾ ਪ੍ਰੋਫਾਈਲ ਛਾਪਿਆ ਤੇ ਲਿਖਣ ਵਾਲੇ ਨੇ ਨਾਲ ਇਹ ਵੀ ਲਿਖ ਦਿੱਤਾ ਕਿ ਸ਼ਾਇਰਾ ਦਾ ਪਤੀ ਸੁਨੱਖਾ ਤੇ ਜਵਾਨ ਹੈ। ਏਨੇ ਨਾਲ ਹੀ ਡਾ. ਰਾਧਾਕ੍ਰਿਸ਼ਨਨ ਤਿਲਮਿਲਾ ਉਠੇ। ਸਾਡੀ ਸ਼ਾਇਰਾ ਨੂੰ ਜਵਾਨੀ ਦਾ ਮੇਹਣਾ ਦੇਣ ਲੱਗੇ। ਪ੍ਰਭਜੋਤ ਨੇ ਬਥੇਰਾ ਸਮਝਾਇਆ ਕਿ ਮੋਹ ਤੇ ਆਦਰ ਦਾ ਉਮਰ ਨਾਲ ਸਬੰਧ ਨਹੀਂ ਹੁੰਦਾ, ਪਰ ਡਾ. ਸਾਹਿਬ ਨੂੰ ਬੜਾ ਚਿਰ ਠੰਢ ਨਾ ਪਈ। ਇਕ ਵਾਰੀ ਅਫਗਾਨਿਸਤਾਨ ਦਾ ਪ੍ਰਿੰਸ ਦਾਊਦ ਭਾਰਤ ਦੇ ਦੌਰੇ 'ਤੇ ਆਇਆ। ਉਹਦੇ ਨਾਲ ਪ੍ਰਭਜੋਤ ਦਾ ਅਨੁਵਾਦਕ ਦੋਸਤ ਰਵਾਨ ਵੀ ਸੀ। ਉਹ ਸਾਰੇ ਰਾਸ਼ਟਰਪਤੀ ਭਵਨ 'ਚ ਹੀ ਠਹਿਰੇ। ਜਿੰਨਾ ਚਿਰ ਰਵਾਨ ਦਿੱਲੀ ਰਿਹਾ, ਡਾ. ਸਾਹਿਬ ਬੜੇ ਬੇਚੈਨ ਰਹੇ ਤੇ ਸਾਡੀ ਸ਼ਾਇਰਾ ਨੂੰ ਕਹਿੰਦੇ ਰਹੇ, 'ਹੁਣ ਤੈਨੂੰ ਕੀ ਪ੍ਰਵਾਹ ਏ ਸਾਡੀ?...' ਪ੍ਰਭਜੋਤ ਸਮਝਾਉਂਦੀ ਰਹੀ, 'ਰਵਾਨ ਬੜਾ ਰੁੱਝਾ ਹੋਇਐ। ਅਜੇ ਤਕ ਮੈਨੂੰ ਮਿਲ ਵੀ ਨਹੀਂ ਸਕਿਆ। ਸ਼ਾਇਦ ਤੁਹਾਡੇ ਦਿੱਤੇ ਰਾਜ-ਭੋਜਨ ਵੇਲੇ ਵੀ ਕੁਝ ਮਿੰਟਾਂ ਲਈ ਮੁਲਾਕਾਤ ਹੋ ਸਕੇ', ਉਹਨੇ ਇਹ ਵੀ ਕਿਹਾ ਕਿ ਆਪਣਾ ਮੁਕਾਬਲਾ ਓਸ ਸਾਧਾਰਨ ਬੰਦੇ ਨਾਲ ਨਾ ਕਰਦੇ ਰਿਹਾ ਕਰੋ। ਪਰ ਡਾਕਟਰ ਸਾਹਿਬ ਨੂੰ ਚੈਨ ਨਾ ਪਿਆ। ਉਹ ਵੀ ਕੀ ਕਰਦੇ। ਉਹ ਸਾਧਾਰਨ ਬੰਦਾ ਨੌਜਵਾਨ ਸੀ। ਪ੍ਰਭਜੋਤ ਨੂੰ ਚਾਹੁਣ ਵਾਲਾ। ਉਹਦੀਆਂ ਕਵਿਤਾਵਾਂ ਦੀ ਮਾਂ ਸੀ। ਪ੍ਰਭਜੋਤ ਨੇ ਆਪਣੀ ਸਵੈ-ਜੀਵਨੀ 'ਚ ਲਿਖਿਆ ਏ, 'ਪੂਰਾ ਦਿਨ ਮੈਂ ਰਾਸ਼ਟਰਪਤੀ ਹੁਰਾਂ ਨੂੰ ਮਨਾਉਂਦੀ ਰਹੀ। ਉਹ ਮੈਨੂੰ ਉਥੋਂ ਹਿੱਲਣ ਨਹੀਂ ਸਨ ਦਿੰਦੇ। ਰੋਟੀ ਨਾ ਉਨ੍ਹਾਂ ਆਪ ਖਾਧੀ, ਨਾ ਮੈਨੂੰ ਖਾਣ ਦਿੱਤੀ।' ਇਕ ਵਾਰੀ ਪ੍ਰਭਜੋਤ ਦਾ ਜਨਮ ਦਿਨ ਸੀ। ਡਾ. ਸਾਹਿਬ ਨੂੰ ਪਤਾ ਸੀ। ਉਹ ਸਵੇਰੇ ਸੈਰ ਕਰਦੇ ਪ੍ਰਭਜੋਤ ਹੁਰਾਂ ਦੇ ਘਰ ਪਹੁੰਚ ਗਏ। ਮੁਬਾਰਕ ਦਿੱਤੀ। ਕੋਲ ਦੇਣ ਨੂੰ ਕੋਈ ਤੋਹਫ਼ਾ ਨਹੀਂ ਸੀ। ਜੇਬ 'ਚੋਂ ਸੌ ਦਾ ਨੋਟ ਕੱਢ ਕੇ ਫੜਾ ਦਿੱਤਾ। ਕਿਹਾ, 'ਇਹਨੂੰ ਹੀ ਤੋਹਫ਼ਾ ਸਮਝ।'

ਮੁਲਾਕਾਤ ਸਮੇਂ ਮੈਂ ਪ੍ਰਭਜੋਤ ਨੂੰ ਪੁੱਛਿਆ, 'ਇਹ ਨੋਟ ਤੁਹਾਡੇ ਕੋਲ ਹੁਣ ਵੀ ਹੈ?'

ਪ੍ਰਭਜੋਤ ਨੇ ਕੁਝ ਬੇਪ੍ਰਵਾਹੀ ਨਾਲ ਜਵਾਬ ਦਿੱਤਾ, 'ਪਿਆ ਹੋਣੈ...ਕਿਤੇ ਮੈਨੂੰ ਚਾਹੀਦਾ ਸੀ, ਮੈਂ ਉਹਦੇ 'ਤੇ ਉਨ੍ਹਾਂ ਦਾ ਆਟੋਗ੍ਰਾਫ ਲੈ ਲੈਂਦੀ।'

ਆਪਣੇ ਅਹੁਦੇ ਦੀ ਆਊਧ ਲੰਘਾ ਡਾ. ਰਾਧਾਕ੍ਰਿਸ਼ਨਨ ਰਿਟਾਇਰ ਹੋ ਗਏ। ਪਰ ਉਸ ਤੋਂ ਪਹਿਲਾਂ, ਜਦੋਂ ਉਨ੍ਹਾਂ ਦਾ ਸਿੱਕਾ ਚਲਦਾ ਸੀ, ਉਹ ਨਰਿੰਦਰਪਾਲ ਨੂੰ ਪੈਰਿਸ 'ਚ ਭਾਰਤ ਦਾ ਮਿਲਟਰੀ ਅਟੈਚੀ ਲਗਵਾ ਗਏ। ਉਥੇ ਪ੍ਰਭਜੋਤ ਤੇ ਉਹਦੇ ਪਰਿਵਾਰ ਨੇ ਬੜੇ ਘਟਨਾਵਾਂ-ਭਰਪੂਰ ਚਾਰ ਸਾਲ ਗੁਜ਼ਾਰੇ।

ਪ੍ਰਭਜੋਤ ਨੂੰ ਨਰਿੰਦਰਪਾਲ ਨਾਲ ਸਾਰੀ ਉਮਰ ਗਿਲੇ-ਸ਼ਿਕਵੇ ਰਹੇ। ਆਪੋ ਵਿਚ ਝਗੜੇ ਵੀ ਹੁੰਦੇ ਰਹੇ। ਹੱਥ ਵੀ ਉਠੇ। ਮੁਕੱਦਮੇ ਵੀ ਚੱਲੇ। ਇਕ-ਦੂਜੇ ਨੂੰ ਜੋ ਮੰਦੇ ਤੋਂ ਮੰਦਾ ਬੋਲਿਆ ਜਾ ਸਕਦਾ ਸੀ, ਉਹ ਵੀ ਬੋਲਿਆ ਗਿਆ। ਪ੍ਰਭਜੋਤ ਨੇ ਆਪਣੀ ਇਕ ਲਿਖਤ 'ਚ ਉਹਦੀ ਤੁਲਨਾ ਫ਼ਨੀਅਰ ਸੱਪ ਨਾਲ ਕੀਤੀ। ਉਹਦੇ ਨਰਿੰਦਰਪਾਲ ਨਾਲ ਅਖੀਰਲੇ ਦਿਨ ਬੜੇ ਮਾੜੇ ਲੰਘੇ। ਏਸ ਕਰਕੇ ਵੀ ਕਿ ਨਰਿੰਦਰਪਾਲ ਨੂੰ ਕਿਸਮ-ਕਿਸਮ ਦੀਆਂ ਬਿਮਾਰੀਆਂ ਨੇ ਨੂੜਿਆ ਹੋਇਆ ਸੀ ਤੇ ਉਹਦਾ ਮਾਨਸਿਕ ਤਵਾਜ਼ਨ ਵੀ ਠੀਕ ਨਹੀਂ ਸੀ ਰਿਹਾ। ਨਰਿੰਦਰਪਾਲ ਮੁੱਢੋਂ ਹੀ ਕੁਝ ਏਸ ਤਰ੍ਹਾਂ ਦਾ ਸੀ। ਵਿਆਹੋਂ ਪਹਿਲਾਂ ਉਹਨੇ ਆਪਣਾ ਲੁਭਾਉਣਾ, ਅਸੁਭਾਵਕ ਰੰਗ ਵਿਖਾਇਆ। ਫੇਰ ਜਿਵੇਂ ਹੀ ਉਹਨੇ ਪ੍ਰਭਜੋਤ ਨੂੰ ਆਪਣਾ ਪੱਲਾ ਫੜਾ ਚਾਰ ਫੇਰੇ ਲੈ ਲਏ, ਆਪਣਾ ਅਸਲੀ, ਸੁਭਾਵਕ ਰੰਗ ਵਿਖਾਉਣਾ ਸ਼ੁਰੂ ਕਰ ਦਿੱਤਾ।

ਉਹ ਵਿਆਹ ਤੋਂ ਬਾਅਦ ਬੰਬਈਉਂ, ਬੰਗੇ ਲਈ ਰਵਾਨਾ ਹੋਏ। ਤਿੰਨ ਦਿਨ, ਤਿੰਨ ਰਾਤਾਂ ਲੰਮਾ ਗੱਡੀ ਦਾ ਸਫ਼ਰ ਸੀ। ਨਰਿੰਦਰਪਾਲ ਨੇ ਰਾਹ 'ਚ ਹੀ ਭਕਾਈਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਕਿੰਨਾ-ਕਿੰਨਾ ਚਿਰ ਆਪਣੀ ਸੱਜ-ਵਿਆਹੀ ਨੂੰ ਆਪਣੇ ਡੱਬੇ 'ਚ 'ਕੱਲੀ ਛੱਡ ਕਿਸੇ ਹੋਰ ਡੱਬੇ ਜਾ ਬਹਿੰਦਾ ਰਿਹਾ। ਵੱਡੇ ਭਰਾ ਦੇ ਘਰ ਬੰਗੇ ਆਇਆ ਤੇ ਉਥੇ ਇਕ ਸਵੇਰੇ ਪ੍ਰਭਜੋਤ ਨੂੰ ਸੁੱਤੀ ਪਈ ਛੱਡ ਗ਼ਾਇਬ ਹੋ ਗਿਆ। ਕਿੰਨੇ ਹੀ ਦਿਨ ਸ਼ਕਲ ਨਾ ਵਿਖਾਈ। ਜਾਂਦੀ ਵਾਰੀ ਉਹਦੀਆਂ ਬਾਹਾਂ ਵਲ ਵੀ ਨਾ ਵੇਖਿਆ, ਜਿਨ੍ਹਾਂ 'ਤੇ ਹਾਥੀ ਦੰਦ ਦਾ ਚਾਲ੍ਹੀ ਚੂੜੀਆਂ ਵਾਲਾ ਚੂੜਾ ਚੜ੍ਹਿਆ ਹੋਇਆ ਸੀ। ਆਪਣੇ ਲਈ ਸਮਾਂ ਉਹ ਕਿਵੇਂ ਚੁਰਾ ਸਕਦਾ ਸੀ, ਇਹ ਉਹਨੇ ਓਦੋਂ ਹੀ ਵਿਖਾ ਦਿੱਤਾ। ਉਹ ਦਿਨ ਤੇ ਇਹ ਦਿਨ, ਨਰਿੰਦਰਪਾਲ ਨੂੰ ਜਦੋਂ ਵੀ ਲੋੜ ਮਹਿਸੂਸ ਹੋਈ, ਉਹਨੇ ਪ੍ਰਭਜੋਤ ਤੋਂ ਚਾਹੀਦੇ ਪਲ ਚੁਰਾ ਲਏ। ਏਸ ਕੰਮ 'ਚ ਬੜਾ ਤਾਕ ਸੀ ਉਹ। ਕੋਈ ਚਾਰ ਦਹਾਕਿਆਂ ਦੀ ਸਾਂਝੀ ਜ਼ਿੰਦਗੀ 'ਚ ਨਰਿੰਦਰਪਾਲ ਨੇ ਕਿੰਨੇ ਕੁ ਪਲ ਚੁਰਾਏ, ਉਨ੍ਹਾਂ ਦਾ ਹਿਸਾਬ ਕੋਈ ਸਿਆਣੇ ਤੋਂ ਸਿਆਣਾ ਮੁਨੀਮ ਵੀ ਨਹੀਂ ਲਾ ਸਕਦਾ। ਲਾਵੇ ਤਾਂ ਉਹਦੀਆਂ ਵਹੀਆਂ ਮੁੱਕ ਜਾਣ। ਅਸਲ 'ਚ ਨਰਿੰਦਰਪਾਲ ਸੁਭਾਅ ਦਾ ਭੰਵਰਾ ਸੀ। ਉਹਨੂੰ ਆਪਣੇ ਬਗੀਚੇ ਦੀ ਘੱਟ ਤੇ ਬਿਗਾਨੇ ਬਗੀਚਿਆਂ ਦੀ ਖਿੱਚ ਜ਼ਿਆਦਾ ਰਹਿੰਦੀ ਸੀ। ਬਹੁਤਾ ਓਧਰ ਹੀ ਮੰਡਰਾਉਣ ਨਿਕਲ ਜਾਂਦਾ ਸੀ।

ਨਰਿੰਦਰਪਾਲ ਦੇ ਏਸ ਤਰ੍ਹਾਂ ਦੇ ਸੁਭਾਅ ਦਾ ਪਤਾ ਮੈਨੂੰ ਪ੍ਰਭਜੋਤ ਦੀ ਸਵੈ-ਜੀਵਨੀ ਤੋਂ ਲੱਗਾ। ਮੈਂ ਨਰਿੰਦਰਪਾਲ ਨੂੰ ਬੜੀ ਵਾਰੀ ਮਿਲਿਆ ਹਾਂ, ਖਾਸ ਕਰਕੇ ਸੰਨ 1972 ਤੋਂ ਬਾਅਦ, ਜਦੋਂ ਉਹਨੇ ਫੌਜ ਤੋਂ ਰਿਟਾਇਰਮੈਂਟ ਲੈ ਲਈ ਹੋਈ ਸੀ ਤੇ ਅੰਗਰੇਜ਼ੀ ਤੇ ਪੰਜਾਬੀ ਦੇ ਦੋ ਪਰਚੇ ਕੱਢ ਲਏ ਸਨ। ਓਦੋਂ ਉਹ ਸਾਡੇ ਦਫਤਰ ਵੀ ਆਉਂਦਾ ਸੀ। ਹੋਰ ਥਾਈਂ ਵੀ ਉਹਦੇ ਨਾਲ ਮੇਲ ਹੋ ਜਾਂਦਾ ਸੀ। ਮੈਨੂੰ ਉਹ ਕਦੀ ਵੀ ਏਡਾ ਡੁਲਡੁਲਪਣਾ ਨਹੀਂ ਸੀ ਲੱਗਾ। ਉਹਦੀ ਇਸ ਰਵਸ਼ ਬਾਰੇ ਆਪ ਪ੍ਰਭਜੋਤ ਨੇ ਲਿਖਿਆ ਏ, 'ਨਿੰਦੀ ਵਾਸਤੇ ਇਕ ਸੋਹਣੀ ਕੁੜੀ ਫੁੱਲਾਂ ਦਾ ਖਿੜਿਆ ਬਗੀਚਾ ਹੈ। ਦੋ ਕੁੜੀਆਂ ਬਹਾਰ ਦਾ ਮੌਸਮ ਤੇ ਤਿੰਨ ਕੁੜੀਆਂ ਸਵਰਗ।' ਇਸ ਤੋਂ ਪਹਿਲੋਂ ਉਹਨੇ, ਇਸੇ ਪਿਛੋਕੜ 'ਚ ਇਹ ਵੀ ਲਿਖਿਆ ਸੀ, 'ਉਹ (ਨਿੰਦੀ) ਤਾਂ ਕਿਸੇ ਵੀ ਕੁੜੀ ਨੂੰ ਚੁੰਮਣ ਤੋਂ ਨਹੀਂ ਸੀ ਉਕਦਾ, ਭਾਵੇਂ ਉਸ ਨੂੰ ਉਹ ਪਹਿਲੋਂ ਕਦੀ ਨਾ ਮਿਲੀ ਹੋਵੇ।'



ਅਸਲ 'ਚ ਦੂਜਿਆਂ ਨੂੰ ਨਰਿੰਦਰਪਾਲ ਦੀਆਂ ਇਨ੍ਹਾਂ ਖੂਬੀਆਂ ਦਾ ਪਤਾ ਨਹੀਂ ਸੀ ਲਗਦਾ। ਉਹ ਸ਼ਕਲੋਂ ਬੜਾ ਭੋਲਾ ਸੀ। ਲੋਕ ਧੋਖਾ ਖਾ ਜਾਂਦੇ ਸਨ, ਖਾਸ ਕਰਕੇ ਔਰਤਾਂ। ਪ੍ਰਭਜੋਤ ਨੂੰ ਲਗਦਾ ਸੀ, ਨਿੰਦੀ ਨੇ ਮੂੰਹ 'ਤੇ ਹਮੇਸ਼ਾਂ ਹੀ ਕੋਈ ਮਖੌਟਾ ਪਾਇਆ ਹੁੰਦਾ ਸੀ, ਭੋਲੇਪਣ ਦਾ।

ਅੰਤ ਹੱਦਾਂ ਨਰਿੰਦਰਪਾਲ ਨੇ ਪੈਰਿਸ 'ਚ ਲਾਹੀਆਂ। ਓਥੋਂ ਦੀ ਹਵਾ ਹੀ ਏਸ ਤਰ੍ਹਾਂ ਦੀ ਸੀ। ਹੈ ਵੀ ਉਹ ਆਸ਼ਿਕੀ-ਮਾਅਸ਼ੂਕੀ ਦੇ ਦੇਸ਼ ਦੀ ਰਾਜਧਾਨੀ ਸੀ। ਇਸ਼ਕ ਓਥੇ ਰਾਹ ਜਾਂਦੇ ਹੋ ਜਾਂਦਾ ਸੀ। ਨਰਿੰਦਰਪਾਲ ਨੂੰ ਵੀ ਹੋਏ ਬਿਨਾਂ ਨਾ ਰਿਹਾ। ਕਾਹਲ 'ਚ ਉਹ ਇਕ ਗੱਲ ਧਿਆਨ ਰੱਖਣੋਂ ਉਕ ਗਿਆ। ਓਥੇ ਉਹ ਭਾਰਤ ਦਾ ਮਿਲਟਰੀ ਅਟੈਚੀ ਸੀ। ਇਸ ਪੁਜ਼ੀਸ਼ਨ 'ਚ ਕੋਈ ਕਿਸੇ ਪ੍ਰਦੇਸੀ ਔਰਤ ਨਾਲ ਪੇਚੇ ਨਹੀਂ ਸੀ ਪਾ ਸਕਦਾ। ਪੈਰਿਸ 'ਚ ਏਸ ਔਰਤ ਲਈ ਨਰਿੰਦਰਪਾਲ ਨੇ ਪ੍ਰਭਜੋਤ ਦੇ ਤੇ ਆਪਣੀ ਸਰਕਾਰ ਦੇ, ਪਲ ਨਹੀਂ, ਘੜੀਆਂ ਨਹੀਂ, ਕਈ ਕਈ ਦਿਨ ਚੁਰਾਏ। ਚੁਰਾਏ ਵੀ ਦਿਨ ਦੀਵੀਂ। ਹੱਕ ਸਮਝ ਕੇ। ਜਿੰਨਾ ਚਿਰ ਉਹ ਪੈਰਿਸ ਰਹੇ, ਚੰਗੇ ਭਾਗੀਂ, ਸੱਤੇ ਖ਼ੈਰਾਂ ਰਹੀਆਂ ਪਰ ਜਦੋਂ ਦਿੱਲੀ ਪੁੱਜੇ ਤਾਂ ਕਿਸੇ ਖਾਰ ਖਾਣ ਵਾਲੇ ਨੇ ਉਪਰ ਸ਼ਿਕਾਇਤ ਕਰ ਦਿੱਤੀ। ਤਫਤੀਸ਼ ਸ਼ੁਰੂ ਹੋ ਗਈ। ਰੋਜ਼ ਹੀ ਕੋਈ ਪੁੱਛਗਿੱਛ ਲਈ ਆ ਜਾਂਦਾ। ਮਾਮਲਾ ਗੰਭੀਰ ਸੀ। ਜੇ ਕੁਝ ਕੀਤਾ ਨਾ ਜਾਂਦਾ ਤਾਂ ਨਰਿੰਦਰਪਾਲ ਤੇ ਪਰਿਵਾਰ ਲਈ ਬੜੇ ਮਾੜੇ ਨਤੀਜੇ ਨਿਕਲ ਸਕਦੇ ਸਨ। ਪ੍ਰਭਜੋਤ ਲਾਏ ਗਏ ਇਲਜ਼ਾਮ ਨੂੰ ਠੀਕ ਸਮਝਦੀ ਸੀ। ਉਹਦੀ ਸਜ਼ਾ ਉਹ ਉਹਨੂੰ ਆਪ ਵੀ ਦੇਣਾ ਚਾਹੁੰਦੀ ਸੀ। ਪਰ ਫੇਰ ਵੀ ਉਹਨੇ ਆਪਣੇ ਨਿੰਦੀ ਨੂੰ ਨਿਰਦੋਸ਼ ਸਾਬਤ ਕਰਨ ਦੀ ਠਾਣ ਲਈ। ਪ੍ਰਭਜੋਤ ਹਰ ਥਾਂ ਪਹੁੰਚੀ। ਵੱਡੇ-ਵੱਡੇ ਜਰਨੈਲਾਂ ਨੂੰ ਮਿਲੀ। ਪਤੀ ਦੇ ਬੇਕਸੂਰ ਹੋਣ ਦੀ ਦੁਹਾਈ ਦਿੱਤੀ। ਉਹਦੀ ਦਲੀਲ ਇਹ ਸੀ, 'ਠੀਕ ਏ ਕਿ ਮੇਰੇ ਪਤੀ ਨੇ ਇਸ਼ਕ ਕੀਤਾ ਹੈ ਪਰ ਜੇ ਉਹਦੀ ਸਜ਼ਾ ਉਹਨੂੰ ਮੈਂ ਨਹੀਂ ਦੇ ਰਹੀ ਤਾਂ ਤੁਸੀਂ ਵੀ ਉਹਨੂੰ ਮੁਆਫ ਕਰ ਦਿਓ। ਉਹਨੇ ਕੋਈ ਸਰਕਾਰੀ ਭੇਤ ਨਹੀਂ ਦਿੱਤੇ। ਕੋਈ ਜਾਸੂਸੀ ਨਹੀਂ ਕੀਤੀ। ਇਹਦਾ ਤੁਸੀਂ ਯਕੀਨ ਮੰਨੋ।' ਫੌਜ ਦੀ ਆਪਣੀ ਤਫ਼ਤੀਸ਼ ਵੀ ਇਹੋ ਕਹਿੰਦੀ ਸੀ। ਅਖੀਰ ਪ੍ਰਭਜੋਤ ਦੀ ਦਲੀਲ ਕਾਟ ਕਰ ਗਈ। ਮਾਮਲਾ ਰਫਾ-ਦਫਾ ਹੋ ਗਿਆ। ਨਰਿੰਦਰਪਾਲ ਪ੍ਰਭਜੋਤ ਦੀ ਏਸ ਦਰਿਆਦਿਲੀ ਨੂੰ ਇੱਕੋ ਘੁੱਟ ਵਿਚ ਪੀ ਗਿਆ ਤੇ ਛੇਤੀ ਹੀ ਆਪਣੀ ਪਹਿਲੀ ਰਵੱਸ਼ 'ਤੇ ਆ ਗਿਆ।

ਪ੍ਰਭਜੋਤ ਦੀ ਏਸ ਦਰਿਆਦਿਲੀ ਦਾ ਸੋਮਾ ਕੀ ਸੀ? ਕਿਵੇਂ ਉਹਨੇ ਇਹ ਸਾਰਾ ਕੁਝ ਦਰਗੁਜ਼ਰ ਕਰ ਦਿੱਤਾ? ਨਰਿੰਦਰਪਾਲ ਦੇ ਸੱਭੇ ਹੱਦਾਂ ਟੱਪ ਜਾਣ ਦੇ ਬਾਵਜੂਦ ਵੀ ਕਿਉਂ ਉਹਨੇ ਉਹਦਾ ਸਾਥ ਨਾ ਛੱਡਿਆ? ਉਹਦੀ ਲਿਖੀ ਸਵੈ-ਜੀਵਨੀ ਪੜ੍ਹ ਕੇ ਇਹ ਤੇ ਇਹੋ ਜਿਹੇ ਹੋਰ ਬੜੇ ਸਵਾਲ ਮੇਰੇ ਮਨ ਵਿਚ ਉਠੇ। ਪ੍ਰਭਜੋਤ ਨੇ ਆਪ ਵੀ ਕਿਤੇ-ਕਿਤੇ ਇਨ੍ਹਾਂ ਸਵਾਲਾਂ ਦਾ ਸਿੱਧਾ ਜਾਂ ਅਸਿੱਧਾ ਜਵਾਬ ਦੇਣ ਦਾ ਯਤਨ ਕੀਤਾ ਏ। ਉਹ ਆਪਣੇ ਪਤੀ ਦੀ ਵਫਾਦਾਰ ਰਹਿਣਾ ਚਾਹੁੰਦੀ ਸੀ। ਉਹਦੀ ਏਸ ਵਫਾਦਾਰੀ ਵਿਚ ਤਰਸ ਦਾ ਅੰਸ਼ ਵੀ ਸੀ। ਉਹ ਸਮਝਦੀ ਸੀ, ਉਹਦਾ ਪਤੀ, ਬਾਵਜੂਦ ਏਨੀ ਪੜ੍ਹਾਈ-ਲਿਖਾਈ ਦੇ ਤੇ ਏਡੇ ਉਚੇ ਅਹੁਦਿਆਂ ਦੇ ਫਰਜ਼ ਨਿਭਾ ਲੈਣ ਯੋਗ ਹੋਣ ਦੇ, ਭੀੜ ਵਿਚ ਫਾਥੇ ਕਿਸੇ ਬਾਲ ਵਰਗਾ ਸੀ। ਜੇ ਉਹ ਉਹਨੂੰ ਆਪਣੀ ਉਂਗਲੀ ਨਾ ਫੜਾਈ ਰੱਖਦੀ, ਉਹਨੇ ਗੁਆਚ ਜਾਣਾ ਸੀ। ਪ੍ਰਭਜੋਤ ਨੇ ਵੇਖਿਆ ਸੀ, ਜਦੋਂ ਵੀ ਉਹਨੇ ਆਪਣੀ ਉਂਗਲੀ ਛੁਡਾਈ, ਉਹ ਗੁਆਚ ਗਿਆ। ਇਹੋ ਜਿਹੇ ਬੰਦੇ ਨੂੰ ਉਹ ਨਿਆਸਰਾ ਨਹੀਂ ਸੀ ਛੱਡ ਸਕਦੀ ਪਰ ਕੋਈ ਇਹ ਵੀ ਪੁੱਛ ਸਕਦਾ ਏ ਕਿ ਜਿਸ ਸ਼ਖਸ ਨੇ ਪ੍ਰਭਜੋਤ ਨੂੰ ਏਨਾ ਸਤਾਇਆ ਹੋਵੇ, ਉਹਦੇ ਨਾਲ ਏਡਾ ਕਪੱਤ ਪਾਇਆ ਹੋਵੇ, ਉਹਦੇ 'ਤੇ ਉਹਨੂੰ ਏਨਾ ਤਰਸ ਕਿਉਂ ਆਵੇ?

ਪ੍ਰਭਜੋਤ ਸਦਾ ਹੀ ਆਪਣੇ ਆਪ ਨੂੰ ਸਾਵਿੱਤਰੀ ਸਮਝਦੀ ਰਹੀ ਏ, ਭਾਵੇਂ ਉਹਦਾ ਸਤਿਆਵਾਨ, ਅਸਤਿਆਵਾਨ ਸੀ। ਉਹਨੂੰ ਤਰਸ ਵੀ ਆਉਂਦਾ ਸੀ ਤੇ ਉਹਨੂੰ ਉਹ ਹਰ ਤਰ੍ਹਾਂ ਦੇ ਜਮਾਂ ਤੋਂ ਬਚਾਉਣ ਲਈ ਤੱਤਪਰ ਵੀ ਰਹਿੰਦੀ ਸੀ। ਏਸ ਵਰਤਾਰੇ ਨੂੰ ਇਕ ਹੋਰ ਕੋਣ ਤੋਂ ਵੇਖਿਆ ਜਾ ਸਕਦਾ ਏ। ਪ੍ਰਭਜੋਤ, ਆਪਣੀ ਵਿਆਹੁਤਾ ਜ਼ਿੰਦਗੀ ਵਿਚ ਸਦਾ ਆਪ ਵੀ ਸਿੱਧੀ ਸੜਕੇ ਨਹੀਂ ਟੁਰੀ। ਉਹਦੇ ਰਾਹ ਹੋਰਨਾਂ ਦੇ ਰਾਹਵਾਂ ਨਾਲ ਮਿਲਦੇ ਰਹੇ ਤੇ ਉਹਨੇ ਕੁਝ ਪਲ ਇਕ ਅੱਧ ਮੰਜ਼ਲ ਤੱਕ ਹਮਸਫਰੀ ਵੀ ਕੀਤੀ ਏ। ਖੁੱਲ੍ਹ ਉਹਨੇ ਵੀ ਲਈ। ਏਸ ਲਈ ਉਹਦਾ ਦਿਲ ਵੱਡਾ ਕਰਨਾ ਬਣਦਾ ਸੀ ਪਰ ਪ੍ਰਭਜੋਤ ਏਸ ਕੋਣ ਨਾਲ ਸਹਿਮਤ ਨਹੀਂ। ਉਹ ਕਹਿੰਦੀ ਏ, "ਮੈਂ ਕਿਸੇ ਵੀ ਅਜਿਹੀ ਮੰਜ਼ਲ ਵਲ ਨਹੀਂ ਸਾਂ ਟੁਰੀ, ਜਿਸ ਵਲ ਮੈਨੂੰ ਨਿੰਦੀ ਨਹੀਂ ਸੀ ਟੋਰਨਾ ਚਾਹੁੰਦਾ। ਹੋਰਨਾਂ ਨਾਲ ਮੇਰੀ ਮੁਸਾਫਰੀ ਹਮੇਸ਼ਾਂ ਉਹਦੇ ਹੀ ਕੰਮ ਆਈ।"

ਪ੍ਰਭਜੋਤ ਦੀ ਵਫਾਦਾਰੀ ਨੂੰ ਇਕ ਹੋਰ ਤਰ੍ਹਾਂ ਵੀ ਵੇਖਿਆ ਜਾ ਸਕਦੈ। ਪ੍ਰਭਜੋਤ ਭਾਵੇਂ ਸ਼ਾਇਰਾ ਸੀ ਤੇ ਭਾਵੇਂ ਉਹਦਾ ਸਿਰ ਸਦਾ ਬੱਦਲਾਂ ਵਿਚ ਰਹਿੰਦਾ ਸੀ, ਉਹਦੇ ਪੈਰ ਸਦਾ ਜ਼ਮੀਨ 'ਤੇ ਹੁੰਦੇ ਸਨ। ਉਹ ਠੋਸ ਅਸਲੀਅਤ ਨੂੰ ਅੱਖੋਂ ਓਹਲੇ ਨਹੀਂ ਸੀ ਹੋਣ ਦਿੰਦੀ। ਉਹਨੂੰ ਦਿਸਦਾ ਸੀ ਕਿ ਪਰਿਵਾਰ ਦੇ ਸਾਰੇ ਸਾਧਨ ਨਰਿੰਦਰਪਾਲ ਦੇ ਨਾਂ ਸਨ। ਨਰਿੰਦਰਪਾਲ ਨੂੰ ਛੱਡਣ 'ਤੇ ਉਹ ਵੀ ਛੱਡਣੇ ਪੈਣੇ ਸਨ। ਉਨ੍ਹਾਂ ਬਿਨਾਂ ਝੱਟ ਲੰਘਾਉਣਾ ਮੁਸ਼ਕਿਲ ਸੀ। ਇਸ ਲਈ ਵੀ ਉਹਨੂੰ ਆਪਣੀ ਵਫਾਦਾਰੀ ਦਾ ਸਿਧਾਂਤ ਸੂਤ ਬੈਠਿਆ। ਬੱਦਲਾਂ ਤੇ ਜ਼ਮੀਨ ਦਾ ਇਹ ਜੋੜ ਮੈਨੂੰ ਠੀਕ ਨਹੀਂ ਲਗਦਾ। ਵਫਾਦਾਰੀ ਪ੍ਰਭਜੋਤ ਲਈ ਦਾਅ-ਪੇਚ ਨਹੀਂ ਸੀ, ਨਜ਼ਰੀਆ ਸੀ। ਉਹ ਸੋਚਦੀ ਤੇ ਮੰਨਦੀ ਹੀ ਏਸ ਤਰ੍ਹਾਂ ਸੀ। ਚਲਦੀ ਹੀ ਏਸ ਤਰ੍ਹਾਂ ਸੀ।

ਇਕ ਸ਼ਾਮ ਆਪਣੇ ਆਪ ਨਾਲ ਏਸ ਤਰ੍ਹਾਂ ਬਹਿਸਦਾ ਮੈਂ ਦੂਜੀ ਵਾਰ ਪ੍ਰਭਜੋਤ ਨੂੰ ਮਿਲਣ ਜਾ ਰਿਹਾ ਸਾਂ। ਮੇਰੇ ਨਾਲੋਂ ਪਹਿਲਾਂ ਉਥੇ ਗੁਲਜ਼ਾਰ ਸਿੰਘ ਸੰਧੂ ਤੇ ਉਹਦੀ ਪਤਨੀ ਡਾ. ਸੁਰਜੀਤ ਕੌਰ ਪਹੁੰਚੇ ਹੋਏ ਸਨ। ਪ੍ਰਭਜੋਤ ਪਰਿਵਾਰ ਨਾਲ ਉਹ ਕਾਫੀ ਭਿੱਜੇ ਹੋਏ ਸਨ, ਪਹਿਲੇ ਵਕਤਾਂ ਤੋਂ। ਓਦੋਂ ਵੀ ਗੁਲਜ਼ਾਰ, ਬਲਵੰਤ ਗਾਰਗੀ ਤੋਂ ਛੁਟ, ਸ਼ਾਇਦ ਇੱਕੋ ਇਕ ਲੇਖਕ ਸੀ, ਜਿਹੜਾ ਅੰਮ੍ਰਿਤਾ ਵਲ ਵੀ ਪਹੁੰਚਦਾ ਸੀ ਤੇ ਪ੍ਰਭਜੋਤ ਵਲ ਵੀ। ਮੈਂ ਉਨ੍ਹਾਂ ਨਾਲ ਕਾਫੀ ਸਮਾਂ ਗੁਜ਼ਾਰਿਆ। ਖਾਧਾ ਪੀਤਾ। ਬੜੀਆਂ ਗੱਲਾਂ ਕੀਤੀਆਂ। ਜੋ ਸਵਾਲ ਮੇਰੇ ਮਨ ਵਿਚ ਉਠਦੇ ਰਹੇ ਸਨ, ਉਹ ਅਣਪੁੱਛੇ ਹੀ ਰਹਿ ਗਏ। ਮੈਂ ਆਪ ਹੀ ਨਾ ਪੁੱਛੇ। ਪ੍ਰਭਜੋਤ ਮੈਨੂੰ ਇਨ੍ਹਾਂ ਸਵਾਲਾਂ ਤੋਂ ਉਪਰ ਲੱਗੀ। ਉਹ ਬੇਫਿਕਰ ਸੀ। ਅਡੋਲ ਸੀ। ਸ਼ਾਂਤ ਸੀ। ਲਗਦਾ ਨਹੀਂ ਸੀ, ਉਹ ਏਡੇ ਘੱਲੂਘਾਰਿਆਂ ਵਿਚੋਂ ਲੰਘੀ ਹੋਈ ਹੋਵੇ। ਮੈਨੂੰ ਉਹ ਕਿਸੇ ਅਜਿਹੇ ਮੁਸਾਫਰ ਵਾਂਗ ਲੱਗੀ, ਜਿਹਨੇ ਆਪਣੀਆਂ ਸਾਰੀਆਂ ਮੰਜ਼ਲਾਂ ਮਾਰ ਲਈਆਂ ਹੋਣ ਤੇ ਜਿਹਨੂੰ ਹੋਰ ਧੁਰ ਉਡਾਣ ਦੀ ਚਾਹ ਨਾ ਰਹੀ ਹੋਵੇ। ਉਹ ਉਕਾ ਬੇਚੈਨ ਨਹੀਂ ਸੀ। ਜੇ ਬੇਚੈਨੀ ਕਿਤੇ ਹੈ ਸੀ ਤਾਂ ਉਹ ਉਹਦੀ ਕਵਿਤਾ ਵਿਚ ਸੀ। ਕਵਿਤਾ ਵਿਚ ਤਾਂ ਹੋਣੀ ਹੀ ਚਾਹੀਦੀ ਏ।

ਗੱਲਾਂ ਗੱਲਾਂ ਵਿਚ ਉਹ ਕਹਿਣ ਲੱਗੀ, "ਇਕ ਵਾਰੀ ਮੈਨੂੰ ਖੁਸ਼ਵੰਤ ਸਿੰਘ ਨੇ ਲਾਲਚ ਦਿੱਤਾ। ਕਹਿਣ ਲੱਗਾ, 'ਨਰਿੰਦਰਪਾਲ ਨੂੰ ਛੱਡ ਦੇ ਤਾਂ ਮੈਂ ਇਲੱਸਟ੍ਰੇਟਿਡ ਵੀਕਲੀ ਦਾ ਪੂਰਾ ਅੰਕ ਤੇਰੇ ਨਾਂ ਲਾ ਦਿਆਂਗਾ।' ਓਦੋਂ ਉਹ ਇਸ ਬਹੁਤ ਪੜ੍ਹੇ ਜਾਣੇ ਵਾਲੇ ਅੰਗਰੇਜ਼ੀ ਸਪਤਾਹਿਕ ਦਾ ਸੰਪਾਦਕ ਹੁੰਦਾ ਸੀ। ਪਰ ਮੈਂ ਨਾ ਮੰਨੀ।" ਬੋਲਦਿਆਂ ਬੋਲਦਿਆਂ ਸ਼ਾਇਦ ਉਹਨੇ ਮੇਰੇ ਕਿਸੇ ਅਪੁੱਛੇ ਸਵਾਲ ਨੂੰ ਭਾਂਪ ਲਿਆ। ਕਹਿਣ ਲੱਗੀ, "ਤੁਸੀਂ ਮੈਨੂੰ ਦੱਸੋ ਕਿ ਕੀ ਮੈਂ ਆਪਣਾ ਆਦਮੀ ਛੱਡਿਆ! ਦੁੱਖ ਸੁੱਖ ਵਿਚ ਮੈਂ ਉਹਦੇ ਨਾਲ ਰਹੀ। ਉਹਦੀ ਘਰ-ਗ੍ਰਹਿਸਥੀ ਚਲਾਈ। ਉਹਦੀਆਂ ਬੱਚੀਆਂ ਪਾਲੀਆਂ। ਉਹਨੂੰ ਚੰਗੇ ਅਹੁਦਿਆਂ 'ਤੇ ਲਵਾਇਆ। ਉਹਨੂੰ ਸਾਹਿਤਕ ਸੋਭਾ ਦਿਵਾਈ। ਜਦੋਂ ਕਦੀ ਉਹਦੇ 'ਤੇ ਮੁਸੀਬਤ ਬਣੀ, ਮੈਂ ਉਸ ਤੋਂ ਉਹਦਾ ਛੁਟਕਾਰਾ ਕਰਵਾਇਆ। ਮੈਂ ਆਪਣੇ ਸਾਰੇ ਟਿੱਲ ਨਾਲ ਲੜੀ।" ਕਿਹਾ ਜਾ ਸਕਦੈ ਕਿ ਭਾਵੇਂ ਫੌਜੀ ਨਰਿੰਦਰਪਾਲ ਸੀ, ਉਹਦੀਆਂ ਸਭੇ ਲੜਾਈਆਂ ਉਹਨੇ ਆਪ ਨਹੀਂ, ਪ੍ਰਭਜੋਤ ਨੇ ਲੜੀਆਂ। ਬੜੀ ਜੁਗਤ ਨਾਲ ਲੜੀਆਂ। ਜੂਝ ਕੇ ਲੜੀਆਂ। ਤੇ ਹਰ ਵਾਰੀ ਹੀ ਫਤਿਹ ਨੇ ਉਹਦੇ ਪੈਰ ਚੁੰਮੇ।

ਡਾ. ਰਾਧਾਕਿਸ਼ਨਨ ਨੂੰ ਪ੍ਰਭਜੋਤ ਵਿਚ ਪੂਰਨਤਾ ਦਿਸੀ ਸੀ। ਪਰ ਪੂਰਨਤਾ 'ਤੇ ਹੀ ਗੱਲ ਮੁਕਾ ਦੇਣੀ ਮੈਨੂੰ ਠੀਕ ਨਹੀਂ ਲੱਗਦੀ। ਪ੍ਰਭਜੋਤ ਪੂਰਨਤਾ ਤੋਂ ਕੁਝ ਵੱਧ ਸੀ। ਉਹ ਸਮਰਪਿਤ ਤੇ ਸੁਚੱਜੀ ਪਤਨੀ ਸੀ। ਦੋ ਧੀਆਂ ਦੀ ਸਮਰਪਿਤ ਤੇ ਸੁਚੱਜੀ ਮਾਂ। ਪਤੀ ਨਰਿੰਦਰਪਾਲ ਦੀ ਸਮਰਪਿਤ ਤੇ ਸੁਚੱਜੀ ਨਰਸ ਵੀ ਸੀ, ਖਾਸ ਕਰਕੇ ਉਹਦੀ ਆਖਰੀ ਵਰੇਸ ਵਿਚ, ਜਦੋਂ ਉਹਨੂੰ ਕਈ ਰੋਗਾਂ ਨੇ ਫਾਹ ਲਿਆ ਸੀ। ਨਰਿੰਦਰਪਾਲ ਦੀ ਟੁੰਬ ਵੀ ਸੀ, ਰਚਣ ਦੀ ਵੰਗਾਰ ਵੀ ਸੀ ਤੇ ਉਹਦੀ ਜਜ਼ਬਾਤੀ ਟੇਕ ਵੀ। ਉਹਦੇ ਅਸਾਸੇ ਦੀ ਚੁਸਤ, ਚੌਕੰਨੀ ਪਹਿਰੇਦਾਰ ਵੀ ਤੇ ਉਹਦੀ ਪ੍ਰਚਾਰਕ ਵੀ। ਉਹਨੇ ਪੰਜਾਬੀ ਸਾਹਿਤ ਦੇ ਅਸਮਾਨ ਵਿਚ ਉਹਦੀ ਗੁੱਡੀ ਚੜ੍ਹਾਈ। ਉਹਨੂੰ ਐਵਾਰਡ ਦਿਵਾਏ। ਸਨਮਾਨ ਦਿਵਾਏ। ਉਹ ਉਹਦੀਆਂ ਫੌਜਾਂ ਦੀ ਸਿਪਾਹ-ਸਾਲਾਰ ਵੀ ਸੀ। ਉਹਦੀ ਮੁਸ਼ਕਿਲ-ਕੁਸ਼ਾ ਵੀ। ਇਸ ਸਭ ਕਾਸੇ ਦੇ ਨਾਲ-ਨਾਲ ਉਹ ਸ਼ਾਇਰਾ ਵੀ ਸੀ, ਦੋਸਤ ਵੀ, ਮਹਿਬੂਬਾ ਵੀ। ਕਿਹੜੀ ਪੂਰਨਤਾ ਵਿਚ ਏਨੇ ਗੁਣ ਹੁੰਦੇ ਨੇ। ਪ੍ਰਭਜੋਤ ਪੂਰਨ ਤੋਂ ਵੀ ਪੂਰਨ ਸੀ। ਉਹ ਬਦਲੇ ਹੋਏ ਹਾਲਾਤ ਵਿਚ ਬਦਲੀਆਂ ਹੋਈਆਂ ਲੋੜਾਂ ਅਨੁਸਾਰ, ਅੱਜ ਵੀ ਹੈ। ਇਕ ਜ਼ਮਾਨੇ ਵਿਚ ਏਸ ਤਰ੍ਹਾਂ ਦੀ ਹਸਤੀ ਨੂੰ ਲੋਕ ਸੋਲ੍ਹਾਂ ਕਲਾ ਸੰਪੂਰਨ ਕਿਹਾ ਕਰਦੇ ਸਨ।

***ਸਾਲ 1984 ਦਾ ਦਿੱਲੀ ਦਾ ਸਿੱਖ ਕਤਲੇਆਮ ਕਿਸੇ ਵੱਡੀ ਤ੍ਰਾਸਦੀ ਤੋਂ ਘੱਟ ਨਹੀਂ ਸਨ। ਉਨ੍ਹਾਂ ਕਾਲੇ ਦਿਨਾਂ 'ਚ ਇਨਸਾਨੀ ਦਰਿੰਦਗੀ ਅਤੇ ਬੇਬਸੀ ਬਾਰੇ ਬਥੇਰਾ ਕੁਝ ਲਿਖਿਆ, ਪੜ੍ਹਿਆ ਗਿਆ ਹੈ। ਪ੍ਰੰਤੂ ਜਿਸ ਕਿਸਮ ਦੀ ਦਿਲ ਨੂੰ ਧੂਹ ਗੁਲਜ਼ਾਰ ਸਿੰਘ ਸੰਧੂ ਨੇ 'ਦਿਨ ਦੀਵੀਂ ਲੁੱਟ' ਨਾਂ ਦੀ ਇਹ ਕਹਾਣੀ ਲਿਖ ਕੇ ਪਾਈ ਹੈ, ਲਾਜਵਾਬ ਹੈ। ਇਸ ਨੂੰ ਪੜ੍ਹਦਿਆਂ ਪੰਜਾਬੀ ਦੇ ਵਿਲੱਖਣ ਸ਼ਾਇਰ ਐਸ. ਐਸ. ਮੀਸ਼ਾ ਦਾ ਅੰਦਾਜ਼ੇ ਬਿਆਨ ਯਾਦ ਆ ਜਾਂਦਾ ਹੈ। -ਸੰਪਾਦਕ***

# ਦਿਨ ਦੀਵੀਂ ਲੁੱਟ

*-ਗੁਲਜ਼ਾਰ ਸਿੰਘ ਸੰਧੂ*



ਉਸਦਾ ਪਿਛੋਕੜ ਕੀ ਸੀ, ਉਹ ਕਿਸੇ ਨੂੰ ਦੱਸਦਾ ਨਹੀਂ ਸੀ। ਉਹ ਪੁਰਾਣੀ ਦਿੱਲੀ ਰੇਲਵੇ ਸਟੇਸ਼ਨ ਵਾਲੇ ਟੈਕਸੀ ਸਟੈਂਡ ਦੇ ਕਰਤਾ-ਧਰਤਾ ਨੌਰੰਗ ਸਿੰਘ ਦਾ ਰਿਸ਼ਤੇਦਾਰ ਸੀ। ਰਿਸ਼ਤੇਦਾਰੀ ਕੀ ਸੀ, ਕੋਈ ਨਹੀਂ ਸੀ ਜਾਣਦਾ। ਉਹ ਨੌਰੰਗ ਸਿੰਘ ਨੂੰ ਵੀਰ ਕਹਿੰਦਾ ਸੀ। ਜੇ ਕੋਈ ਪੁੱਛਣ ਤੋਂ ਹੀ ਨਾ ਹਟੇ ਤਾਂ ਕੇਵਲ ਏਨਾ ਹੀ ਦੱਸਦਾ ਸੀ ਕਿ ਉਹ ਨੌਰੰਗ ਸਿੰਘ ਦੇ ਮਾਮੇ ਦਾ ਪੁੱਤ ਸੀ, ਥੜ੍ਹੀ ਪਿੰਡ ਤੋਂ।

ਥੜ੍ਹੀ ਨਿੱਕਾ ਜਿਹਾ ਪਿੰਡ ਹੈ। ਮੋਰਿੰਡੇ ਕੋਲ ਜਿਸ ਨੂੰ ਬਾਗਾਂਵਾਲਾ ਵੀ ਕਹਿੰਦੇ ਹਨ। ਮੋਰਿੰਡਾ ਮੁਗਲਾਂ ਦੇ ਰਾਜ ਵਿਚ ਮੁਸਲਮਾਨਾਂ ਦਾ ਗੜ੍ਹ ਰਿਹਾ ਹੈ। ਸਰਹੰਦ, ਬਸੀ ਤੇ ਫਤਿਹਗੜ੍ਹ ਸਾਹਿਬ ਨੇੜੇ ਹੋਣ ਕਰਕੇ ਦੇਸ਼-ਵੰਡ ਤਕ ਇਲਾਕੇ ਵਿਚ ਦੋ ਹੀ ਕੌਮਾਂ ਦਾ ਦਬਦਬਾ ਸੀ। ਮੁਸਲਮਾਨਾਂ ਤੇ ਸਿੱਖਾਂ ਦਾ। ਦੋਨਾਂ ਕੌਮਾਂ ਦੇ 'ਮੱਕੇ' ਨੇੜੇ ਹਨ। ਇਕ ਦਾ ਫਤਿਹਗੜ੍ਹ ਸਾਹਿਬ, ਦੂਜੇ ਦਾ ਬਸੀ ਪਠਾਣਾਂ। ਇਕ ਰੇਲਵੇ ਲਾਈਨ ਦੇ ਏਧਰ ਤੇ ਦੂਜਾ ਓਧਰ। ਨੌਰੰਗ ਸਿੰਘ ਉਚੇ ਪਿੰਡ ਤੋਂ ਸੀ। ਥੜ੍ਹੀ ਉਸਦੇ ਨਾਨਕੇ ਸਨ। ਟੈਕਸੀ ਸਟੈਂਡ 'ਤੇ ਨਵੇਂ ਆਏ ਨੌਜਵਾਨ ਦਾ ਨਾਂ ਸ਼ਾਮ ਸਿੰਘ ਸੀ। ਸ਼ਾਮ ਸਿੰਘ ਸਿੱਖਾਂ ਵਿਚ ਆਮ ਪ੍ਰਚੱਲਤ ਨਾਂ ਹੈ। ਇਸ ਵਿਚ ਸਿੱਖੀ ਵੀ ਸ਼ਾਮਲ ਹੈ ਤੇ ਹਿੰਦੂ ਮਤ ਵੀ। ਸਪੱਸ਼ਟ ਹੈ ਕਿ ਇਸਦਾ ਇਸਲਾਮ ਨਾਲ ਕੋਈ ਸੰਬੰਧ ਨਹੀਂ। ਨਾਂ ਹੀ ਐਸਾ ਹੈ।

ਉਂਜ ਵੀ ਨੌਰੰਗ ਸਿੰਘ ਧੱਕੜ ਸੁਭਾਅ ਦਾ ਬੰਦਾ ਸੀ। ਉਸਨੂੰ ਵੀਰ ਕਹਿਣ ਵਾਲੇ ਨੂੰ ਪਿਆਰ ਕਰਨਾ ਹਰ ਇਕ ਦਾ ਫਰਜ਼ ਬਣਦਾ ਸੀ। ਨੌਰੰਗ ਸਿੰਘ ਦਾ ਛੋਟਾ ਵੀਰ ਹੋਣ ਦੇ ਨਾਤੇ ਸ਼ਾਮ ਸਿੰਘ ਥੋੜ੍ਹੇ ਦਿਨਾਂ ਵਿਚ ਹੀ ਟੈਕਸੀ ਸਟੈਂਡ 'ਤੇ ਹਰਮਨ ਪਿਆਰਾ ਹੋ ਗਿਆ। ਕੁਝ ਏਸ ਲਈ ਵੀ ਕਿ ਆਪਣੇ ਤੋਂ ਵੱਡੇ ਦੇ ਟਾਕਰੇ 'ਤੇ ਇਸ ਵਿਚ ਹਲੀਮੀ ਬੜੀ ਸੀ। ਵੱਡੇ ਭਰਾ ਨੂੰ ਤਾਂ ਸਟੈਂਡ ਵਾਲੇ ਨੌਰੰਗ ਸਿੰਘ ਦੀ ਥਾਂ ਨੌਰੰਗਾ ਵੀ ਕਹਿ ਲੈਂਦੇ ਸਨ, ਕਦੀ-ਕਦੀ ਔਰੰਗਾ ਵੀ। ਬਹੁਤਾ ਏਸ ਲਈ ਕਿ ਉਸਦੀ ਸਿੱਖ ਮੱਤ ਬਾਰੇ ਕੱਟੜਤਾ ਓਨੀ ਹੀ ਸੀ, ਜਿੰਨੀ ਔਰੰਗਜ਼ੇਬ ਦੀ ਇਸਲਾਮ ਬਾਰੇ। ਸ਼ਾਮ ਸਿੰਘ ਦਾ ਛੋਟਾ ਨਾਂ ਵੀ ਸ਼ਾਮੂ ਤੋਂ ਅੱਗੇ ਨਹੀਂ ਸੀ ਤੁਰਦਾ। ਕਿਹੜਾ ਸ਼ਾਮੂ? ਦਾ ਉਤਰ ਇਕ ਹੀ ਸੀ। ਸ਼ਾਮ ਸਿੰਘ ਸ਼ਾਮੂ ਹੋਰ ਕੌਣ। ਨੌਰੰਗੇ ਦਾ ਰਿਸ਼ਤੇਦਾਰ। ਗਰੀਬੜਾ ਤੇ ਸਾਊ ਜਿਹਾ। ਕੀ ਲਗਦਾ ਸੀ ਉਸਦਾ? ਕਿਸੇ ਨੇ ਕੀ ਲੈਣਾ ਸੀ। ਬੰਦਾ ਚੰਗਾ ਸੀ। ਸ਼ਰੀਫ ਸੀ। ਹਰ ਇਕ ਦੇ ਕੰਮ ਆਉਂਦਾ ਸੀ। ਨਾ ਰੰਨ ਨਾ ਕੰਨ। ਵਿਆਹ ਕਿਉਂ ਨਹੀਂ ਸੀ ਹੋਇਆ? ਕੋਈ ਨਹੀਂ ਸੀ ਜਾਣਦਾ।

ਸ਼ਾਮ ਸਿੰਘ ਆਪਣਾ ਪਿੰਡ ਥੜ੍ਹੀ ਛੱਡ ਕੇ ਏਸ ਲਈ ਦਿੱਲੀ ਆਇਆ ਸੀ ਕਿ ਟੈਕਸੀ ਚਲਾਉਣੀ ਸਿੱਖ ਕੇ ਡਰਾਈਵਰੀ ਦੇ ਧੰਦੇ ਵਿਚ ਪੈ ਜਾਵੇ। ਧੰਦਾ ਔਖਾ ਸੀ ਪਰ ਖੇਤੀ ਨਾਲੋਂ ਸੌਖਾ ਸੀ। ਆਮਦਨ ਖੇਤੀ ਨਾਲੋਂ ਕਿਤੇ ਵੱਧ। ਨੌਰੰਗ ਸਿੰਘ ਨੇ ਟੈਕਸੀ ਦੀ ਆਮਦਨ ਵਿਚੋਂ ਆਪਣੇ ਜੱਦੀ ਪਿੰਡ ਚੰਗੀ ਕੋਠੀ ਪਾ ਲਈ ਸੀ। ਸ਼ਾਮ ਸਿੰਘ ਨੇ ਵੀਹ ਵਾਰ ਦੇਖੀ ਸੀ। ਨੌਰੰਗ ਸਿੰਘ ਦਾ ਛੋਟਾ ਭਰਾ ਹੋਣ ਦੇ ਨਾਤੇ ਸਟੈਂਡ ਦੇ ਸਾਰੇ ਟੈਕਸੀਆਂ ਵਾਲੇ ਉਸਦੀ ਮਦਦ ਕਰਨਾ ਚਾਹੁੰਦੇ ਸਨ। ਬਹੁਤ ਸਾਰੇ ਟੈਕਸੀ ਡਰਾਈਵਰ ਸਵਾਰੀ ਲੈ ਕੇ ਜਾਂਦੇ ਸਮੇਂ ਉਸਨੂੰ ਅਗਲੀ ਸੀਟ 'ਤੇ ਆਪਣੇ ਬਰਾਬਰ ਬਿਠਾ ਲੈਂਦੇ। ਇਹ ਗੱਲ ਤਾਂ ਉਸਨੇ ਖੜ੍ਹੀ ਟੈਕਸੀ ਵਿਚ ਬਹਿ ਕੇ ਹੀ ਸਿੱਖ ਲਈ ਸੀ ਕਿ ਕਲੱਚ ਕਿਵੇਂ ਦੱਬਣਾ ਹੈ ਤੇ ਗੀਅਰ ਕਿਵੇਂ ਪਾਉਣੇ ਹਨ। ਬਰੇਕ ਲਾਉਣ ਦਾ ਤਰੀਕਾ ਵੀ ਤੇ ਟੈਕਸੀ ਖੜ੍ਹੀ ਕਰਨ ਉਪਰੰਤ ਹੈਂਡ ਬਰੇਕ ਲਾਉਣੀ ਵੀ। ਸਵਾਰੀ ਨੂੰ ਉਸਦੀ ਮੰਜ਼ਿਲ 'ਤੇ ਛੱਡ ਕੇ ਵਾਪਸ ਆਉਂਦਿਆਂ, ਸਾਰੇ ਸ਼ਾਮੂ ਨੂੰ ਆਪਣਾ ਸ਼ਿਸ਼ ਬਣਾ ਲੈਂਦੇ ਤੇ ਉਸਨੂੰ ਡਰਾਈਵਰੀ ਦਾ ਸਬਕ ਸਿਖਾ ਕੇ ਖੁਸ਼ ਹੁੰਦੇ।

ਸ਼ਾਮ ਸਿੰਘ ਸੁਘੜ, ਸੁਚੇਤ ਤੇ ਲੋੜਵੰਦ ਨੌਜਵਾਨ ਸੀ। ਉਸਨੇ ਟੈਕਸੀ ਚਲਾਉਣੀ ਵੀ ਸਿੱਖ ਲਈ ਤੇ ਲਾਈਸੈਂਸ ਲੈਣ ਵਿਚ ਵੀ ਦੇਰੀ ਨਹੀਂ ਲਾਈ। ਪੰਜਾਬ ਦੇ ਇਕ ਨਿੱਕੇ ਜਿਹੇ ਪਿੰਡ ਤੋਂ ਏਡੇ ਵੱਡੇ ਸ਼ਹਿਰ ਵਿਚ ਆ ਕੇ ਏਨੀ ਛੇਤੀ ਟੈਕਸੀ ਚਲਾਉਣ ਦੇ ਯੋਗ ਹੋਣ ਵਾਲਾ ਉਹ ਇੱਕੋ-ਇਕ ਵਿਅਕਤੀ ਸੀ। ਟੈਕਸੀ ਡਰਾਈਵਰ ਬਣਨ ਲਈ ਦੋ ਗੱਲਾਂ ਦੀ ਵੱਡੀ ਲੋੜ ਸੀ-ਪਹਿਲੀ ਇਹ ਕਿ ਉਸ ਨੇ ਗੱਡੀ ਚਲਾਉਣ, ਭੀੜ ਵਿਚੋਂ ਲੰਘਾਉਣ, ਲਾਈਟਾਂ ਤੇ ਸਪੀਡ ਦਾ ਧਿਆਨ ਰੱਖਣ ਦਾ ਪਤਾ ਹੋਣ ਤੋਂ ਬਿਨਾਂ, ਟੈਕਸੀ ਵਿਚ ਬੈਠੀ ਸਵਾਰੀ ਨਾਲ ਗੱਲਬਾਤ ਤੋਂ ਪਰਹੇਜ਼ ਕਰਨਾ ਸੀ। ਦੂਜੀ ਜ਼ਰੂਰੀ ਗੱਲ ਇਹ ਵੀ ਕਿ ਉਸਨੂੰ ਦਿੱਲੀ ਤੇ ਨਵੀਂ ਦਿੱਲੀ ਦੀਆਂ ਸਾਰੀਆਂ ਕਾਲੋਨੀਆਂ ਦੇ ਰਾਹ ਆਉਣੇ ਚਾਹੀਦੇ ਸਨ। ਕਿਸੇ ਸਵਾਰੀ ਨੂੰ ਸਿੱਧੇ ਰਸਤੇ ਲਿਜਾਣ ਦੀ ਥਾਂ ਘੁੰਮ-ਘੁਮਾ ਕੇ ਲਿਜਾਣ 'ਤੇ ਸਵਾਰੀ ਖ਼ਫਾ ਹੋ ਸਕਦੀ ਸੀ। ਅਜਿਹੇ ਵਿਚ ਬਖਸ਼ੀਸ਼ ਤਾਂ ਕੀ ਮਿਲਣੀ ਸੀ, ਡਰਾਈਵਰ ਨੂੰ ਥਾਣੇ ਦਾ ਦੌਰਾ ਵੀ ਕਰਨਾ ਪੈ ਸਕਦਾ ਸੀ।

ਸ਼ਾਮ ਸਿੰਘ ਨੇ ਚੰਗੀ ਡਰਾਈਵਰੀ ਦੇ ਸਭ ਨੁਕਤੇ ਆਪਣੇ ਪੱਲੇ ਬੰਨ੍ਹ ਲਏ ਸਨ। ਉਹ ਬਹੁਤ ਹੀ ਚੰਗਾ ਡਰਾਈਵਰ ਤੇ ਚੰਗੇ ਸਲੀਕੇ ਵਾਲਾ ਬੰਦਾ ਗਿਣਿਆ ਜਾਣ ਲੱਗਿਆ। ਜੋ ਕੁਝ ਨੌਰੰਗ ਸਿੰਘ ਨੇ ਧਿੰਗੋਜ਼ੋਰੀ ਵੀਹ ਸਾਲ ਦਾ ਸਮਾਂ ਲਾ ਕੇ ਕਮਾਇਆ ਸੀ, ਸ਼ਾਮ ਸਿੰਘ ਨੇ ਸਲੀਕੇ ਤੇ ਸਹਿਜ ਨਾਲ ਕਮਾ ਲਿਆ ਸੀ ਤੇ ਉਹ ਵੀ ਇਕ ਸਾਲ ਤੋਂ ਘੱਟ ਸਮਾਂ ਲਾ ਕੇ। ਸ਼ਾਮ ਸਿੰਘ ਰੇਲਵੇ ਟੈਕਸੀ ਸਟੈਂਡ ਦੇ ਸਾਰੇ ਟੈਕਸੀ ਮਾਲਕਾਂ ਤੇ ਉਨ੍ਹਾਂ ਦੇ ਡਰਾਈਵਰਾਂ ਵਿਚ ਓਨਾ ਹੀ ਹਰਮਨ ਪਿਆਰਾ ਹੋ ਗਿਆ ਸੀ ਜਿੰਨਾ ਨੌਰੰਗ ਸਿੰਘ।

ਨੌਰੰਗ ਸਿੰਘ ਦੇ ਦੋਸਤਾਂ ਵਿਚ ਉਨ੍ਹਾਂ ਦੇ ਪਿੰਡਾਂ ਵਲ ਦਾ ਸੰਤਾ ਸਿੰਘ ਵੀ ਸੀ। ਉਸਦਾ ਜੱਦੀ ਪਿੰਡ ਚਮਕੌਰ ਸਾਹਿਬ ਦੇ ਨੇੜੇ ਰਾਮਗੜ੍ਹ ਸੀ। ਉਹ ਵੀ ਡਰਾਈਵਰ ਸੀ ਤੇ ਨੌਰੰਗ ਸਿੰਘ ਨਾਲੋਂ ਉਮਰ ਵਿਚ ਪੰਜ ਸੱਤ ਸਾਲ ਵੱਡਾ ਸੀ। ਉਹ ਟੈਕਸੀ ਨਹੀਂ, ਟਰੱਕ ਚਲਾਉਂਦਾ ਸੀ। ਨੌਰੰਗ ਸਿੰਘ ਦੀ ਟੈਕਸੀ ਨੂੰ ਦਿੱਲੀ ਤੋਂ ਬਾਹਰ ਦੀ ਸਵਾਰੀ ਨੂੰ ਤਾਜ ਮਹਿਲ, ਪਟਿਆਲਾ, ਚੰਡੀਗੜ੍ਹ ਜਾਂ ਜੈਪੁਰ ਦਿਖਾਉਣ ਲਈ ਪਰਮਿਟ ਲੈਣਾ ਪੈਂਦਾ ਸੀ। ਸੰਤਾ ਸਿੰਘ ਦਾ ਟਰੱਕ ਅੰਮ੍ਰਿਤਸਰ ਤੋਂ ਮੁੰਬਈ ਤੱਕ ਜਿੱਥੇ ਮਰਜ਼ੀ ਜਾ ਸਕਦਾ ਸੀ। ਨੌਰੰਗ ਸਿੰਘ ਸੱਤ ਟੈਕਸੀਆਂ ਦਾ ਮਾਲਕ ਸੀ ਤੇ ਸੰਤਾ ਸਿੰਘ ਕੇਵਲ ਇਕ ਟਰੱਕ ਦਾ। ਪਰ ਉਹ ਇਹੋ ਜਿਹਾ ਮਿਹਣਾ ਪੱਲੇ ਨਹੀਂ ਸੀ ਪੈਣ ਦਿੰਦਾ। 'ਤੇਰੀਆਂ ਸੱਤਾਂ ਦੀਆਂ ਸੱਤਾਂ ਸਾਬਣਦਾਨੀਆਂ ਦੇ ਟਾਕਰੇ 'ਤੇ ਮੇਰਾ ਇਕ ਹੀ ਟਰੱਕ ਮਾਣ ਨਹੀਂ।'

ਸੰਤਾ ਸਿੰਘ, ਨੌਰੰਗ ਸਿੰਘ ਦੀਆਂ ਟੈਕਸੀਆਂ ਦੇ ਆਕਾਰ ਦੀ ਹਰ ਗੱਡੀ ਨੂੰ ਸਾਬਣਦਾਨੀ ਕਹਿੰਦਾ ਤੇ ਆਪਣੇ ਟਰੱਕ ਨੂੰ ਜਰਨੈਲੀ ਸੜਕ ਦਾ ਸਰਦਾਰ। ਜੇ ਏਨੇ ਨਾਲ ਵੀ ਉਸਦੀ ਜਿੱਤ ਨਾ ਹੁੰਦੀ ਤਾਂ ਉਹ ਆਪਣੀ ਵਾਰਤਾਲਾਪ ਵਿਚ ਪੰਜਾਬ ਦੇ ਉਸ ਵੇਲੇ ਦੇ ਸ਼ਕਤੀਸ਼ਾਲੀ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੂੰ ਧੂਹ ਲਿਆਉਂਦਾ, ਕੈਰੋਂ ਦੀ ਆਪਣੀ ਕਾਰ ਦੇ ਹਰ ਡਰਾਈਵਰ ਨੂੰ ਇਕ ਹੀ ਤਾੜਨਾ ਸੀ ਕਿ ਆਪਣੀ ਕਾਰ ਨੂੰ ਸਾਹਮਣਿਉਂ ਆ ਰਹੇ ਪ੍ਰਤਾਪ ਸਿੰਘ ਤੋਂ ਬਚਾਵੇ।' ਪ੍ਰਤਾਪ ਸਿੰਘ ਤੋਂ ਉਸ ਦਾ ਭਾਵ ਸੜਕ 'ਤੇ ਜਾ ਰਿਹਾ ਟਰੱਕ ਹੁੰਦਾ ਸੀ।

ਸੰਤਾ ਸਿੰਘ ਦੇ ਸਾਰੇ ਕੰਮ ਏਸੇ ਤਰ੍ਹਾਂ ਦੇ ਸਨ। ਇਕ ਵਾਰੀ ਉਹ ਮੁੰਬਈ ਤੋਂ ਆਪਣੇ ਨਾਲ ਇਕ ਗਰੀਬੜੀ ਜਿਹੀ ਕੁੜੀ ਬਿਠਾ ਲਿਆਇਆ। ਉਸ ਦੇ ਕਹਿਣ ਅਨੁਸਾਰ ਉਹ ਮਹਾਂਰਾਸ਼ਟਰ ਦੇ ਕੋਂਕਨ ਇਲਾਕੇ ਤੋਂ ਸੀ ਤੇ ਉਦੋਂ ਤੱਕ ਦੋ ਥਾਂ ਵਿਕ ਚੁੱਕੀ ਸੀ। ਉਹ ਚਾਹੁੰਦਾ ਸੀ ਕਿ ਆਪਣੇ ਮਿੱਤਰ ਨੌਰੰਗ ਸਿੰਘ ਦੀ ਮਦਦ ਨਾਲ ਉਸ ਕੁੜੀ ਨੂੰ ਦਿੱਲੀ ਦੇ ਕਿਸੇ ਲੋੜਵੰਦ ਡਰਾਈਵਰ ਦੇ ਗਲ ਮੜ੍ਹ ਦੇਵੇ। ਉਸਨੇ ਕੇਵਲ ਪੰਜ ਸੌ ਰੁਪਏ ਖਰਚੇ ਸਨ। ਜੇ ਛੇ ਸੌ ਰੁਪਏ ਵੀ ਮਿਲ ਜਾਣ ਤਾਂ ਕੁੜੀ ਦਾ ਭਲਾ ਹੋ ਸਕਦਾ ਸੀ। ਉਹ ਮੁੰਬਈ ਵਾਪਸ ਨਹੀਂ ਸੀ ਜਾਣਾ ਚਾਹੁੰਦੀ। ਉਹ ਮੁੰਬਈ ਵਾਲਿਆਂ ਨੂੰ ਨਫਰਤ ਕਰਦੀ ਸੀ। ਉਸਨੂੰ ਕੋਈ ਵੀ ਮਰਦ ਚੰਗਾ ਨਹੀਂ ਸੀ ਲਗਦਾ।

ਸੰਤਾ ਸਿੰਘ ਦੇ ਦੱਸਣ ਅਨੁਸਾਰ ਉਸ ਨੇ ਕੁੜੀ ਦੇ ਮਨ ਵਿਚ ਪੰਜਾਬੀਆਂ ਲਈ ਸਤਿਕਾਰ ਭਰਿਆ ਸੀ। ਉਸਨੂੰ ਚੰਗਾ ਖਾਣ ਨੂੰ ਦਿੰਦਾ ਸੀ ਤੇ ਪਹਿਰਾਵਾ ਤਾਂ ਉਸਦਾ ਹਰ ਕੋਈ ਦੇਖ ਸਕਦਾ ਸੀ। ਉਸਦੀ ਫਟੀ ਪੁਰਾਣੀ ਸਾੜ੍ਹੀ ਸੁਟਵਾ ਦਿੱਤੀ ਸੀ। ਉਹਦੇ ਕੋਲ ਇਸ ਵੇਲੇ ਦੋ ਸੂਟ ਸਨ, ਸਲਵਾਰ ਕਮੀਜ਼ ਵਾਲੇ। ਉਹ ਇਕ ਪਹਿਨ ਲੈਂਦੀ ਤੇ ਦੂਜਾ ਧੋ ਲੈਂਦੀ। ਉਸ ਨੇ ਬਹੁਤਾ ਜ਼ੋਰ ਏਸ ਗੱਲ 'ਤੇ ਦਿੱਤਾ ਸੀ ਕਿ ਉਹ ਆਪ ਵੀ ਚੰਗਾ ਸੀ ਤੇ ਕੁੜੀ ਵੀ ਚੰਗੀ। ਉਸਦੀ ਦਿੱਲੀ ਫੇਰੀ ਦਾ ਅਸਲ ਮੰਤਵ ਕੁੜੀ ਨੂੰ ਚੰਗਾ ਮੁੰਡਾ ਲੱਭ ਕੇ ਦੇਣਾ ਸੀ। ਸੰਤਾ ਸਿਘ ਦੇ ਕਹਿਣ 'ਤੇ ਨੌਰੰਗ ਸਿੰਘ ਦੀ ਪਤਨੀ ਨੇ ਮੁੰਬਈ ਵਾਲੀ ਕੁੜੀ ਨੂੰ ਆਪਣੇ ਘਰ ਹੀ ਠਹਿਰਾ ਲਿਆ। ਬੱਚੇ ਵੀ ਉਸਨੂੰ ਪਸੰਦ ਕਰਦੇ। ਉਹ ਬੱਚਿਆਂ ਨੂੰ ਮੁੰਬਈ ਦੀਆਂ ਕਹਾਣੀਆਂ ਸੁਣਾਉਂਦੀ।

ਮੁੰਬਈ ਤੋਂ ਆਈ ਕੋਂਕਨੀ ਪਿਛੋਕੜ ਵਾਲੀ ਕੁੜੀ ਦਾ ਨਾਂ ਵੰਧਨਾ ਸੀ। ਉਹ ਸੱਚਮੁੱਚ ਦੀ ਦੁਖੀਆ ਸੀ। ਉਸ ਦੀ ਮਾਂ ਮਰ ਚੁੱਕੀ ਸੀ ਤੇ ਪਿਤਾ ਨੂੰ ਉਸਦੀ ਉਕਾ ਹੀ ਕੋਈ ਪਰਵਾਹ ਨਹੀਂ ਸੀ। ਉਹ ਕਿਸੇ ਹੋਰ ਔਰਤ ਦੇ ਚੱਕਰ ਵਿਚ ਸੀ ਤੇ ਉਸ ਔਰਤ ਦੇ ਭਾਈ ਦਗੜ-ਦਗੜ ਕਰਦੇ ਉਸਦੇ ਘਰ ਆ ਕੇ ਵੰਧਨਾ ਨੂੰ ਪ੍ਰੇਸ਼ਾਨ ਕਰਦੇ। ਪਿਤਾ ਦੇ ਸੁਪਨਿਆਂ ਦੀ ਔਰਤ ਤੇ ਭਾਈ, ਸਭ ਨਿਕੰਮੇ ਸਨ। ਉਨ੍ਹਾਂ ਤੋਂ ਬਚਦੀ ਉਹ ਕਿਸੇ ਹੋਰ ਨਿਕੰਮੇ ਬੰਦੇ ਦੀਆਂ ਗੱਲਾਂ ਵਿਚ ਆ ਗਈ, ਜਿਸ ਨੇ ਉਸ ਨੂੰ ਥੋੜ੍ਹੇ ਦਿਨ ਘਰ ਰੱਖ ਕੇ ਕਿਸੇ ਹੋਰ ਆਪਣੇ ਵਰਗੇ ਕੋਲ ਭੇਜ ਦਿੱਤਾ। ਵੰਧਨਾ ਦੇ ਕਹਿਣ ਅਨੁਸਾਰ ਉਹ ਦੋਵੇਂ ਥਾਂ ਵੇਚੀ ਗਈ ਸੀ ਪਰ ਖਰੀਦਣ ਵਾਲੇ ਇਸ ਗੱਲ ਤੋਂ ਮੁੱਕਰਦੇ ਸਨ। ਸੰਤਾ ਸਿੰਘ ਜਾਣਦਾ ਸੀ ਕਿ ਵੰਧਨਾ ਸੱਚੀ ਸੀ। ਸੱਚੀ ਕੁੜੀ ਨੂੰ ਸੱਚਾ ਤੇ ਸੁੱਚਾ ਸਾਥ ਚਾਹੀਦਾ ਸੀ। ਉਸਦੀ ਨਿਗਾਹ ਸ਼ਾਮ ਸਿੰਘ 'ਤੇ ਸੀ, ਇਹ ਸਾਰੇ ਜਾਣ ਗਏ ਸਨ। ਨੌਰੰਗ ਸਿੰਘ ਦੀ ਪਤਨੀ ਨੂੰ ਸ਼ਾਮ ਸਿੰਘ ਦੇ ਪਿਛੋਕੜ ਦਾ ਪਤਾ ਸੀ। ਉਹ ਜਾਣਦੀ ਸੀ ਕਿ ਉਸਨੂੰ ਵੰਧਨਾ ਤੋਂ ਚੰਗਾ ਸਾਥ ਲੱਭਣਾ ਮੁਸ਼ਕਲ ਸੀ।

ਇਕ ਫਰਜ਼ੀ ਜਿਹੀ ਰਸਮ ਅਦਾ ਕਰਕੇ ਸ਼ਾਮ ਸਿੰਘ ਦਾ ਵਿਆਹ ਵੰਧਨਾ ਨਾਲ ਕਰ ਦਿੱਤਾ ਗਿਆ। ਟੈਕਸੀ ਸਟੈਂਡ ਵਾਲੇ ਸਾਰੇ ਲੋਕ ਹੈਰਾਨ ਸਨ ਕਿ ਨੌਰੰਗ ਸਿੰਘ ਨੇ ਰਿਸ਼ਤੇਦਾਰੀ ਵਿਚੋਂ ਆਪਣੇ ਇਸ ਭਰਾ ਦਾ ਵਿਆਹ ਏਨੀ ਕਾਹਲੀ ਵਿਚ ਏਦਾਂ ਕਿਉਂ ਕੀਤਾ। ਸ਼ਾਮ ਸਿੰਘ ਦੀ ਸ਼ਰਤ ਕੇਵਲ ਏਨੀ ਹੀ ਸੀ ਕਿ ਉਸਨੇ ਅਨੰਦ ਕਾਰਜ ਸਿੱਖ ਰੀਤੀ-ਰਿਵਾਜਾਂ ਵਾਲਾ ਕਰਨਾ ਸੀ ਤੇ ਉਹ ਚਾਹੁੰਦਾ ਸੀ ਕਿ ਅੱਗੇ ਤੋਂ ਵੰਧਨਾ ਆਪਣੇ ਕੋਂਕਨੀ ਪਿਛੋਕੜ ਨੂੰ ਭੁੱਲ ਕੇ ਸਿੱਖੀ ਰਹਿਤ ਮਰਿਯਾਦਾ ਨਾਲ ਹੀ ਰਹੇ। ਵੰਧਨਾ ਨੂੰ ਇਹ ਸਭ ਕੁਝ ਮਨਜ਼ੂਰ ਸੀ। ਨੌਰੰਗ ਸਿੰਘ ਦੀ ਘਰਵਾਲੀ ਨੇ ਵੰਧਨਾ ਦੇ ਕੰਨੀਂ ਏਨੀ ਕੁ ਗੱਲ ਜ਼ਰੂਰ ਪਾ ਦਿੱਤੀ ਕਿ ਸ਼ਾਮ ਸਿੰਘ ਖੁਦ ਸਿੱਖ ਮਾਪਿਆਂ ਦਾ ਪੁੱਤਰ ਨਾ ਹੋਣ ਕਾਰਨ ਜੱਦੀ ਪੁਸ਼ਤੀ ਸਿੱਖ ਤਾਂ ਨਹੀਂ ਪਰ ਉਸਦੇ ਆਪਣੇ ਪਤੀ ਨੌਰੰਗ ਸਿੰਘ ਦੇ ਨਾਨਕੇ ਘਰ ਪਲਿਆ ਹੋਣ ਕਾਰਨ ਸਿੱਖੀ ਮਰਿਯਾਦਾ ਦਾ ਪੂਰਾ ਪਾਲਣ ਕਰਦਾ ਸੀ। ਇਹੋ ਕਾਰਨ ਸੀ ਕਿ ਅਨੰਦ ਕਾਰਜ ਪੜ੍ਹੇ ਜਾਣ ਤੋਂ ਪਹਿਲਾਂ ਵੰਧਨਾ ਦਾ ਨਾਂ ਵੀ ਗੁਰਮੀਤ ਕੌਰ ਰੱਖ ਲਿਆ ਗਿਆ।

ਜਦੋਂ ਉਹ ਵਿਆਹ ਤੋਂ ਪਿੱਛੋਂ ਸ਼ਾਮ ਸਿੰਘ ਦੇ ਇਕ ਕਮਰੇ ਵਾਲੇ ਘਰ ਵਿਚ ਆਈ ਤਾਂ ਉਸ ਨੂੰ ਇਹ ਤਾਂ ਪਤਾ ਸੀ ਕਿ ਸ਼ਾਮ ਸਿੰਘ ਸਿੱਖ ਨਹੀਂ ਸੀ ਪਰ ਇਹ ਨਹੀਂ ਸੀ ਪਤਾ ਕਿ ਉਸਦੇ ਮਾਪੇ ਕੌਣ ਸਨ। ਉਸਨੇ ਇਕ ਦਿਨ ਸ਼ਾਮ ਸਿੰਘ ਤੋਂ ਉਸਦੀ ਸੁੰਨਤ ਹੋਈ ਹੋਣ ਦਾ ਕਾਰਨ ਪੁੱਛਿਆ ਤਾਂ ਉਸਨੇ ਗੁਰਮੀਤ ਨੂੰ ਪੱਕਾ ਵਿਸ਼ਵਾਸ ਕਰਵਾ ਦਿੱਤਾ ਕਿ ਸੁੰਨਤ ਦਾ ਕਾਰਨ ਉਹਦੇ 'ਤੇ ਬਚਪਨ ਵਿਚ ਹੋਇਆ ਸ਼ਹਿਦ ਦੀਆਂ ਮੱਖੀਆਂ ਦਾ ਹਮਲਾ ਸੀ। ਨੰਗੇ-ਧੜੰਗੇ ਨੇ ਮਖਿਆਲ ਨੂੰ ਜਾ ਛੇੜਿਆ ਸੀ। ਨੌਰੰਗ ਸਿੰਘ ਦੀ ਮਾਮੀ ਪੈਰਵੀ ਨਾ ਕਰਦੀ ਤਾਂ ਮੱਖੀਆਂ ਦਾ ਖਾਧਾ ਮਰ ਵੀ ਸਕਦਾ ਸੀ। ਮਰਦਾਵਾਂ ਅੰਗ ਬਚਾਉਣ ਲਈ ਸੁੰਨਤ ਕਰਨੀ ਲਾਜ਼ਮੀ ਹੋ ਗਈ ਸੀ। ਸ਼ਹਿਦ ਦੀਆਂ ਮੱਖੀਆਂ ਵਾਲੀ ਕਹਾਣੀ ਮਾਮੀ ਨੇ ਖੁਦ ਘੜੀ ਸੀ। ਉਹ ਜਾਣਦੀ ਸੀ ਕਿ ਉਸਨੂੰ ਸੁੰਨਤ ਵਾਲਾ ਸਵਾਲ ਕੋਈ ਵੀ ਪੁੱਛ ਸਕਦਾ ਸੀ। ਉਸਦੇ ਬਚਪਨ ਦੇ ਸਾਥੀ ਤੇ ਉਸਦੀ ਹੋਣ ਵਾਲੀ ਜਾਂ ਹੋ ਚੁੱਕੀ ਪਤਨੀ।

ਇਹ ਗੱਲ ਬਹੁਤ ਘੱਟ ਲੋਕਾਂ ਨੂੰ ਪਤਾ ਸੀ ਕਿ ਸ਼ਾਮ ਸਿੰਘ 1947 ਦੀ ਦੇਸ਼-ਵੰਡ ਤੋਂ ਪੈਦਾ ਹੋਈ ਕਤਲ-ਓ-ਗਾਰਤ ਦੀ ਉਪਜ ਸੀ। ਉਹ ਤਾਂ ਆਪਣੀ ਕਤਲ ਹੋਈ ਮੁਸਲਮਾਨ ਮਾਂ ਦੇ ਸਰ੍ਹਾਣੇ ਬੇਹੋਸ਼ੀ ਜਿਹੀ ਦੀ ਅਵਸਥਾ ਵਿਚ ਬੈਠਾ ਸੀ ਜਦੋਂ ਨੌਰੰਗ ਸਿੰਘ ਦਾ ਮਾਮਾ ਉਸ 'ਤੇ ਤਰਸ ਖਾ ਕੇ ਆਪਣੇ ਘਰ ਚੁੱਕ ਲਿਆਇਆ ਸੀ। ਉਸਨੇ ਅਨਾਥ ਬੱਚਾ ਆਪਣੀ ਘਰ ਵਾਲੀ ਨੂੰ ਫੜਾ ਕੇ ਏਨਾ ਹੀ ਕਿਹਾ ਸੀ ਕਿ ਜਿੱਥੇ ਹੋਰ ਪਲਦੇ ਹਨ, ਉਥੇ ਇਹ ਵੀ ਪਲ ਜਾਵੇਗਾ। ਸ਼ਾਮ ਸਿੰਘ ਸੱਚਮੁੱਚ ਏਸ ਤਰ੍ਹਾਂ ਹੀ ਪਲਿਆ ਸੀ। ਉਹ ਪਹਿਲੇ ਬੱਚਿਆਂ ਦਾ ਭਰਾ ਸੀ। ਉਨ੍ਹਾਂ ਦਾ ਭਰਾ ਹੋਣ ਨਾਤੇ ਉਹ ਪਿੰਡ ਦੇ ਸਾਰੇ ਹਮ ਉਮਰ ਬੱਚਿਆਂ ਦਾ ਭਰਾ ਸੀ। ਏਸ ਨਾਤੇ ਨੌਰੰਗ ਸਿੰਘ ਉਸ ਦੀ ਭੂਆ ਦਾ ਪੁੱਤ ਸੀ।

ਟੈਕਸੀ ਸਟੈਂਡ ਵਾਲੇ ਕੀ ਜਾਣਨ ਕਿ ਉਹ ਕੌਣ ਸੀ। ਉਹ ਹਰ ਰੋਜ਼ ਸੀਸ ਗੰਜ ਗੁਰਦੁਆਰੇ ਜਾਂਦਾ। ਟੈਕਸੀ ਵਿਚ ਸਵਾਰੀ ਬਿਠਾ ਕੇ ਕਿਸੇ ਵੀ ਗੁਰਦੁਆਰੇ ਦੇ ਅੱਗੋਂ ਦੀ ਲੰਘਦਾ ਤਾਂ ਸੀਟ 'ਤੇ ਬੈਠਿਆਂ ਹੀ ਸਿਰ ਨਿਵਾ ਕੇ ਨਤਮਸਤਕ ਹੁੰਦਾ। ਕੋਈ ਬੰਦਾ ਅਚੇਤ ਸਿੱਖਾਂ ਦਾ ਕੋਈ ਲਤੀਫਾ ਸੁਣਾ ਦਿੰਦਾ ਤਾਂ ਉਸਨੂੰ ਘਰ ਦੇ ਅਸਲੀ ਸਿੱਖ ਜੀਆਂ ਨਾਲੋਂ ਵੀ ਵੱਧ ਗੁੱਸਾ ਆਉਂਦਾ। ਉਹ ਸਿੱਖਾਂ ਦੀ ਉਪਜ ਸੀ। ਸਿੱਖੀ ਮਰਿਯਾਦਾ ਨਾਲ ਪਲਿਆ ਸੀ। ਉਸ ਦੇ ਗੁਰੂਆਂ ਨੇ ਹਰ ਤਰ੍ਹਾਂ ਦੇ ਅਨਿਆਂ ਵਿਰੁਧ ਕਿਰਪਾਨ ਚੁੱਕੀ ਸੀ। ਤੱਤੀ ਤਵੀ 'ਤੇ ਬੈਠੇ ਸਨ। ਮੀਰੀ ਤੇ ਪੀਰੀ ਨੂੰ ਬਰਾਬਰ ਦਾ ਸਥਾਨ ਦਿੱਤਾ ਸੀ। ਦਿੱਲੀ ਜਾ ਕੇ ਸੀਸ ਦਿੱਤਾ ਸੀ। ਚਮਕੌਰ ਦੀ ਗੜ੍ਹੀ ਵਿਚ ਮੁਸਲਮਾਨ ਜ਼ਾਲਮਾਂ ਨਾਲ ਟੱਕਰ ਲਈ ਸੀ। ਧਰਮ ਤੋਂ ਸੀਸ ਕੁਰਬਾਨ ਕੀਤੇ ਸਨ। ਸਰਬੰਸ ਵਾਰੇ ਸਨ।

ਨੌਰੰਗ ਸਿੰਘ ਦੇ ਮਾਮੇ ਦੇ ਸਕੇ ਪੁੱਤਰ ਇਨ੍ਹਾਂ ਗੱਲਾਂ ਵਿਚ ਓਨੀ ਦਿਲਚਸਪੀ ਨਹੀਂ ਸੀ ਲੈਂਦੇ, ਜਿੰਨੀ ਸ਼ਾਮ ਸਿੰਘ ਲੈਂਦਾ ਸੀ। ਨੌਰੰਗ ਸਿੰਘ ਜਾਣਦਾ ਸੀ ਕਿ ਉਹ ਡੋਲਣ ਵਾਲਾ ਨਹੀਂ ਸੀ। ਉਹ ਦੁਖੀਏ ਦਾ ਆਪਣਾ ਹੋ ਸਕਦਾ ਸੀ। ਜੇ ਉਸਨੂੰ ਦੁੱਖਾਂ ਦੀ ਸਾਰ ਲੈਣ ਵਾਲੇ ਮਿਲ ਗਏ ਸਨ ਤਾਂ ਉਹ ਵੀ ਤਾਂ ਦੁਖੀਏ ਜੀਵਾਂ ਦੀ ਸਾਰ ਲੈ ਸਕਦਾ ਸੀ। ਗੁਰਮੀਤ ਕੌਰ ਉਰਫ ਵੰਧਨਾ ਨਾਲ ਉਸ ਦੇ ਮੋਹ ਵਿਚ ਮਰਿਯਾਦਾ ਵੀ ਸ਼ਾਮਿਲ ਸੀ ਜਿਸ ਵਿਚ ਉਹ ਖੁਦ ਪਲਿਆ ਸੀ।

ਵਿਆਹੁਤਾ ਜੀਵਨ ਨੂੰ ਅਰੰਭ ਹੋਇਆਂ ਹਾਲੇ ਤਿੰਨ ਮਹੀਨੇ ਵੀ ਨਹੀਂ ਸਨ ਹੋਏ ਕਿ ਅਚਾਨਕ ਹੀ ਇਕ ਬੇਸੁਆਦੀ ਪੈਦਾ ਹੋ ਗਈ। ਕਮਜ਼ੋਰੀ ਦੇ ਪਲਾਂ ਵਿਚ ਉਹ ਆਪਣੀ ਪਤਨੀ ਨੂੰ ਦੱਸ ਬੈਠਾ ਕਿ ਉਹ ਕੌਣ ਸੀ ਤੇ ਕਿਹੋ ਜਿਹਾ ਸਿੱਖ ਸੀ। ਵੰਧਨਾ ਤੋਂ ਗੁਰਮੀਤ ਬਣੀ ਬੀਵੀ ਨੂੰ ਉਸਦੇ ਕੇਸ ਤੇ ਦਾੜ੍ਹੀ ਪਹਿਲਾਂ ਵੀ ਚੰਗੇ ਨਹੀਂ ਸਨ ਲਗਦੇ ਪਰ ਸ਼ਾਮ ਸਿੰਘ ਦਾ ਪਿਛੋਕੜ ਜਾਣਨ ਤੋਂ ਪਿੱਛੋਂ ਬਿਲਕੁਲ ਹੀ ਮਾੜੇ ਲੱਗਣ ਲੱਗ ਪਏ। ਸ਼ਾਮ ਸਿੰਘ ਨੂੰ ਆਪਣੇ ਵਾਲਾਂ ਦੇ ਮੁੜ੍ਹਕੇ ਵਿਚੋਂ ਉਸ ਤਰ੍ਹਾਂ ਦੀ ਗੰਧ ਨਹੀਂ ਸੀ ਆਉਂਦੀ ਜਿਸ ਤਰ੍ਹਾਂ ਦੀ ਬੀਵੀ ਨੂੰ ਆਉਂਦੀ ਸੀ।

ਉਦੋਂ ਤਕ ਸਭ ਕੁਝ ਹੀ ਠੀਕ ਸੀ ਜਦੋਂ ਤਕ ਘਰ ਵਾਲੀ ਦੀ ਹਉਮੈ ਨੇ ਉਸਨੂੰ ਇਹ ਤੁੱਖਣਾ ਨਹੀਂ ਸੀ ਦਿੱਤੀ ਕਿ ਉਹ ਸ਼ਾਮ ਸਿੰਘ ਨੂੰ ਕੇਸਾਂ ਤੋਂ ਮੁਕਤੀ ਲੈਣ ਲਈ ਰਜ਼ਾਮੰਦ ਕਰ ਸਕਦੀ ਸੀ। ਉਸ ਨੇ ਕਦੀ ਸੋਚਿਆ ਹੀ ਨਹੀਂ ਸੀ ਕਿ ਸ਼ਾਮ ਸਿੰਘ ਨੂੰ ਅਜਿਹਾ ਸੁਝਾਉ ਸੁਣਨ 'ਤੇ ਕਿੰਨਾ ਗੁੱਸਾ ਆ ਸਕਦਾ ਹੈ। ਉਸਨੂੰ ਜੋ ਕੁਝ ਵੀ ਮਿਲਿਆ ਸੀ, ਸਿੱਖ ਧਰਮ ਤੇ ਸਿੱਖੀ ਮਰਿਯਾਦਾ ਤੋਂ ਮਿਲਿਆ ਸੀ। ਪਾਲਣ-ਪੋਸਣ, ਰੋਜ਼ਗਾਰ ਤੇ ਘਰ ਪਰਿਵਾਰ। ਦਾੜ੍ਹੀ, ਕੇਸ ਤੇ ਪਗੜੀ ਤੋਂ ਸੱਖਣਾ ਸਰੂਪ ਉਹ ਆਪਣੇ ਲਈ ਚਿਤਵ ਨਹੀਂ ਸੀ ਸਕਦਾ। ਉਹ ਕੌਣ ਹੁੰਦੀ ਸੀ ਉਸਦੇ ਸਰੂਪ ਨਾਲ ਛੇੜਖਾਨੀ ਕਰਨ ਵਾਲੀ। ਸਿੱਖੀ ਦੇ ਅੰਦਰਲੇ ਗੁਣਾਂ ਨੂੰ ਸਮਝਣ ਵਿਚ ਉਸਨੂੰ ਪਤਾ ਨਹੀਂ ਕਿੰਨੇ ਸਾਲ ਲੱਗਣੇ ਸਨ। ਉਹ ਤਾਂ ਹੁਣ ਤੋਂ ਹੀ ਗਲਤ-ਮਲਤ ਸੋਚਣ ਲੱਗ ਪਈ ਸੀ। ਕੱਲ੍ਹ ਨੂੰ ਕੁਝ ਵੀ ਕਹਿ ਸਕਦੀ ਸੀ। ਆਪਣੀ ਔਲਾਦ ਨੂੰ ਸਿੱਖੀ ਤੋਂ ਦੂਰ ਲਿਜਾ ਸਕਦੀ ਸੀ। ਸ਼ਾਮ ਸਿੰਘ ਨੇ ਕਿਸੇ ਨੂੰ ਮੂੰਹ ਦਿਖਾਉਣ ਜੋਗਾ ਨਹੀਂ ਸੀ ਰਹਿਣਾ। ਉਹ ਆਪਣੀ ਮਾਂ ਨੂੰ, ਜਿਹੜੀ ਭਾਵੇਂ ਧਰਮ ਦੀ ਮਾਂ ਹੀ ਸੀ, ਕਿਵੇਂ ਮਿਲੇਗਾ। ਉਸ ਮਾਂ ਨੂੰ ਜਿਸ ਨੇ ਉਸਨੂੰ ਆਪਣੇ ਬੱਚਿਆਂ ਨਾਲੋਂ ਵੱਧ ਪਿਆਰ ਨਾਲ ਪਾਲਿਆ ਸੀ, ਵਧੇਰੇ ਚੰਗੀ ਰਹਿਤ ਮਰਯਾਦਾ ਦਿੱਤੀ ਸੀ, ਵਧੇਰੇ ਪੱਕਾ ਸਿੱਖ ਬਣਾਇਆ ਸੀ।

ਉਸਨੇ ਫੈਸਲਾ ਕੀਤਾ ਕਿ ਉਹ ਨਵੀਂ ਬਣੀ ਬੀਵੀ ਨੂੰ ਆਪਣੇ ਘਰੋਂ ਕੱਢ ਦੇਵੇਗਾ। ਉਸਨੂੰ ਆਪਣੀ ਮੁੰਬਈ ਚਲੇ ਜਾਣਾ ਚਾਹੀਦਾ ਸੀ। ਪਤਾ ਨਹੀਂ ਕਿਹੜੀ ਮੋਰੀ ਦੀ ਇੱਟ ਚੁਬਾਰੇ ਨੂੰ ਆ ਲੱਗੀ ਸੀ। ਇਹੋ ਜਿਹੇ ਵਿਆਹੁਤਾ ਸਾਥ ਨਾਲੋਂ ਤਾਂ ਉਹ ਕੰਵਾਰਾ ਹੀ ਚੰਗਾ ਸੀ। ਸ਼ਾਮ ਸਿੰਘ ਨੇ ਉਸ ਨੂੰ ਆਪਣੀ ਟੈਕਸੀ ਵਿਚ ਬਿਠਾਇਆ ਤੇ ਨੌਰੰਗ ਸਿੰਘ ਦੇ ਘਰ ਅੱਗੇ ਉਤਾਰ ਦਿੱਤਾ। ਜਾਵੇ ਜਿੱਥੇ ਜਾਣਾ ਚਾਹੁੰਦੀ ਏ, ਉਸਨੇ ਕਿਹਾ ਸੀ।

ਜਦੋਂ ਤਕ ਉਹ ਟੈਕਸੀ ਲੈ ਕੇ ਸਟੇਸ਼ਨ ਵਾਲੇ ਸਟੈਂਡ 'ਤੇ ਪਹੁੰਚਿਆ, ਉਹਦਾ ਚਿਹਰਾ ਪੂਰਾ ਲਾਲ ਹੋ ਚੁਕਾ ਸੀ। ਨੌਰੰਗ ਸਿੰਘ ਨੂੰ ਪਤਾ ਲੱਗਾ ਤਾਂ ਉਸਨੂੰ ਵੀ ਗੁੱਸਾ ਆ ਗਿਆ। ਉਹ ਕੌਣ ਹੁੰਦੀ ਸੀ ਉਹਦੀ ਮਾਮੀ ਵਲੋਂ ਦਿੱਤੀ ਮਰਿਯਾਦਾ ਨੂੰ ਠੁੱਡਾ ਮਾਰਨ ਵਾਲੀ। ਨੌਰੰਗ ਸਿੰਘ, ਸ਼ਾਮੇ ਨੂੰ ਸਟੇਸ਼ਨ 'ਤੇ ਹੀ ਛੱਡ ਖੁਦ ਆਪਣੇ ਘਰ ਪੁੱਜਾ। ਉਸਦੀ ਪਤਨੀ ਨੇ ਪਹਿਲਾਂ ਹੀ ਗੁਰਮੀਤ ਨੂੰ ਸਮਝਾ-ਬੁਝਾ ਦਿੱਤਾ ਸੀ। ਉਹ ਨੌਰੰਗ ਸਿੰਘ ਨੂੰ ਦੇਖਦੇ ਸਾਰ ਹੀ ਉਸਦੇ ਪੈਰੀ ਢਹਿ ਪਈ ਤੇ ਉਸਨੇ ਆਪਣੀ ਗਲਤੀ ਦੀ ਮੁਆਫ਼ੀ ਮੰਗ ਲਈ।

ਗੁਰਮੀਤ ਕੌਰ ਤੇ ਸ਼ਾਮ ਸਿੰਘ ਨੂੰ ਇਕੱਠੇ ਰਹਿੰਦਿਆਂ ਦੋ ਦਹਾਕੇ ਤੋਂ ਵੱਧ ਹੋ ਚੁੱਕੇ ਸਨ, ਜਦ ਰਾਜਧਾਨੀ ਦਿੱਲੀ ਵਿਚ ਇੰਦਰਾ ਗਾਂਧੀ ਦੀ ਹੱਤਿਆ ਹੋ ਗਈ। ਇਹ ਹੱਤਿਆ ਉਸਦੇ ਸਿੱਖ ਬਾਡੀਗਾਰਡਾਂ ਨੇ ਕੀਤੀ ਸੀ। ਉਹ ਨੀਲਾ ਤਾਰਾ ਅਪਰੇਸ਼ਨ ਸਮੇਂ ਹਰਿਮੰਦਰ ਸਾਹਿਬ ਦੀ ਹੋਈ ਬੇਅਦਬੀ ਤੋਂ ਦੁਖੀ ਸਨ। ਦੇਸ਼ ਦੀ ਸ਼ਕਤੀਸ਼ਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਉਸਦੇ ਸਿੱਖ ਬਾਡੀਗਾਰਡਾਂ ਵਲੋਂ ਹੋਣ ਦੀ ਖਬਰ ਨੇ ਸਮੁੱਚੇ ਭਾਰਤ ਨੂੰ ਨੀਲਾ ਤਾਰਾ ਅਪਰੇਸ਼ਨ ਤੋਂ ਵੀ ਵੱਧ ਝੰਜੋੜ ਕੇ ਰੱਖ ਦਿੱਤਾ। ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਦੁੱਖ ਕੇਵਲ ਸਿੱਖ ਮਨਾਂ ਵਿਚ ਧੁਖਣ ਵਾਲਾ ਸੀ ਪਰ ਸਿੱਖ ਬਾਡੀਗਾਰਡਾਂ ਵਲੋਂ ਕੀਤੀ ਇੰਦਰਾ ਗਾਂਧੀ ਦੀ ਹੱਤਿਆ ਨੇ ਭਾਰਤ ਦੀ ਸਾਰੀ ਹਿੰਦੂ ਵਸੋਂ ਦੀਆਂ ਨਜ਼ਰਾਂ ਵਿਚ ਹਰ ਸਿੱਖ ਹਤਿਆਰਾ ਬਣਾ ਦਿੱਤਾ।

ਹੱਤਿਆ ਤੋਂ ਤੁਰੰਤ ਪਿੱਛੋਂ ਦਿੱਲੀ, ਮੁੰਬਈ, ਕਾਨਪੁਰ, ਕੋਲਕਾਤਾ ਦੇ ਸਭ ਉਨ੍ਹਾਂ ਥਾਵਾਂ 'ਤੇ ਜਿੱਥੇ ਵੀ ਸਿੱਖ ਵਸੇ ਹੋਏ ਸਨ, ਕਾਲੀ ਬੋਲੀ ਹਨੇਰੀ ਝੁੱਲ ਗਈ। ਦੰਗਾਕਾਰੀ ਹਰ ਉਸ 'ਤੇ ਵਰ੍ਹ ਪਏ ਜਿਸ ਨੇ ਵੀ ਦਾੜ੍ਹੀ ਰੱਖੀ ਹੋਈ ਸੀ ਤੇ ਸਿਰ 'ਤੇ ਪੱਗ ਜਾਂ ਪਟਕਾ ਬੱਧਾ ਹੋਇਆ ਸੀ। ਸਕੂਲਾਂ ਵਿਚੋਂ ਪੜ੍ਹ ਕੇ ਘਰਾਂ ਨੂੰ ਜਾ ਰਹੇ ਸਿੱਖ ਬੱਚੇ ਵੀ ਨਹੀਂ ਬਖਸ਼ੇ ਗਏ। ਸਿੱਖ ਦੁਕਾਨਦਾਰਾਂ ਤੇ ਉਦਯੋਗਪਤੀਆਂ ਦੇ ਘਰਾਂ ਤੇ ਦੁਕਾਨਾਂ ਨੂੰ ਅੱਗਾਂ ਲਾਈਆਂ ਗਈਆਂ। ਦੰਗਾਕਾਰੀਆਂ ਦੀ ਕਿਸੇ ਸਿੱਖ ਨਾਲ ਕੋਈ ਦੁਸ਼ਮਣੀ ਨਹੀਂ ਸੀ ਪਰ ਉਨ੍ਹਾਂ ਨੂੰ ਦੁਕਾਨਾਂ ਵਿਚ ਪਿਆ ਕੀਮਤੀ ਮਾਲ ਤੇ ਘਰਾਂ ਦਾ ਸਾਜ਼ੋ-ਸਾਮਾਨ ਲਾਵਾਰਿਸ ਦਿਖਾਈ ਦੇਣ ਲੱਗ ਪਿਆ। ਸਮੁੱਚੀ ਸਿੱਖ ਕੌਮ ਉਸੇ ਤਰ੍ਹਾਂ ਨਿਹੱਥੀ ਹੋ ਗਈ ਜਿਵੇਂ ਹੱਤਿਆ ਦੀ ਘੜੀ ਇੰਦਰਾ ਗਾਂਧੀ। ਸਿੱਖਾਂ ਕੋਲ ਭੜਕੇ ਹੋਏ ਤੇ ਲਾਲਚੀਆਂ ਅੱਖਾਂ ਵਾਲੇ ਹਜੂਮ ਦਾ ਟਾਕਰਾ ਕਰਨ ਦੀ ਹਿੰਮਤ

ਨਹੀਂ ਸੀ।

ਸ਼ਾਮ ਸਿੰਘ ਤੇ ਗੁਰਮੀਤ ਕੌਰ ਹੁਣ ਤੱਕ ਤਿੰਨ ਪੁੱਤਰਾਂ ਤੇ ਦੋ ਧੀਆਂ ਦੇ ਮਾਪੇ ਹੋ ਚੁੱਕੇ ਸਨ। ਉਸਨੂੰ ਵੰਧਨਾ ਤੋਂ ਗੁਰਮੀਤ ਕੌਰ ਹੋਇਆਂ ਵੀਹ ਸਾਲ ਹੋ ਗਏ ਸਨ। ਸਿੱਖੀ ਮਰਿਯਾਦਾ ਦੀ ਬੱਧੀ ਗੁਰਮੀਤ ਕੌਰ ਨੇ ਆਪਣੇ ਪੁੱਤਾਂ-ਧੀਆਂ ਦੇ ਸਿੱਖੀ ਸਰੂਪ ਨੂੰ ਪੂਰੀ ਤਰ੍ਹਾਂ ਕਾਇਮ ਰੱਖਿਆ ਸੀ। ਉਹ ਖੁਦ ਦੋ ਵੇਲੇ ਗੁਰਦੁਆਰੇ ਮੱਥਾ ਟੇਕਣ ਜਾਂਦੀ। ਸ਼ਾਮ ਸਿੰਘ ਟੈਕਸੀ ਦੇ ਮਾਮੂਲੀ ਡਰਾਈਵਰ ਤੋਂ ਉਠ ਕੇ ਦੋ ਟੈਕਸੀਆਂ ਦਾ ਮਾਲਕ ਬਣ ਚੁੱਕਿਆ ਸੀ। ਵੰਧਨਾ ਨੂੰ ਪੂਰਾ ਯਕੀਨ ਹੋ ਗਿਆ ਸੀ ਕਿ ਇਹ ਸਭ ਕੁਝ ਵਾਹਿਗੁਰੂ ਦੀ ਦੇਣ ਸੀ। ਇਕ ਗਰੀਬੜੀ ਕੋਂਕਨ ਕੁੜੀ ਦਾ ਟੈਕਸੀ ਮਾਲਕ ਦੀ ਪਤਨੀ ਹੋਣਾ ਤੇ ਆਪਣੇ ਬੱਚਿਆਂ ਦੀ ਸਾਂਭ ਸੰਭਾਲ ਤੇ ਪੜ੍ਹਾਈ ਲਿਖਾਈ ਦੇ ਪੂਰਨ ਵਸੀਲਿਆਂ ਦੀ ਮਾਲਕ ਹੋਣਾ ਉਪਰ ਵਾਲੇ ਦੀ ਕਿਰਪਾ ਤੋਂ ਬਿਨਾਂ ਸੰਭਵ ਨਹੀਂ ਸੀ। ਇਸ ਉਪਰ ਵਾਲੇ ਦਾ ਸਰੂਪ ਨਾ ਹੀ ਅੱਲਾ ਮੀਆਂ ਵਰਗਾ ਸੀ, ਨਾ ਹੀ ਮਰੀਅਮ ਦੇ ਜਾਏ ਈਸਾ ਵਰਗਾ ਤੇ ਨਾ ਹੀ ਰਾਮ, ਕ੍ਰਿਸ਼ਨ, ਭਗਵਾਨ ਬੁੱਧ ਤੇ ਜੈਨ ਮੁਨੀ ਵਰਗਾ। ਉਹ ਵਾਹਿਗੁਰੂ ਤੋਂ ਸਿਵਾ ਹੋਰ ਕੋਈ ਹੋ ਹੀ ਨਹੀਂ ਸਕਦਾ। ਸਤਿਗੁਰੂ ਸੱਚੇ ਪਾਤਸ਼ਾਹ ਦੀ ਮਿਹਰ ਸੀ ਤੇ ਉਸੇ ਦੀਆਂ ਦਿੱਤੀਆਂ ਬਰਕਤਾਂ। ਬਰਕਤਾਂ ਦੇਣ ਵਾਲਾ ਵੀ ਕੋਈ ਇਕ ਨਹੀਂ ਸੀ। ਦਸ ਪਾਤਸ਼ਾਹੀਆਂ, ਚਾਲੀ ਮੁਕਤੇ, ਅਨੇਕ ਸ਼ਹੀਦ ਸਿੰਘ, ਸਿੰਘਣੀਆਂ ਤੇ ਸਾਹਿਬਜ਼ਾਦੇ। ਉਸਨੂੰ ਆਪਣੇ ਪਟਕਾਧਾਰੀ ਪੁੱਤਰਾਂ ਦੇ ਚਿਹਰੇ 'ਤੇ ਉਹੀਓ ਲਾਲੀ ਦਿਖਾਈ ਦਿੰਦੀ ਜਿਹੜੀ ਉਹ ਤਸਵੀਰਾਂ ਵਿਚ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ ਵਿਚ ਦੇਖਦੀ ਸੀ। ਘਰ ਦੀਆਂ ਬਜ਼ੁਰਗ ਇਸਤਰੀਆਂ ਤੋਂ ਉਸਨੂੰ ਗੁਰੂ ਸਾਹਿਬਾਂ ਦੀ ਬਰਾਬਰੀ ਵਾਲੀ ਸੋਚ ਰੱਖਣ 'ਤੇ ਝਾੜ ਵੀ ਪੈ ਚੁੱਕੀ ਸੀ ਪਰ ਉਹ ਏਸ ਤਰ੍ਹਾਂ ਸੋਚੇ ਬਿਨਾਂ ਰਹਿ ਨਹੀਂ ਸੀ ਸਕਦੀ। ਆਪਣੇ ਘਰ ਦੇ ਕਿਸੇ ਜੀਵ ਵਿਚੋਂ ਰੱਬ ਰੂਪੀ ਜੀਵਾਂ ਦਾ ਰੂਪ ਦੇਖਣਾ ਬੇਅਦਬੀ ਮੰਨੀ ਜਾਂਦੀ ਸੀ। ਪਰ ਜ਼ਿੰਦਗੀ ਵਿਚ ਪ੍ਰਾਪਤ ਹੋਈਆਂ ਬਰਕਤਾਂ ਨੇ ਉਸਦੇ ਵਿਸ਼ਵਾਸਾਂ ਨੂੰ ਚੁੰਧਿਆਉਣ ਵਿਚ ਬੜਾ ਹਿੱਸਾ ਪਾਇਆ। ਉਹ ਤਾਂ ਆਪਣੇ ਪਤੀ ਸ਼ਾਮ ਸਿੰਘ ਦੀ ਸੰਘਣੀ ਭਰਵੀਂ ਦਾੜ੍ਹੀ ਤੇ ਕੁੰਢੀਆਂ ਮਰਦਾਵੀਆਂ ਮੁੱਛਾਂ ਵਿਚੋਂ ਬਾਬਾ ਬੰਦਾ ਸਿੰਘ ਬਹਾਦਰ ਦਾ ਰੂਪ ਦੇਖਣ ਲੱਗ ਪਈ ਸੀ। ਬੰਦਾ ਬਹਾਦਰ ਨੂੰ ਸਰਹੰਦ ਦੀ ਇੱਟ ਨਾਲ ਇੱਟ ਵਜਾਉਣ ਦੀ ਸ਼ਕਤੀ ਕੇਸਾਂ ਸੁਆਸਾਂ ਨੇ ਦਿੱਤੀ ਸੀ, ਉਸਦਾ ਵਿਸ਼ਵਾਸ ਸੀ।

ਵੰਧਨਾ ਤੋਂ ਗੁਰਮੀਤ ਕੌਰ ਬਣੀ ਸ਼ਾਮ ਸਿੰਘ ਦੀ ਪਤਨੀ ਨੇ ਇਹ ਪ੍ਰਭਾਵ ਵੀਹ ਸਾਲ ਦੀ ਉਮਰ ਤੋਂ ਪਿੱਛੋਂ ਗ੍ਰਹਿਣ ਕੀਤੇ ਸਨ। ਅਜਿਹੀ ਭਾਵਨਾ ਤੇ ਵਿਸ਼ਵਾਸ ਪੈਦਾ ਕਰਨ ਵਿਚ ਸ਼ਾਮ ਸਿੰਘ ਤੇ ਨੌਰੰਗ ਸਿੰਘ ਦੇ ਨਾਨਕਿਆਂ ਦਾ ਬੜਾ ਹੱਥ ਸੀ। ਪਰ ਇੰਦਰਾ ਦੀ ਹੱਤਿਆ ਤੋਂ ਪਿੱਛੋਂ ਹੋਏ ਸਿੱਖਾਂ ਦੇ ਕਤਲੇਆਮ ਨੇ ਉਸ ਦੇ ਇਸ ਵਿਸ਼ਵਾਸ ਨੂੰ ਬੜੀ ਠੇਸ ਲਾਈ। ਕੇਸ ਤੇ ਪਗੜੀ ਰੱਖਿਆ ਕਰਨ ਦੀ ਥਾਂ ਸਿੱਖਾਂ ਦੀ ਜਾਨ ਦਾ ਖਾਓ ਬਣ ਚੁੱਕੇ ਸਨ। ਸਿੱਖਾਂ ਦੇ ਪਛਾਣ-ਚਿੰਨ੍ਹ ਕਿਸੇ ਵੀ ਸਿੱਖ ਦੀ ਹੱਤਿਆ ਲਈ ਸੱਦਾ ਦਿੰਦੇ ਸਨ। ਉਹ ਬੱਚਾ ਸੀ, ਜਵਾਨ ਜਾਂ ਬੁੱਢਾ, ਉਸਦਾ ਸ਼ਕਲੋਂ-ਸੂਰਤੋਂ ਸਿੱਖ ਹੋਣਾ ਮੌਤ ਨੂੰ ਆਵਾਜ਼ ਮਾਰਦਾ ਸੀ। ਸਿੱਖਾਂ ਦੇ ਬੱਚਿਆਂ ਤੱਕ ਨੂੰ ਕਤਲ ਕੀਤੇ ਜਾਣ ਦੀਆਂ ਖਬਰਾਂ ਆ ਰਹੀਆਂ ਸਨ। ਗਵਾਂਢੀ ਇਨ੍ਹਾਂ ਖਬਰਾਂ ਨੂੰ ਹੋਰ ਵੀ ਵਧਾ-ਚੜ੍ਹਾ ਕੇ ਪੇਸ਼ ਕਰ ਰਹੇ ਸਨ।

ਗੁਰਮੀਤ ਕੌਰ ਦੇ ਮਨ ਦੇ ਚਿੱਤਰ-ਪਟ 'ਤੇ ਸ਼ਾਮ ਸਿੰਘ ਦੀ ਦੱਸੀ ਇਕ ਬਹੁਤ ਪੁਰਾਣੀ ਯਾਦ ਆ ਗਈ। ਸ਼ਾਮ ਸਿੰਘ ਦੇ ਪਾਲਕਾਂ ਨੇ ਦੱਸਿਆ ਸੀ ਕਿ ਸ਼ਾਮ ਸਿੰਘ ਦਾ ਅਸਲੀ ਪਿਤਾ ਇਸ ਲਈ ਮਾਰਿਆ ਗਿਆ ਸੀ ਕਿ ਉਸ ਨੇ ਫਸਾਦੀਆਂ ਦੀ ਆਮਦ ਸਮੇਂ ਆਪਣੇ ਸਿਰ 'ਤੇ ਪੀਲਾ ਪਟਕਾ ਬੰਨ੍ਹਿਆ ਹੋਇਆ ਸੀ। ਉਸ ਦੀ ਮਾਂ ਦੇ ਕਤਲ ਹੋਣ ਦਾ ਕਾਰਨ ਵੀ ਉਸ ਦੇ ਸਿਰ 'ਤੇ ਲਈ ਹੋਈ ਪੀਲੀ ਚੁੰਨੀ ਹੀ ਸੀ। ਸ਼ਾਮ ਸਿੰਘ ਨੂੰ ਦੱਸਿਆ ਗਿਆ ਸੀ ਕਿ 1947 ਵਿਚ ਸੁਤੰਤਰਤਾ ਦਾ ਐਲਾਨ ਹੁੰਦੇ ਸਾਰ ਮੁਸਲਮਾਨਾਂ ਨੂੰ ਨਵੇਂ ਬਣੇ ਪਾਕਿਸਤਾਨ ਵਿਚ ਭੇਜੇ ਜਾਣ ਦੀ ਮੰਗ ਏਨਾ ਜ਼ੋਰ ਫੜ ਗਈ ਸੀ ਕਿ ਹਰ ਮੁਸਲਮਾਨ ਰਾਤੋ-ਰਾਤ ਦੁਸ਼ਮਣ ਦਿਖਾਈ ਦੇਣ ਲੱਗ ਪਿਆ ਸੀ।

ਮੁਸਲਮਾਨ ਮਰਦ ਅਤੇ ਔਰਤਾਂ ਦਿੱਖ ਵਜੋਂ ਹਿੰਦੂਆਂ ਨਾਲੋਂ ਵੱਖਰੇ ਨਹੀਂ ਸਨ। ਉਨ੍ਹਾਂ ਨੂੰ ਭਾਰਤ ਵਿਚਲੇ ਘਰਾਂ ਤੋਂ ਬੇਘਰ ਹੋਣ ਤੋਂ ਬਚਾਈ ਰੱਖਣ ਲਈ ਸਿੱਖ ਹੋ ਜਾਣ ਦੀ ਸਲਾਹ ਦਿੱਤੀ ਜਾਂਦੀ। ਉਨ੍ਹਾਂ ਨੇ ਆਪਣੀ ਜ਼ਮੀਨ ਤੇ ਜਾਇਦਾਦ ਵਿਚ ਟਿਕੇ ਰਹਿਣ ਦੇ ਲਾਲਚ ਵਸ ਸਿੰਘ ਸੱਜਣਾ ਪ੍ਰਵਾਨ ਕਰ ਲਿਆ। ਉਹ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਉਨ੍ਹਾਂ ਦੇ ਹੱਥ ਵਿਚ ਕੜੇ ਲਿਸ਼ਕਾਂ ਮਾਰਦੇ ਤੇ ਸਿਰਾਂ 'ਤੇ ਪੀਲੀਆਂ ਪੱਗਾਂ ਤੇ ਚੁੰਨੀਆਂ। ਉਨ੍ਹਾਂ ਦੀ ਨਵੀਂ ਸੱਜ-ਧੱਜ ਕਾਰਨ ਉਹ ਪਛਾਨਣੇ ਸੌਖੇ ਹੋ ਗਏ ਸਨ। ਸ਼ਾਮ ਸਿੰਘ ਦੀ ਮਾਂ ਤੇ ਪਿਉ ਦੀ ਸੱਜਰੀ ਪਛਾਣ ਹੀ ਉਨ੍ਹਾਂ ਦੀ ਮੌਤ ਦਾ ਕਾਰਨ ਬਣੀ।

ਗੁਰਮੀਤ ਕੌਰ ਕੋਲ ਸ਼ਾਮ ਸਿੰਘ ਦੇ ਮਾਪਿਆਂ ਦੀ ਕਹਾਣੀ ਸ਼ਾਮ ਸਿੰਘ ਰਾਹੀਂ ਪਹੁੰਚੀ ਸੀ। ਉਸ ਨੇ ਖੁਦ ਹੀ ਦੇਸ਼-ਵੰਡ ਵੇਲੇ ਦੀ ਵਹਿਸ਼ਤ ਨੂੰ ਚਿਤਰਨ ਲਈ ਇਹ ਗੱਲ ਆਪਣੀ ਪਤਨੀ ਨੂੰ ਦੱਸੀ ਸੀ। ਉਦੋਂ ਮੁੰਬਈ ਵਿਚ ਉਹ ਕੁਝ ਨਹੀਂ ਸੀ ਹੋਇਆ ਜੋ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿਚ ਹੋਇਆ ਸੀ। ਉਹ 1947 ਤੋਂ ਪਿੱਛੋਂ ਜੰਮੀ ਸੀ ਤੇ ਉਸ ਦੇ ਮਾਪਿਆਂ ਨੂੰ ਏਸ ਤਰ੍ਹਾਂ ਦੇ ਕਿਸੇ ਸੰਕਟ ਦਾ ਸ਼ਿਕਾਰ ਨਹੀਂ ਸੀ ਹੋਣਾ ਪਿਆ।

ਖਬਰਾਂ ਤੇ ਏਧਰ-ਓਧਰ ਦੀਆਂ ਅਫਵਾਹਾਂ ਨੇ ਗੁਰਮੀਤ ਕੌਰ ਨੂੰ ਸਿਰ ਤੋਂ ਪੈਰਾਂ ਤਕ ਝੰਜੋੜ ਕੇ ਰੱਖ ਦਿੱਤਾ। ਉਸ ਦੇ ਜਿਗਰ ਦੇ ਟੋਟੇ ਦੰਗਾਕਾਰੀਆਂ ਦੀ ਵਹਿਸ਼ਤ ਦਾ ਸ਼ਿਕਾਰ ਹੋ ਸਕਦੇ ਸਨ। ਬਾਹਰੋਂ ਉਸਦੇ ਪਤੀ ਦਾ ਰਾਜ਼ੀ-ਖੁਸ਼ੀ ਪਰਤਣਾ ਵੀ ਖਤਰੇ ਵਿਚ ਸੀ। ਬੱਚਿਆਂ ਨੂੰ ਸੁਰੱਖਿਅਤ ਕਰਨ ਦੀ ਭਾਵਨਾ ਨੇ ਅਚੇਤ ਹੀ ਗੁਰਮੀਤ ਦੇ ਹੱਥ ਕਪੜੇ ਸਿਊਣ ਵਾਲੀ ਮਸ਼ੀਨ ਵਿਚੋਂ ਵੱਡੀ ਕੈਂਚੀ ਚੁਕਵਾਈ ਤੇ ਉਸਨੇ ਤਿੰਨਾਂ ਪੁੱਤਰਾਂ ਦੇ ਸਿਰ ਦੇ ਵਾਲ ਪਲਾਂ ਛਿਣਾਂ ਵਿਚ ਕੱਟ ਕੇ ਧਰਤੀ 'ਤੇ ਦੇ ਮਾਰੇ। ਏਸੇ ਕੈਂਚੀ ਨਾਲ ਉਸ ਨੇ ਆਪਣੀਆਂ ਦੋਨੋਂ ਧੀਆਂ ਦੀਆਂ ਗੁੱਤਾਂ ਵੀ ਕੱਟ ਛੱਡੀਆਂ। ਕੱਲ੍ਹ ਨੂੰ ਉਨ੍ਹਾਂ ਨੇ ਪਟੇ ਕਿੰਨੇ ਕੁ ਵੱਡੇ ਰੱਖਣੇ ਹਨ, ਉਨ੍ਹਾਂ ਦੀ ਮਰਜ਼ੀ 'ਤੇ ਸੀ। ਗੁਰਮੀਤ ਦਾ ਅੰਦਰਲਾ ਮਨ ਏਨਾ ਡਰ ਗਿਆ ਸੀ ਕਿ ਉਸਨੇ ਕਿਸੇ ਬੱਚੇ ਨੂੰ ਕੁਸਕਣ ਨਹੀਂ ਦਿੱਤਾ। ਏਥੋਂ ਤੱਕ ਕਿ ਉਨ੍ਹਾਂ ਦੇ ਕੱਟੇ ਹੋਏ ਵਾਲਾਂ ਨੂੰ ਵੀ ਚੁੱਲ੍ਹੇ ਅੱਗ ਬਾਲ ਕੇ ਫਟਾਫਟ ਸਾੜ ਛੱਡਿਆ ਤਾਂ ਕਿ ਕਿਸੇ ਦੀ ਨਜ਼ਰ ਪਿਆਂ ਉਨ੍ਹਾਂ ਦੇ ਸਿੱਖ ਹੋਣ ਦਾ ਸਬੂਤ ਨਾ ਮਿਲ ਜਾਵੇ।

> *ਬੱਚਿਆਂ ਨੂੰ ਸੁਰੱਖਿਅਤ ਕਰਨ ਦੀ ਭਾਵਨਾ ਨੇ ਅਚੇਤ ਹੀ ਗੁਰਮੀਤ ਦੇ ਹੱਥ ਕਪੜੇ ਸਿਉਣ ਵਾਲੀ ਮਸ਼ੀਨ ਵਿਚੋਂ ਵੱਡੀ ਕੈਂਚੀ ਚੁਕਵਾਈ ਤੇ ਉਸਨੇ ਤਿੰਨਾਂ ਪੁੱਤਰਾਂ ਦੇ ਸਿਰ ਦੇ ਵਾਲ ਪਲਾਂ ਛਿਣਾਂ ਵਿਚ ਕੱਟ ਕੇ ਧਰਤੀ 'ਤੇ ਦੇ ਮਾਰੇ। ਏਸੇ ਕੈਂਚੀ ਨਾਲ ਉਸ ਨੇ ਆਪਣੀਆਂ ਦੋਨੋਂ ਧੀਆਂ ਦੀਆਂ ਗੁੱਤਾਂ ਵੀ ਕੱਟ ਛੱਡੀਆਂ। ਕੱਲ੍ਹ ਨੂੰ ਉਨ੍ਹਾਂ ਨੇ ਪਟੇ ਕਿੰਨੇ ਕੁ ਵੱਡੇ ਰੱਖਣੇ ਹਨ, ਉਨ੍ਹਾਂ ਦੀ ਮਰਜ਼ੀ 'ਤੇ ਸੀ। ਗੁਰਮੀਤ ਦਾ ਅੰਦਰਲਾ ਮਨ ਏਨਾ ਡਰ ਗਿਆ ਸੀ ਕਿ ਉਸਨੇ ਕਿਸੇ ਬੱਚੇ ਨੂੰ ਕੁਸਕਣ ਨਹੀਂ ਦਿੱਤਾ। ਏਥੋਂ ਤੱਕ ਕਿ ਉਨ੍ਹਾਂ ਦੇ ਕੱਟੇ ਹੋਏ ਵਾਲਾਂ ਨੂੰ ਵੀ ਚੁੱਲ੍ਹੇ ਅੱਗ ਬਾਲ ਕੇ ਫਟਾਫਟ ਸਾੜ ਛੱਡਿਆ ਤਾਂ ਕਿ ਕਿਸੇ ਦੀ ਨਜ਼ਰ ਪਿਆਂ ਉਨ੍ਹਾਂ ਦੇ ਸਿੱਖ ਹੋਣ ਦਾ ਸਬੂਤ ਨਾ ਮਿਲ ਜਾਵੇ।*

ਗੁਰਮੀਤ ਕੌਰ ਦੀ ਚਿੰਤਾ ਕਾਫੀ ਹੱਦ ਤਕ ਘਟ ਗਈ ਸੀ ਪਰ ਪੂਰੀ ਦੀ ਪੂਰੀ ਨਹੀਂ। ਦੰਗਾਕਾਰੀਆਂ ਕੋਲ ਸਿੱਖ ਘਰਾਂ ਦੇ ਸਿਰਨਾਵੇਂ ਸਨ। ਉਹ ਘਰਾਂ ਵਿਚ ਜਾ ਕੇ ਤਲਾਸ਼ੀਆਂ ਵੀ ਲੈਂਦੇ ਸਨ। ਉਸ ਦੇ ਘਰ ਦਾ ਕੋਨਾ-ਕੋਨਾ ਸਿੱਖ ਸੀ। ਉਸਨੇ ਸਿੱਖ ਗੁਰੂਆਂ ਦੀਆਂ ਤਸਵੀਰਾਂ, ਗੁਰਦੁਆਰਿਆਂ ਵਾਲੇ ਕੈਲੰਡਰ ਵੀ ਚੁੱਲ੍ਹੇ ਦੀ ਅੱਗ ਨੂੰ ਭੇਟ ਕਰ ਦਿੱਤੇ। ਕੁੰਢੀਆਂ ਮੁੱਛਾਂ ਤੇ ਭਰਵੀਂ ਦਾੜ੍ਹੀ ਵਾਲਾ ਉਸਦਾ ਪਗੜੀਧਾਰੀ ਪਤੀ ਬਾਹਰੋਂ ਨਹੀਂ ਸੀ ਪਰਤਿਆ। ਸ਼ਾਮ ਤੱਕ ਅਫਵਾਹਾਂ ਦਾ ਰੰਗ ਪਹਿਲਾਂ ਨਾਲੋਂ ਹੋਰ ਵਹਿਸ਼ੀ ਹੋ ਗਿਆ। ਘੁਸਰ-ਮੁਸਰ ਤੋਂ ਪਤਾ ਲਗਦਾ ਕਿ ਜਰਨੈਲੀ ਸੜਕ 'ਤੇ ਤੁਰੇ ਜਾਂਦੇ ਟਰੱਕਾਂ ਨੂੰ ਰੋਕ ਕੇ ਉਨ੍ਹਾਂ ਦੇ ਸਿੱਖ ਡਰਾਈਵਰਾਂ ਤੇ ਕੰਡਕਟਰਾਂ ਦੇ ਗਲ਼ਾਂ ਵਿਚ ਟਾਇਰ ਪਾ ਕੇ ਉਨ੍ਹਾਂ ਨੂੰ ਅੱਗ ਲਾਈ ਜਾ ਰਹੀ ਸੀ। ਟਰੱਕਾਂ ਦਾ ਮਾਲ ਲੁੱਟਿਆ ਤੇ ਵੇਚਿਆ ਜਾ ਰਿਹਾ ਸੀ। ਦੰਗਾਕਾਰੀ ਏਦਾਂ ਘੁੰਮ ਰਹੇ ਸਨ ਜਿਵੇਂ ਸਭ ਕਾਸੇ ਦੇ ਉਹੀਓ ਮਾਲਕ ਹੋਣ।

ਸ਼ਾਮ ਸਿੰਘ ਵੀ ਗੱਡੀਆਂ ਵਾਲਾ ਸੀ। ਉਸ ਦੀ ਇਕ ਟੈਕਸੀ ਦਾ ਡਰਾਈਵਰ ਸਿੱਖ ਸੀ ਤੇ ਦੂਜੀ ਉਹ ਖੁਦ ਚਲਾਉਂਦਾ ਸੀ। ਜੇ ਸਿੱਖ ਡਰਾਈਵਰ ਨੇ ਸਿਆਣਪ ਵਰਤ ਕੇ ਛੁੱਟੀ ਕਰ ਲਈ ਹੋਵੇ ਤਾਂ ਦੋਵੇਂ ਗੱਡੀਆਂ ਸ਼ਾਮ ਸਿੰਘ ਨੇ ਸਾਂਭਣੀਆਂ ਸਨ। ਉਹ ਕਿਹੜੀ-ਕਿਹੜੀ ਗੱਡੀ ਦਾ ਨੰਬਰ ਲਾਵੇਗਾ। ਨੰਬਰ ਲਾਉਣ ਦਾ ਮਤਲਬ ਹੀ ਇਹ ਸੀ ਕਿ ਗੱਡੀ ਲੈ ਕੇ ਸਟੇਸ਼ਨ ਵਾਲੇ ਅੱਡੇ ਤੋਂ ਦੂਰ ਜਾਣਾ। ਟੈਕਸੀਆਂ ਵਾਲੇ ਇਹੀਓ ਭਾਸ਼ਾ ਬੋਲਦੇ ਸਨ। ਘਰਾਂ ਵਿਚ ਵੀ ਇਹੀਓ ਭਾਸ਼ਾ ਬੋਲੀ ਜਾਂਦੀ ਸੀ। ਨੰਬਰ ਲਾਉਣ ਗਏ ਸ਼ਾਮ ਸਿੰਘ ਨਾਲ ਵੀ ਉਹੀਓ ਵਿਹਾਰ ਹੋ ਸਕਦਾ ਸੀ ਜਿਹੜਾ ਜਰਨੈਲੀ ਸੜਕ 'ਤੇ ਟਰੱਕ ਡਰਾਈਵਰਾਂ ਨਾਲ ਹੋ ਰਿਹਾ ਸੀ।

ਗੁਰਮੀਤ ਤੇ ਉਸ ਦੇ ਬੱਚੇ ਡਰੇ ਬੈਠੇ ਸਨ। ਵਿਹਲੇ ਬਹਿਣਾ ਮੁਸ਼ਕਿਲ ਲਗਦਾ ਸੀ ਤਾਂ ਕੁਝ ਨਾ ਕੁਝ ਪਕਾਉਣ-ਖਾਣ ਲੱਗ ਜਾਂਦੇ ਸਨ। ਕੀ ਪਤਾ ਸੀ ਅਗਲੇ ਪਲ ਜੀਊਂਦੇ ਵੀ ਹੋਣਾ ਸੀ ਜਾਂ ਨਹੀਂ। ਭੁੱਖੇ ਢਿੱਡ ਦੁਨੀਆਂ ਛੱਡਣ ਨਾਲੋਂ ਖਾਂਦੇ-ਪੀਂਦੇ ਜਾਣ ਵਿਚ ਹੀ ਮਜ਼ਾ ਸੀ। ਹੁਣ ਤਾਂ ਉਹ ਆਮ ਨਾਲੋਂ ਚੰਗਾ ਖਾਂਦੇ-ਪੀਂਦੇ ਸਨ। ਇਹ ਗੱਲ ਘਰ ਵਿਚ ਆਮ ਹੀ ਹੁੰਦੀ ਰਹਿੰਦੀ ਸੀ। ਭਲੇ ਸਮਿਆਂ ਵਿਚ ਵੀ। ਪਰ ਹੁਣ ਬਹੁਤ ਮਾੜਾ ਸਮਾਂ ਸਿਰ 'ਤੇ ਆ ਗਿਆ ਸੀ। ਵੱਡਾ ਡਰ ਏਸ ਗੱਲ ਦਾ ਸੀ ਕਿ ਸ਼ਾਮ ਸਿੰਘ ਘਰ ਤੋਂ ਬਾਹਰ ਹੀ ਨਾ ਮਾਰਿਆ ਜਾਵੇ। ਅਜਿਹਾ ਹੋਣ ਦੀ ਸੂਰਤ ਵਿਚ ਉਸ ਦੀ ਲਾਸ਼ ਵੀ ਨਹੀਂ ਸੀ ਲੱਭਣੀ। ਉਹ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਹੁਤ ਪਹਿਲਾਂ ਦਾ ਘਰੋਂ ਨਿਕਲਿਆ ਹੋਇਆ ਸੀ। ਰਿਸ਼ਤੇਦਾਰਾਂ ਤੇ ਦੋਸਤਾਂ ਦੇ ਟੈਲੀਫੋਨ ਆ ਰਹੇ ਸਨ। ਉਹ ਕਿਸੇ ਨੂੰ ਕੀ ਦੱਸਦੀ ਕਿ ਉਸਦਾ ਪਤੀ ਜੀਵਿਤ ਵੀ ਹੈ ਸੀ ਜਾਂ ਨਹੀਂ।

'ਕੁੰਡਾ ਖੋਲ੍ਹੋ', ਸ਼ਾਮ ਸਿੰਘ ਹੀ ਬੋਲ ਰਿਹਾ ਸੀ। ਕੁੰਡੇ ਦਾ ਖੜਾਕ ਸ਼ਾਮ ਸਿੰਘ ਦੀ ਆਪਣੀ ਆਵਾਜ਼ ਨਾਲੋਂ ਵੀ ਤਿੱਖਾ ਸੀ। ਜਿਵੇਂ ਕੋਈ ਉਸਦੇ ਪਿੱਛੇ ਲੱਗਿਆ ਹੋਵੇ।

ਗੁਰਮੀਤ ਕੌਰ ਉਰਫ ਵੰਧਨਾ ਬੱਚਿਆਂ ਨੂੰ ਪਿਛਲੀ ਕੋਠੜੀ ਵਲ ਨੂੰ ਧੱਕ ਕੇ ਫਟਾ-ਫਟ ਦਰਵਾਜ਼ਾ ਖੋਲ੍ਹਣ ਲਈ ਦੌੜੀ। ਉਹ ਨਹੀਂ ਸੀ ਚਾਹੁੰਦੀ ਕਿ ਸਿਰ ਮੁੰਨੇ ਬੱਚੇ ਸ਼ਾਮ ਸਿੰਘ ਨੂੰ ਦਿਖਾਈ ਦੇਣ। ਉਸਦਾ ਪਾਰਾ ਚੜ੍ਹ ਸਕਦਾ ਸੀ। ਉਸੇ ਤਰ੍ਹਾਂ ਜਿਵੇਂ ਕਿਸੇ ਸਮੇਂ ਉਸ ਦੇ ਪਤੀ ਨੂੰ ਵਾਲ ਕਟਵਾਉਣ ਦੀ ਸਲਾਹ ਦੇਣ 'ਤੇ ਚੜ੍ਹਿਆ ਸੀ। ਉਹ ਤਾਂ ਨਿਰੀ ਸਲਾਹ ਸੀ। ਅੱਜ ਤਾਂ ਉਸਨੇ ਬਿਨਾਂ ਸਲਾਹ ਹੀ ਬੱਚਿਆਂ ਦੇ ਕੇਸ ਕੱਟ ਛੱਡੇ ਸਨ। ਉਹ ਡਰੀ ਹੋਈ ਸੀ।

ਕੁੰਡਾ ਖੋਲ੍ਹਦੇ ਸਾਰ ਗੁਰਮੀਤ ਦਾ ਡਰ ਜਾਂਦਾ ਰਿਹਾ। ਸ਼ਾਮ ਸਿੰਘ ਦੀ ਪਗੜੀ ਗਾਇਬ ਸੀ। ਦਾੜ੍ਹੀ, ਕੇਸ ਤੇ ਮੁੱਛਾਂ ਸਫਾ ਚੱਟ।

"ਬੱਚੇ ਕਿੱਥੇ ਨੇ?" ਉਸਨੇ ਖਾਲੀ ਘਰ ਵਲ ਨਜ਼ਰ ਦੌੜਾ ਕੇ ਪੁੱਛਿਆ।

ਪਤਨੀ ਨੇ ਕੋਈ ਉਤਰ ਨਹੀਂ ਦਿੱਤਾ। ਉਸ ਦੀ ਘਬਰਾਹਟ ਤੇ ਚਿੰਤਾ ਪਹਿਲਾਂ ਵਾਂਗ ਹੀ ਕਾਇਮ ਸੀ। ਉਸ ਨੂੰ ਆਪਣੀਆਂ ਨਜ਼ਰਾਂ 'ਤੇ ਯਕੀਨ ਨਹੀਂ ਸੀ ਆ ਰਿਹਾ।

ਇਕ-ਇਕ ਕਰਕੇ ਬੱਚੇ ਵੀ ਆਉਣੇ ਸ਼ੁਰੂ ਹੋ ਗਏ। ਗੁਰਮੀਤ ਕੌਰ ਤੇ ਸ਼ਾਮ ਸਿੰਘ ਇਕ ਦੂਜੇ ਨੂੰ ਧਰਵਾਸ ਦੇਣ ਲੱਗੇ। ਅਫਵਾਹਾਂ ਦੇ ਹਵਾਲੇ ਦਿੱਤੇ ਜਾਣ ਲੱਗੇ, ਖਬਰਾਂ ਦੇ, ਇਤਿਹਾਸ ਵਿਚ ਵਾਪਰੀਆਂ ਘਟਨਾਵਾਂ ਦੇ, ਘੱਲੂਘਾਰੇ, ਸ਼ਹੀਦੀਆਂ ਤੇ ਇਤਿਹਾਸ ਦੇ ਟੇਟੇ ਚੜ੍ਹੀਆਂ ਅਨੇਕਾਂ ਘਟਨਾਵਾਂ ਦੇ। ਪਰ ਇਹ ਸਭ ਹਵਾਲੇ ਓਨੇ ਹੀ ਝੂਠੇ ਸਨ ਜਿੰਨੀ ਉਨ੍ਹਾਂ ਦੇ ਘਰ ਵਿਚ ਆਈ ਹਨੇਰੀ। ਇਸ ਹਨੇਰੀ ਨੇ ਸੱਚ ਦੇ ਤੰਬੂ ਪੁੱਟ ਸੁੱਟੇ ਸਨ।

ਉਨ੍ਹਾਂ ਦਾ ਬਾਲ ਪਰਿਵਾਰ, ਘਰ-ਘਾਟ, ਸਾਜ਼ੋ-ਸਾਮਾਨ ਤੇ ਗਹਿਣਾ-ਗੱਟਾ ਸਭ ਕੁਝ ਹੀ ਕਾਇਮ ਸੀ। ਜਿਸਮ ਅਤੇ ਜਾਨਾਂ ਵੀ। ਪਰ ਉਹ ਲੁੱਟੇ ਗਏ ਮਹਿਸੂਸ ਕਰ ਰਹੇ ਸਨ।

ਘਰ ਵਿਚ ਦਿਨ ਦਿਹਾੜੇ ਲੁੱਟ ਪੈ ਚੁੱਕੀ ਸੀ। ਲੁੱਟਣ ਵਾਲਾ ਦਿਖਾਈ ਨਹੀਂ ਸੀ ਦਿੰਦਾ। ਆਇਆ ਹੀ ਨਹੀਂ ਸੀ।

## ਰੌਲੇ ਸਰਕਾਰਾਂ ਦੇ

ਸਾਰਿਆਂ ਵਿਚ ਨ੍ਹੀ ਹੁੰਦੀਂ ਖਾਮੀ
ਕਹਿੰਦੇ ਜਦ ਪਾਕਿਸਤਾਨੀ
ਔਖੀ ਜਰਨੀ ਹੈ ਬਦਨਾਮੀ
ਪੜ੍ਹੀਏ ਵਿਚ ਅਖ਼ਬਾਰਾਂ ਦੇ
ਲੈ ਬਲੀ ਮਾਸੂਮਾਂ ਦੀ ਲੈਂਦੇ
ਰੌਲੇ ਜੋ ਸਰਕਾਰਾਂ ਦੇ।

ਇੰਦਰਾ ਸੀ ਹਰਿਮੰਦਰ ਢਾਹਿਆ
ਆਪ ਮਰੀ ਤੇ ਪੁੱਤ ਮਰਵਾਇਆ
ਦਿੱਲੀ ਕਿੰਨਾ ਕਹਿਰ ਮਚਾਇਆ
ਘਰ-ਘਰ ਵਿਚ ਸਰਦਾਰਾਂ ਦੇ...।

ਯੂ.ਐਸ.ਏ. ਵਿਚ ਟਾਵਰ ਢਹਿ ਗਏ
ਗੋਰੇ ਜਾ ਕੇ ਕਾਬਲ ਬਹਿ ਗਏ
ਗੋਲੇ-ਤੋਪਾਂ ਕੋਲ੍ਹੇ ਲੈ ਗਏ
ਚੁਣ-ਚੁਣ ਕਹਿੰਦੇ ਮਾਰਾਂਗੇ...।

ਸੱਦਾਮ ਬੋਲਿਆ ਹੋ ਕੇ ਤੱਤਾ
ਗਲ੍ਹ ਵਿਚ ਉਹਦੇ ਪਾਤਾ ਰੱਸਾ
ਕੌਣ ਪਤਾ ਨ੍ਹੀਂ ਝੂਠਾ ਸੱਚਾ।
ਮਰਦੇ ਵਿਚ ਹਜ਼ਾਰਾਂ ਦੇ...।

ਬਖਤਾਵਰ ਨੇ ਵੀ ਸਿਰ ਚੱਕਿਆ
ਮਾਂ ਨੇ ਵੀ ਸੀ ਨਾਂ ਬੜਾ ਖੱਟਿਆ
ਭੁੱਟੋ ਦੀ ਜਿਹੜੀ ਕਰਗੇ ਹੱਤਿਆ,
ਕਾਤਲ ਸੋਹਣੀਆਂ ਨਾਰਾਂ ਦੇ...।

ਰਾਜ ਤੂੰ ਕਰ ਨਾ ਮੇਰੀ-ਮੇਰੀ
ਤਾਜ ਬੱਬੇ ਸੀ ਕਰਤਾ ਢੇਰੀ
ਨਿੱਤ ਜਹਾਜ਼ੀਂ ਚੜ੍ਹੇ ਹਿਲੇਰੀ
ਜਾਂ ਵਿਚ ਲੰਮੀਆਂ ਕਾਰਾਂ ਦੇ...।

***-ਸੁਖਰਾਜ ਧਾਲੀਵਾਲ***
***ਟੈਫਟ, ਕੈਲੀਫੋਰਨੀਆ।***

# ਚੰਗਾ ਗੀਤਕਾਰ ਤਰਵਿੰਦਰ ਅੰਮ੍ਰਿਤਸਰੀ

ਤਰਵਿੰਦਰ ਅੰਮ੍ਰਿਤਸਰੀ ਇਕ ਚੰਗਾ ਸ਼ਾਇਰ ਅਤੇ ਗੀਤਕਾਰ ਹੈ। ਪੰਜਾਬੀ ਮਾਂ ਬੋਲੀ ਦੀ ਝੋਲੀ ਵਿਚ ਹੁਣ ਤੱਕ ਉਹ ਪੰਜ ਕਾਵਿ ਸੰਗ੍ਰਿਹ-'ਪੰਜ ਰੰਗ', 'ਸੱਚ ਦਾ ਸੂਰਜ', 'ਵਿਧਵਾ ਅੱਗ', 'ਗੁਲਦਸਤਾ' ਅਤੇ 'ਅੱਗ ਜਿਹੀ ਖੁਸ਼ਬੋ' ਪਾ ਚੁਕਾ ਹੈ। 'ਸੱਚ ਦਾ ਸੂਰਜ', 'ਵਿਧਵਾ ਅੱਗ' ਅਤੇ 'ਗੁਲਦਸਤਾ' ਅਸਲ ਵਿਚ ਲੰਮੀਆਂ ਕਵਿਤਾਵਾਂ ਹਨ। ਇਸ ਤੋਂ ਬਿਨਾਂ ਇਕ ਹਿੰਦੀ ਕਾਵਿ ਸੰਗ੍ਰਿਹ 'ਤ੍ਰਿਵੇਣੀ' ਵੀ ਉਨ੍ਹਾਂ ਦੇ ਨਾਂ ਹੈ।

ਤਰਵਿੰਦਰ ਅੰਮ੍ਰਿਤਸਰੀ ਦੇ ਕਿੰਨੇ ਹੀ ਗੀਤਾਂ ਦੀਆਂ ਕੈਸਿਟਾਂ ਤੇ ਐਲਬਮਾਂ ਰਿਕਾਰਡ ਹੋ ਚੁਕੀਆਂ ਹਨ। ਪੰਜਾਬੀ ਫਿਲਮ 'ਪੁਰਜਾ ਪੁਰਜਾ ਕਟ ਮਰੈ' ਵਿਚ ਉਨ੍ਹਾਂ ਦਾ ਲਿਖਿਆ ਇਕ ਦੋਗਾਣਾ ਲਿਆ ਗਿਆ। ਹਿੰਦੀ 'ਚ ਲਿਖੇ ਉਨ੍ਹਾਂ ਦੇ ਦੋ ਗੀਤ ਵੀ ਕੈਸਿਟਾਂ ਵਿਚ ਰਿਕਾਰਡ ਹੋ ਚੁਕੇ ਹਨ। ਇੰਨਾ ਹੀ ਨਹੀਂ, ਉਹ 1968 ਤੋਂ ਆਲ ਇੰਡੀਆ ਰੇਡੀਓ, ਜਲੰਧਰ ਦੇ ਵੱਖ ਵੱਖ ਪ੍ਰੋਗਰਾਮਾਂ ਵਿਚ ਆਪਣੀਆਂ ਗੀਤ ਅਤੇ ਕਵਿਤਾਵਾਂ ਪੜ੍ਹਦੇ ਆ ਰਹੇ ਹਨ। ਆਲ ਇੰਡੀਆ ਰੇਡੀਓ ਦੇ ਚੰਡੀਗੜ੍ਹ, ਪਟਿਆਲਾ, ਸ਼ਿਮਲਾ, ਬਠਿੰਡਾ, ਕੁਰੂਕਸ਼ੇਤਰ ਅਤੇ ਰੋਹਤਕ ਸਟੇਸ਼ਨਾਂ ਤੋਂ ਵੀ ਉਨ੍ਹਾਂ ਕਈ ਗੀਤ ਪੜ੍ਹੇ ਹਨ। ਜਲੰਧਰ ਦੂਰਦਰਸ਼ਨ ਤੋਂ ਵੀ ਉਨ੍ਹਾਂ ਦੀਆਂ ਕਵਿਤਾਵਾਂ ਪ੍ਰਸਾਰਿਤ ਹੁੰਦੀਆਂ ਆਈਆਂ ਹਨ। ਵੱਖ ਵੱਖ ਪੰਜਾਬੀ ਅਤੇ ਹਿੰਦੀ ਪਰਚਿਆਂ ਵਿਚ ਉਨ੍ਹਾਂ ਦੀਆਂ ਕਵਿਤਾਵਾਂ ਅਤੇ ਗੀਤ ਛਪਦੇ ਰਹੇ। 1966 ਤੋਂ ਸੰਨ 2001 ਤੱਕ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਮੁਲਾਜ਼ਮਤ ਕਰਨ ਉਪਰੰਤ ਹੁਣ ਰਿਟਾਇਰਡ ਜ਼ਿੰਦਗੀ ਜੀ ਰਹੇ ਤਰਵਿੰਦਰ ਅੰਮ੍ਰਿਤਸਰੀ ਦਾ ਇਰਾਦਾ ਫਿਲਮਾਂ ਲਈ ਗੀਤ ਲਿਖਣ ਦਾ ਹੈ। ਇਨ੍ਹੀਂ ਦਿਨੀਂ ਉਹ ਸ਼ਿਕਾਗੋ ਰਹਿੰਦੀ ਆਪਣੀ ਧੀ ਨੂੰ ਮਿਲਣ ਆਏ ਹੋਏ ਹਨ। ਪੇਸ਼ ਹਨ ਉਨ੍ਹਾਂ ਦੀਆਂ ਕੁਝ ਰਚਨਾਵਾਂ:

### ਗਜ਼ਲ

ਜੇ ਲੁਕ ਕੇ ਨਜ਼ਰ ਦੇ ਇਸ਼ਾਰੇ ਨਾ ਹੁੰਦੇ,
ਗ਼ਮਾਂ ਦੇ ਕਦੀ ਲੋਕ ਮਾਰੇ ਨਾ ਹੁੰਦੇ।

ਨਾ ਡੁੱਬਦੀ ਇਹ ਬੇੜੀ ਕਦੇ ਜ਼ਿੰਦਗੀ ਦੀ,
ਜੇ ਉਲਫਤ 'ਚ ਯਾਰੋ ਹਾਰੇ ਨਾ ਹੁੰਦੇ।
ਨਾ ਮਜਬੂਰ ਹੁੰਦਾ ਕੋਈ ਗ਼ਮ ਦਾ ਮਾਰਾ,
ਜੇ ਕਿਸਮਤ ਦੇ ਵਿਗੜੇ ਸਿਤਾਰੇ ਨਾ ਹੁੰਦੇ।

ਕਦੇ ਇਸ਼ਕ ਦਾ ਜ਼ਖ਼ਮ ਰਿਸਦਾ ਨਾ ਦਿਲ ਤੋਂ,
ਹੁਸੀਨਾਂ ਦੇ ਝੂਠੇ ਜੇ ਲਾਰੇ ਨਾ ਹੁੰਦੇ।

ਕਦੇ ਲੋਕ ਰੋਂਦੇ ਨਾ ਬੀਤੇ ਸਮੇਂ ਨੂੰ,
ਅਵੱਲੇ ਜੇ ਇਨ੍ਹਾਂ ਦੇ ਕਾਰੇ ਨਾ ਹੁੰਦੇ।

ਤਰਵਿੰਦਰਾ ਕਦੇ ਇਸ਼ਕ ਛੁਪ ਨਹੀਂਓਂ ਸਕਦਾ,
ਦਿਲਾਂ ਦੇ ਜੇ ਸੌਦੇ ਹੁਦਾਰੇ ਨਾ ਹੁੰਦੇ।

—

### ਗਜ਼ਲ

ਕਿਉਂ ਨਾ ਦਿਲ ਦੇ ਗੀਤ ਛੇੜਾਂ
ਚੁੱਪ ਕਾਇਨਾਤ ਏ।
ਸਾਰਾ ਆਲਮ ਸੌਂ ਰਿਹਾ ਹੈ,
ਜਾਗਦੀ ਪਈ ਰਾਤ ਏ।

ਭੂਰ ਰਹਿਮਤ ਦੀ
ਦੁਆਲੇ ਪੈ ਰਹੀ ਇਸ ਤਰ੍ਹਾਂ,
ਜਾਪਦਾ ਏ ਇੰਜ,
ਜੀਕੁੰ ਹੋ ਰਹੀ ਬਰਸਾਤ ਏ।

ਆਪਣੇ ਚਿਹਰੇ ਤੋਂ ਜਦੋਂ
ਉਸ ਨੇ ਉਠਾ ਲੀਤਾ ਨਕਾਬ,
ਲੱਗਿਆ ਇਉਂ, ਰਾਤ ਬੀਤੀ,
ਹੋ ਰਹੀ ਪ੍ਰਭਾਤ ਏ।

ਦਿਲ ਦੀਆਂ ਮੁਰਝਾਈਆਂ ਕਲੀਆਂ
ਉਦੋਂ ਮਹਿਕੀਆਂ,
ਜਦੋਂ ਉਸ ਨੇ ਮੁਸਕਰਾ ਕੇ
ਪਾਈ ਏਧਰ ਝਾਤ ਏ।

ਵੇਖਦੇ ਹੀ ਉਸ ਦੇ
ਮੱਥੇ 'ਤੇ ਪਈਆਂ ਤਿਓੜੀਆਂ,
ਹਾਏ ਰੱਬਾ! ਕਿਸ ਤਰ੍ਹਾਂ ਦੀ
ਹੋਈ ਮੁਲਾਕਾਤ ਏ।
ਮੇਰੀ ਕਿਸਮਤ ਤੇ ਕੇਹੀ
ਅੱਜ ਰਾਤ ਕਾਲੀ ਛਾ ਗਈ,
ਜ਼ੁਲਫ ਬਣ ਗਈ ਹਥਕੜੀ,
ਵਿਛੋੜਾ ਹਵਾਲਾਤ ਏ।

ਇਸ਼ਕ ਵਿਚ ਕੁੱਦਣ ਤੋਂ ਪਹਿਲਾਂ
ਸੋਚ ਲਈਂ 'ਤਰਵਿੰਦਰਾ'
ਕੀ ਹੈ ਤੇਰੀ ਜ਼ਿੰਦਗੀ
ਤੇ ਕੀ ਤੇਰੀ ਔਕਾਤ ਏ।

—

### ਗੀਤ

ਬਦਨ ਤੇਰੇ 'ਚੋ ਆਵੇ ਸੱਜਣਾ
ਅੱਗ ਜਿਹੀ ਖੁਸ਼ਬੋ।
ਰੂਪ ਤੇਰੇ ਦੀਆਂ ਵਿਚ ਬਾਹਰੇ ਦੇ,
ਗੱਲਾਂ ਉਡੀਆਂ ਹੋ।

ਚਿੱਟੇ ਕੋਮਲ ਮੁਖੜੇ ਉਪਰ
ਰੰਗ ਪਿਆਜ਼ੀ ਜਾਪੇ।
ਲੁਕ ਲੁਕ ਬੁਲ੍ਹੀਆਂ ਵਿਚ ਮੁਸਕਾਵੇ
ਭੇਤ ਨਾ ਖੋਲ੍ਹੇ ਆਪੇ।
ਨਾ ਦੁਹਰਾਈਂ ਉਸ ਨੂੰ ਅੜਿਆ,
ਬੀਤ ਗਿਆ ਹੈ ਜੋ।

ਹਾੜ ਦੇ ਸੂਰਜ ਵਾਂਗ ਸੱਜਣ
ਨਾ ਤੂੰ ਕਹਿਰ ਕਮਾਈਂ।
ਗੋਰੇ ਤਨ ਨੂੰ ਲੂਹ ਨਾ ਸੁੱਟੀਂ,
ਬ੍ਰਿਹਾ ਅੱਗ ਮਚਾਈਂ।
ਰਹਿਮ ਕਰੀਂ ਇਸ ਨਾਜ਼ੁਕ ਦਿਲ 'ਤੇ
ਇਹ ਮੇਰੀ ਅਰਜ਼ੋ।

ਵੇਖ 'ਤਰਵਿੰਦਰ' ਮਾਣ ਰੂਪ 'ਤੇ
ਕਰੀਂ ਨਾ ਬਹੁਤਾ ਭੁੱਲ ਕੇ।
ਕੱਚੀ ਯਾਦ ਦੇ ਪੱਲੂ ਫੜ ਫੜ
ਮਰਨਾ ਪੈਂਦੈ ਰੁਲ ਕੇ।
ਦਿਲ ਨਾ' ਸਾਂਝਾਂ ਪਾਈਆਂ ਜੇਕਰ
ਸਮਝੀਂ ਇਕੋ ਦੋ।
ਰੂਪ ਤੇਰੇ ਦੀਆਂ...।

—

### ਗੀਤ

ਅਸੀਂ ਖਾਕ ਜ਼ਮਾਨੇ ਨੂੰ ਕਹੀਏ,
ਸਾਨੂੰ ਖਾਕ ਜ਼ਮਾਨਾ ਕਹਿੰਦਾ ਏ।

ਅੱਲਾ ਦੇ ਜੋ ਦਰ ਦਾ ਪਿਆਰਾ ਏ।
ਉਹਦਾ ਹੁਸਨ ਅੰਦਾਜ਼ ਨਿਆਰਾ ਏ।
ਉਹਦੇ ਨਾਲ ਦੀ ਚੂਲੀ ਭਰ ਪੀਣਾ,
ਰਹਿਮਤ ਦਾ ਖੂਬ ਨਜ਼ਾਰਾ ਏ।
ਜਦੋਂ ਹੁਸਨ ਛਲਕਾ ਉਹ ਗੁਜ਼ਰੇ,
ਗਲੀਆਂ 'ਚ ਲਿਸ਼ਕੋਰਾ ਪੈਂਦਾ ਏ।

ਇਹ ਉਹਦੀ ਰੱਬੀਅਤ ਦਾ ਭਾਣਾ,
ਅਸੀਂ ਵਸਲੋਂ ਉਰੇ ਤੱਕ ਨਹੀਂ ਜਾਣਾ।
ਅਸੀਂ ਮਰ ਕੇ ਵੀ ਉਹਦੇ ਹੋ ਰਹੀਏ,
ਸਾਨੂੰ ਵਿਰਸੇ 'ਚ ਮਿਲਿਆ ਇਹ ਬਾਣਾ।
ਸਾਨੂੰ ਹਰਦਮ ਉਸ ਨੂੰ ਮਿਲਣੇ ਦਾ,
ਦਿਲ ਵਿਚ ਇਹ ਖਿਆਲ ਹੀ ਰਹਿੰਦਾ ਏ।

# ਪੰਜਾਬੀ ਦਾ ਸਿਰਤਾਜ ਫਿਲਮਸਾਜ਼ ਮਨਮੋਹਨ ਸਿੰਘ

**ਦਵੀ ਦਵਿੰਦਰ ਕੌਰ**

ਸਿਨੇਮੈਟੋਗਰਾਫਰ, ਗਾਇਕ, ਫਿਲਮਸਾਜ਼, ਲੇਖਕ-ਕਿੰਨੇ ਹੀ ਪਹਿਲੂ ਹਨ ਮਨਮੋਹਨ ਸਿੰਘ ਦੇ। ਬਾਲੀਵੁੱਡ 'ਚ ਸਿਨੇਮੈਟੋਗਰਾਫੀ ਦੇ ਨਾਲ-ਨਾਲ ਉਨ੍ਹਾਂ ਨੇ ਲਾਵਾ, ਲੈਲਾ, ਪ੍ਰੀਤੀ, ਵਾਰਿਸ ਜਿਹੀਆਂ ਫਿਲਮਾਂ ਦੇ ਗੀਤ ਵੀ ਗਾਏ ਹਨ। ਫਿਲਮ ਲੈਲਾ ਦੇ ਉਨ੍ਹਾਂ ਸਾਰੇ ਗੀਤ ਗਾਏ ਤੇ ਵਾਰਿਸ ਫਿਲਮ ਦਾ ਆਪਣਾ ਗਾਇਆ ਗੀਤ 'ਮੇਰੇ ਪਿਆਰ ਕੀ ਉਮਰ ਹੋ ਇਤਨੀ ਸਨਮ' ਉਨ੍ਹਾਂ ਦੀ ਰੂਹ ਦੇ ਨੇੜੇ ਦਾ ਗੀਤ ਹੈ। ਚੰਨ ਪਰਦੇਸੀ ਦੇ ਸੋਜ਼ ਭਰਪੂਰ ਟੱਪਿਆਂ ਨੂੰ ਵੀ ਮਨਮੋਹਨ ਸਿੰਘ ਨੇ ਆਵਾਜ਼ ਦਿੱਤੀ। ਫਿਰ ਅਚਾਨਕ ਉਨ੍ਹਾਂ ਗਾਇਕੀ ਛੱਡ ਕੇ ਸਿਨੇਮੈਟੋਗਰਾਫੀ ਵੱਲ ਧਿਆਨ ਕੇਂਦਰਤ ਕਰ ਲਿਆ ਤੇ ਮਗਰੋਂ ਪੰਜਾਬੀ ਫਿਲਮ ਜਗਤ ਵੱਲ ਰੁਖ ਕਰ ਲਿਆ। ਇਥੇ ਵੀ ਉਹ ਇਕੋ ਵੇਲੇ ਲੇਖਕ, ਸਕਰੀਨ ਪਲੇਅ ਰਾਈਟਰ ਨਿਰਦੇਸ਼ਕ ਤੇ ਹੁਣ ਨਿਰਮਾਤਾ ਦੀ ਵੀ ਭੂਮਿਕਾ 'ਚ ਹੁੰਦੇ ਹਨ।



'ਮੁੰਡੇ ਯੂ ਕੇ ਦੇ' ਸਬੰਧੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਮਨਮੋਹਨ ਸਿੰਘ

"ਪੰਜਾਬੀ ਸਿਨਮਾ ਪੈਰਾਂ ਸਿਰ ਹੋ ਗਿਆ ਹੈ, ਜਿੰਨਾ ਕੁ ਪੈਰਾਂ ਸਿਰ ਇਹ ਹੋ ਗਿਆ ਹੈ, ਹੁਣ ਜਾਂਦਾ ਕਿਤੇ ਨਹੀਂ..ਹੁਣ ਤਾਂ ਇਹ ਅੱਗੇ ਹੀ ਅੱਗੇ ਵਧੇਗਾ.." ਇਹ ਦਾਅਵਾ ਹੈ ਫਿਲਮਸਾਜ਼ ਸਿਨੇਮੈਟੋਗ੍ਰਾਫਰ ਮਨਮੋਹਨ ਸਿੰਘ ਦਾ, ਜਿਨ੍ਹਾਂ ਦੀ ਨਵੀਂ ਫਿਲਮ 'ਇਕ ਕੁੜੀ ਪੰਜਾਬ ਦੀ' ਲੰਘੀ 17 ਸਤੰਬਰ ਨੂੰ ਰਿਲੀਜ਼ ਹੋ ਚੁੱਕੀ ਹੈ। ਆਉਂਦੇ 50 ਸਾਲਾਂ 'ਚ ਲੋਪ ਹੋਣ ਵਾਲੀਆਂ ਭਾਸ਼ਾਵਾਂ 'ਚ ਯੂਨੈਸਕੋ ਵੱਲੋਂ ਪੰਜਾਬੀ ਬੋਲੀ ਨੂੰ ਵੀ ਸ਼ਾਮਲ ਕੀਤੇ ਜਾਣ 'ਤੇ ਇਸ ਫਿਲਮਸਾਜ਼ ਨੇ 'ਪੰਜਾਬੀ ਸਿਨੇਮੇ ਦੇ ਵਰਤਮਾਨ ਤੇ ਭਵਿੱਖ' ਸਬੰਧੀ ਪੁੱਛੇ ਸਵਾਲ ਦੇ ਜਵਾਬ 'ਚ ਇਹ ਗੱਲ ਆਖੀ। ਉਂਜ ਮਨਮੋਹਨ ਸਿੰਘ ਬੇਬਾਕੀ ਨਾਲ ਮੰਨਦੇ ਹਨ ਕਿ ਪੰਜਾਬੀ ਸਿਨੇਮੇ ਨੂੰ ਬਾਲੀਵੁੱਡ ਦੇ ਪੱਧਰ ਤੱਕ ਪਹੁੰਚਣ ਲਈ ਹੀ ਹਾਲੇ ਬੜੇ ਲੰਮੇ ਸਫਰ ਤੇ ਸਾਧਨਾਂ ਦੀ ਲੋੜ ਹੈ। ਵਿਸ਼ਵ ਪੱਧਰ ਦੇ ਸਿਨੇਮੇ ਦੀ ਗੱਲ ਤਾਂ ਹਾਲੇ ਦੂਰ ਹੈ।

ਉਨ੍ਹਾਂ ਮੁਤਾਬਕ ਪੰਜਾਬੀ ਸਿਨੇਮਾ ਤਾਂ ਬਜਟ ਪੱਖੋਂ ਹਾਲੇ ਬੜਾ ਪਿਛੇ ਹੈ। ਇਸ ਕਰਕੇ ਉਨ੍ਹਾਂ ਵੱਲੋਂ ਫਿਲਮਾਈਆਂ ਗਈਆਂ ਹਿੰਦੀ ਫਿਲਮਾਂ 'ਚਾਂਦਨੀ', 'ਲਮਹੇ' ਤੇ 'ਬੇਤਾਬ' ਜਿਹੇ ਕ੍ਰਿਸ਼ਮਈ ਵਰਤਾਰੇ ਪੰਜਾਬੀ ਪਰਦੇ 'ਤੇ ਵਾਪਰਨ ਨੂੰ ਹਾਲੇ ਸਮਾਂ ਲੱਗੇਗਾ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐਮ.ਐਸ ਸੀ. ਬਾਟਨੀ ਕਰਕੇ ਐਫ.ਟੀ.ਆਈ. ਆਈ. ਪੂਨੇ ਸਿਨੇਮੈਟੋਗ੍ਰਾਫੀ 'ਚ ਡਿਪਲੋਮਾ ਕਰਨ ਗਏ ਮਨਮੋਹਨ ਸਿੰਘ ਦੀ ਐਨੀ ਵਿਦਿਅਕ ਯੋਗਤਾ 'ਤੇ ਉਸੇ ਅਦਾਰੇ ਨੇ ਇਤਰਾਜ਼ ਵੀ ਪ੍ਰਗਟਾਇਆ ਸੀ। ਬਚਪਨ ਦੇ ਫੋਟੋਗ੍ਰਾਫੀ ਦੇ ਸ਼ੌਕ ਨੇ ਉਨ੍ਹਾਂ ਨੂੰ ਬੰਬਈ-ਪੂਨੇ ਦੇ ਰਾਹ ਤੋਰਿਆ ਸੀ। ਮਨਮੋਹਨ ਸਿੰਘ ਨੂੰ ਡਿਪਲੋਮਾ ਕਰਕੇ ਨਿਕਲਦਿਆਂ ਸਾਰ ਰਾਜ ਕਪੂਰ ਜਿਹੀ ਹਸਤੀ ਦੀ ਕਵਿਤਾ ਵਰਗੀ ਫਿਲਮ 'ਸੱਤਿਅਮ ਸ਼ਿਵਮ ਸੁੰਦਰਮ' ਲਈ ਮਸ਼ਹੂਰ ਕੈਮਰਾਮੈਨ ਰਾਧੂ ਕਰਮਾਕਰ ਦੇ ਸਹਾਇਕ ਵਜੋਂ ਕੰਮ ਕਰਨ ਦਾ ਮੌਕਾ ਮਿਲਿਆ ਤੇ ਫਿਰ ਜੇ. ਪੀ. ਦੀ ਫਿਲਮ 'ਅਹਿਸਾਸ' ਲਈ ਆਜ਼ਾਦ ਕੈਮਰਾਮੈਨ ਵਜੋਂ ਕਰਨ ਦਾ ਮੌਕਾ ਮਿਲਿਆ, ਜਿਸ ਮਗਰੋਂ ਉਨ੍ਹਾਂ ਕੋਲ ਸੰਨੀ ਦਿਓਲ ਦੀ ਪਹਿਲੀ ਫਿਲਮ 'ਬੇਤਾਬ', ਸਾਵਨ ਕੁਮਾਰ ਦੀ 'ਸੌਤਨ' ਤੇ ਫਿਰ 'ਵਾਰਿਸ' ਜਿਹੀਆਂ ਫਿਲਮਾਂ ਆਈਆਂ ਪਰ ਉਨ੍ਹਾਂ ਦਾ ਮਨ ਕਿਤੇ ਪੰਜਾਬੀ ਵੱਲ ਭੌਂ ਰਿਹਾ ਸੀ। ਓੜਕ ਉਨ੍ਹਾਂ ਨੇ ਪੰਜਾਬੀ ਫਿਲਮਾਂ ਦੀ ਸਿਨੇਮੈਟੋਗ੍ਰਾਫੀ ਵੱਲ ਮੂੰਹ ਮੋੜ ਲਿਆ ਤੇ 'ਚੰਨ ਪਰਦੇਸੀ', 'ਲੌਂਗ ਦਾ ਲਿਸ਼ਕਾਰਾ' ਜਿਹੀਆਂ ਫਿਲਮਾਂ ਕੀਤੀਆਂ। 'ਵਾਰਿਸ' ਨੂੰ ਉਹ ਪੰਜਾਬੀ ਫਿਲਮ ਹੀ ਮੰਨਦੇ ਹਨ।

ਫਿਲਮ 'ਨਸੀਬੋ' ਰਾਹੀਂ ਮਨਮੋਹਨ ਨੇ ਪੰਜਾਬੀ ਫਿਲਮ 'ਚ ਨਿਰਦੇਸ਼ਨ ਵਾਲੇ ਪਾਸੇ ਪੈਰ ਧਰਿਆ ਤੇ ਫਿਰ ਚੱਲ ਸੋ ਚੱਲ। ਚੰਡੀਗੜ੍ਹ ਵਾਲੀ ਆਪਣੀ ਜੁੰਡਲੀ ਦੇ ਬਲਦੇਵ ਗਿੱਲ ਤੇ ਯਸ਼ ਚੀਮਾ ਜਿਹਿਆਂ ਦਾ ਉਤਸ਼ਾਹ ਉਨ੍ਹਾਂ ਨੂੰ ਉਡਾਈ ਫਿਰਦਾ ਸੀ ਤੇ ਉਨ੍ਹਾਂ ਦੀ ਸੋਚ ਸੀ ਕਿ ਜਦੋਂ ਵੀ ਮੌਕਾ ਮਿਲੇ ਪੰਜਾਬੀ ਫਿਲਮ ਬਣਾਉਣੀ ਹੈ ਪਰ ਇਹ 'ਜਦੋਂ ਵੀ ਮੌਕਾ ਮਿਲੇ' ਦੀ ਗੱਲ ਹੁਣ ਨਿਰੰਤਰ ਵਰਤਾਰਾ ਬਣ ਗਈ ਹੈ ਤੇ ਹਿੰਦੀ ਫਿਲਮਾਂ ਵਿਚ ਗ਼ਜ਼ਲ ਜਿਹੀ ਫੋਟੋਗ੍ਰਾਫੀ ਕਰਨ ਵਾਲੇ 'ਮਨ ਜੀ' ਪੰਜਾਬੀ ਸਿਨੇਮੇ ਦੇ ਪੈਰਾਂ ਸਿਰ ਹੋਣ ਦੇ ਇਤਿਹਾਸ 'ਚ ਅਹਿਮ ਅਧਿਆਏ ਜੋੜਨ ਲੱਗ ਪਏ ਹਨ। ਭਾਵੇਂ ਹਾਲੇ ਪੰਜਾਬੀ ਸਿਨੇਮਾ ਆਪਣੇ ਵਿਕਾਸ ਦੇ ਮੁਢਲੇ ਪੜਾਅ 'ਚ ਹੈ ਤੇ ਇਕਹਿਰੀਆਂ ਮਨੋਰੰਜਨ ਆਧਾਰਤ ਫਿਲਮਾਂ ਹੀ ਹਾਲੇ ਇਸ ਦਾ ਹਾਸਲ ਹਨ, ਪਰ ਬਕੌਲ ਮਨਮੋਹਨ ਸਿੰਘ 'ਪਹਿਲਾਂ ਤਾਂ ਦਰਸ਼ਕਾਂ ਨੂੰ ਜਿਵੇਂ ਕਿਵੇਂ' ਭਾਵੇਂ ਹਲਕੇ-ਫੁਲਕੇ ਮਨੋਰੰਜਨ ਰਾਹੀਂ ਹੀ ਪੰਜਾਬੀ ਫਿਲਮਾਂ ਦੇਖਣ ਲਈ ਸਿਨੇਮੇ ਲਿਜਾਣਾ ਹੀ ਵੱਡਾ ਕਾਰਜ ਹੈ। ਜਦੋਂ ਪੰਜਾਬੀ ਫਿਲਮਾਂ ਦਾ ਵੱਡਾ ਦਰਸ਼ਕ ਵਰਗ ਕਾਇਮ ਹੋ ਗਿਆ, ਇਸ 'ਚ ਕੌਮਾਂਤਰੀ ਸਿਨੇਮੇ ਜਿਹੀਆਂ ਤਬਦੀਲੀਆਂ ਆਪੇ ਆ ਜਾਣਗੀਆਂ।"

ਮਨਮੋਹਨ ਸਿੰਘ ਨੇ 'ਨਸੀਬੋ', 'ਪਹਿਲਾ ਪਹਿਲਾ ਪਿਆਰ' (ਹਿੰਦੀ), 'ਅਸਾਂ ਨੂੰ ਮਾਣ ਵਤਨਾਂ ਦਾ', 'ਯਾਰਾਂ ਨਾਲ ਬਹਾਰਾਂ', 'ਦਿਲ ਆਪਣਾ ਪੰਜਾਬੀ', 'ਮਿੱਟੀ 'ਵਾਜਾਂ ਮਾਰਦੀ', 'ਮੇਰਾ ਪਿੰਡ-ਮਾਈ ਹੋਮ', 'ਮੁੰਡੇ ਯੂ.ਕੇ. ਦੇ' ਤੇ ਹੁਣ ਨਵੀਂ ਫਿਲਮ 'ਇਕ ਕੁੜੀ ਪੰਜਾਬ ਦੀ' ਨਿਰਦੇਸ਼ਤ ਕੀਤੀਆਂ ਹਨ।

ਉਨ੍ਹਾਂ ਨੇ ਪੰਜਾਬੀਆਂ ਦੇ ਅੰਨ੍ਹੇਵਾਹ ਵਿਦੇਸ਼ਾਂ ਵੱਲ ਭੱਜਣ, ਪੰਜਾਬੀ ਬੋਲੀ ਅਤੇ ਹੱਥੀਂ ਕਾਰ ਕਰਨ ਤੋਂ ਪੰਜਾਬੀਆਂ ਦੇ ਟਲਣ ਜਿਹੇ ਮੁੱਦੇ 'ਤੇ ਵਰਤਾਰਿਆਂ ਨੂੰ ਆਪਣੀਆਂ ਫਿਲਮਾਂ 'ਚ ਉਭਾਰਿਆ ਹੈ। ਉਨ੍ਹਾਂ ਦੱਸਿਆ ਕਿ ਵਿਦੇਸ਼ਾਂ ਦੀ ਚਕਾਚੌਂਧ ਤੋਂ ਪ੍ਰਭਾਵਤ ਲੋਕਾਂ ਦੀ 'ਅਸਲ ਜ਼ਿੰਦਗੀ' ਬਾਰੇ ਬਣੀਆਂ ਫਿਲਮਾਂ ਸਬੰਧੀ ਕੈਨੇਡਾ 'ਚ ਕਿਸੇ ਨੇ ਇਤਰਾਜ਼ ਵੀ ਕੀਤਾ ਕਿ ਉਹ ਉਨ੍ਹਾਂ ਦੀ ਪੋਲ ਖੋਲ੍ਹ ਰਿਹਾ ਹੈ।

ਇਸ ਫਿਲਮਸਾਜ਼ ਦਾ ਕਹਿਣਾ ਹੈ ਕਿ ਵਿਦੇਸ਼ਾਂ 'ਚ ਵਸੇ ਪੰਜਾਬੀਆਂ ਨੂੰ ਹੁਣ ਸੱਚਮੁੱਚ ਅਹਿਸਾਸ ਹੋਣ ਲੱਗਿਆ ਹੈ ਕਿ ਪੰਜਾਬ ਰਹਿਣਯੋਗ ਥਾਂ ਹੈ। ਵਿਦੇਸ਼ੀ ਵਸੇ ਪੰਜਾਬੀ ਲੋਕ ਹੁਣ ਆਪਣੇ ਬੱਚਿਆਂ ਨੂੰ ਸਾਂਭਣ ਲੱਗੇ ਹਨ, 'ਆਪਣੇ ਮੂਲ' ਨੂੰ ਪਛਾਣਨ ਦੇ ਆਹਰ 'ਚ ਹਨ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਉਨ੍ਹਾਂ ਦੀਆਂ ਫਿਲਮਾਂ ਦੇਖ ਕੇ ਲੋਕਾਂ ਦੀ ਪੰਜਾਬ ਵੱਲ ਵਾਪਸੀ ਹੋਈ ਹੈ।

ਚਲੰਤ ਗੀਤ ਸੰਗੀਤ ਬਾਰੇ ਉਨ੍ਹਾਂ ਦੀ ਟਿੱਪਣੀ ਹੈ ਕਿ ਪਹਿਲਾਂ ਜੱਟ ਦੇ ਨਾਂ 'ਤੇ ਧੜਾਧੜ ਫਿਲਮਾਂ ਬਣਦੀਆਂ ਸਨ ਤੇ ਹੁਣ ਇਹੀ ਜੱਟਵਾਦ ਤੇ ਗੰਡਾਸੇ, ਡਾਂਗਾਂ, ਗੀਤ-ਸੰਗੀਤ 'ਚ ਆ ਗਏ ਹਨ, ਪਰ ਇਹ ਲਗਾਤਾਰ ਬਹੁਤਾ ਚਿਰ ਨਹੀਂ ਰਹਿਣਾ।

"ਪੰਜਾਬ ਦੀ ਆਰਥਿਕ ਤੇ ਸਿਆਸੀ ਹਾਲਤ 'ਤੇ ਪੰਜਾਬੀ ਫਿਲਮਾਂ ਕੋਈ ਠੋਸ ਟਿੱਪਣੀ ਕਰਨ ਦੇ ਰੌਂਅ 'ਚ ਕਿਉਂ ਨਹੀਂ?" ਦੇ ਜਵਾਬ 'ਚ ਮਨਮੋਹਨ ਸਿੰਘ ਦਾ ਤਰਕ ਹੈ ਕਿ ਹਾਲੇ ਸਾਡਾ ਦਰਸ਼ਕ ਵਰਗ ਨਾ ਤਾਂ ਬੌਧਿਕ ਪੱਧਰ 'ਤੇ ਏਨਾ ਪਹੁੰਚਿਆ ਹੋਇਆ ਹੈ ਤੇ ਨਾ ਹੀ ਉਹ ਹਾਲੇ ਪੰਜਾਬੀ ਸਿਨੇਮੇ ਦਾ ਆਦੀ ਹੈ।

"'ਪਿੰਜਰ' ਜਿਹੇ ਨਾਵਲ 'ਤੇ ਹਿੰਦੀ 'ਚ ਤਾਂ ਫਿਲਮ ਬਣਦੀ ਹੈ, ਪਰ ਪੰਜਾਬੀ ਵਾਲੇ ਕਿਉਂ ਚੁੱਪ ਹਨ", ਦਾ ਜਵਾਬ ਵੀ ਉਨ੍ਹਾਂ ਇਹੀ ਦਿੱਤਾ ਕਿ ਹਾਲੇ ਤਾਂ ਹਲਕੇ-ਫੁਲਕੇ ਮਨੋਰੰਜਨ ਤੇ ਸਰਲ ਸੁਨੇਹੇ ਰਾਹੀਂ ਪੰਜਾਬੀ ਦਰਸ਼ਕ ਵਰਗ ਕਾਇਮ ਕੀਤਾ ਜਾਣਾ ਜ਼ਰੂਰੀ ਹੈ। ਇਸ ਵੇਲੇ ਪੰਜਾਬੀ ਫਿਲਮਾਂ ਬਣਾਉਣ ਲਈ ਮੋਟੇ ਜਿਹੇ ਰੂਪ 'ਚ ਮਨਮੋਹਨ ਸਿੰਘ ਕੈਂਪ ਹੀ ਸਰਗਰਮ ਹੈ। ਕਦੇ-ਕਦਾਈਂ ਕੋਈ ਹੋਰ ਫਿਲਮਸਾਜ਼ ਨਵੀਂ ਫਿਲਮ ਲੈ ਕੇ ਆਉਂਦਾ ਹੈ। ਇਸ ਕਰਕੇ ਵੱਖਰੀ ਸਟਰੀਮ ਦੀਆਂ ਫਿਲਮਾਂ ਵੀ ਸਾਹਮਣੇ ਨਹੀਂ ਆ ਰਹੀਆਂ ਅਤੇ ਸਹਿਜ ਮਤੇ ਵਾਲੇ, ਹਲਕੀ ਸੁਰ 'ਚ ਬੋਲਣ ਵਾਲੇ ਮਨਮੋਹਨ ਸਿੰਘ ਦਾ ਆਪਣਾ ਅੰਦਾਜ਼ ਹੈ। ਉਹ ਹਲਕੀਆਂ-ਫੁਲਕੀਆਂ ਫਿਲਮਾਂ ਰਾਹੀਂ ਹੀ ਪੰਜਾਬ ਦੇ ਲੋਕਾਂ ਨੂੰ ਕੋਈ ਨਾ ਕੋਈ ਸੁਨੇਹਾ ਦੇਣ ਦੇ ਹਾਮੀ ਹਨ। ਉਨ੍ਹਾਂ ਦੇ ਸੁਭਕ ਅੰਦਾਜ਼ ਬਾਰੇ ਰਾਣਾ ਰਣਬੀਰ ਦਾ ਕਹਿਣਾ ਹੈ ਕਿ ਉਹ ਨੇ 'ਮਨ ਜੀ' ਨੂੰ ਕਦੇ ਗੁੱਸੇ 'ਚ ਨਹੀਂ ਦੇਖਿਆ, ਜੇਕਰ ਉਹ ਗੁੱਸੇ 'ਚ ਹੁੰਦੇ ਹਨ ਤਾਂ ਵੀ ਉਸੇ ਰੌਂਅ 'ਚ ਕਿਸੇ ਨੂੰ ਟੋਕਦੇ ਹਨ ਜਿਵੇਂ ਉਹ ਅਕਸਰ ਗੱਲਬਾਤ ਕਰਦੇ ਹਨ। ਇਹੀ ਸਲੀਕਾ ਉਨ੍ਹਾਂ ਦੇ ਫਿਲਮੀ ਸਫਰ 'ਚ ਨਜ਼ਰ ਆਉਂਦਾ ਹੈ। ਉਹ ਧੜਾਧੜ ਫਿਲਮਾਂ ਨਹੀਂ ਬਣਾਉਂਦੇ। ਉਨ੍ਹਾਂ ਦਾ ਆਪਣਾ ਸਹਿਜ ਅੰਦਾਜ਼ ਹੈ ਕੰਮ ਕਰਨ ਦਾ।

ਮਨਮੋਹਨ ਸਿੰਘ ਦਾ ਪਿਛੋਕੜ ਮੋਗਾ ਜ਼ਿਲੇ ਦੇ ਪਿੰਡ ਜਲਾਲਾਬਾਦ ਦਾ ਹੈ। ਅੰਮ੍ਰਿਤਸਰ ਉਨ੍ਹਾਂ ਦਾ ਜਨਮ ਹੋਇਆ ਤੇ ਮਗਰੋਂ ਉਨ੍ਹਾਂ ਦਾ ਪਰਿਵਾਰ ਹਰਿਆਣਾ 'ਚ ਸਿਰਸੇ ਜਾ ਟਿਕਿਆ। ਮਨਮੋਹਨ ਸਿੰਘ ਨੂੰ ਬੰਬਈ ਜਾ ਕੇ ਬਹੁਤਾ ਸੰਘਰਸ਼ ਨਹੀਂ ਕਰਨਾ ਪਿਆ। ਉਨ੍ਹਾਂ ਦੀ ਰੀਝ ਹੈ ਕਿ ਪੰਜਾਬ 'ਚ ਐਫ.ਟੀ.ਆਈ.ਆਈ. ਵਰਗਾ ਚੰਗਾ ਅਦਾਰਾ ਹੋਵੇ। ਘੱਟੋ-ਘੱਟ ਉਤਰੀ ਭਾਰਤ 'ਚ ਇਹ ਕੁਝ ਬਹੁਤ ਜ਼ਰੂਰੀ ਹੈ। ਉਨ੍ਹਾਂ ਦੀ ਇਹ ਵੀ ਰੀਝ ਹੈ ਕਿ ਤਕਨੀਕੀ ਪੱਧਰ ਤੋਂ ਲੈ ਕੇ ਨਿਰਦੇਸ਼ਕ ਤੱਕ ਪੰਜਾਬੀ ਫਿਲਮ ਮੇਕਰਾਂ ਦੀ ਆਪਣੀ ਟੀਮ ਹੋਵੇ ਕਿਉਂਕਿ ਉਨ੍ਹਾਂ ਕੋਲ ਐਕਟਰਾਂ ਦੀ ਘਾਟ ਨਹੀਂ ਹੈ, ਪਰ ਤਕਨੀਕੀ ਟੀਮ ਮੁੰਬਈ ਤੋਂ ਹੀ ਮੰਗਾਉਣੀ ਪੈਂਦੀ ਹੈ। ਪੰਜਾਬੀ ਯੂਨੀਵਰਸਿਟੀ ਵੱਲੋਂ ਮੀਡੀਆ 'ਚ ਚਾਰ ਸਾਲਾ ਡਿਗਰੀ ਕੋਰਸ ਸ਼ੁਰੂ ਕਰਨਾ ਉਨ੍ਹਾਂ ਮੁਤਾਬਕ ਚੰਗਾ ਸ਼ਗਨ ਹੈ।

ਮਨਮੋਹਨ ਸਿੰਘ ਦਾ ਖਵਾਬ ਜਸਵੰਤ ਸਿੰਘ ਕੰਵਲ (ਕੰਵਲ ਸਾਹਿਬ, ਉਨ੍ਹਾਂ ਦੇ ਮਾਮਾ ਜੀ ਹਨ) ਦੇ ਨਾਵਲ ਪੂਰਨਮਾਸ਼ੀ 'ਤੇ ਫਿਲਮ ਬਣਾਉਣਾ ਹੈ। ਦਲੀਪ ਕੌਰ ਟਿਵਾਣਾ ਦੇ ਨਾਵਲ 'ਇਹੁ ਹਮਾਰਾ ਜੀਵਣਾ' 'ਤੇ ਭਾਵੇਂ ਲੜੀਵਾਰ ਬਣ ਚੁੱਕਿਆ ਹੈ, ਪਰ ਉਹ ਇਸ 'ਤੇ ਵੀ ਫਿਲਮ ਬਣਾਉਣ ਦੀ ਖਾਹਸ਼ ਰੱਖਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਟਿਵਾਣਾ ਦੇ ਨਾਵਲ ਸਕਰੀਨ ਪਲੇਅ ਵਰਗੇ ਜਾਪਦੇ ਹਨ। ਜੇਕਰ ਉਨ੍ਹਾਂ ਕੋਲ ਪੂਰੇ ਸਾਧਨ ਤੇ ਤਕਨੀਕ ਉਪਲਬੱਧ ਹੋਵੇ ਤਾਂ 200-300 ਸਾਲ ਪਹਿਲਾਂ ਦੇ ਪੰਜਾਬ ਨੂੰ ਪਰਦੇ 'ਤੇ ਮੁੜ ਸੁਰਜੀਤ ਕਰਨਾ ਚਾਹੁੰਦੇ ਹਨ।

ਪੰਜਾਬੀ ਬੋਲੀ ਪ੍ਰਤੀ ਫਿਕਰਾਂ ਦੀ ਗੱਲ ਕਰਦਿਆਂ ਮਨਮੋਹਨ ਸਿੰਘ ਦਾ ਮੰਨਣਾ ਹੈ ਕਿ ਪਾਕਿਸਤਾਨ ਨੇ ਇਸ ਜ਼ੁਬਾਨ ਨੂੰ ਵੱਧ ਸਾਂਭਿਆ ਹੈ। ਉਥੇ ਬੋਲੀ 'ਚ ਵੱਧ ਮੌਲਿਕਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਦੋਵੇਂ ਪੰਜਾਬ ਰਲ ਕੇ ਇਸ ਪਾਸੇ ਕੋਈ ਯਤਨ ਕਰਨ ਤਾਂ ਬੋਲੀ ਦੇ ਨਾਲ-ਨਾਲ ਵੱਧ ਬਜਟ ਪੰਜਾਬੀ ਫਿਲਮਾਂ ਦਾ ਮਾਣ ਵਧਾ ਸਕਦਾ ਹੈ। ਅਸੀਂ ਬਾਲੀਵੁੱਡ ਤੇ ਹਿੰਦੀ ਸਿਨੇਮੇ ਨੂੰ ਟੱਕਰ ਦੇ ਸਕਦੇ ਹਾਂ।




ਉਨ੍ਹਾਂ ਫਿਕਰ ਕੀਤਾ ਕਿ ਬੇਕਦਰੀ 'ਚ ਜ਼ੁਬਾਨ ਲੋਪ ਹੋ ਜਾਂਦੀ ਹੈ। ਇਨ੍ਹਾਂ ਫਿਕਰਾਂ ਦੌਰਾਨ ਹੀ ਉਨ੍ਹਾਂ ਨੇ ਇਕ ਖੁਸ਼ਨੁਮਾ ਵਾਕਿਆ ਸੁਣਾਇਆ, "ਕਾਮੇਡੀ ਕਲਾਕਾਰ ਗੁਰਪ੍ਰੀਤ ਘੁੱਗੀ ਨੂੰ ਇਕ ਫੋਨ ਆਇਆ। ਘੁੱਗੀ ਨੇ ਪੁੱਛਿਆ ਕੌਣ ਬੋਲਦੇ ਹੋ? ਤਾਂ ਅੱਗੋਂ ਜਵਾਬ ਆਇਆ ਨਵਾਜ਼ ਸ਼ਰੀਫ। ਘੁੱਗੀ ਨੇ ਮਝੈਲ ਲਹਿਜੇ 'ਚ ਪੁੱਛਿਆ ਕੌਣ ਨਵਾਜ਼ ਸ਼ਰੀਫ? ਜਵਾਬ ਸੀ, ਮੈਂ ਪਾਕਿਸਤਾਨ ਦਾ ਵਜ਼ੀਰੇ ਖਾਰਜਾ ਨਵਾਜ਼ ਸ਼ਰੀਫ..। ਹੁਣ ਚੌਂਕਣ ਦੀ ਵਾਰੀ ਘੁੱਗੀ ਦੀ ਸੀ, ਜਿਸ ਨੂੰ ਸ਼ਰੀਫ ਸਾਹਿਬ ਨੇ ਦੱਸਿਆ ਕਿ ਉਹ ਉਨ੍ਹਾਂ ਦੀਆਂ ਸਾਰੀਆਂ (ਪੰਜਾਬੀ) ਫਿਲਮਾਂ ਦੇਖਦੇ ਹਨ ਤੇ ਉਨ੍ਹਾਂ ਦੇ ਅਸੰਬਲੀ ਕੁਲੀਗ ਵੀ ਇੰਜ ਹੀ ਕਰਦੇ ਹਨ। ਜਨਾਬ ਸ਼ਰੀਫ ਨੇ ਪੰਜਾਬੀ ਫਿਲਮਾਂ ਲਈ ਮੁਬਾਰਕਬਾਦ ਦਿੰਦਿਆਂ, ਮਨਮੋਹਨ ਹੋਰਾਂ ਦੀਆਂ ਫਿਲਮਾਂ 'ਚੋਂ ਘੁੱਗੀ ਦੇ ਕਈ ਸੰਵਾਦ ਵੀ ਸੁਣਾਏ..।"

ਫਿਡਲਰ ਔਨ ਦਾ ਰੂਫ (Fiddler on the roof) ਮਨਮੋਹਨ ਸਿੰਘ ਦੀ ਪਸੰਦੀਦਾ ਫਿਲਮ ਹੈ। ਉਨ੍ਹਾਂ ਮੁਤਾਬਕ ਇਹ ਹਿੰਦੀ ਫਿਲਮਾਂ ਵਾਂਗ ਚੱਲਦੀ ਹੈ ਤੇ ਇਨ੍ਹਾਂ ਵਾਂਗ ਹੀ ਇਸ 'ਚ ਗੀਤ ਵੀ ਹਨ। ਫਿਲਮਸਾਜ਼ ਦਾ ਪਸੰਦੀਦਾ ਫਿਲਮ ਮੇਕਰ ਇਤਾਲਵੀ ਫੈਡਰਿਕੋ ਫੈਲਿਨੀ ਹੈ। ਮਨਮੋਹਨ ਸਿੰਘ ਅਨੁਸਾਰ ਵਿਸ਼ਵ ਸਿਨੇਮਾ ਅੱਜ ਜਿੱਥੇ ਖੜ੍ਹਾ ਹੈ, ਅਸੀਂ ਹਾਲੇ ਬੌਧਿਕ ਪੱਧਰ 'ਤੇ ਨਹੀਂ ਪੁੱਜੇ। ਉਨ੍ਹਾਂ ਕੋਲ ਅਤਿ-ਆਧੁਨਿਕ ਤਕਨੀਕ ਹੈ।

ਪੰਜਾਬੀ ਸਿਨੇਮੇ ਦੇ ਪਛੜੇਵੇਂ ਲਈ ਉਹ ਸਰਕਾਰੀ ਨੀਤੀਆਂ ਤੇ ਮਲਟੀਪਲੈਕਸਾਂ ਦੇ ਵਤੀਰੇ ਨੂੰ ਵੀ ਜ਼ਿੰਮੇਵਾਰ ਮੰਨਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਦੱਖਣੀ ਰਾਜਾਂ 'ਚ ਗੁੰਡਾ ਐਕਟ (ਐਂਟੀ ਪਾਇਰੇਸੀ ਐਕਟ), ਪੂਰੀ ਤਰ੍ਹਾਂ ਲਾਗੂ ਹੈ। ਜੇਕਰ ਪੰਜਾਬ ਸਰਕਾਰ ਵੀ ਇਹ ਐਕਟ ਲਾਗੂ ਕਰ ਦੇਵੇ ਤਾਂ ਉਹ ਤਿੰਨ ਦੀ ਥਾਂ 10 ਕਰੋੜ ਦੇ ਬਜਟ ਦੀ ਫਿਲਮ ਬਣਾਉਣ। ਫਿਰ ਉਹ ਦੱਸਦੇ ਹਨ ਕਿ ਮਲਟੀਪਲੈਕਸਾਂ ਨੇ ਕਿਉਂਕਿ ਸਿਰਫ ਕਾਰੋਬਾਰ ਕਰਨਾ ਹੈ, ਉਹ ਪੰਜਾਬੀ ਫਿਲਮਾਂ ਬਹੁਤੀਆਂ ਚਲਾ ਕੇ ਰਾਜ਼ੀ ਨਹੀਂ ਤੇ ਨਾ ਹੀ ਇਨ੍ਹਾਂ ਨੂੰ ਪ੍ਰਾਈਮ ਟਾਈਮ ਦਿੰਦੇ ਹਨ। ਮਹਾਰਾਸ਼ਟਰ 'ਚ ਮਲਟੀਪਲੈਕਸਾਂ ਲਈ ਮਰਾਠੀ ਫਿਲਮਾਂ ਨੂੰ ਬਣਦਾ ਸਮਾਂ ਦੇਣਾ ਜ਼ਰੂਰੀ ਹੈ।

ਮਨਮੋਹਨ ਸਿੰਘ ਨੂੰ ਇਹ ਵੀ ਝੋਰਾ ਹੈ ਕਿ ਦੇਸ਼ ਦੀ ਵੰਡ ਨਾਲ ਸਾਰੀ ਫਿਲਮ ਸਨਅਤ ਲਾਹੌਰ ਤੋਂ ਬੰਬਈ ਚਲੀ ਜਾਣ ਨਾਲ ਵੀ ਪੰਜਾਬੀ ਸਿਨੇਮੇ ਨੂੰ ਵੱਡੀ ਸੱਟ ਲੱਗੀ। ਭਾਵੇਂ ਬੰਬਈ 'ਚ ਵੀ ਲੰਮਾ ਸਮਾਂ ਪੰਜਾਬੀ ਪਿਛੋਕੜ ਦੇ ਫਿਲਮਸਾਜ਼ਾਂ ਦੀ ਚੱਲੀ ਹੈ, ਪਰ ਨਿਰੋਲ ਪੰਜਾਬੀ ਫਿਲਮਾਂ ਨਹੀਂ ਬਣ ਸਕੀਆਂ। ਉਨ੍ਹਾਂ ਦਾ ਮੰਨਣਾ ਹੈ ਕਿ ਚੰਗੀ ਫਿਲਮ ਲਈ ਦਮਦਾਰ, ਠੋਸ, ਕਸਵਾਂ ਸਕਰੀਨ ਪਲੇਅ ਸਭ ਤੋਂ ਅਹਿਮ ਹੈ। ਹਾਲ ਹੀ 'ਚ ਰਿਲੀਜ਼ ਹੋਈ ਉਨ੍ਹਾਂ ਦੀ ਫਿਲਮ 'ਇਕ ਕੁੜੀ ਪੰਜਾਬ ਦੀ' ਥੀਏਟਰ ਦੀ ਗੱਲਬਾਤ ਦੇ ਬਹਾਨੇ ਧੀਆਂ ਦੇ ਹੱਕਾਂ ਸਬੰਧੀ ਹੈ ਕਿਉਂਕਿ ਇਹ ਫਿਲਮ ਥੀਏਟਰ ਦੀ ਪੜ੍ਹਾਈ ਕਰਨ ਵਾਲਿਆਂ ਨੂੰ ਲੈ ਕੇ ਬਣੀ ਹੈ, ਸੋ ਇਹ ਪੰਜਾਬੀ ਰੰਗਮੰਚ ਨੂੰ ਪਿੰਡਾਂ ਦੀਆਂ ਸੱਥਾਂ 'ਚ ਲਿਜਾਣ ਵਾਲੇ ਮਨੁੱਖੀ ਹੱਕਾਂ ਦੇ ਵੱਡੇ ਖੈਰ-ਖਾਹ ਗੁਰਸ਼ਰਨ ਸਿੰਘ ਨੂੰ ਸਮਰਪਿਤ ਹੈ। ਸਾਫ-ਸੁਥਰੀ ਜਿਹੀ ਇਹ ਫਿਲਮ ਲੜਕੀਆਂ ਦੇ ਹੱਕਾਂ ਦੇ ਬਹਾਨੇ ਸਮਾਜਕ ਦੋਗਲੇਪਣ ਤੇ ਹੋਰ ਕਈ ਵਿਗਾੜਾਂ ਸਬੰਧੀ ਨੌਜਵਾਨਾਂ ਦੇ ਨਜ਼ਰੀਏ ਤੋਂ ਤਿੱਖੇ ਸਵਾਲ ਉਠਾਉਂਦੀ ਹੈ। ਫਿਲਮ ਨੂੰ ਪੇਂਡੂ ਤੇ ਸ਼ਹਿਰੀ ਹਰ ਤਰ੍ਹਾਂ ਦੇ ਦਰਸ਼ਕ ਦਾ ਚੰਗਾ ਹੁੰਗਾਰਾ ਮਿਲ ਰਿਹਾ ਹੈ ਤੇ ਇਹ ਰਿਲੀਜ਼ ਵੀ ਵੱਡੇ ਪੱਧਰ 'ਤੇ ਹੋਈ ਹੈ।

ਇਹ ਫਿਲਮ ਮਨਮੋਹਨ ਸਿੰਘ ਦੇ ਆਪਣੇ ਵਿਕਾਸ ਵੱਲ ਵੀ ਸੰਕੇਤ ਕਰਦੀ ਹੈ। ਫਿਲਮ 'ਇਕ ਕੁੜੀ ਪੰਜਾਬ ਦੀ' ਦਾ ਅਮਰਦੀਪ ਗਿੱਲ ਦਾ ਲਿਖਿਆ ਇਹ ਟਾਈਟਲ ਗੀਤ ਮਨਮੋਹਨ ਸਿੰਘ ਨੂੰ ਬੇਹੱਦ ਪਿਆਰਾ ਹੈ:

ਪੰਜ ਦਰਿਆ ਦੇ ਪਾਣੀ ਦੇ ਵਿਚ
ਗੁੰਨ ਪੰਜਾਬੀ ਮਿੱਟੀ
ਵਿਚ ਮੱਕੀ ਦਾ ਆਟਾ ਪਾ ਕੇ
ਕਰ ਲਓ ਗੋਰੀ ਚਿੱਟੀ
ਕੱਚੇ ਦੁੱਧ ਦਾ ਦੇ ਕੇ ਛਿੱਟਾ
ਹੁਸਨ ਦੀ ਭੱਠੀ ਪਾਓ
ਸਾਰੀ ਦੁਨੀਆਂ ਨਾਲੋਂ ਵੱਖਰਾ
ਇਕ ਕਲਬੂਤ ਬਣਾਓ
ਇਕ ਹੱਥ ਦੇ ਵਿਚ ਤੇਗ ਦੇ ਦਿਓ
ਇਕ ਹੱਥ ਕਲੀ ਗੁਲਾਬ ਦੀ
ਇੰਜ ਬਣਦੀ ਏ ਯਾਰੋ
ਇਕ ਕੁੜੀ ਪੰਜਾਬ ਦੀ।

## ਜ਼ਾਏਦ ਖ਼ਾਨ ਬਣਿਆ ਫਿਲਮ ਨਿਰਮਾਤਾ

ਅਭਿਨੈ ਤੋਂ ਫ਼ਿਲਮ ਨਿਰਮਾਣ ਵਲ ਵਧੇ ਅਭਿਨੇਤਾ ਜ਼ਾਏਦ ਖਾਨ ਨੂੰ ਫ਼ਿਲਮ ਨਗਰੀ ਨੇ ਇਕ ਸਬਕ ਜ਼ਰੂਰ ਸਿਖਾ ਦਿੱਤਾ ਹੈ ਕਿ ਇਥੇ ਸਭ ਕੁਝ ਸੌਖ ਨਾਲ ਨਹੀਂ ਮਿਲਦਾ। ਇਸ ਦੇ ਨਾਲ ਹੀ ਆਪਣੇ ਆਪ ਨੂੰ ਕੰਮ 'ਚ ਮਗਨ ਕਰਨਾ ਪੈਂਦਾ ਹੈ ਤਾਂ ਕਿਤੇ ਜਾ ਕੇ ਕੁਝ ਹਾਸਲ ਹੁੰਦਾ ਹੈ। ਜ਼ਾਏਦ ਨੇ ਕੌੜੇ ਅਨੁਭਵਾਂ ਤੋਂ ਬਾਅਦ ਖੁਦ ਫਿਲਮ ਨਿਰਮਾਣ 'ਚ ਆਉਣ ਦਾ ਫੈਸਲਾ ਕੀਤਾ ਹੈ। ਹਾਲਾਂਕਿ ਉਸ ਦੀ ਖਾਹਿਸ਼ ਸੀ ਕਿ ਉਹ 'ਦੇਵਦਾਸ' ਜਿਹੀ ਫ਼ਿਲਮ ਕਰੇ ਤੇ ਉਸ ਨੂੰ ਕਰਨ ਜੌਹਰ ਤੇ ਸੰਜੇ ਲੀਲਾ ਭੰਸਾਲੀ ਜਿਹੇ ਨਿਰਦੇਸ਼ਕਾਂ ਨਾਲ ਕੰਮ ਕਰਨ ਦਾ ਮੌਕਾ ਮਿਲੇ। ਜ਼ਾਏਦ ਦੇ ਪਹਿਲਾਂ ਮੀਡੀਆ ਨਾਲ ਸੰਬੰਧ ਨਹੀਂ ਸਨ ਪਰ ਹੁਣ ਉਸ ਨੇ ਨਿਰਮਾਤਾ ਬਣਦਿਆਂ ਹੀ ਮੀਡੀਆ ਨਾਲ ਸੰਬੰਧ ਦੋਸਤਾਨਾ ਬਣਾ ਲਏ ਹਨ। ਜ਼ਾਏਦ ਨੇ ਦੀਆ ਮਿਰਜ਼ਾ ਨਾਲ ਫ਼ਿਲਮੀ ਸਾਂਝ ਬਣਾ ਲਈ ਹੈ।



ਜ਼ਾਏਦ ਨੇ ਦੀਆ ਮਿਰਜ਼ਾ ਨੂੰ ਕਿਹਾ ਹੈ ਕਿ ਉਹ ਨਾ ਸਿਰਫ ਉਸ ਨਾਲ ਫ਼ਿਲਮ ਨਿਰਮਾਣ 'ਚ ਹਿੱਸਾ ਵੰਡਾਏ ਬਲਕਿ ਆਪਣੇ ਫ਼ਿਲਮੀ ਰਿਸ਼ਤਿਆਂ ਨੂੰ ਕੈਸ਼ ਕਰਕੇ ਉਸ ਦੀ ਪਹਿਲੀ ਪ੍ਰੋਡਕਸ਼ਨ ਨੂੰ ਕਾਮਯਾਬ ਬਣਾਏ। ਉਹ ਮੰਨਦਾ ਹੈ ਕਿ ਉਸ ਨੇ ਕੈਰੀਅਰ ਦੇ ਬੁਰੇ ਦਿਨਾਂ 'ਚ ਖਰਾਬ ਫੈਸਲੇ ਵੀ ਕੀਤੇ ਤੇ ਚੰਗੇ ਫੈਸਲੇ ਤਜਰਬਿਆਂ ਨਾਲ ਮਿਲਦੇ ਹਨ। ਇਸੇ ਕਰਕੇ ਉਹ ਆਪਣੀ ਨਵੀਂ ਫ਼ਿਲਮ 'ਚ ਚੰਮ ਦੀਆਂ ਚਲਾਉਣ ਦੀ ਥਾਂ ਮਿਰਜ਼ਾ ਦੀ ਹਰ ਮੋੜ 'ਤੇ ਸਲਾਹ ਲੈ ਰਿਹਾ ਹੈ। ਜ਼ਾਏਦ ਖਾਨ ਨੇ ਆਪਣੀਆਂ ਅਭਿਨੈ ਇੱਛਾਵਾਂ ਨੂੰ ਫਿਲਹਾਲ ਇਕ ਪਾਸੇ ਰੱਖ ਦਿੱਤਾ ਹੈ। ਉਹ ਹੁਣ ਦਰਸ਼ਕਾਂ ਦਾ ਦਿਲ ਜਿੱਤਣ ਲਈ ਨਿਰਮਾਣ ਦਾ ਸਹਾਰਾ ਲੈ ਰਿਹਾ ਹੈ ਅਤੇ ਇਕ ਕਾਮਯਾਬ ਫ਼ਿਲਮ ਬਣਾ ਕੇ ਮੁੜ ਕੈਰੀਅਰ ਨੂੰ ਨਵੇਂ ਸਿਰਿਓਂ ਸ਼ੁਰੂ ਕਰੇਗਾ।

ਜ਼ਾਏਦ ਖਾਨ ਬੱਚਿਆਂ ਨਾਲ ਵੀ ਬਹੁਤ ਪਿਆਰ ਕਰਦਾ ਹੈ। ਇਕ ਫ਼ਿਲਮੀ ਪਾਰਟੀ 'ਚ ਉਸ ਨੂੰ ਕਾਫੀ ਸਾਰੇ ਬੱਚੇ ਮਿਲੇ ਤੇ ਉਸ ਨੇ ਸਭ ਕੁਝ ਛੱਡ ਕੇ ਬੱਚਿਆਂ ਨੂੰ ਆਟੋਗ੍ਰਾਫ ਹੀ ਨਹੀਂ ਦਿੱਤੇ ਬਲਕਿ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨਾਲ ਫੋਟੋਆਂ ਵੀ ਖਿਚਵਾਈਆਂ। ਜ਼ਾਏਦ ਨੇ ਬੱਚਿਆਂ ਨਾਲ ਕਾਫੀ ਦੇਰ ਗੱਲਾਂ ਵੀ ਕੀਤੀਆਂ ਤੇ ਉਨ੍ਹਾਂ ਨੂੰ ਦੱਸਿਆ ਕਿ ਉਹ ਕਿਵੇਂ ਸਕੂਲ ਜਾਣ ਤੋਂ ਡਰਦਾ ਹੁੰਦਾ ਸੀ। ਜ਼ਾਏਦ ਨੇ ਬੱਚਿਆਂ ਨੂੰ ਖੂਬ ਪੜ੍ਹਨ ਤੇ ਰੋਜ਼ਾਨਾ ਸਕੂਲ ਜਾਣ ਲਈ ਕਿਹਾ। ਜ਼ਾਏਦ ਨੂੰ ਇਹ ਸਭ ਦੇਖ ਕੇ ਆਪਣਾ ਬਚਪਨ ਯਾਦ ਆ ਗਿਆ।


ਚੌੜੀਆਂ ਹਿੱਕਾਂ ਭਰਮੇ ਜੁੱਸੇ ਵੇਖੋ ਮਰਦ ਦਲੇਰਾਂ ਦੇ, ਦੁਨੀਆਂ ਖੜ-ਖੜ ਵੇਖੂਗੀ, ਹੱਥ ਜੁੜਗੇ ਜਦੋਂ ਸ਼ੇਰਾਂ ਦੇ
ਬੇਕਰਸਫੀਲਡ ਕਬੱਡੀ ਕੱਪ
ਸਮੂਹ ਬੇਕਰਸਫੀਲਡ ਸੰਗਤਾਂ ਵਲੋਂ
31 ਅਕਤੂਬਰ 2010 ਦਿਨ ਐਤਵਾਰ
ਸਥਾਨ ▶ ਗੁਰਦੁਆਰਾ ਸ੍ਰੀ ਗੁਰੂ ਅੰਗਦ ਦਰਬਾਰ
8100, ਸਟਾਈਨ ਰੋਡ, ਬੇਕਰਸਫੀਲਡ
ਸਵੇਰੇ 9:00 ਤੋਂ ਸ਼ਾਮ 6:00 ਵਜੇ ਤੱਕ
ਇਸ ਟੂਰਨਾਮੈਂਟ ਵਿੱਚ ਰੈਫਰੀ ਦਾ ਫੈਸਲਾ ਅਟੱਲ ਹੋਵੇਗਾ
ਜੇਤੂ ਟੀਮਾਂ ਦਾ ਪਹਿਲਾ ਇਨਾਮ $ 5100, ਦੂਜਾ ਇਨਾਮ $ 4100
21 ਸਾਲ ਤੋਂ ਘੱਟ ਉਮਰ ਵਾਲੀਆਂ ਟੀਮਾਂ ਲਈ ਪਹਿਲਾ ਇਨਾਮ $ 2100 ਅਤੇ ਦੂਜਾ $ 1100
ਕਿਸੇ ਕਿਸਮ ਦੀ ਜਾਣਕਾਰੀ ਲਈ ਕਾਲ ਕਰ ਸਕਦੇ ਹੋ
ਜੱਸੀ ਗਿੱਲ 661.331.6766
ਬਲਜੀਤ ਧੂਤ 661.304.0087
ਜੀਤਾ ਮਾਣਕ 661.444.7799
ਹਰਜਾਪ ਜਾਪੀ 661.343.0940
ਦੀਪਾ ਢੀਂਡਸਾ 661.444.7666
ਗੁਰਿੰਦਰ ਬਸਰਾ 661.873.5181
ਜੀਤਾ ਢਿੱਲੋਂ 661.472.3717
ਛਿੰਦਾ ਉੱਪਲ 661.303.6711
ਲੱਕੀ 661.344.0393
ਮਲਕੀਤ ਸਿੰਘ 661.978.5795
ਕੁਲਦੀਪ ਤੂਰ 661.472.4662
ਸੇਵਾ ਕੁਲਤਮ 661.204.3785
ਸਹਿਯੋਗੀ ਸੱਜਣ : ਅਮਰੀਕ ਅਟਵਾਲ, ਤਰਲੋਚਨ ਸਿੰਘ ਮੁੰਡੀ, ਜਗੀਰ ਸਿੰਘ ਨਾਗਰਾ, ਬਲਦੇਵ ਸਰਾਂ, ਗੁਰਪ੍ਰੀਤ ਰਾਏ, ਨਿਕਸਨ (GTC), ਪਾਲਾ ਮੰਨਣ, ਮਨਜੀਤ ਧਾਲੀਵਾਲ, ਅਮਰੀਕ ਸਿੰਘ ਅਤੇ ਲਖਵੀਰ ਸਿੰਘ (PM), ਪਾਲ (ISD), ਸਿਕੰਦਰ ਜੱਸੜ, ਕਰਤਾਰ ਸਿੰਘ ਪਾਲੀ, ਜੋਬਨਜੀਤ (NRI Club), ਮਹਿੰਦਰ ਸਿੰਘ ਢੁੱਡੀਕੇ, ਹਰਜੀਤ ਸਿੰਘ (ਚੜਦੀਕਲਾ ਨਿਊਜ਼ਪੇਪਰ), ਨਾਜਰ ਸਿੰਘ ਕੂਨਰ (ਰੇਡੀਓ ਪੰਜਾਬੀ ਸੰਸਾਰ), ਸੁਖਵੀਰ ਗਿੱਲ, ਰੇਡੀਓ ਆਵਾਜ਼ ਪੰਜਾਬ ਦੀ, ਬਾਬਾ ਮਾਨ ਢੀਂਡਸਾ, ਰਾਮ ਸਿੰਘ ਸੰਘਾ, ਬੌਬ ਬਾਠ (Pixley), ਪਰਦੀਪ ਬਰਾੜ, ਬੌਵੀ (A1), ਦੀਦਾਰ ਸਿੰਘ, ਸੁਰਜੀਤ ਧਾਲੀਵਾਲ, ਗੁਰਚਰਨ ਢਿੱਲੋਂ, ਕੁਲਵੰਤ ਮਾਨ, ਗੁਰਬਖਸ਼ ਮਾਨ, ਹਾਕਮ ਸਿੰਘ, ਸਿਮਰਨ ਟੈਲੀਕਾਮ, ਰਿਸ਼ੂ ਅਤੇ ਖਹਿਰਾ (KTL), ਸੁੱਖੀ ਘੁੰਮਣ, ਮੱਖਣ ਸਮਰਾ, ਸੁਖਮੰਦਰ ਸਮਰਾ, ਪਰਮਜੀਤ ਸਿੰਘ ਦੁਸਾਂਝ, ਹੈਰੀ ਭੁੱਲਰ, ਦਲਜੀਤ (ਜਿੰਮੀ ਆਈਸਕ੍ਰੀਮ), ਅਜੈਬ ਸਿੰਘ, ਜਸਵੀਰ ਰਿਆੜ, ਜਗਦੀਪ ਥਿੰਦ, ਕੁਲਜੀਤ ਸਿੰਘ, ਭਰਪੂਰ ਸਿੰਘ, ਮਾਈਕ ਚੌਹਾਨ, ਬਿੱਲੂ (ਸੇਫਵੇਅ ਟਰੱਕ ਡਰਾਈਵਿੰਗ ਸਕੂਲ) ਬਲਦੇਵ ਸਿੰਘ, ਜਸਵੰਤ ਗਿੱਲ, ਸੋਨੂੰ ਅਤੇ ਜੀਤ (G&H), ਬਲਵਿੰਦਰ ਬਰਾੜ, ਤਜਿੰਦਰ ਗਿੱਲ, ਧੀਰਾ (G.S.), T&H Transport, ਹੈਪੀ ਉਪਲ, ਦੀਪੀ ਸੰਧੂ, ਅਮਰੀਕ ਸੰਘਾ, ਕੁਲਦੀਪ ਬਾਠ, ਕੁਲਵੰਤ ਸਿੰਘ, ਸੋਨੀ ਬੁੱਟਰ, ਜਗਮੀਤ ਬਰਾੜ, ਜਾਪੀ ਤੱਖਰ, ਦੀਪਾ ਸਿੱਧੂ, ਲਾਲੀ ਸਿੱਧੂ, ਹਰੀ ਢਿੱਲੋਂ, ਕੁਲਦੀਪ ਰੰਧਾਵਾ, ਬੱਬੀ ਬੈਂਸ, ਨਿੱਕੂ, ਕਮਲਜੀਤ ਢਿੱਲੋਂ, ਫੌਜੀ, ਦਵਿੰਦਰ ਰਾਣਾ (F.B.T.), ਪਾਲਾ ਸੇਖੋਂ, ਹਰਪ੍ਰੀਤ ਸਿੰਘ (A&P Tire), ਸੁੱਖੀ (S&M), ਪ੍ਰਿੰਸ (Prince Transport), ਰਾਜ (Dango Express), ਸੁਲੱਖਣ ਰਾਏ, ਬਲਜੀਤ ਨਿਰਵੈਨ, ਅਮਰੀਕ ਗੋਰਾਇਆ, ਮਨੀ ਰਾਏ, ਸੁਖਪਾਲ ਸਿੰਘ, ਬਲਦੇਵ ਪੰਮਾ ਅਤੇ ਬਲਵੰਤ (Grimmway Farm), ਨਿਰਮਲ ਗਿੱਲ, ਗੁਰਮੀਤ ਸਿੱਧੂ, ਸੁਖਦੇਵ ਗਿੱਲ, Magoos Pizza, Senior Citizen Center, Amigos Pizza, Taj Mahal, Reliable Whole Sale, All India Sweet & Spices, Gilson Jewellers, Amar Mohamed, Magic Auto, Bobby Five Star, B&B Reg. & Travel Services ਕਮੇਟੀ ਗੁਰਦੁਆਰਾ ਗੁਰੂ ਅੰਗਦ ਦਰਬਾਰ, ਗੁਰਦੁਆਰਾ ਗੁਰੂ ਨਾਨਕ ਮਿਸ਼ਨ, ਗੁਰਦੁਆਰਾ ਸਿੱਖ ਸੈਂਟਰ, ਗੁਰਦੁਆਰਾ ਸਿੱਖ ਟੈਂਪਲ, ਗੁਰਦੁਆਰਾ ਦਸਮੇਸ਼ ਦਰਬਾਰ, ਅਤੇ ਸਮੂਹ ਇਲਾਕਾ ਨਿਵਾਸੀ ।
ਇਸ ਕਬੱਡੀ ਟੂਰਨਾਮੈਂਟ ਵਿੱਚ ਫਰਿਜ਼ਨੋ, ਬੇ-ਏਰੀਆ, ਮੋਡਿਸਟੋ, ਯੂਬਾ ਸਿਟੀ, ਬੇਕਰਸਫੀਲਡ ਅਤੇ ਲੱਛਰ ਬਰਦਰਜ਼ ਦੀਆਂ ਟੀਮਾਂ ਬੜੀ ਹੁੰਮ ਹੁੰਮਾ ਕੇ ਪਹੁੰਚ ਰਹੀਆਂ ਹਨ । 21 ਸਾਲ ਤੋਂ ਥੱਲੇ ਵਾਲੀਆਂ ਟੀਮਾਂ ਲੋਡਾਈ, ਯੂਬਾ ਸਿਟੀ, ਸਟਾਕਟਨ, ਬੇਕਰਸਫੀਲਡ, ਸੈਕਰਾਮੈਂਟੋ ਅਤੇ ਫਰਿਜ਼ਨੋ ਤੋਂ ਪਹੁੰਚ ਰਹੀਆਂ ਹਨ ।
ਇਸ ਟੂਰਨਾਮੈਂਟ ਦੀ ਕਮੈਂਟਰੀ ਰਾਜਵਿੰਦਰ ਸਿੰਘ ਰੰਡਿਆਲਾ ਕਰਨਗੇ
ਹਰ ਪਾਸੇ ਸਿਕਿਉਰਿਟੀ ਦਾ ਪੱਕਾ ਪ੍ਰਬੰਧ ਹੋਵੇਗਾ
Design & Print Quik Signs www.quiksigns.us *661-703-8795 *661-900-7357
singh_tanjit@yahoo.com or manmit5020@yahoo.com

# BAKERSFIELD SIKH TEMPLE

**2400 South P Street Bakersfield CA 93304**

**661.397.8651**



# ਗੁਰਦੁਆਰਾ ਸਾਹਿਬ ਬੇਕਰਸਫੀਲਡ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਿੱਖ ਪੰਥ ਦੇ ਬਾਨੀ
ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਾਵਨ ਪ੍ਰਕਾਸ਼ ਦਿਵਸ ਨੂੰ
ਮੁੱਖ ਰਖਦੇ ਹੋਏ ਸਮੂਹ ਸੰਗਤਾਂ ਦੇ ਸਹਿਯੋਗ ਨਾਲ
24 ਅਕਤੂਬਰ ਦਿਨ ਐਤਵਾਰ ਨੂੰ ਬੇਕਰਸਫੀਲਡ ਵਿਖੇ

## ਮਹਾਨ ਨਗਰ ਕੀਰਤਨ

ਨਾਲ ਬੜੀ ਧੂਮ ਧਾਮ ਨਾਲ

## ਪ੍ਰੋਗਰਾਮ

ਸੋਮਵਾਰ 18 ਅਕਤੂਬਰ ਤੋਂ ਸ਼ਨੀਵਾਰ 23 ਅਕਤੂਬਰ ਤੱਕ ਸ਼ਾਮ ਨੂੰ ਰੋਜ਼ਾਨਾ ਦੀਵਾਨ ਸਜਣਗੇ ਅਤੇ 24 ਅਕਤੂਬਰ ਦਿਨ ਐਤਵਾਰ ਸਵੇਰ ਦੇ ਦੀਵਾਨ ਵਿੱਚ ਆਸਾ ਜੀ ਦੀ ਵਾਰ ਦਾ ਕੀਰਤਨ, ਕੀਰਤਨੀ ਜੱਥੇ, ਕਥਾਕਾਰ, ਢਾਡੀ, ਪੰਥਕ ਬੁਲਾਰੇ ਆਪਣੇ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਦੀਵਾਨ ਦੀ ਸਮਾਪਤੀ ਉਪਰੰਤ ਨਗਰ ਕੀਰਤਨ ਦੀ ਅਰੰਭਤਾ ਹੋਵੇਗੀ।

**ਫਲੋਟ ਲਗਵਾਉਣ ਦੀ ਸੇਵਾ**
ਸਿਕੰਦਰ ਸਿੰਘ ਜੱਸੜ 661.213.6739
ਸਿਕੰਦਰ ਸਿੰਘ ਗਰੇਵਾਲ 661.549.8928

**ਫਲੋਟ ਸਜਾਉਣ ਦੀ ਸੇਵਾ**
ਜੋਬਨਜੀਤ ਸਿੰਘ (ਬੌਬੀ) 661.808.7181
ਹਰਜੀਤ ਸਿੰਘ (ਚੜ੍ਹਦੀਕਲਾ ਨਿਊਜ਼) 661.201.5894
ਹੰਸ ਸਿੰਘ ਚੀਮਾ 661.302.6301
ਗੁਰਮੀਤ ਸਿੰਘ ਸਿੱਧੂ 661.343.7749

**ਸਟਾਲ ਲਾਉਣ ਦੀ ਸੇਵਾ**
ਬਲਵੀਰ ਸਿੰਘ ਸਿੱਧੂ 661.301.8319
ਸੁਖਵਿੰਦਰ ਸਿੰਘ ਜੱਸੜ 661.301.8319

**ਗੁਰੂ ਕੇ ਲੰਗਰ ਦੀ ਸੇਵਾ**
ਦਲਜੀਤ ਸਿੰਘ ਸੰਧੂ 661.703.1842
ਹਰਦਿਆਲ ਸਿੰਘ ਮੱਲ੍ਹੀ 661.979.8516
ਸੁਲੱਖਣ ਸਿੰਘ ਰਾਏ 661.706.9370
ਤਜਿੰਦਰ ਸਿੰਘ ਗਿੱਲ 661.201.9028

**ਦਾਨੀ ਸੱਜਣ ਸੰਪਰਕ ਕਰਨ**
ਦਲਜੀਤ ਸਿੰਘ ਢੰਡ 661.835.7914
ਮੱਸਾ ਸਿੰਘ ਬਾਜਵਾ 661.837.9981

**ਨਗਰ ਕੀਰਤਨ ਬਾਰੇ ਕਿਸੇ ਕਿਸਮ ਦੀ ਜਾਣਕਾਰੀ ਲਈ ਕਾਲ ਕਰੋ**
ਰਜਿੰਦਰ ਸਿੰਘ ਢਿੱਲੋਂ 661.321.6997

**ਗੱਤਕਾ ਪਾਰਟੀ**
ਜਗਜੀਤ ਸਿੰਘ 661.808.3540

**ਜਲ ਦੀ ਸੇਵਾ**
ਮਨਜੋਤ ਸਿੰਘ ਰਾਏ 661.201.7923

**ਮੀਡੀਆ : ਰੇਡੀਓ ਪੰਜਾਬੀ ਸੰਸਾਰ AM-1010, 661.633-1010**
ਨਾਜਰ ਸਿੰਘ ਕੂਨਰ ਹਰਜੀਤ ਸਿੰਘ
ਤਲਵਿੰਦਰ ਸਿੰਘ ਢੁੱਡੀਕੇ - 661.201.5696



ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਭਾਈ ਗੁਰਮੇਜ ਸਿੰਘ ਤੇ ਸਾਥੀ



**ਢਾਡੀ ਜੱਥੇ**
ਕੁਲਜੀਤ ਸਿੰਘ ਦਿਲਬਰ
ਸੁਖਵਿੰਦਰ ਸਿੰਘ ਗਰੇਵਾਲ

**MEDIA SPONSOR : PUNJAB TIMES & CHARDIKALA**

Quik Signs *661-703-8795 *661-900-7357
www.quiksigns.us
singh_tanjit@yahoo.com or manmit5020@yahoo.com